ਐਤਵਾਰ, 17 ਮਈ, 2026

3 ਜੇਠ { ਨਾਨਕਸ਼ਾਹੀ 558
ਬਿਕਰਮੀ 2083

ਜਿਲਦ/VOL. : 74

ਅੰਕ/NO. : 346

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • SUNDAY, 17 MAY, 2026

ਜਲੰਧਰ

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 10+6=16

# ਵਿਸ਼ੇਸ਼ ਸੁਧਾਈ ਦੌਰਾਨ ਪੰਜਾਬ 'ਚ ਹੇਰਾਫੇਰੀ ਦੇ ਆਸਾਰ ਘੱਟ : ਭਗਵੰਤ ਮਾਨ



**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸੰਜਮ ਵਰਤਣ ਦੀ ਅਪੀਲ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਖ਼ੁਦ ਤਾਂ ਉਹ ਵਿਦੇਸ਼ ਘੁੰਮ ਰਹੇ ਹਨ ਅਤੇ ਬਾਕੀਆਂ ਨੂੰ ਤੇਲ ਬਚਾਉਣ ਦਾ ਹੋਕਾ ਦੇ ਰਹੇ ਹਨ। ਪ੍ਰਧਾਨ ਮੰਤਰੀ ਵੱਲੋਂ ਵੀ ਵੀ ਆਈ ਪੀਜ਼ ਨੂੰ ਕਾਫ਼ਲੇ ਘਟਾਉਣ ਬਾਰੇ ਦਿੱਤੀ ਨਸੀਹਤ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਬਾਕੀਆਂ ਨੂੰ ਨਸੀਹਤਾਂ ਦੇਣ ਤੋਂ ਪਹਿਲਾਂ ਖ਼ੁਦ 'ਘਰ ਤੋਂ ਕੰਮ' ਸ਼ੁਰੂ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਚੋਣਾਂ ਮਗਰੋਂ ਤੇਲ ਕੀਮਤਾਂ 'ਚ ਕੀਤੇ ਵਾਧੇ ਤੋਂ ਸੱਚ ਸਾਹਮਣੇ ਆ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਦੂਸਰੇ ਕਿਸੇ ਵੀ ਮੁਲਕ ਨੇ ਜੰਗ ਦੇ ਅਸਰ ਵਜੋਂ ਕੋਈ ਪਾਬੰਦੀ ਨਹੀਂ ਲਾਈ, ਜਿਸ ਤਰ੍ਹਾਂ ਭਾਰਤ 'ਚ ਪਾਬੰਦੀਆਂ ਆਇਦ ਕੀਤੀਆਂ ਗਈਆਂ ਹਨ।

ਮੁੱਖ ਮੰਤਰੀ ਨੇ ਫਿਨਲੈਂਡ 'ਚ ਸਿਖਲਾਈ ਲਈ 72 ਅਧਿਆਪਕਾਂ ਦੇ ਬੈਚ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨ ਮਗਰੋਂ ਕਿਹਾ ਕਿ ਇਹ ਅਧਿਆਪਕ 29 ਮਈ ਤੱਕ ਫਿਨਲੈਂਡ 'ਚ ਸਿਖਲਾਈ ਲੈਣਗੇ। ਵਿਦੇਸ਼ ਸਿਖਲਾਈ ਦੇ ਨਤੀਜੇ ਵੀ ਹੁਣ ਸਾਹਮਣੇ ਆਉਣ ਲੱਗੇ ਹਨ, ਜਿਸ ਦੀ ਮਿਸਾਲ ਨੀਤੀ ਆਯੋਗ ਵੱਲੋਂ ਹਾਲ 'ਚ ਹੀ ਪੰਜਾਬ ਨੂੰ ਨੰਬਰ ਵਨ ਐਲਾਨੇ ਜਾਣਾ ਹੈ। ਭਾਰਤੀ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ 'ਤੇ ਮੁੱਖ ਮੰਤਰੀ ਤਸੱਲੀ ਜ਼ਾਹਰ ਕਰਦੇ ਨਜ਼ਰ ਆਏ। ਉਨ੍ਹਾ ਕਿਹਾ ਕਿ ਪੱਛਮੀ ਬੰਗਾਲ ਜਾਂ ਹਰਿਆਣਾ ਦੀ ਤਰ੍ਹਾਂ ਪੰਜਾਬ 'ਚ ਵੋਟਰਾਂ ਦੀ ਵੱਡੀ ਕਾਂਟ-ਛਾਂਟ ਕੀਤੀ ਜਾਣੀ ਸੰਭਵ ਨਹੀਂ, ਕਿਉਂਕਿ ਲੋਕ ਇੱਕ-ਦੂਜੇ ਨਾਲ ਨੇੜਿਓਂ ਜੁੜੇ ਹੋਏ ਹਨ। ਪੰਜਾਬ 'ਚ ਵਿਸ਼ੇਸ਼ ਸੁਧਾਈ ਦੌਰਾਨ ਹੇਰਾਫੇਰੀ ਦੇ ਬਹੁਤ ਘੱਟ ਆਸਾਰ ਹਨ। ਉਨ੍ਹਾਂ ਕਿਹਾ ਕਿ ਐੱਸ ਆਈ ਆਰ ਪੰਜਾਬ 'ਚ ਇਮਾਨਦਾਰੀ ਨਾਲ ਹੋਵੇ। ਉਨ੍ਹਾ ਦੱਸਿਆ ਕਿ 'ਆਪ' ਵੱਲੋਂ ਸੁਧਾਈ ਦੌਰਾਨ ਵਲੰਟੀਅਰ ਤਾਇਨਾਤ ਰਹਿਣਗੇ ਅਤੇ ਚੋਣ ਕਮਿਸ਼ਨ ਨੂੰ ਵੀ ਸੁਧਾਈ ਪ੍ਰਕਿਰਿਆ ਦੌਰਾਨ ਸਭ ਦੀ ਤਸੱਲੀ ਕਰਾਉਣੀ ਚਾਹੀਦੀ ਹੈ।

ਮੁੱਖ ਮੰਤਰੀ ਨੇ ਨਿਗਮ ਤੇ ਕੌਂਸਲ ਚੋਣਾਂ ਵੱਡੇ ਬਹੁਮਤ ਨਾਲ ਜਿੱਤਣ ਦਾ ਦਾਅਵਾ ਕੀਤਾ। ਉਨ੍ਹਾ ਕਿਹਾ ਕਿ ਪਹਿਲਾਂ ਪੰਚਾਇਤ ਚੋਣਾਂ 'ਚ ਲੋਕਾਂ ਨੇ 'ਆਪ' ਦੇ ਹੱਕ 'ਚ ਫ਼ਤਵਾ ਦਿੱਤਾ ਹੈ ਅਤੇ ਹੁਣ ਸ਼ਹਿਰੀ ਲੋਕ ਵੀ 'ਆਪ' ਸਰਕਾਰ ਦੇ ਕੰਮਾਂ 'ਤੇ ਮੋਹਰ ਲਾਉਣਗੇ। ਸ਼੍ਰੋਮਣੀ ਅਕਾਲੀ ਦਲ ਵੱਲੋਂ ਉਮੀਦਵਾਰਾਂ ਨੂੰ ਐੱਨ ਓ ਸੀ ਨਾ ਮਿਲਣ ਦੇ ਸੁਆਲ ਦੇ ਜੁਆਬ 'ਚ ਮੁੱਖ ਮੰਤਰੀ ਨੇ ਕਿਹਾ, 'ਸ਼ਰੋਮਣੀ ਅਕਾਲੀ ਦਲ ਨੂੰ ਤਾਂ ਲੋਕ ਹੀ ਐੱਨ ਓ ਸੀ ਨਹੀਂ ਦੇ ਰਹੇ।'

ਮੁੱਖ ਮੰਤਰੀ ਨੇ ਹਰਿਆਣਾ ਨੂੰ ਪਾਣੀ ਦਿੱਤੇ ਜਾਣ ਦੇ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਨਿਰਧਾਰਿਤ ਸਮੇਂ 'ਤੇ ਹਰਿਆਣਾ ਨੂੰ ਬਣਦਾ ਪਾਣੀ ਮਿਲੇਗਾ। ਉਨ੍ਹਾ ਇਹ ਵੀ ਪੁਸ਼ਟੀ ਕੀਤੀ ਕਿ ਅਕਾਲੀ ਨੇਤਾ ਸੁਰਜੀਤ ਸਿੰਘ ਰੱਖੜਾ ਬੇਅਦਬੀ ਖ਼ਿਲਾਫ਼ ਕਾਨੂੰਨ ਤੋਂ ਪ੍ਰਭਾਵਤ ਹੋ ਕੇ 'ਆਪ' 'ਚ ਸ਼ਮੂਲੀਅਤ ਕਰ ਰਹੇ ਹਨ। ਇਸ ਮੌਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੀ ਹਾਜ਼ਰ ਸਨ।

# ਕਿਸਾਨਾਂ ਨੇ ਮੋਦੀ ਸਰਕਾਰ ਤੇ ਰਾਜਪਾਲ ਦੇ ਪੁਤਲੇ ਫੂਕੇ



**ਚੰਡੀਗੜ੍ਹ** : ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸ਼ਨੀਵਾਰ ਪੰਜਾਬ ਭਰ ਵਿੱਚ ਕਿਸਾਨਾਂ ਵੱਲੋਂ ਰੋਸ ਪ੍ਰਦਰਸ਼ਨ ਕੀਤੇ ਗਏ। ਕਿਸਾਨ ਜਥੇਬੰਦੀਆਂ ਵੱਲੋਂ ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ, ਜਿਉਂਦ, ਮੌੜ, ਤਲਵੰਡੀ ਸਾਬੋ, ਸੰਗਤ, ਗੋਨਿਆਣਾ, ਭਗਤਾ, ਭੁੱਚੋ ਅਤੇ ਨਥਾਣਾ ਵਿਖੇ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਪੁਤਲੇ ਫੂਕੇ ਗਏ।

ਇਸ ਮੌਕੇ ਬੀ ਕੇ ਯੂ (ਉਗਰਾਹਾਂ), ਕੁੱਲ ਹਿੰਦ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ ਅਤੇ ਬੀ ਕੇ ਯੂ (ਡਕੌਂਦਾ) ਦੇ ਆਗੂਆਂ ਵੱਲੋਂ ਲੰਘੇ ਸ਼ੁੱਕਰਵਾਰ ਚੰਡੀਗੜ੍ਹ ਵਿਖੇ ਕਿਸਾਨਾਂ 'ਤੇ ਹੋਏ ਤਸ਼ੱਦਦ ਦੀ ਜ਼ੋਰਦਾਰ ਨਿਖੇਧੀ ਕੀਤੀ ਗਈ। ਕਿਸਾਨ ਆਗੂਆਂ ਨੇ ਦੋਸ਼ ਲਗਾਇਆ ਕਿ ਕੇਂਦਰ ਸ਼ਾਸਤ ਪ੍ਰਦੇਸ਼ ਚੰਡੀਗੜ੍ਹ 'ਤੇ ਕਾਬਜ਼ ਭਾਜਪਾ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਦਾ ਆਪਣੀ ਹੀ ਰਾਜਧਾਨੀ ਵਿੱਚ ਦਾਖ਼ਲਾ ਰੋਕ ਕੇ ਉਨ੍ਹਾਂ ਦੇ ਜਮਹੂਰੀ ਅਧਿਕਾਰਾਂ ਨੂੰ ਕੁਚਲਿਆ ਹੈ। ਉਨ੍ਹਾਂ ਮੰਗ ਕੀਤੀ ਕਿ ਪਾਣੀ ਇੱਕ ਕੁਦਰਤੀ ਦਾਤ ਹੈ, ਇਸ ਲਈ ਇਸ ਨੂੰ ਵਪਾਰਕ ਵਸਤੂ ਬਣਾ ਕੇ ਸਰਮਾਏਦਾਰਾਂ ਦੇ ਹਵਾਲੇ ਕਰਨਾ ਬੰਦ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਫੈਕਟਰੀਆਂ ਦੇ ਜ਼ਹਿਰੀਲੇ ਪਾਣੀ ਨੂੰ ਬੋਰ ਰਾਹੀਂ ਧਰਤੀ ਦੇ ਅੰਦਰ ਸੁੱਟਣ ਜਾਂ ਦਰਿਆਵਾਂ ਵਿੱਚ ਵਹਾਉਣ ਵਿਰੁੱਧ ਸਖ਼ਤ ਸਜ਼ਾ ਵਾਲਾ ਕਾਨੂੰਨ ਬਣਾਇਆ ਜਾਵੇ। ਇਸ ਦੇ ਨਾਲ ਹੀ ਪਾਣੀਆਂ ਦੀ ਸੰਭਾਲ ਲਈ ਸੁਚੱਜੇ ਪ੍ਰਬੰਧ ਕੀਤੇ ਜਾਣ ਅਤੇ ਹਰਿਆਣਾ ਤੇ ਰਾਜਸਥਾਨ ਨਾਲ ਪਾਣੀ ਦੇ ਵਿਵਾਦ ਨੂੰ ਆਪਸੀ ਸਹਿਮਤੀ ਨਾਲ ਮਿਲ-ਬੈਠ ਕੇ ਹੱਲ ਕੀਤਾ ਜਾਵੇ।

ਬਲਾਚੌਰ—ਸ਼ੁੱਕਰਵਾਰ ਚੰਡੀਗੜ੍ਹ ਵਿਖੇ ਪੰਜਾਬ ਦੇ ਗਵਰਨਰ ਨੂੰ ਮੰਗ ਪੱਤਰ ਦੇਣ ਜਾਂਦੇ ਕਿਸਾਨਾਂ 'ਤੇ ਚੰਡੀਗੜ੍ਹ ਪੁਲਸ ਤੇ ਪ੍ਰਸ਼ਾਸਨ ਵਲੋਂ ਕੀਤੇ ਗਏ ਜਬਰ ਦੇ ਖਿਲਾਫ਼ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਬਲਾਚੌਰ ਦੇ ਮੁੱਖ ਚੌਕ ਵਿਖੇ ਕੇਂਦਰ ਸਰਕਾਰ ਤੇ ਰਾਜਪਾਲ ਦੇ ਪੁਤਲੇ ਫੂਕ ਕੇ ਨਾਅਰੇਬਾਜ਼ੀ ਕੀਤੀ ਗਈ। ਰੋਸ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਕੌਮੀ ਕਿਸਾਨ ਯੂਨੀਅਨ ਦੇ ਪ੍ਰਧਾਨ ਨਿਰਮਲ ਸਿੰਘ ਔਜਲਾ, ਹਰਵਿੰਦਰ ਸਿੰਘ ਚਾਹਲ ਅਤੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਸੰਤੋਖ ਸਿੰਘ ਰੈਲ ਨੇ ਆਖਿਆ ਕਿ ਕਿਸਾਨ ਬਹੁਤ ਸ਼ਾਂਤਮਈ ਤਰੀਕੇ ਨਾਲ ਰਾਜਪਾਲ ਨੂੰ ਮੰਗ ਪੱਤਰ ਦੇਣ ਜਾ ਰਹੇ ਸਨ ਤਾਂ ਕਿਸਾਨਾਂ ਨੂੰ ਚੰਡੀਗੜ੍ਹ ਵਿਖੇ ਦਾਖ਼ਲ ਨਹੀਂ ਹੋਣ ਦਿੱਤਾ ਗਿਆ। ਉਨ੍ਹਾਂ ਕਿਹਾ ਪੰਜਾਬ ਦੇ ਸੈਂਕੜੇ ਪਿੰਡਾਂ ਨੂੰ ਉਜਾੜ ਕੇ ਵਸਾਏ ਚੰਡੀਗੜ੍ਹ ਦੀ ਧਰਤੀ 'ਤੇ ਜਾਣ ਤੋਂ ਸਾਨੂੰ ਹੀ ਰੋਕਿਆ ਜਾ ਰਿਹਾ ਹੈ ਅਤੇ ਜਲ ਤੋਪਾਂ, ਅੱਥਰੂ ਗੈਸ ਅਤੇ ਡਾਂਗਾਂ-ਸੋਟਿਆਂ ਦੀ ਵਰਤੋਂ ਨਾਲ ਕਿਸਾਨਾਂ ਦੀ ਆਵਾਜ਼ ਨੂੰ ਬੰਦ ਕਰਵਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਇਸ ਮੌਕੇ ਰਣਜੀਤ ਸਿੰਘ ਰਾਣਾ, ਗੁਰਮੁੱਖ ਸਿੰਘ ਤੇ ਹੋਰਨਾਂ ਨੇ ਸੰਬੋਧਨ ਕੀਤਾ।

## ਸਾਂਝਾ ਮਜ਼ਦੂਰ ਮੋਰਚੇ ਵੱਲੋਂ ਕਿਸਾਨਾਂ 'ਤੇ ਪੁਲਸ ਜਬਰ ਦੀ ਨਿੰਦਾ

**ਚੰਡੀਗੜ੍ਹ** : ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਨੇ ਪਾਣੀਆਂ ਨਾਲ ਸੰਬੰਧਤ ਹੱਕੀ ਮੰਗਾਂ ਨੂੰ ਲੈ ਕੇ ਚੰਡੀਗੜ੍ਹ ਵਿਖੇ ਰਾਜਪਾਲ ਭਵਨ ਵੱਲ ਸ਼ਾਂਤਮਈ ਮਾਰਚ ਕਰਦੇ ਕਿਸਾਨਾਂ 'ਤੇ ਪੁਲਸ ਵੱਲੋਂ ਲਾਠੀਚਾਰਜ ਕਰਨ, ਪਾਣੀ ਦੀਆਂ ਬੁਛਾੜਾਂ ਮਾਰਨ ਤੇ ਅੱਥਰੂ ਗੈਸ ਦੇ ਗੋਲੇ ਦਾਗ ਕੇ ਕਈ ਕਿਸਾਨਾਂ ਨੂੰ ਜ਼ਖ਼ਮੀ ਕਰਨ ਵਾਲੀ ਕਾਰਵਾਈ ਦੀ ਸਖਤ ਨਿਖੇਧੀ ਕੀਤੀ ਹੈ। ਸਾਂਝੇ ਮਜ਼ਦੂਰ ਮੋਰਚੇ ਦੇ ਆਗੂਆਂ ਤਰਸੇਮ ਪੀਟਰ, ਦਰਸ਼ਨ ਨਾਹਰ, ਦੇਵੀ ਕੁਮਾਰੀ ਸਰਹਾਲੀ ਕਲਾਂ, ਲਛਮਣ ਸਿੰਘ ਸੇਵੇਵਾਲਾ, ਗੁਰਮੇਸ਼ ਸਿੰਘ, ਕੁਲਵੰਤ ਸਿੰਘ ਸੇਲਬਰਾਹ, ਮੁਕੇਸ਼ ਮਲੌਦ ਤੇ ਗੋਬਿੰਦ ਸਿੰਘ ਛਾਜਲੀ ਨੇ ਜਾਰੀ ਕੀਤੇ ਬਿਆਨ ਰਾਹੀਂ ਐੱਸ ਕੇ ਐੱਮ ਦੇ ਸੱਦੇ ਤਹਿਤ ਗਵਰਨਰ ਹਾਊਸ ਵੱਲ ਸ਼ਾਂਤਮਈ ਮਾਰਚ ਕਰਦੇ ਕਿਸਾਨਾਂ 'ਤੇ ਪੁਲਸ ਵੱਲੋਂ ਜਬਰ ਢਾਹੁਣ ਅਤੇ ਕੁਝ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਨ ਨੂੰ ਜਮਹੂਰੀ ਹੱਕਾਂ ਦਾ ਦਮਨ ਕਰਾਰ ਦਿੱਤਾ। ਉਹਨਾਂ ਦੋਸ਼ ਲਾਇਆ ਕਿ ਕਿਸਾਨਾਂ, ਮਜ਼ਦੂਰਾਂ ਤੇ ਮੁਲਾਜ਼ਮਾਂ ਸਮੇਤ ਕਿਰਤੀ ਲੋਕਾਂ ਨੂੰ ਆਪਣੀ ਰਾਜਧਾਨੀ ਵਿੱਚ ਹੀ ਪ੍ਰਦਰਸ਼ਨ ਕਰਨ ਦੀ ਆਗਿਆ ਨਾ ਦੇਣਾ ਅਜ਼ਾਦੀ ਤੇ ਜਮਹੂਰੀਅਤ ਦੇ ਦਾਅਵਿਆਂ 'ਤੇ ਵੱਡੇ ਸਵਾਲ ਖੜ੍ਹਾ ਕਰਦਾ ਹੈ।

## ਗੁਰਦਾਸਪੁਰ ਦੀ ਐੱਸ ਡੀ ਐੱਮ ਅਨੁਪ੍ਰੀਤ ਕੌਰ ਰੰਧਾਵਾ ਗ੍ਰਿਫ਼ਤਾਰ



**ਗੁਰਦਾਸਪੁਰ (ਜਨਕ ਮਹਾਜਨ)**-ਐੱਸ ਡੀ ਐੱਮ ਗੁਰਦਾਸਪੁਰ ਪੀ ਸੀ ਐੱਸ ਅਧਿਕਾਰੀ ਅਨੁਪ੍ਰੀਤ ਕੌਰ ਰੰਧਾਵਾ ਨੂੰ ਸ਼ਨੀਵਾਰ ਸਵੇਰੇ 7 ਵਜੇ ਪੁਲਸ ਜ਼ਿਲ੍ਹਾ ਤਰਨ ਤਰਨ ਦੀ ਪੱਟੀ ਪੁਲਸ ਵਲੋਂ ਹਿਰਾਸਤ ਵਿਚ ਲੈ ਲਿਆ ਗਿਆ । ਮਾਮਲੇ ਨੂੰ ਜੰਮੂ ਕਸ਼ਮੀਰ-ਰਾਜਸਥਾਨ ਹਾਈਵੇ ਲਈ ਐਕੁਆਇਰ ਕੀਤੀ ਜ਼ਮੀਨ ਵਿਚ ਹੋਏ ਗਬਨ ਦੇ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ । ਇਸ ਸੰਬੰਧੀ ਅਨੁਪ੍ਰੀਤ ਕੌਰ ਰੰਧਾਵਾ 'ਤੇ ਇਕ ਕਰੋੜ 63 ਲੱਖ ਰੁਪਏ ਦੇ ਗਬਨ ਦਾ ਕੇਸ ਚੱਲ ਰਿਹਾ ਹੈ। ਸ਼ਨੀਵਾਰ ਸਵੇਰੇ ਐੱਸ ਡੀ ਐੱਮ ਉਸ ਵੇਲੇ ਹੈਰਾਨ ਰਹਿ ਗਈ, ਜਦੋਂ ਪੁਲਸ ਜੇਲ੍ਹ ਰੋਡ ਸਥਿਤ ਉਸ ਦੀ ਸਰਕਾਰੀ ਰਿਹਾਇਸ਼ ਵਿੱਚ ਦਾਖਲ ਹੋਈ। ਦੱਸਿਆ ਜਾਂਦਾ ਹੈ ਕਿ ਹਿਰਾਸਤ ਵਿੱਚ ਲੈਣ ਤੋਂ ਪਹਿਲਾਂ ਉਸ ਨੇ ਕਾਫ਼ੀ ਸਮਾਂ ਪੁਲਸ ਦੀ ਕਾਰਵਾਈ ਦਾ ਵਿਰੋਧ ਕੀਤਾ। ਅਨੁਪ੍ਰੀਤ ਨੂੰ 1.63 ਕਰੋੜ ਰੁਪਏ ਦੇ ਧੋਖਾਧੜੀ ਦੇ ਮਾਮਲੇ ਵਿੱਚ ਫੜਿਆ ਗਿਆ ਹੈ, ਹਾਲਾਂ ਕਿ ਗੈਰ-ਸਰਕਾਰੀ ਸੂਤਰਾਂ ਦਾ ਦਾਅਵਾ ਹੈ ਕਿ ਇਹ ਰਕਮ ਬਹੁਤ ਜ਼ਿਆਦਾ ਹੋ ਸਕਦੀ ਹੈ। ਐੱਸ ਡੀ ਐੱਮ ਹੋਣ ਦੇ ਨਾਤੇ ਉਹ 2018 ਦੇ ਸ਼ੁਰੂ ਤੋਂ ਫਰਵਰੀ 2019 ਤੱਕ ਸਮਰੱਥ ਅਥਾਰਟੀ ਲੈਂਡ ਐਕੁਆਇਰ ਰਹੀ। ਉਸ ਨੇ ਆਪਣੀ ਸ਼ਕਤੀ ਦੀ ਦੁਰਵਰਤੋਂ ਕੀਤੀ ਅਤੇ ਮਾਲ ਰਿਕਾਰਡ ਦੀ ਪੜਤਾਲ ਕੀਤੇ ਬਿਨਾਂ ਆਪਣੇ ਰਿਸ਼ਤੇਦਾਰਾਂ ਦੇ ਖਾਤਿਆਂ ਵਿੱਚ ਪੈਸੇ ਜਮ੍ਹਾਂ ਕਰਵਾ ਦਿੱਤੇ, ਜਿਸ ਨਾਲ ਸਰਕਾਰੀ ਖ਼ਜ਼ਾਨੇ ਨੂੰ ਭਾਰੀ ਨੁਕਸਾਨ ਹੋਇਆ।

## ਨੀਟ-ਯੂ ਜੀ ਰੱਦ ਹੋਣ ਤੋਂ ਪ੍ਰੇਸ਼ਾਨ ਵਿਦਿਆਰਥੀ ਵੱਲੋਂ ਖ਼ੁਦਕੁਸ਼ੀ



**ਨਵੀਂ ਦਿੱਲੀ** : ਨੀਟ-ਯੂ ਜੀ 2026 ਦੀ ਪ੍ਰੀਖਿਆ ਰੱਦ ਹੋਣ ਤੋਂ ਪ੍ਰੇਸ਼ਾਨ ਵਿਦਿਆਰਥੀ ਵੱਲੋਂ ਖ਼ੁਦਕੁਸ਼ੀ ਕਰ ਲੈਣ ਦਾ ਮਾਮਲਾ ਸਾਹਮਣੇ ਆਇਆ ਹੈ। ਰਾਜਸਥਾਨ ਦੇ ਝੁਨਝੁਨੂ ਜ਼ਿਲ੍ਹੇ ਦੇ ਮੈਡੀਕਲ ਦੇ ਚਾਹਵਾਨ ਪ੍ਰਦੀਪ ਮਾਹੀਚ ਨੇ ਕਥਿਤ ਤੌਰ 'ਤੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਪਰਵਾਰਕ ਮੈਂਬਰਾਂ ਅਨੁਸਾਰ ਪ੍ਰਦੀਪ ਨੇ ਇਸ ਸਾਲ ਪ੍ਰੀਖਿਆ ਵਿੱਚ ਵਧੀਆ ਪ੍ਰਦਰਸ਼ਨ ਕੀਤਾ ਸੀ ਤੇ ਉਸ ਨੂੰ 650 ਅੰਕ ਪ੍ਰਾਪਤ ਕਰਨ ਲੈਣ ਦੀ ਉਮੀਦ ਸੀ, ਪਰ ਪ੍ਰੀਖਿਆ ਰੱਦ ਹੋਣ ਨਾਲ ਉਹ ਤਣਾਅ ਵਿੱਚ ਆ ਗਿਆ। ਦੱਸਿਆ ਜਾ ਰਿਹਾ ਹੈ ਕਿ ਪ੍ਰਦੀਪ ਨੇ ਆਪਣੀ ਭੈਣ ਦੇ ਦੁਪੱਟੇ ਨਾਲ ਪੱਖੇ ਨਾਲ ਲਟਕ ਕੇ ਖ਼ੁਦਕੁਸ਼ੀ ਕਰ ਲਈ।

## ਆਈ ਐੱਸ ਆਈ ਐੱਸ ਦਾ ਕਮਾਂਡਰ ਅਬੂ ਬਿਲਾਲ ਅਲ ਮਿਨੂਕੀ ਢੇਰ : ਟਰੰਪ

**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁੱਕਰਵਾਰ ਕਿਹਾ ਕਿ ਅਮਰੀਕਾ ਅਤੇ ਨਾਇਜੀਰੀਆ ਦੀਆਂ ਫੌਜਾਂ ਵੱਲੋਂ ਚਲਾਏ ਗਏ ਇੱਕ ਅਪਰੇਸ਼ਨ ਵਿੱਚ ਵਿਸ਼ਵ ਪੱਧਰ 'ਤੇ ਆਈ ਐੱਸ ਆਈ ਐੱਸ ਦੇ ਦੂਜੇ ਨੰਬਰ ਦੇ ਕਮਾਂਡਰ ਅਬੂ ਬਿਲਾਲ ਅਲ ਮਿਨੂਕੀ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਟਰੰਪ ਨੇ 'ਟਰੁੱਥ ਸੋਸ਼ਲ' 'ਤੇ ਇੱਕ ਪੋਸਟ ਵਿੱਚ ਕਿਹਾ, 'ਅੱਜ ਰਾਤ, ਮੇਰੇ ਨਿਰਦੇਸ਼ਾਂ 'ਤੇ ਬਹਾਦਰ ਅਮਰੀਕੀ ਫੌਜਾਂ ਅਤੇ ਨਾਇਜੀਰੀਆ ਦੇ ਹਥਿਆਰਬੰਦ ਬਲਾਂ ਨੇ ਦੁਨੀਆ ਦੇ ਸਭ ਤੋਂ ਸਰਗਰਮ ਅੱਤਵਾਦੀ ਨੂੰ ਯੁੱਧ ਦੇ ਮੈਦਾਨ ਤੋਂ ਖ਼ਤਮ ਕਰਨ ਲਈ ਇੱਕ ਬਾਰੀਕੀ ਨਾਲ ਯੋਜਨਾਬੱਧ ਅਤੇ ਬਹੁਤ ਹੀ ਗੁੰਝਲਦਾਰ ਮਿਸ਼ਨ ਨੂੰ ਬਿਨਾਂ ਕਿਸੇ ਨੁਕਸ ਦੇ ਅੰਜ਼ਾਮ ਦਿੱਤਾ। ਅਬੂ ਬਿਲਾਲ ਅਲ ਮਿਨੂਕੀ, ਜੋ ਕਿ ਵਿਸ਼ਵ ਪੱਧਰ 'ਤੇ ਆਈ ਐੱਸ ਆਈ ਐੱਸ ਦਾ ਦੂਜੇ ਨੰਬਰ ਦਾ ਕਮਾਂਡਰ ਸੀ, ਸੋਚਦਾ ਸੀ ਕਿ ਉਹ ਅਫਰੀਕਾ ਵਿੱਚ ਲੁਕ ਸਕਦਾ ਹੈ, ਪਰ ਉਹ ਇਹ ਨਹੀਂ ਜਾਣਦਾ ਸੀ ਕਿ ਸਾਡੇ ਕੋਲ ਅਜਿਹੇ ਸਰੋਤ ਸਨ, ਜੋ ਸਾਨੂੰ ਉਸ ਦੀ ਹਰ ਗਤੀਵਿਧੀ ਬਾਰੇ ਸੂਚਿਤ ਰੱਖਦੇ ਸਨ।' ਉਨ੍ਹਾ ਇਸ ਅਪਰੇਸ਼ਨ ਵਿੱਚ ਹਿੱਸੇਦਾਰੀ ਲਈ ਨਾਇਜੀਰੀਆ ਦੀ ਸਰਕਾਰ ਦਾ ਵੀ ਧੰਨਵਾਦ ਕੀਤਾ।

## ਨੀਟ ਪੇਪਰ ਲੀਕ ਮਾਮਲੇ 'ਚ ਪੁਣੇ ਦੀ ਲੈਕਚਰਾਰ ਗ੍ਰਿਫਤਾਰ

**ਨਵੀਂ ਦਿੱਲੀ** : ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਸ਼ਨਿਚਰਵਾਰ ਨੂੰ ਨੈਸ਼ਨਲ ਟੈਸਟਿੰਗ ਏਜੰਸੀ (ਐਨ.ਟੀ.ਏ.) ਦੀ ਨੀਟ-ਯੂ ਜੀ ਪੇਪਰ ਸੈੱਟ ਕਰਨ ਵਾਲੀ ਕਮੇਟੀ ਦੀ ਮੈਂਬਰ ਅਤੇ ਬਾਇਓਲੋਜੀ ਦੀ ਲੈਕਚਰਾਰ ਮਨੀਸ਼ਾ ਮੰਧਾਰੇ ਨੂੰ ਗ੍ਰਿਫਤਾਰ ਕਰ ਲਿਆ ਹੈ। ਇਹ ਕਾਰਵਾਈ 3 ਮਈ ਨੂੰ ਹੋਈ ਪ੍ਰੀਖਿਆ ਦੇ ਪੇਪਰ ਲੀਕ ਮਾਮਲੇ ਦੇ ਮੁੱਖ ਮੁਲਜ਼ਮ ਪੀ.ਵੀ. ਕੁਲਕਰਨੀ ਅਤੇ ਹੋਰਾਂ ਕੋਲੋਂ ਪੁੱਛਗਿੱਛ ਦੇ ਆਧਾਰ 'ਤੇ ਕੀਤੀ ਗਈ ਹੈ। ਨਵੀਂ ਦਿੱਲੀ ਸਥਿਤ ਸੀ.ਬੀ.ਆਈ. ਦੇ ਮੁੱਖ ਦਫ਼ਤਰ ਵਿੱਚ ਪੁੱਛਗਿੱਛ ਤੋਂ ਬਾਅਦ ਇਹ ਗ੍ਰਿਫਤਾਰੀ ਅਮਲ ਵਿੱਚ ਲਿਆਂਦੀ ਗਈ। ਮਨੀਸ਼ਾ ਮੰਧਾਰੇ ਐਨ.ਟੀ.ਏ. ਵੱਲੋਂ ਇੱਕ ਮਾਹਰ ਵਜੋਂ ਨਿਯੁਕਤ ਸੀ ਅਤੇ ਉਸ ਦੀ ਬਾਟਨੀ ਅਤੇ ਜ਼ੂਆਲੋਜੀ ਦੇ ਪ੍ਰਸ਼ਨ ਪੱਤਰਾਂ ਤੱਕ ਪੂਰੀ ਪਹੁੰਚ ਸੀ। ਜਾਂਚ ਵਿੱਚ ਇਹ ਸਾਹਮਣੇ ਆਇਆ ਹੈ ਕਿ ਮਨੀਸ਼ਾ ਮੰਧਾਰੇ ਨੇ ਪੁਣੇ ਦੀ ਮਨੀਸ਼ਾ ਵਾਘਮਾਰੇ (ਜਿਸ ਨੂੰ 14 ਮਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ) ਦੀ ਮਦਦ ਨਾਲ ਅਪਰੈਲ 2026 ਵਿੱਚ ਨੀਟ ਪ੍ਰੀਖਿਆ ਦੇ ਉਮੀਦਵਾਰ ਇਕੱਠੇ ਕੀਤੇ ਸਨ। ਮੰਧਾਰੇ ਨੇ ਆਪਣੇ ਪੁਣੇ ਸਥਿਤ ਨਿਵਾਸ ਸਥਾਨ 'ਤੇ ਇਨ੍ਹਾਂ ਚੋਣਵੇਂ ਵਿਦਿਆਰਥੀਆਂ ਲਈ ਵਿਸ਼ੇਸ਼ ਕੋਚਿੰਗ ਕਲਾਸਾਂ ਲਗਾਈਆਂ ਅਤੇ ਉਨ੍ਹਾਂ ਨੂੰ ਲੀਕ ਹੋਏ ਪ੍ਰਸ਼ਨ ਅਤੇ ਉੱਤਰ ਲਿਖਵਾਏ। ਇਸ ਬਦਲੇ ਵਿਦਿਆਰਥੀਆਂ ਕੋਲੋਂ ਫੀਸ ਵਜੋਂ ਲੱਖਾਂ ਰੁਪਏ ਵਸੂਲੇ ਗਏ।

## ਸੰਜੀਵ ਅਰੋੜਾ ਦੇ ਰਿਮਾਂਡ 'ਚ ਦੋ ਦਿਨਾਂ ਦਾ ਵਾਧਾ



**ਚੰਡੀਗੜ੍ਹ** : ਗੁਰੂਗ੍ਰਾਮ ਅਦਾਲਤ ਵੱਲੋਂ ਸ਼ਨੀਵਾਰ ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੂੰ ਦੋ ਦਿਨ ਦੇ ਰਿਮਾਂਡ 'ਤੇ ਈ ਡੀ ਦੀ ਹਿਰਾਸਤ 'ਚ ਭੇਜ ਦਿੱਤਾ ਗਿਆ ਹੈ। ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਅਰੋੜਾ ਨੂੰ ਸੱਤ ਦਿਨਾਂ ਦਾ ਰਿਮਾਂਡ ਖ਼ਤਮ ਹੋਣ ਮਗਰੋਂ ਅਦਾਲਤ 'ਚ ਪੇਸ਼ ਕੀਤਾ ਅਤੇ ਪੰਜ ਦਿਨਾਂ ਦੇ ਰਿਮਾਂਡ ਦੀ ਮੰਗ ਕੀਤੀ। ਈ ਡੀ ਨੇ ਅਦਾਲਤ 'ਚ ਹਾਲੇ ਜਾਂਚ ਪੂਰੀ ਨਾ ਹੋਣ ਦਾ ਤਰਕ ਦਿੱਤਾ, ਜਿਸ ਮਗਰੋਂ ਅਦਾਲਤ ਨੇ ਦੋ ਦਿਨਾਂ ਲਈ ਰਿਮਾਂਡ 'ਚ ਵਾਧਾ ਕਰ ਦਿੱਤਾ।

## ਸੁਰਜੀਤ ਸਿੰਘ ਰੱਖੜਾ 'ਆਪ' 'ਚ ਸ਼ਾਮਲ

**ਚੰਡੀਗੜ੍ਹ** : ਸੁਰਜੀਤ ਸਿੰਘ ਰੱਖੜਾ ਸ਼ਨੀਵਾਰ ਨੂੰ 'ਆਪ' ਵਿਚ ਸ਼ਾਮਲ ਹੋ ਗਏ। ਉਨ੍ਹਾ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਪਾਰਟੀ ਵਿਚ ਸ਼ਾਮਲ ਕਰਵਾਇਆ। ਰੱਖੜਾ ਕਾਫੀ ਸਮੇਂ ਤੋਂ ਰਾਜਨੀਤਕ ਖੇਤਰ 'ਚ ਸਰਗਰਮ ਹਨ। ਉਹ ਸ਼ੁਰੂ 'ਚ ਗੁਰਚਰਨ ਸਿੰਘ ਟੌਹੜਾ ਨਾਲ ਜੁੜੇ ਹੋਏ ਸਨ, ਪਰ 1999 'ਚ ਅਕਾਲੀ ਦਲ ਦੀ ਧੜੇਬੰਦੀ ਦੌਰਾਨ ਬਾਦਲ ਧੜੇ ਨੇ ਸੁਰਜੀਤ ਸਿੰਘ ਰੱਖੜਾ ਨੂੰ ਆਪਣੇ ਨਾਲ ਜੋੜਦਿਆਂ ਪਟਿਆਲਾ ਤੋਂ ਲੋਕ ਸਭਾ ਦੀ ਚੋਣ ਲੜਾਈ ਸੀ। ਇਸ ਤੋਂ ਬਾਅਦ 2002 'ਚ ਸੁਰਜੀਤ ਸਿੰਘ ਰੱਖੜਾ ਸਮਾਣਾ ਹਲਕੇ ਤੋਂ ਬਾਦਲ ਦਲ ਦੇਵਿਧਾਇਕ ਬਣੇ, ਪਰ 2007 'ਚ ਹਾਰ ਗਏ ਤੇ 2012 'ਚ ਮੁੜ ਸਮਾਣਾ ਤੋਂ ਹੀ ਵਿਧਾਇਕ ਬਣ ਕੇ ਬਾਦਲ ਸਰਕਾਰ 'ਚ ਪੰਚਾਇਤ ਮੰਤਰੀ ਵੀ ਬਣੇ, ਪਰ ਇਸ ਤੋਂ ਬਾਅਦ ਉਹ 2017 ਅਤੇ 2022 ਦੀਆਂ ਚੋਣਾਂ ਵੀ ਹਾਰ ਗਏ ਸਨ।

## ਕੈਦੀ ਵੱਲੋਂ ਭੱਜਣ ਦੀ ਕੋਸ਼ਿਸ਼ ਦੌਰਾਨ ਪੁਲਸ ਵੱਲੋਂ ਗੋਲੀ ਮਾਰਨ 'ਤੇ ਮੌਤ

**ਹੁਸ਼ਿਆਰਪੁਰ** : ਸਥਾਨਕ ਸਿਵਲ ਹਸਪਤਾਲ 'ਚ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਸਿਹਤ ਜਾਂਚ ਲਈ ਲਿਆਂਦੇ ਇਕ ਕੈਦੀ ਨੇ ਤੇਜ਼ਧਾਰ ਹਥਿਆਰ ਨਾਲ ਪੁਲਸ ਮੁਲਾਜ਼ਮ 'ਤੇ ਹਮਲਾ ਕਰਕੇ ਭੱਜਣ ਦੀ ਕੋਸ਼ਿਸ਼ ਕੀਤੀ। ਜ਼ਿਲ੍ਹਾ ਪੁਲਿਸ ਮੁਖੀ ਸੰਦੀਪ ਕੁਮਾਰ ਮਲਿਕ ਨੇ ਦੱਸਿਆ ਕਿ ਹਮੇਸ਼ਾ ਹੀ ਪੁਲਸ ਮੁਲਾਜ਼ਮ ਕੈਦੀਆਂ ਨੂੰ ਅਦਾਲਤ 'ਚ ਪੇਸ਼ ਕਰਨ ਤੋਂ ਪਹਿਲਾਂ ਮੈਡੀਕਲ ਜਾਂਚ ਕਰਵਾਉਣ ਲਈ ਸਿਵਲ ਹਸਪਤਾਲ 'ਚ ਲੈ ਕੇ ਜਾਂਦੇ ਹਨ ਅਤੇ ਇਸੇ ਤਰ੍ਹਾਂ ਕੈਦੀ ਨਸੀਬ ਪੁੱਤਰ ਸ਼ਸ਼ੀ ਪਿੰਡ ਕੋਟਲਾ ਗੌਂਸਪੁਰ ਜ਼ਿਲ੍ਹਾ ਹੁਸ਼ਿਆਰਪੁਰ, ਜਿਸ ਖ਼ਿਲਾਫ਼ ਵੱਖ-ਵੱਖ ਥਾਣਿਆਂ 'ਚ ਕਤਲ, ਇਰਾਦਾ ਕਤਲ ਤੇ ਹੋਰ ਸੰਗੀਨ ਦੋਸ਼ਾਂ ਤਹਿਤ 7 ਮਾਮਲੇ ਦਰਜ ਸਨ, ਨੂੰ ਪੁਲਸ ਮੁਲਾਜ਼ਮ ਸਿਵਲ ਹਸਪਤਾਲ ਹੁਸ਼ਿਆਰਪੁਰ 'ਚ ਲੈ ਕੇ ਗਿਆ ਸੀ। ਉਨ੍ਹਾ ਕਿਹਾ ਕਿ ਨਸੀਬ ਸਿੰਘ ਉਰਫ ਬਿੱਲੂ ਨੇ ਭੱਜਣ ਦੀ ਕੋਸ਼ਿਸ਼ ਕਰਦੇ ਹੋਏ ਸੀਨੀਅਰ ਕਾਂਸਟੇਬਲ ਜਸਦੀਪ ਸਿੰਘ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਹਮਲੇ ਵਿਚ ਜਸਦੀਪ ਸਿੰਘ ਜ਼ਖ਼ਮੀ ਹੋ ਗਿਆ, ਪਰ ਉਸ ਨੇ ਦੋਸ਼ੀ ਨੂੰ ਭੱਜਣ ਨਹੀਂ ਦਿੱਤਾ। ਉਸ ਨੇ ਸਵੈ-ਰੱਖਿਆ ਵਿਚ ਗੋਲੀਆਂ ਚਲਾਈਆਂ ਅਤੇ ਦੋਸ਼ੀ ਗੋਲੀਬਾਰੀ ਵਿੱਚ ਗੰਭੀਰ ਜ਼ਖ਼ਮੀ ਹੋ ਗਿਆ। ਉਸ ਦੀ ਹਸਪਤਾਲ ਲਿਜਾਣ ਤੋਂ ਬਾਅਦ ਇਲਾਜ ਦੌਰਾਨ ਮੌਤ ਹੋ ਗਈ।

## ਪੰਜਾਬ ਦੇ 14 ਜ਼ਿਲ੍ਹਿਆਂ 'ਚ ਲਿੰਗ ਅਨੁਪਾਤ 'ਚ ਗਿਰਾਵਟ

**ਜਲੰਧਰ** : ਪੰਜਾਬ ਵਿੱਚ ਜਨਮ ਸਮੇਂ ਲਿੰਗ ਅਨੁਪਾਤ ਵਿੱਚ ਇਸ ਸਾਲ ਮਾਮੂਲੀ ਸੁਧਾਰ ਦੇਖਣ ਨੂੰ ਮਿਲਿਆ ਹੈ, ਜੋ ਸਾਲ 2024 ਵਿੱਚ ਪ੍ਰਤੀ 1,000 ਲੜਕਿਆਂ ਪਿੱਛੇ 922 ਲੜਕੀਆਂ ਤੋਂ ਵਧ ਕੇ ਸਾਲ 2025 ਵਿੱਚ 924 ਹੋ ਗਿਆ ਹੈ, ਪਰ ਇਸ ਸੁਧਾਰ ਦੇ ਬਾਵਜੂਦ ਸਮੁੱਚੀ ਸਥਿਤੀ ਚਿੰਤਾਜਨਕ ਬਣੀ ਹੋਈ ਹੈ, ਕਿਉਂਕਿ ਸੂਬੇ ਦੇ 23 ਜ਼ਿਲ੍ਹਿਆਂ ਵਿੱਚੋਂ 14 ਜ਼ਿਲ੍ਹਿਆਂ ਵਿੱਚ ਇਸ ਸਾਲ ਲਿੰਗ ਅਨੁਪਾਤ ਵਿੱਚ ਵੱਡੀ ਗਿਰਾਵਟ ਦਰਜ ਕੀਤੀ ਗਈ ਹੈ।

ਪੰਜਾਬ ਸਿਹਤ ਵਿਭਾਗ ਦੇ ਤਾਜ਼ਾ ਅੰਕੜਿਆਂ ਅਨੁਸਾਰ ਦੋਆਬਾ ਖੇਤਰ ਦੇ ਜ਼ਿਲ੍ਹੇ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਅਤੇ ਹੁਸ਼ਿਆਰਪੁਰ ਨੇ ਸੂਬੇ ਵਿੱਚ ਸਭ ਤੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਨਵਾਂਸ਼ਹਿਰ ਵਿੱਚ ਪ੍ਰਤੀ 1,000 ਲੜਕਿਆਂ ਪਿੱਛੇ 964 ਅਤੇ ਹੁਸ਼ਿਆਰਪੁਰ ਵਿੱਚ 962 ਲੜਕੀਆਂ ਦਰਜ ਕੀਤੀਆਂ ਗਈਆਂ ਹਨ। ਹਾਲਾਂ ਕਿ ਪੰਜਾਬ ਹਾਲੇ ਵੀ 928 ਲੜਕੀਆਂ ਦੀ ਰਾਸ਼ਟਰੀ ਔਸਤ ਨਾਲੋਂ ਕਾਫੀ ਪਿੱਛੇ ਚੱਲ ਰਿਹਾ ਹੈ। ਸਰਹੱਦੀ ਜ਼ਿਲ੍ਹਿਆਂ ਵਿੱਚੋਂ ਫ਼ਾਜ਼ਿਲਕਾ 932 ਦੇ ਅੰਕੜੇ ਨਾਲ ਸਭ ਤੋਂ ਅੱਗੇ ਰਿਹਾ, ਜਿਸ ਵਿੱਚ ਪਿਛਲੇ ਸਾਲ ਦੇ ਮੁਕਾਬਲੇ ਕੋਈ ਬਦਲਾਅ ਨਹੀਂ ਹੋਇਆ। ਪਠਾਨਕੋਟ ਵਿੱਚ ਜ਼ਿਕਰਯੋਗ ਸੁਧਾਰ ਦੇਖਿਆ ਗਿਆ, ਜਿੱਥੇ ਇਹ ਅੰਕੜਾ 2024 ਵਿੱਚ 911 ਤੋਂ ਵਧ ਕੇ ਇਸ ਸਾਲ 926 ਹੋ ਗਿਆ। ਫ਼ਿਰੋਜ਼ਪੁਰ ਵਿੱਚ 923 ਅਤੇ ਗੁਰਦਾਸਪੁਰ ਵਿੱਚ ਇਹ ਅੰਕੜਾ 910 ਦਰਜ ਕੀਤਾ ਗਿਆ। ਅੰਮ੍ਰਿਤਸਰ ਪਿਛਲੇ ਸਾਲ ਦੇ 917 ਤੋਂ ਘਟ ਕੇ 915 ਅਤੇ ਤਰਨ ਤਾਰਨ 908 ਤੋਂ ਘਟ ਕੇ 903 'ਤੇ ਆ ਗਿਆ ਹੈ। ਇਸ ਸਾਲ ਜਿਨ੍ਹਾਂ 14 ਜ਼ਿਲ੍ਹਿਆਂ ਵਿੱਚ ਲਿੰਗ ਅਨੁਪਾਤ ਘਟਿਆ ਹੈ, ਉਨ੍ਹਾਂ ਵਿੱਚੋਂ 10 ਜ਼ਿਲ੍ਹੇ ਇਕੱਲੇ ਮਾਲਵਾ ਖੇਤਰ ਦੇ ਹਨ। ਲੁਧਿਆਣਾ, ਪਟਿਆਲਾ, ਬਰਨਾਲਾ, ਮੋਗਾ ਅਤੇ ਮਾਨਸਾ ਵਰਗੇ ਪ੍ਰਮੁੱਖ ਜ਼ਿਲ੍ਹਿਆਂ ਵਿੱਚ ਅੰਕੜਿਆਂ ਦਾ ਡਿੱਗਣਾ ਖੇਤਰ ਵਿੱਚ ਡੂੰਘੀ ਚਿੰਤਾ ਨੂੰ ਜਨਮ ਦਿੰਦਾ ਹੈ। ਸੂਬੇ ਦੇ ਇੱਕੋ-ਇੱਕ ਮੁਸਲਿਮ ਬਹੁਗਿਣਤੀ ਜ਼ਿਲ੍ਹੇ ਮਾਲੇਰਕੋਟਲਾ ਵਿੱਚ ਵੀ ਗਿਰਾਵਟ ਦਰਜ ਕੀਤੀ ਗਈ ਹੈ, ਜਿੱਥੇ ਇਹ ਅੰਕੜਾ 2024 ਵਿੱਚ 956 ਤੋਂ ਘਟ ਕੇ 2025 ਵਿੱਚ 952 ਰਹਿ ਗਿਆ ਹੈ।

## ਪਾਵਰ ਮੈਨੇਜਮੈਂਟ ਦੀ ਵਾਅਦਾ-ਖਿਲਾਫੀ ਵਿਰੁੱਧ ਬਿਜਲੀ ਕਾਮੇ ਮੁੜ ਸੰਘਰਸ਼ ਦੇ ਰਾਹ 'ਤੇ



**ਲੁਧਿਆਣਾ** : ਬਿਜਲੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਪ੍ਰਮੁੱਖ ਜਥੇਬੰਦੀਆਂ ਪੀ ਐੱਸ ਈ ਬੀ ਇੰਪਲਾਇਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ ਰਜਿ 24, ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਪੰਜਾਬ (ਸੰਬੰਧਤ ਏਟਕ), ਪੈਨਸ਼ਨਰਜ਼ ਵੈੱਲਫੇਅਰ ਫੈਡਰੇਸ਼ਨ ਦੀ ਹੰਗਾਮੀ ਮੀਟਿੰਗ ਗੁਰਭੇਜ ਸਿੰਘ ਢਿੱਲੋਂ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਦੀ ਪ੍ਰਧਾਨਗੀ ਹੇਠ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਹੋਈ। ਮੀਟਿੰਗ ਵਿੱਚ ਬਿਜਲੀ ਮੁਲਾਜ਼ਮਾਂ ਦੇ ਵਿੱਤੀ ਮਸਲੇ ਜਿਵੇਂ ਕਿ 17-07-20 ਤੋਂ ਬਾਅਦ ਭਰਤੀ ਹੋਏ ਕਰਮਚਾਰੀਆਂ ਤੇ ਬਿਜਲੀ ਨਿਗਮ ਦੇ ਸਕੇਲ ਲਾਗੂ ਕਰਨ, ਮਿਤੀ 17-11-21 ਤੋਂ ਬਾਅਦ ਤਰੱਕੀ ਹੋਏ ਕਰਮਚਾਰੀਆਂ ਨੂੰ ਪੇ ਬੈਂਡ ਦਾ ਲਾਭ ਦੇਣ , ਜੇ ਈ ਕੈਟਾਗਰੀ ਉਪਰ ਵਿੱਤ ਸਰਕੂਲਰ 10/16 ਲਾਗੂ ਕਰਨ, ਗਰੁੱਪ ਨੰ: 13 ਅਤੇ ਅਗਲੇ ਗਰੁੱਪਾਂ ਦੀਆਂ ਕੈਟਾਗਰੀਆਂ ਦੀ ਮੁੱਢਲੀ ਤਨਖਾਹ ਆਦਿ ਮਸਲਿਆਂ ਸਬੰਧੀ ਤੁਰੰਤ ਪੰਜਾਬ ਸਰਕਾਰ ਨਾਲ ਮੀਟਿੰਗ ਕਰਵਾਉਣ ਦੀ ਬਣੀ ਸਹਿਮਤੀ ਲਾਗੂ ਨਾ ਕਰਨ ਲਈ ਪਾਵਰ ਮੈਨੇਜਮੈਂਟ ਦੀ ਜ਼ੋਰਦਾਰ ਨਿੰਦਾ ਕੀਤੀ ਗਈ । ਸੋਲੇਸ਼ੀਅਮ ਪਾਲਿਸੀ ਵਾਲੇ ਕੇਸ ਵਿੱਚ ਲਗਾਇਆ 12 ਪ੍ਰਤੀਸ਼ਤ ਵਿਆਜ਼ ਮੁਆਫ ਕਰਨ ਅਤੇ ਪਾਲਿਸੀ ਨਾਲ ਸਬੰਧਤ ਹੋਰ ਮਸਲੇ 15 ਮਈ ਤੱਕ ਕੈਬਨਿਟ ਤੋਂ ਪਾਸ ਕਰਵਾਉਣ ਦੀ ਹੋਈ ਸਹਿਮਤੀ ਲਾਗੂ ਨਾ ਕਰਨ ਅਤੇ ਹੋਰ ਅਹਿਮ ਮੰਗਾਂ ਜਿਵੇਂ ਕਿ ਨਵੀਂ ਭਰਤੀ, ਗਰਿੱਡ ਸਟਾਫ ਨਾਲ ਸੰਬੰਧਤ ਮਸਲੇ, ਕੰਟਰੈਕਟ ਪੀਰੀਅਡ ਦਾ ਸੇਵਾ ਲਾਭ, ਦਰਜਾ ਚਾਰ ਤੋਂ ਕਲਰਕ ਦੀ ਤਰੱਕੀ ਸਮੇਤ ਸਾਰੀਆਂ ਕੈਟੇਗਰੀਆਂ ਦੀਆਂ ਤਰੱਕੀਆਂ ਸਮੇਤ ਹੋਰ ਮਸਲੇ 15 ਮਈ ਤੱਕ ਹੱਲ ਕਰਨ ਦੀ ਸਹਿਮਤੀ ਲਾਗੂ ਨਾ ਕਰਨ ਸਮੇਤ 30 ਮਈ ਦੀ ਮੀਟਿੰਗ ਦੇ ਮਿੰਟਸ ਜਾਰੀ ਨਾ ਕਰਨ ਵਿਰੁੱਧ 20 ਮਈ ਤੱਕ

• ਬਾਕੀ ਸਫਾ 2 'ਤੇ

## ਬੀ ਬੀ ਐੱਮ ਬੀ ਦੇ ਤਾਨਾਸ਼ਾਹੀ ਤੇ ਗਲਤ ਫੈਸਲਿਆਂ ਨੂੰ ਬਰਦਾਸ਼ਤ ਨਹੀਂ ਕਰਾਂਗੇ : ਬਰਿੰਦਰ ਗੋਇਲ



**ਚੰਡੀਗੜ੍ਹ** : ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ ਬੀ ਐੱਮ ਬੀ) ਦੀ ਸਥਾਪਨਾ ਦੇ 50 ਸਾਲ ਪੂਰੇ ਹੋਣ 'ਤੇ ਪੰਚਕੂਲਾ ਵਿਖੇ ਆਯੋਜਿਤ ਮੀਟਿੰਗ ਦੌਰਾਨ ਪੰਜਾਬ ਦੇ ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਸੂਬੇ ਦੇ ਹਿੱਤਾਂ ਤੇ ਅਧਿਕਾਰਾਂ ਨੂੰ ਲੈ ਕੇ ਕੇਂਦਰ ਸਰਕਾਰ ਦੇ ਸਾਹਮਣੇ ਬਹੁਤ ਹੀ ਸੰਜੀਦਗੀ ਅਤੇ ਦ੍ਰਿੜ੍ਹਤਾ ਨਾਲ ਪੰਜਾਬ ਦਾ ਪੱਖ ਰੱਖਿਆ। ਮੀਟਿੰਗ ਤੋਂ ਬਾਅਦ ਜਾਰੀ ਇੱਕ ਬਿਆਨ ਵਿੱਚ ਕੈਬਨਿਟ ਮੰਤਰੀ ਨੇ ਕਿਹਾ ਕਿ ਉਨ੍ਹਾ ਮੀਟਿੰਗ ਵਿੱਚ ਬਹੁਤ ਹੀ ਨਿਮਰਤਾ ਅਤੇ ਸਤਿਕਾਰ ਨਾਲ ਪੰਜਾਬ ਦੀਆਂ ਚਿੰਤਾਵਾਂ ਸਾਂਝੀਆਂ ਕੀਤੀਆਂ, ਪਰ ਨਾਲ ਹੀ ਇਹ ਵੀ ਸਪੱਸ਼ਟ ਕਰ ਦਿੱਤਾ ਕਿ ਪੰਜਾਬ ਆਪਣੇ ਅਧਿਕਾਰਾਂ 'ਤੇ ਕਿਸੇ ਵੀ ਤਰ੍ਹਾਂ ਦਾ ਡਾਕਾ ਨਹੀਂ ਪੈਣ ਦੇਵੇਗਾ।ਮੀਟਿੰਗ ਦੌਰਾਨ ਆਪਣੀ ਮੁੱਖ ਚਿੰਤਾ ਜ਼ਾਹਰ ਕਰਦਿਆਂ ਮੰਤਰੀ ਬਰਿੰਦਰ ਗੋਇਲ ਨੇ ਦੱਸਿਆ ਕਿ ਬੀ ਬੀ ਐਮ ਬੀ ਦੀ ਸਥਾਪਨਾ ਦੇ ਸਮੇਂ ਤੋਂ ਹੀ ਇਹ ਵਿਵਸਥਾ ਰਹੀ ਹੈ ਕਿ ਇਸ ਵਿੱਚ ਪਾਵਰ (ਬਿਜਲੀ) ਦਾ ਮੈਂਬਰ ਪੰਜਾਬ ਤੋਂ ਅਤੇ ਇਰੀਗੇਸ਼ਨ (ਸਿੰਚਾਈ) ਦਾ ਮੈਂਬਰ ਹਰਿਆਣਾ ਤੋਂ ਨਿਯੁਕਤ ਹੁੰਦਾ ਆਇਆ ਹੈ। ਇਹ 50 ਸਾਲਾਂ ਤੋਂ ਚਲੀ ਆ ਰਹੀ ਇੱਕ ਸਥਾਪਤ ਪਰੰਪਰਾ ਹੈ, ਪਰ ਕੇਂਦਰ ਸਰਕਾਰ ਨੇ 13 ਅਪ੍ਰੈਲ ਨੂੰ ਨਿਯਮਾਂ ਵਿੱਚ ਸੋਧ ਕਰਕੇ ਇਹ ਪ੍ਰਾਵਧਾਨ ਕਰ ਦਿੱਤਾ ਕਿ ਮੈਂਬਰ ਕਿਤੇ ਦਾ ਵੀ ਹੋ ਸਕਦਾ ਹੈ, ਪਰੰਤੂ ਪੰਜਾਬ ਤੇ ਹਰਿਆਣਾ ਨੂੰ ਸਿਰਫ਼ ਤਰਜੀਹ ਦਿੱਤੀ ਜਾਵੇਗੀ।ਸੁਰੱਖਿਆ ਦੇ ਮੁੱਦੇ 'ਤੇ ਕੇਂਦਰ ਦੇ ਰੁਖ ਦਾ ਜ਼ੋਰਦਾਰ ਵਿਰੋਧ ਕਰਦਿਆਂ ਉਨ੍ਹਾ ਸੀ ਆਈ ਐੱਸ ਐੱਫ ਦੀ ਤਾਇਨਾਤੀ 'ਤੇ ਇਤਰਾਜ਼ ਜਤਾਇਆ।

## ਅੱਜ-ਨਾਮਾ

ਆਗੂ ਖਿੱਚ ਲਿਆ ਇੱਕ ਅਕਾਲੀਆਂ ਦਾ,
ਉਹਨੂੰ ਸਾਂਭ ਲਿਆ ਪਾਰਟੀ ਆਪ ਬੇਲੀ।
ਕੋਈ ਆਖਦਾ ਉਹਦੇ ਨਾਲ ਵੋਟ ਬਾਹਲੇ,
ਕਿਹਾ ਹੈ ਦੌਲਤ ਦਾ ਕਿਸੇ ਪ੍ਰਤਾਪ ਬੇਲੀ।
ਇਲਾਕੇ ਅੰਦਰ ਵੀ ਓਸ ਦਾ ਜ਼ੋਰ ਚੋਖਾ,
ਕੀਤੇ ਕੰਮ ਦੀ ਬਾਹਲੀ ਆ ਛਾਪ ਬੇਲੀ।
ਹਰ ਕੋਈ ਕਹੇ ਕਿ ਆਗੂ ਪ੍ਰਭਾਵਸ਼ਾਲੀ,
ਪਰਖੋ ਵਰਤ ਕੇ ਜਿੱਡਾ ਵੀ ਮਾਪ ਬੇਲੀ।
ਅੱਗੇ ਵਾਂਗਰ ਨਹੀਂ ਅੱਜ ਹੈ ਰਾਜਨੀਤੀ,
ਗਿਆ ਬਦਲ ਸਭ ਰੂਪ ਜਾਂ ਰੰਗ ਬੇਲੀ।
ਜਦ ਵੀ ਚਿੱਤ ਕੀਤਾ, ਕਰੋ ਦਲਬਦਲੀ,
ਪਾਰਟੀ ਬਦਲਦੇ ਕੋਈ ਨਾ ਸੰਗ ਬੇਲੀ।

-ਤੀਸ ਮਾਰ ਖਾਂ

## ਮੁੱਖ ਜੱਜ ਦੀ ਬੇਰੁਜ਼ਗਾਰ ਨੌਜਵਾਨਾਂ ਬਾਰੇ ਟਿੱਪਣੀ ਸਹਿਣਯੋਗ ਨਹੀਂ : ਬੰਤ ਬਰਾੜ

### ਪੰਜਾਬੀ 'ਤੇ ਸੰਸਕ੍ਰਿਤ ਨੂੰ ਭਾਰੂ ਕਰਨ ਦਾ ਵਿਰੋਧ



**ਜਲੰਧਰ (ਗਿਆਨ ਸੈਦਪੁਰੀ)**

ਭਾਰਤ ਦੇ ਚੀਫ ਜਸਟਿਸ ਦੀ ਬੇਰੁਜ਼ਗਾਰ ਨੌਜਵਾਨਾਂ ਬਾਰੇ ਕੀਤੀ ਟਿੱਪਣੀ ਸਹਿਣਯੋਗ ਨਹੀਂ ਤੇ ਇਹ ਉਨ੍ਹਾ ਦੇ ਰੁਤਬੇ ਦੀ ਵੀ ਤੌਹੀਨ ਕਰਦੀ ਹੈ। ਇਹ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੇ ਨੈਸ਼ਨਲ ਕੌਂਸਲ ਦੇ ਮੈਂਬਰ ਅਤੇ ਸੀ ਪੀ ਆਈ ਦੇ ਪੰਜਾਬ ਇਕਾਈ ਦੇ ਸਾਬਕਾ ਸਕੱਤਰ ਬੰਤ ਸਿੰਘ ਬਰਾੜ ਨੇ ਕੀਤਾ। ਉਹ ਸਨਿੱਚਰਵਾਰ ਪਾਰਟੀ ਦਫਤਰ ਜਲੰਧਰ ਵਿਖੇ ਜ਼ਿਲ੍ਹਾ ਕੌਂਸਲ ਦੀ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ। ਉਹਨਾ ਕਿਹਾ ਕਿ ਭਾਰਤ ਦੇ ਚੀਫ ਜਸਟਿਸ ਸੂਰੀਆ ਕਾਂਤ ਨੇ ਬੇਰੁਜ਼ਗਾਰ ਕੁਝ ਨੌਜਵਾਨਾਂ ਦੀ ਤੁਲਨਾ ਪਰਜੀਵੀ ਤੇ ਕਾਕਰੋਚ ਨਾਲ ਕੀਤੀ ਹੈ। ਅਜਿਹੇ ਵਿਚਾਰਾਂ ਵਾਲੇ ਵਿਅਕਤੀ ਨੂੰ ਚੀਫ ਜਸਟਿਸ ਵਾਲੀ ਕੁਰਸੀ 'ਤੇ ਬਣੇ ਰਹਿਣ ਦਾ ਅਧਿਕਾਰ ਨਹੀਂ। ਭਾਰਤੀ ਕਮਿਊਨਿਸਟ ਪਾਰਟੀ ਚੀਫ ਜਸਟਿਸ ਦੀ ਟਿੱਪਣੀ ਦਾ ਵਿਰੋਧ ਕਰਦੀ ਹੈ।ਕਾਮਰੇਡ ਬਰਾੜ ਨੇ ਪੰਜਾਬ ਵਿੱਚ ਸਫਾਈ ਕਾਮਿਆਂ ਦੀ ਚੱਲ ਰਹੀ ਹੜਤਾਲ ਦੀ ਹਮਾਇਤ ਕਰਦਿਆਂ ਮੰਗ ਕੀਤੀ ਕਿ ਉਹਨਾਂ ਦੀਆਂ ਮੰਗਾਂ ਤੁਰੰਤ ਮੰਨੀਆਂ ਜਾਣ। ਉਹਨਾ ਕਿਹਾ ਕਿ ਮਜ਼ਦੂਰਾਂ ਦਾ ਇਹ ਵਰਗ ਬਹੁਤ ਹੀ ਔਖੇ ਹਾਲਾਤ ਵਿੱਚ ਕੰਮ ਕਰਦਾ ਹੈ। ਸਰਕਾਰ ਆਨਾਕਾਨੀ ਤੇ ਬਹਾਨੇਬਾਜ਼ੀ ਛੱਡ ਕੇ ਹਮਦਰਦੀ ਭਰਿਆ ਵਤੀਰਾ ਵਰਤਦਿਆਂ ਇਹਨਾਂ ਦੀਆਂ ਮੰਗਾਂ ਤੁਰੰਤ ਮੰਨੇ। ਕਾਮਰੇਡ ਬਰਾੜ ਨੇ ਆਰ ਐੱਸ ਐੱਸ ਦੇ ਪੰਜਾਬ ਪ੍ਰਤੀ ਵਤੀਰੇ ਦੀ ਗੱਲ ਕਰਦਿਆਂ ਕਿਹਾ ਕਿ ਉਹ ਹਮੇਸ਼ਾ ਹੀ ਪੰਜਾਬ ਦੇ ਸੱਭਿਆਚਾਰ, ਭਾਸ਼ਾ ਤੇ ਪੰਜਾਬੀਆਂ ਦੇ ਫਿਰਕਾਪ੍ਰਸਤੀ ਵਿਰੋਧੀ ਵਰਤਾਰੇ ਦਾ ਦੋਖੀ ਰਿਹਾ ਹੈ। ਉਹਨਾ ਕਿਹਾ ਕਿ ਪੰਜਾਬ ਦੇ ਆਰਮੀ ਸਕੂਲਾਂ ਵਿੱਚ ਸੰਸਕ੍ਰਿਤ ਨੂੰ ਲਾਜ਼ਮੀ ਕਰਨਾ ਤੇ ਪੰਜਾਬੀ ਨੂੰ ਚੋਣਵਾਂ ਵਿਸ਼ਾ ਬਣਾਉਣਾ ਪੰਜਾਬ ਤੇ ਪੰਜਾਬੀਆਂ ਨਾਲ ਕੀਤੇ ਜਾ ਰਹੇ ਵਿਤਕਰੇ ਦਾ ਹੀ ਹਿੱਸਾ ਹੈ। ਪੰਜਾਬ ਵਿੱਚ ਇਹਨਾਂ ਸਕੂਲਾਂ ਅੰਦਰ ਸੰਸਕ੍ਰਿਤ ਨੂੰ ਲਾਜ਼ਮੀ ਕਰਨਾ ਬਰਦਾਸ਼ਤ ਯੋਗ ਨਹੀਂ ਹੈ। ਅਸੀਂ ਭਾਸ਼ਾਵਾਂ ਦੇ ਵਿਰੋਧੀ ਨਹੀਂ, ਪਰ ਪੰਜਾਬੀ ਨਾਲ ਪੰਜਾਬ ਵਿੱਚ ਹੀ ਧੱਕਾ ਕਰਨਾ ਕਿਸੇ ਤਰ੍ਹਾਂ ਵੀ ਸਹਿਣ ਨਹੀਂ ਕੀਤਾ ਜਾ ਸਕਦਾ। ਉਹਨਾ ਚੰਡੀਗੜ੍ਹ ਪੁਲਸ ਵੱਲੋਂ ਹੱਕ ਮੰਗਦੇ ਕਿਸਾਨਾਂ 'ਤੇ ਤਸ਼ੱਦਦ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਭਵਿੱਖ ਦੇ ਕਾਰਜਾਂ ਨੂੰ ਬਿਆਨ ਕਰਦਿਆਂ ਉਹਨਾ ਕਿਹਾ ਕਿ 19 ਮਈ ਨੂੰ ਮੁਹਾਲੀ ਧਰਨੇ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। 6 ਜੂਨ ਨੂੰ ਜਲੰਧਰ ਵਿੱਚ ਪੰਜਾਬ ਦੇ ਮਸਲਿਆਂ ਦੇ ਸੰਬੰਧ ਵਿੱਚ ਮੁਜ਼ਾਹਰਾ ਕੀਤਾ ਜਾਵੇਗਾ। 28 ਸਤੰਬਰ ਦੇ ਦਿੱਲੀ ਮਾਰਚ ਦੀ ਸਫਲਤਾ ਲਈ ਤਿਆਰੀਆਂ ਕੀਤੀਆਂ ਜਾਣਗੀਆਂ। ਹਰਜਿੰਦਰ ਸਿੰਘ ਮੌਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੇ ਸ਼ੁਰੂ ਵਿੱਚ 'ਨਵਾਂ ਜ਼ਮਾਨਾ' ਦੇ ਸੰਪਾਦਕ ਚੰਦ ਫਤਿਹਪੁਰੀ ਦੀ ਜੀਵਨ ਸਾਥਣ ਕਾਮਰੇਡ ਸੰਤੋਸ਼ ਬਰਾੜ ਦੇ ਛੋਟੇ ਭਰਾ ਨਰਿੰਦਰ ਕੁਮਾਰ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਦੋ ਮਿੰਟ ਦਾ ਮੌਨ ਧਾਰ ਕੇ ਨਰਿੰਦਰ ਕੁਮਾਰ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਵਿੱਚ ਜ਼ਿਲ੍ਹਾ ਸਕੱਤਰ ਰਸ਼ਪਾਲ ਕੈਲੇ, ਵੀਰ ਕੁਮਾਰ, ਪਰਵਿੰਦਰ ਫਲਪੋਤਾ, ਕੁਲਦੀਪ ਬਹਿਰਾਮ, ਕਸ਼ਮੀਰ ਕੁਰੈਸ਼ੀ, ਮਹਿੰਦਰ ਸਿੰਘ ਘੋੜਾਬਾਹੀ ਅਤੇ ਸੰਦੀਪ ਦੌਲੀਕੇ ਸ਼ਾਮਲ ਸਨ।

## ਮਜੀਠਾ 'ਚ ਕਈ ਆਗੂ ਕਾਂਗਰਸ ਛੱਡ ਕੇ 'ਆਪ' 'ਚ ਸ਼ਾਮਲ



**ਚੰਡੀਗੜ੍ਹ/ਮਜੀਠਾ**-ਆਮ ਆਦਮੀ ਪਾਰਟੀ ਨੂੰ ਮਜੀਠਾ ਵਿੱਚ ਵੱਡੀ ਸਿਆਸੀ ਮਜ਼ਬੂਤੀ ਮਿਲੀ ਹੈ, ਜਦ ਕਿ ਕਾਂਗਰਸ ਨੂੰ ਵੱਡਾ ਝਟਕਾ ਲੱਗਾ ਹੈ। ਸ਼ਨੀਵਾਰ ਨੂੰ ਕਾਂਗਰਸ ਦੇ ਕਈ ਸੀਨੀਅਰ ਆਗੂ ਤੇ ਜ਼ਮੀਨੀ ਪੱਧਰ ਦੇ ਵਰਕਰ ਆਪਣੀ ਪਾਰਟੀ ਛੱਡ ਕੇ 'ਆਪ' ਵਿੱਚ ਸ਼ਾਮਲ ਹੋ ਗਏ।

ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੇ ਆਗੂਆਂ ਨੂੰ ਰਸਮੀ ਤੌਰ 'ਤੇ ਪਾਰਟੀ ਵਿੱਚ ਸ਼ਾਮਲ ਕੀਤਾ ਅਤੇ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾ ਦੇ ਨਾਲ ਮਜੀਠਾ ਦੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ

• ਬਾਕੀ ਸਫਾ 2 'ਤੇ

ੴ ਸਤਿਗੁਰ ਪ੍ਰਸਾਦਿ ॥

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਪੂਜਨੀਕ ਮਾਤਾ ਸਰਦਾਰਨੀ ਸੁਖਵਿੰਦਰ ਕੌਰ ਜੀ, ਜੋ ਕਿ ਮਿਤੀ 10 ਮਈ 2026 ਦਿਨ ਐਤਵਾਰ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ । ਉਹਨਾ ਨਮਿੱਤ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ ਮਿਤੀ 19 ਮਈ 2026 ਦਿਨ ਮੰਗਲਵਾਰ ਨੂੰ ਸਾਡੇ ਗ੍ਰਹਿ ਪਿੰਡ ਟਾਹਲੀ ਸਾਹਿਬ ਵਿਖੇ ਪਵੇਗਾ। ਭੋਗ ਉਪਰੰਤ ਵੈਰਾਗਮਈ ਕੀਰਤਨ ਅਤੇ ਅੰਤਿਮ ਅਰਦਾਸ ਗੁਰਦੁਆਰਾ ਬਾਬਾ ਬੀਰ ਸਿੰਘ, ਅੱਡਾ ਟਾਹਲੀ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਹੋਵੇਗੀ। ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।



ਸਰਦਾਰਨੀ ਸੁਖਵਿੰਦਰ ਕੌਰ

ਗੁਰੂ ਭਾਣੇ ਵਿੱਚ

ਬਲਕਾਰ ਸਿੰਘ (ਸਪੁੱਤਰ), ਪ੍ਰਮਜੀਤ ਸਿੰਘ ਆਸਟਰੇਲੀਆ (ਸਰਪੰਚ), (ਸਪੁੱਤਰ), ਮਨਪ੍ਰੀਤ ਸਿੰਘ ਕੈਨੇਡਾ (ਸਪੁੱਤਰ), ਬਲਦੇਵ ਸਿੰਘ ਸਿੱਧੂ (ਪਤੀ), ਸਰਬਜੀਤ ਕੌਰ-ਪਲਵਿੰਦਰ ਸਿੰਘ (ਧੀ-ਜਵਾਈ) ਅਤੇ ਸਮੂਹ ਸਿੱਧੂ ਪਰਵਾਰ

ਮੋ : 80540-19004, 98148-95226

ਨੋਟ : ਕੋਈ ਵੱਖਰੇ ਕਾਰਡ ਨਹੀਂ ਭੇਜੇ ਜਾਣਗੇ।

# ਮਨਨ ਤੇ ਮਹਿਤਾਬ ਸਿੰਘ ਨੇ ਕਿੱਕ ਬਾਕਸਿੰਗ ਟੂਰਨਾਮੈਂਟ 'ਚ ਪਹਿਲਾ ਸਥਾਨ ਜਿੱਤਿਆ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**- ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਗਰੁੱਪ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਦੀ ਯੋਗ ਅਗਵਾਈ ਹੇਠ ਚੱਲ ਰਹੇ ਦੇਸ਼ ਭਗਤ ਗਲੋਬਲ ਸਕੂਲ ਵਿਖੇ ਸਕੂਲ ਦੇ ਵਿਦਿਆਰਥੀਆਂ ਮਨਨ ਜਮਾਤ ਛੇਵੀਂ ਤੇ ਮਹਿਤਾਬ ਸਿੰਘ ਜਮਾਤ ਛੇਵੀਂ ਨੇ ਕਿੱਕ ਬਾਕਸਿੰਗ ਜ਼ਿਲ੍ਹਾ ਟੂਰਨਾਮੈਂਟ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਬੋਲਦਿਆਂ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਸਾਨੂੰ ਆਪਣੇ ਸਕੂਲ ਦੇ ਵਿਦਿਆਰਥੀਆਂ 'ਤੇ ਬਹੁਤ ਮਾਣ ਹੈ, ਜਿਨ੍ਹਾਂ ਨੇ ਕਿੱਕ ਬਾਕਸਿੰਗ ਟੂਰਨਾਮੈਂਟ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।ਇਹ ਜਿੱਤ ਉਨ੍ਹਾਂ ਦੀ ਸਖਤ ਮਿਹਨਤ, ਅਨੁਸ਼ਾਸਨ ਤੇ ਲਗਨ ਦਾ ਨਤੀਜਾ ਹੈ।ਅਸੀਂ ਆਸ ਕਰਦੇ ਹਾਂ ਕਿ ਇਹ ਵਿਦਿਆਰਥੀ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਉੱਚੀਆਂ ਉਪਲਬਧੀਆਂ ਹਾਸਲ ਕਰਨਗੇ ਤੇ ਹੋਰ ਵਿਦਿਆਰਥੀਆਂ ਲਈ ਪ੍ਰੇਰਨਾ ਬਣਨਗੇ। ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਕਿਹਾ ਕਿ ਕਿੱਕ ਬਾਕਸਿੰਗ ਟੂਰਨਾਮੈਂਟ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨਾ ਬਹੁਤ ਹੀ ਮਾਣ ਵਾਲੀ ਗੱਲ ਹੈ।ਵਿਦਿਆਰਥੀਆਂ ਨੇ ਆਪਣੀ ਖੇਡ ਕਾਬਲੀਅਤ ਤੇ ਆਤਮ ਵਿਸ਼ਵਾਸ ਨਾਲ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ।ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾ. ਤੇਜਿੰਦਰ ਕੌਰ ਨੇ ਇਨ੍ਹਾਂ ਬੱਚਿਆਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਦੋਵੇਂ ਵਿਦਿਆਰਥੀਆਂ ਦੀ ਜਿੱਤ ਸਕੂਲ ਤੇ ਮਾਪਿਆਂ ਲਈ ਮਾਣ ਵਾਲੀ ਗੱਲ ਹੈ।ਉਨ੍ਹਾਂ ਵਿਦਿਆਰਥੀਆਂ, ਕੋਚ, ਸਕੂਲ ਸਟਾਫ ਤੇ ਮਾਪਿਆਂ ਨੂੰ ਵਧਾਈ ਦਿੱਤੀ।



# ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਜਲੰਧਰ 'ਚ ਸੂਬਾਈ ਕਨਵੈਨਸ਼ਨ ਅੱਜ

**ਪਸਸਫ ਵਰਕਰ ਤੇ ਆਗੂ ਵੱਡੀ ਗਿਣਤੀ 'ਚ ਹੋਣਗੇ ਸ਼ਾਮਲ**

**ਮੋਗਾ (ਇਕਬਾਲ ਸਿੰਘ ਖਹਿਰਾ)**- ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680, ਸੈਕਟਰ 22ਬੀ, ਚੰਡੀਗੜ੍ਹ ਦੇ ਸੂਬਾਈ ਆਗੂ ਦਰਸ਼ਨ ਸਿੰਘ ਲੁਬਾਣਾ ਚੇਅਰਮੈਨ, ਚਰਨ ਸਿੰਘ ਸਰਾਭਾ ਸਰਪ੍ਰਸਤ, ਰਣਜੀਤ ਸਿੰਘ ਰਾਣਵਾਂ ਸੂਬਾ ਪ੍ਰਧਾਨ, ਸੁਰਿੰਦਰ ਕੁਮਾਰ ਪੁਆਰੀ ਜਨਰਲ ਸਕੱਤਰ, ਜਗਦੀਸ਼ ਸਿੰਘ ਚਾਹਲ ਮੁੱਖ ਜਥੇਬੰਦਕ ਸਕੱਤਰ, ਗੁਰਮੇਲ ਸਿੰਘ ਮੈਲਡੇ ਤੇ ਗੁਰਪ੍ਰੀਤ ਸਿੰਘ ਮੰਗਵਾਲ ਸੀਨੀਅਰ ਮੀਤ ਪ੍ਰਧਾਨ, ਪ੍ਰੇਮ ਚਾਵਲਾ ਤੇ ਕਰਤਾਰ ਸਿੰਘ ਪਾਲ ਐਡੀਸ਼ਨਲ ਜਨਰਲ ਸਕੱਤਰ, ਮੇਲਾ ਸਿੰਘ ਪੁੰਨਾਂਵਾਲ, ਅਮਰਜੀਤ ਕੌਰ ਰਣਸਿੰਘ ਵਾਲਾ, ਸਰੋਜ ਛਪੜੀਵਾਲਾ, ਜਸਵਿੰਦਰ ਪਾਲ ਉੱਘੀ (ਸਾਰੇ ਵਾਈਸ ਪ੍ਰਧਾਨ), ਮਨਜੀਤ ਸਿੰਘ ਗਿੱਲ ਵਿੱਤ ਸਕੱਤਰ ਪੰਜਾਬ ਤੇ ਪ੍ਰੈੱਸ ਸਕੱਤਰ ਟਹਿਲ ਸਿੰਘ ਸਰਾਭਾ, ਗੁਰਜੰਟ ਸਿੰਘ ਕੋਕਰੀ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ ਨੇ ਦੱਸਿਆ ਕਿ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ 17 ਮਈ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤੀ ਜਾ ਰਹੀ ਸੂਬਾਈ ਕਨਵੈਨਸ਼ਨ ਵਿੱਚ ਸ਼ਾਮਲ ਹੋਣ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।ਆਗੂਆਂ ਨੇ ਦੱਸਿਆ ਕਿ ਇਸ ਤੋਂ ਬਾਅਦ 19 ਮਈ ਨੂੰ ਏਟਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਵੱਲੋਂ ਲੇਬਰ ਭਵਨ ਮੋਹਾਲੀ ਵਿਖੇ ਸੂਬਾਈ ਰੈਲੀ ਵਿੱਚ ਸ਼ਾਮਲ ਹੋਣ ਲਈ ਵੀ ਤਿਆਰੀਆਂ ਜੰਗੀ ਪੱਧਰ 'ਤੇ ਜਾਰੀ ਹਨ।ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਹੁਕਮਰਾਨ ਸਰਕਾਰਾਂ ਵੱਲੋਂ ਕਿਰਤੀਆਂ, ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਦਾ ਨਿਪਟਾਰਾ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ਼ਾਂ ਦੀ ਰੂਪਰੇਖਾ ਹੋਰ ਤਿੱਖੀ ਕੀਤੀ ਜਾਵੇਗੀ।

# ਹੋਲੀ ਹਾਰਟ ਸਕੂਲ ਛਾਜਲੀ ਦਾ ਨਤੀਜਾ ਸ਼ਾਨਦਾਰ ਰਿਹਾ

**ਦਿੜ੍ਹਬਾ (ਜਸਵੀਰ ਲਾਡੀ)** ਸੀ. ਬੀ. ਐੱਸ. ਈ. 12ਵੀਂ ਜਮਾਤ ਦੀ ਬੋਰਡ ਪ੍ਰੀਖਿਆ ਦੇ ਨਤੀਜੇ ਐਲਾਨੇ ਗਏ, ਜਿਸ ਵਿੱਚ ਹੋਲੀ ਹਾਰਟ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਛਾਜਲੀ ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ।ਨਤੀਜਿਆਂ ਵਿੱਚ ਮਨਜੋਤ ਕੌਰ ਨੇ 92% ਅੰਕ ਤੇ ਡਿੰਪਲਪ੍ਰੀਤ ਕੌਰ, ਕਮਲਦੀਪ ਕੌਰ ਤੇ ਲਵਪ੍ਰੀਤ ਸਿੰਘ ਨੇ 90% ਅੰਕ, ਅਮਨਜੋਤ ਸਿੰਘ, ਗਗਨਜੀਤ ਕੌਰ ਤੇ ਪ੍ਰਦੀਪ ਕੁਮਾਰ ਸਿੰਗਲਾ ਨੇ 89% ਅੰਕ, ਕਰਨਵੀਰ ਸਿੰਘ ਨੇ 88% ਅੰਕ ਤੇ ਸਹਿਜਪ੍ਰੀਤ ਕੌਰ, ਹਰਮਨਜੋਤ ਕੌਰ ਤੇ ਰਣਜੀਤ ਕੌਰ ਨੇ 87% ਅੰਕ, ਸੁਖਜੋਤ ਕੌਰ ਨੇ 86% ਅੰਕ ਅਤੇ ਪਰਮਨਦੀਪ ਕੌਰ, ਨਵਜੋਤ ਸਿੰਘ ਤੇ ਮਹਿਕਦੀਪ ਕੌਰ ਨੇ 85% ਅੰਕ ਪ੍ਰਾਪਤ ਕਰਕੇ ਸਕੂਲ ਤੇ ਮਾਪਿਆਂ ਦਾ ਨਾਂ ਰੋਸ਼ਨ ਕੀਤਾ।ਸਕੂਲ ਦੇ ਚੇਅਰਮੈਨ ਮਨਦੀਪ ਚੱਠਾ, ਡਾਇਰੈਕਟਰ ਅਮ੍ਰਿਤਪਾਲ ਚੱਠਾ, ਪ੍ਰਿੰਸੀਪਲ ਮੈਡਮ ਕਾਮਨੀ ਸਿੰਗਲਾ ਤੇ ਵਾਇਸ ਪ੍ਰਿੰਸੀਪਲ ਲਖਵਿੰਦਰ ਸਿੰਘ ਨੇ ਵਿਦਿਆਰਥੀਆ ਨੂੰ ਚੰਗੇ ਅੰਕ ਪ੍ਰਾਪਤ ਕਰਨ 'ਤੇ ਮੁਬਾਰਕਾਂ ਦਿੱਤੀਆਂ।



# ਹਰਗੋਬਿੰਦ ਪਬਲਿਕ ਸਕੂਲ ਕਾਂਗੜ ਦੇ ਬੱਚਿਆਂ ਦਾ ਸਨਮਾਨ

**ਬਠਿੰਡਾ (ਰਾਜੀਵ ਗੋਇਲ)** : ਜ਼ਿਲ੍ਹੇ ਦੇ ਭਗਤਾ ਇਲਾਕੇ ਦੀ ਨਾਮਵਰ ਸੰਸਥਾ ਹਰਗੋਬਿੰਦ ਪਬਲਿਕ ਸਕੂਲ ਕਾਂਗੜ ਵਿੱਚ ਸਤਿਨਾਮ ਸਰਵ ਕਲਿਆਣ ਟਰੱਸਟ ਚੰਡੀਗੜ੍ਹ ਦੀ ਅਗਵਾਈ ਹੇਠ ਕਰਵਾਈਆਂ ਗਈਆਂ ਧਾਰਮਿਕ ਪ੍ਰੀਖਿਆਵਾਂ ਵਿੱਚੋਂ ਪੁਜ਼ੀਸ਼ਨਾਂ ਪ੍ਰਾਪਤ ਵਾਲੇ ਕਰਨ ਵਾਲੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸੋਨੂ ਕੁਮਾਰ ਕਾਂਗੜ ਨੇ ਬੱਚਿਆਂ ਨੂੰ ਇਨਾਮ ਵੰਡੇ ਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਧਾਰਮਿਕ ਅਧਿਆਪਕਾ ਪਲਵਿੰਦਰ ਕੌਰ ਜਲਾਲ ਨੇ ਸਤਿਨਾਮ ਸਰਵ ਕਲਿਆਣ ਟਰੱਸਟ ਚੰਡੀਗੜ੍ਹ ਦਾ ਧੰਨਵਾਦ ਕੀਤਾ। ਬੱਚਿਆਂ ਨੂੰ ਇਸੇ ਤਰ੍ਹਾਂ ਹੀ ਪ੍ਰੀਖਿਆ ਵਿੱਚੋਂ ਵਧੀਆ ਅੰਕ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਨੀਤੂ ਸ਼ਰਮਾ, ਬਲਵਿੰਦਰ ਕੌਰ, ਰਣਜੀਤ ਕੌਰ, ਗੁਰਪ੍ਰੀਤ ਕੌਰ, ਤਰਨਵੀਰ ਕੌਰ, ਪਵਨਪ੍ਰੀਤ ਕੌਰ, ਰਣਦੀਪ ਕੌਰ, ਜਸਵੀਰ ਕੌਰ, ਸਵਰਨਜੀਤ ਕੌਰ, ਅਮਨਦੀਪ ਕੌਰ, ਜਸਪ੍ਰੀਤ ਕੌਰ, ਲਵਪ੍ਰੀਤ ਕੌਰ, ਮੰਦਰ ਸਿੰਘ, ਦਵਿੰਦਰ ਕੁਮਾਰ ਆਦਿ ਹਾਜ਼ਰ ਸਨ।



# ਆਸਰਾ ਇੰਟਰਨੈਸ਼ਨਲ ਸਕੂਲ ਦਾ ਨਤੀਜਾ 100 ਫੀਸਦੀ ਰਿਹਾ



**ਭਵਾਨੀਗੜ੍ਹ (ਰਾਜ ਖੁਰਮੀ)** : ਪਟਿਆਲਾ-ਸੰਗਰੂਰ ਨੈਸ਼ਨਲ ਹਾਈਵੇ 'ਤੇ ਸਥਿਤ ਆਸਰਾ ਕਾਲਜ ਅਧੀਨ ਚੱਲ ਰਹੇ ਆਸਰਾ ਇੰਟਰਨੈਸ਼ਨਲ ਸਕੂਲ ਨੇ ਸੀ.ਬੀ.ਐੱਸ.ਈ. 10+2 ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੌ ਫੀਸਦੀ ਨਤੀਜਾ ਹਾਸਲ ਕੀਤਾ ਹੈ।ਸਕੂਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਸਟਰੀਮਾਂ ਵਿੱਚ ਉੱਚ ਅੰਕ ਪ੍ਰਾਪਤ ਕਰਕੇ ਸਕੂਲ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।ਕਾਮਰਸ ਸਟਰੀਮ ਵਿੱਚੋਂ ਜਾਨਵੀ ਗੋਇਲ ਨੇ 92 ਫੀਸਦੀ ਅੰਕ ਹਾਸਲ ਕਰਕੇ ਪਹਿਲਾ, ਪ੍ਰਨੀਤ ਕੌਰ ਨੇ 82 ਫੀਸਦੀ ਅੰਕਾਂ ਨਾਲ ਦੂਜਾ, ਨਾਨ-ਮੈਡੀਕਲ ਸਟਰੀਮ 'ਚ ਅਰਸ਼ਦੀਪ ਕੌਰ ਨੇ 88 ਫੀਸਦੀ ਅੰਕ ਲੈ ਕੇ ਪਹਿਲਾ ਤੇ ਅਰਮਾਨਪ੍ਰੀਤ ਸਿੰਘ ਨੇ 85 ਫੀਸਦੀ ਅੰਕਾਂ ਨਾਲ ਦੂਜਾ ਸਥਾਨ ਪ੍ਰਾਪਤ ਕੀਤਾ। ਆਰਟਸ ਸਟਰੀਮ ਵਿੱਚ ਹਿਮਾਂਸ਼ੂ ਪਰਾਸ਼ਰ ਨੇ 88 ਫੀਸਦੀ ਅੰਕ ਹਾਸਲ ਕਰਕੇ ਪਹਿਲਾ ਤੇ ਮੈਡੀਕਲ ਸਟਰੀਮ 'ਚ ਪ੍ਰਨੀਤ ਜਸ਼ਨਪ੍ਰੀਤ ਕੌਰ ਨੇ 80 ਫੀਸਦੀ ਅੰਕ ਪ੍ਰਾਪਤ ਕਰਕੇ ਮੋਹਰੀ ਸਥਾਨ ਹਾਸਲ ਕੀਤਾ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਮੈਡਮ ਅੰਜੂ ਖੋਸਲਾ ਨੇ ਵਿਦਿਆਰਥੀਆਂ ਦੀ ਕਾਮਯਾਬੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਨਤੀਜਾ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸਖ਼ਤ ਮਿਹਨਤ ਦਾ ਨਤੀਜਾ ਹੈ।ਉਨ੍ਹਾਂ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਇਸ ਦੌਰਾਨ ਡਾ. ਆਰ. ਕੇ. ਗੋਇਲ (ਚੇਅਰਮੈਨ) ਤੇ ਡਾ. ਕੇਸ਼ਵ ਗੋਇਲ (ਐੱਮ.ਡੀ.) ਨੇ ਵੀ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ।

# ਕਾਂਗਰਸ ਕਮੇਟੀ ਵੱਲੋਂ ਹਲਕਾ ਦਿਹਾਤੀ ਦੇ 35 ਨਵੇਂ ਮੰਡਲ ਪ੍ਰਧਾਨਾਂ ਦੀ ਸੂਚੀ ਜਾਰੀ

**ਮਿਹਨਤੀ ਆਗੂਆਂ ਦੀ ਨਿਯੁਕਤੀ ਨਾਲ ਪਟਿਆਲਾ 'ਚ ਕਾਂਗਰਸ ਦੀ ਮੁਹਿੰਮ ਨੂੰ ਮਿਲੇਗੀ ਨਵੀਂ ਰਫ਼ਤਾਰ : ਮੋਹਿਤ ਮੋਹਿੰਦਰਾ**

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮੋਹਿੰਦਰਾ ਤੇ ਜ਼ਿਲ੍ਹਾ ਕਾਂਗਰਸ ਪਟਿਆਲਾ ਸ਼ਹਿਰੀ ਦੇ ਪ੍ਰਧਾਨ ਨਰੇਸ਼ ਦੁੱਗਲ ਨੇ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਵੱਲੋਂ ਨਿਯੁਕਤ ਹਲਕਾ ਪਟਿਆਲਾ ਦਿਹਾਤੀ ਦੇ 35 ਨਵੇਂ ਮੰਡਲ ਪ੍ਰਧਾਨਾਂ ਦੀ ਸੂਚੀ ਜਾਰੀ ਹੋਣ 'ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ।ਮੋਹਿਤ ਮੋਹਿੰਦਰਾ ਨੇ ਸਮੂਹ ਨਿਯੁਕਤ ਆਗੂਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਨਿਯੁਕਤੀਆਂ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਇੱਕ ਅਹਿਮ ਕਦਮ ਹਨ। ਮੋਹਿਤ ਮੋਹਿੰਦਰਾ ਨੇ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਵੱਲੋਂ ਨਿਯੁਕਤ ਕੀਤੇ ਗਏ ਹਲਕਾ ਪਟਿਆਲਾ ਦਿਹਾਤੀ ਦੇ ਸਮੂਹ ਮੰਡਲ ਪ੍ਰਧਾਨਾਂ ਨੂੰ ਮੁਬਾਰਕਾਂ ਦਿੱਤੀਆਂ।ਉਨ੍ਹਾਂ ਕਿਹਾ ਕਿ ਮੈਨੂੰ ਪੂਰਾ ਯਕੀਨ ਹੈ ਕਿ ਨਵ-ਨਿਯੁਕਤ ਅਹੁਦੇਦਾਰ ਪਾਰਟੀ ਦੀਆਂ ਉਮੀਦਾਂ 'ਤੇ ਖ਼ਰੇ ਉਤਰਨਗੇ ਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰੀ ਤਨਦੇਹੀ ਤੇ ਵਫ਼ਾਦਾਰੀ ਨਾਲ ਨਿਭਾਉਣਗੇ।ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮੋਹਿੰਦਰਾ ਵੱਲੋਂ ਜਾਰੀ ਕੀਤੀ ਗਈ ਇਸ ਸੂਚੀ ਵਿੱਚ ਰੋਹਟਾ ਮੰਡਲ ਤੋਂ ਮਿਹਰਬਾਨ ਸ਼ਿਵ ਕੰਵਰ ਸਿੰਘ ਬਾਜਵਾ, ਮੰਡੌਰ ਮੰਡਲ ਤੋਂ ਜਗਦੀਪ ਸਿੰਘ ਜੱਗੀ, ਹਿਆਣਾ ਕਲਾਂ ਤੋਂ ਜਗਪਾਲ ਸਿੰਘ, ਲੁਬਾਣਾ ਤੋਂ ਸੁਖਚੈਨ ਸਿੰਘ, ਅਜਨੌਦਾ ਕਲਾਂ ਤੋਂ ਸੁਰਿੰਦਰ ਸਿੰਘ, ਐਲੋਵਾਲ ਤੋਂ ਭਜਨ ਸਿੰਘ, ਡੰਡਰਾਲਾ ਤੋਂ ਦਰਸ਼ਨ ਸਿੰਘ (ਹੈਪੀ), ਵਿਕਾਸ ਨਗਰ ਤੋਂ ਰਮੇਸ਼ ਸਿੰਘ ਰਾਵਤ, ਸਿੱਧੂਵਾਲ ਤੋਂ ਸੁਖਵਿੰਦਰ ਸਿੰਘ, ਜੱਸੋਵਾਲ ਤੋਂ ਕੇਵਲ ਸਿੰਘ, ਰਣਜੀਤ ਨਗਰ ਤੋਂ ਜਗਦੀਪ ਸ਼ਰਮਾ, ਬਾਰਨ ਤੋਂ ਗੁਰਸੇਵਕ ਸਿੰਘ, ਲੰਗ ਮੰਡਲ ਤੋਂ ਸੁੱਚਾ ਸਿੰਘ, ਚਲੈਲਾ ਤੋਂ ਸੁਰਜੀਤ ਸਿੰਘ, ਫੱਗਣ ਮਾਜਰਾ ਤੋਂ ਸੁਖਵਿੰਦਰ ਸਿੰਘ, ਆਦਰਸ਼ ਕਲੋਨੀ ਤੋਂ ਸਤਿੰਦਰ ਪਾਲ, ਅਨੰਦ ਨਗਰ-ਬੀ ਤੋਂ ਲਵਜੋਤ ਸਿੰਘ, ਦਸ਼ਮੇਸ਼ ਨਗਰ ਤੋਂ ਪਰਦੀਪ ਕੁਮਾਰ ਸ਼ਰਮਾ, ਹਰਿੰਦਰ ਨਗਰ ਤੋਂ ਜਤਿੰਦਰ ਕੌਰ, ਝਿੱਲ ਮੰਡਲ ਤੋਂ ਜਸਵੰਤ ਸਿੰਘ, ਮੇਹਰ ਸਿੰਘ ਕਲੋਨੀ ਤੋਂ ਗੁਰਜੀਤ ਸਿੰਘ (ਬੰਟੀ), ਰਤਨ ਨਗਰ ਤੋਂ ਸਦਾ ਰਾਮ, ਤ੍ਰਿਪੜੀ ਤੋਂ ਪ੍ਰਵੀਨ ਕਾਲੜਾ, ਜੁਝਾਰ ਨਗਰ ਤੋਂ ਮਨੋਜ ਸ਼ਰਮਾ, ਸੁੰਦਰ ਨਗਰ ਤੋਂ ਲਲਿਤਾ ਰਾਣੀ, ਪੁਰਾਣਾ ਬਿਸ਼ਨ ਨਗਰ ਤੋਂ ਨਵਦੀਪ ਸ਼ਰਮਾ, ਆਜ਼ਾਦ ਨਗਰ ਤੋਂ ਸੇਵਾ ਸਿੰਘ, ਅਨਾਜ ਮੰਡੀ ਤੋਂ ਗੌਰਵ ਬਾਂਸਲ, ਹੀਰਾ ਬਾਗ ਤੋਂ ਬਲਦੇਵ ਚੰਦ ਬਿੱਟੂ, ਤਫਜ਼ਲਪੁਰਾ ਤੋਂ ਗੁਲਾਬ ਰਾਏ ਗਰਗ, ਗੁਰੂ ਨਾਨਕ ਨਗਰ ਤੋਂ ਤਰਨਵੀਰ ਸਿੰਘ ਕੋਹਲੀ, ਡੀ.ਐਮ.ਡਬਲਯੂ ਤੋਂ ਸੋਨੂੰ, ਬਾਜਵਾ ਕਲੋਨੀ ਤੋਂ ਅਨੀਤਾ ਕੁਮਾਰੀ, ਫੈਕਟਰੀ ਏਰੀਆ ਤੋਂ ਜਗਦੀਪ ਸਿੰਘ ਤੇ ਅਰਬਨ ਸਟੇਟ ਮੰਡਲ ਤੋਂ ਭੁਪਿੰਦਰ ਸਿੰਘ ਦੇ ਨਾਮ ਸ਼ਾਮਲ ਹਨ।ਇਨ੍ਹਾਂ ਸਾਰੇ ਆਗੂਆਂ ਨੂੰ ਆਪਣੇ-ਆਪਣੇ ਖੇਤਰ ਵਿੱਚ ਪਾਰਟੀ ਦੀ ਮਜ਼ਬੂਤੀ ਲਈ ਤਨਦੇਹੀ ਨਾਲ ਕੰਮ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।ਉਨ੍ਹਾਂ ਸਮੂਹ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਇੱਕਜੁੱਟ ਹੋ ਕੇ ਕਾਂਗਰਸ ਪਾਰਟੀ ਦੀ ਚੜ੍ਹਦੀ ਕਲਾ ਲਈ ਕੰਮ ਕਰਨਾ ਸ਼ੁਰੂ ਕਰਨ।



# ਬਾਦਲ ਵਿਖੇ ਇਨਪੁਟ ਡੀਲਰਾਂ ਲਈ ਖਾਦਾਂ ਦੀ ਸੁਚੱਜੀ ਵਰਤੋਂ ਸਬੰਧੀ ਟ੍ਰੇਨਿੰਗ ਕੈਂਪ

**ਲੰਬੀ/ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ/ਓਮ ਪ੍ਰਕਾਸ਼ ਸੇਖੂ)** : ਡਾ. ਕਰਮਜੀਤ ਸ਼ਰਮਾ ਐਸੋਸੀਏਟ ਡਾਇਰੈਕਟਰ (ਟ੍ਰੇਨਿੰਗ) ਕ੍ਰਿਸ਼ੀ ਵਿਗਿਆਨ ਕੇਂਦਰ ਦੀ ਯੋਗ-ਅਗਵਾਈ ਹੇਠ ਖਾਦਾਂ ਦੀ ਸੰਤੁਲਿਤ ਤੇ ਸੁਚੱਜੀ ਵਰਤੋਂ ਨੂੰ ਉਤਸ਼ਾਹਤ ਕਰਨ ਲਈ ਚੱਲ ਰਹੀ ਮੁਹਿੰਮ ਤਹਿਤ ਕ੍ਰਿਸ਼ੀ ਵਿਗਿਆਨ ਕੇਂਦਰ ਸ੍ਰੀ ਮੁਕਤਸਰ ਸਾਹਿਬ ਵੱਲੋਂ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ (ਲੰਬੀ ਬਲਾਕ) ਦੇ ਸਹਿਯੋਗ ਨਾਲ ਇਨਪੁਟ ਡੀਲਰਾਂ ਲਈ ਪਿੰਡ ਬਾਦਲ ਵਿਖੇ ਸਿਖਲਾਈ ਕੈਂਪ ਲਾਇਆ ਗਿਆ।ਇਸ ਟ੍ਰੇਨਿੰਗ ਕੈਂਪ ਦਾ ਮੁੱਖ ਉਦੇਸ਼ ਇਨਪੁਟ ਡੀਲਰਾਂ ਨੂੰ ਮਿੱਟੀ ਦੀ ਸਿਹਤ ਸੁਧਾਰਣ, ਖਾਦਾਂ ਦੀ ਸੰਤੁਲਿਤ ਵਰਤੋਂ ਤੇ ਸਰਵਪੱਖੀ ਖੁਰਾਕੀ ਤੱਤ ਪ੍ਰਬੰਧਨ ਬਾਰੇ ਜਾਣਕਾਰੀ ਦੇਣਾ ਸੀ।

ਇਸ ਮੌਕੇ ਡਾ. ਗੁਰਵਿੰਦਰ ਸਿੰਘ ਸਹਾਇਕ ਪ੍ਰੋਫੈਸਰ ਪਸਾਰ ਸਿੱਖਿਆ ਵੱਲੋਂ ਕਿਸਾਨਾਂ ਨੂੰ ਸੰਬੋਧਨ ਕਰਦੇ ਹੋਏ ਖਾਦਾਂ ਦੀ ਅਸੰਤੁਲਿਤ ਵਰਤੋਂ ਨਾਲ ਹੋਣ ਵਾਲੇ ਨੁਕਸਾਨਾਂ ਤੇ ਇਸ ਦੇ ਵਾਤਾਵਰਣ 'ਤੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ।ਡਾ. ਵਿਵੇਕ ਕੁਮਾਰ ਸਹਾਇਕ ਪ੍ਰੋਫ਼ੈਸਰ (ਫ਼ਸਲ ਵਿਗਿਆਨ) ਨੇ ਜੈਵਿਕ ਸਰੋਤਾਂ ਦੀ ਵਰਤੋਂ, ਹਰੀ ਖਾਦ ਤੇ ਫਸਲੀ ਰਹਿੰਦ ਖੂੰਹਦ ਪ੍ਰਬੰਧਨ, ਖਾਦਾਂ ਦੀ ਕਮੀ ਦੇ ਸਮੇਂ ਵਿਕਲਪਿਕ ਖਾਦਾਂ ਦੀ ਵਰਤੋਂ, ਨਾਈਟ੍ਰੋਜਨ ਦੀ ਘੱਟ ਵਰਤੋਂ ਕਰਨ ਵਾਲੀ ਕਿਸਮ ਤੇ ਸੂਖਮ ਪੋਸ਼ਕ ਤੱਤਾਂ ਦੀ ਮਹੱਤਤਾ ਬਾਰੇ ਵੀ ਜਾਣਕਾਰੀ ਦਿੱਤੀ ਗਈ।ਡਾ. ਸੁਖਜਿੰਦਰ ਸਿੰਘ ਸਹਾਇਕ ਪ੍ਰੋਫ਼ੈਸਰ (ਫ਼ਲ ਵਿਗਿਆਨ) ਨੇ ਫਲਾਂ ਤੇ ਸਬਜ਼ੀਆਂ ਵਿੱਚ ਸਰਵਪੱਖੀ ਖੁਰਾਕੀ ਤੱਤ ਪ੍ਰਬੰਧਨ ਦੀ ਅਹਿਮੀਅਤ ਬਾਰੇ ਚਰਚਾ ਕੀਤੀ।ਡਾ. ਸੁਖਚੈਨ ਸਿੰਘ ਖੇਤੀਬਾੜੀ ਵਿਕਾਸ ਅਫਸਰ ਨੇ ਇਨਪੁਟ ਡੀਲਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸੰਤੁਲਿਤ ਖਾਦ ਵਰਤੋਂ ਦੇ ਸਿਧਾਂਤਾਂ ਨੂੰ ਆਪਣੇ ਨਾਲ ਜੁੜੇ ਕਿਸਾਨਾਂ ਤੱਕ ਪਹੁਚਾਉਣ ਤਾਂ ਜੋ ਮਿੱਟੀ ਦੀ ਸਿਹਤ ਸੁਧਾਰੀ ਜਾ ਸਕੇ, ਖੇਤੀ ਦੀ ਲਾਗਤ ਘਟਾਈ ਜਾ ਸਕੇ ਤੇ ਟਿਕਾਊ ਖੇਤੀ ਵੱਲ ਕਦਮ ਵਧਾਇਆ ਜਾ ਸਕੇ।ਡਾ. ਗੁਰਜੀਤ ਸਿੰਘ, ਖੇਤੀਬਾੜੀ ਵਿਕਾਸ ਅਫਸਰ ਨੇ ਪਹੁੰਚੇ ਹੋਏ ਇਨਪੁਟ ਡੀਲਰਾਂ ਦਾ ਪ੍ਰੋਗਰਾਮ ਵਿੱਚ ਪਹੁੰਚਣ 'ਤੇ ਸਵਾਗਤ ਕੀਤਾ।



# ਸ਼ਕਤੀ ਪਬਲਿਕ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ

**ਦੋਰਾਹਾ (ਹਰਮਿੰਦਰ ਸੇਠ)**- ਸ਼ਕਤੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਦਾ 12ਵੀਂ ਜਮਾਤ ਦਾ ਆਰਟਸ ਤੇ ਸਾਇੰਸ ਦਾ ਨਤੀਜਾ ਸ਼ਾਨਦਾਰ ਰਿਹਾ।ਸਕੂਲ ਪਿੰਸੀਪਲ ਜਤਿੰਦਰ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਦੇ ਵਿਦਿਆਰਥੀਆਂ ਨੇ ਚੰਗੇ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਸਾਇੰਸ ਤੇ ਆਰਟਸ ਦੋਵਾਂ ਸਟ੍ਰੀਮਾਂ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਉਨ੍ਹਾਂ ਖੁਸ਼ੀ ਦਾ ਇਜ਼ਹਾਰ ਕਰਦਿਆਂ ਦੱਸਿਆ ਕਿ ਉਨ੍ਹਾਂ ਦੇ ਸਕੂਲ ਦੇ ਸਾਇੰਸ ਗਰੁੱਪ ਦੇ ਵਿਦਿਆਰਥੀ ਪਾਰਥ ਸ਼ਰਮਾ ਨੇ 488/500 ਅੰਕ ਲੈ ਕੇ ਸਕੂਲ 'ਚੋਂ ਪਹਿਲਾ ਸਥਾਨ ਤੇ ਪੰਜਾਬ 'ਚੋਂ 13ਵਾਂ ਸਥਾਨ ਪ੍ਰਾਪਤ ਕੀਤਾ, ਅੰਜਨਾਏ ਵੈਦ ਨੇ ਤੇ ਗਗਨਜੋਤ ਸਿੰਘ ਨੇ 465/500 ਅੰਕ ਪ੍ਰਾਪਤ ਕਰਕੇ ਦੂਸਰਾ, ਰੋਨਿਤ ਸ਼ਰਮਾ ਨੇ 456/500 ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ।ਹਿਊਮੈਨਟੀਜ਼ ਗਰੁੱਪ 'ਚ ਪਰਮਰਾਜ ਸਿੰਘ ਨੇ 478/500 ਅੰਕ ਪ੍ਰਾਪਤ ਕਰਕੇ ਪਹਿਲਾ, ਰਿਆ ਨੇ 467/500 ਅੰਕ ਲੈ ਕੇ ਦੂਸਰਾ ਤੇ ਗੁਰਲੀਨ ਕੌਰ ਨੇ 463/500 ਅੰਕ ਪ੍ਰਾਪਤ ਕਰਕੇ ਸਕੂਲ 'ਚੋਂ ਤੀਸਰਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਪ੍ਰਿੰਸੀਪਲ ਜਤਿੰਦਰ ਸ਼ਰਮਾ ਤੇ ਵਾਇਸ ਪ੍ਰਿੰਸੀਪਲ ਨੀਰਜ ਸ਼ਰਮਾ ਨੇ ਵਿਦਿਆਰਥੀਆ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।



# ਸਰਕਾਰ ਆਰਮੀ ਪਬਲਿਕ ਸਕੂਲਾਂ 'ਤੇ ਪੰਜਾਬੀ ਭਾਸ਼ਾ ਕਾਨੂੰਨ ਅਨੁਸਾਰ ਕਾਨੂੰਨੀ ਕਾਰਵਾਈ ਕਰੇ : ਹਰਚੰਦਪੁਰੀ

**ਧੂਰੀ (ਮਨੋਹਰ ਸਿੰਘ ਸੱਗੂ/ਮੋਹਿਤ ਗਰਗ)**- ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ: ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਅੰਦਰਲੇ ਆਰਮੀ ਸਕੂਲਾਂ 'ਚ ਪੰਜਾਬੀ ਭਾਸ਼ਾ ਦੇ ਵਿਸ਼ੇ ਨੂੰ ਲਾਜ਼ਮੀ ਵਿਸ਼ਾ ਬਣਾਉਣ ਲਈ ਪੰਜਾਬੀ ਭਾਸ਼ਾ ਕਾਨੂੰਨ-2008 ਅਨੁਸਾਰ ਸਾਰੇ ਸਕੂਲਾਂ ਖਿਲਾਫ਼ ਕਾਰਵਾਈ ਕੀਤੀ ਜਾਵੇ।ਸ੍ਰੀ ਹਰਚੰਦਪੁਰੀ ਨੇ ਦੱਸਿਆ ਕਿ ਨਵੀਂ ਭਾਸ਼ਾ ਨੀਤੀ ਲਾਗੂ ਕਰਦਿਆਂ ਸਾਲ 2021 'ਚ ਆਰਮੀ ਵੈੱਲਫੇਅਰ ਐਜੂਕੇਸ਼ਨ ਸੁਸਾਇਟੀ ਨੇ ਪੰਜਾਬੀ ਨੂੰ ਵਾਧੂ ਵਿਸ਼ਾ ਹੀ ਨਹੀਂ ਰੱਖਿਆ ਤੇ ਸ੍ਰੀਮਤੀ ਰਿਪਨਜੋਤ ਕੌਰ ਨੇ ਆਰਮੀ ਸਕੂਲ ਪਟਿਆਲਾ ਵਿਖੇ ਅਧਿਆਪਕ ਹੁੰਦਿਆਂ ਇਹ ਮਾਮਲਾ ਸਕੂਲ ਪ੍ਰਬੰਧਕਾਂ ਕੋਲ ਤੇ ਮਾਪਿਆਂ ਨੂੰ ਨਾਲ ਲੈ ਕੇ ਕੇਂਦਰ ਤੱਕ ਇਹ ਮਾਮਲਾ ਉਠਾਇਆ ਸੀ ਤੇ ਕੇਂਦਰੀ ਸਭਾ ਵੱਲੋਂ ਮਾਮਲੇ ਨੂੰ ਉਭਾਰਨ ਤੋਂ ਬਾਅਦ 2022 ਵਿੱਚ ਆਰਮੀ ਸੁਸਾਇਟੀ ਵੱਲੋਂ ਪੰਜਾਬੀ ਵਿਸ਼ੇ ਨੂੰ ਵਾਧੂ ਵਿਸ਼ਿਆਂ 'ਚ ਸ਼ਾਮਲ ਕੀਤਾ ਗਿਆ ਸੀ, ਜੋ ਹੁਣ ਪੰਜਾਬ ਤੇ ਭਾਰਤ ਦੇ ਸਾਰੇ ਆਰਮੀ ਸਕੂਲਾਂ 'ਚ ਪੜ੍ਹਾਇਆ ਜਾਂਦਾ ਹੈ, ਪਰ ਜ਼ਰੂਰੀ ਵਿਸ਼ੇ ਵਜੋਂ ਪੰਜਾਬ ਅੰਦਰ ਨਹੀਂ ਪੜ੍ਹਾਇਆ ਜਾਂਦਾ, ਜਦੋਂਕਿ ਪੰਜਾਬੀ ਭਾਸ਼ਾ ਐਕਟ-2008 ਮੁਤਾਬਿਕ ਪਹਿਲੀ ਜਮਾਤ ਤੋਂ ਦਸਵੀਂ ਜਮਾਤ ਤੱਕ ਪੰਜਾਬ ਅੰਦਰਲੇ ਸਕੂਲਾਂ 'ਚ ਪੰਜਾਬੀ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣਾ ਜ਼ਰੂਰੀ ਹੈ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਮੰਗ ਕਰਦੀ ਹੈ ਕਿ ਪੰਜਾਬੀ ਭਾਸ਼ਾ ਕਾਨੂੰਨ ਨੂੰ ਆਰਮੀ ਸਕੂਲਾਂ 'ਤੇ ਲਾਗੂ ਕਰਕੇ ਪੰਜਾਬੀ ਵਿਸ਼ੇ ਨੂੰ ਲਾਜ਼ਮੀ ਵਿਸ਼ੇ ਵਜੋਂ ਪੰਜਾਬ ਅੰਦਰ ਲਾਗੂ ਕੀਤਾ ਜਾਵੇ।

# ਸਾਲਾਨਾ ਧਾਰਮਿਕ ਸਮਾਗਮ ਮੌਕੇ 30 ਯੂਨਿਟ ਖ਼ੂਨ ਇਕੱਤਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸੰਤ ਗੁਰਦੀਪ ਸਿੰਘ ਭਾਨਰੀ ਵਾਲਿਆਂ ਦੀ ਸਾਲਾਨਾ ਬਰਸੀ ਨੂੰ ਸਮਰਪਤ ਗੁਰਦੁਆਰਾ ਸੰਗਤਪੁਰਾ ਸਾਹਿਬ ਪਿੰਡ ਭਾਨਰੀ ਵਿਖੇ ਤਿੰਨ ਦਿਨਾ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਰਾਗੀ, ਢਾਡੀ, ਕਵੀਸ਼ਰਾਂ ਤੇ ਸੰਤ ਮਹਾਂਪੁਰਖਾਂ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਬਾਣੀ ਤੇ ਬਾਣੇ ਨਾਲ ਜੁੜਨ ਲਈ ਪ੍ਰੇਰਿਆ।ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਤੇ ਗੁਰੂ ਕਾ ਲੰਗਰ ਅਤੁੱਟ ਵਰਤਿਆ।ਇਸ ਮੌਕੇ ਮਨੁੱਖਤਾ ਦੇ ਭਲੇ ਲਈ ਮਿਸ਼ਨ ਲਾਲੀ ਤੇ ਹਰਿਆਲੀ ਤਹਿਤ ਖ਼ੂਨਦਾਨ ਕੈਂਪ ਲਗਾਇਆ ਗਿਆ, ਜਿਸ ਦੀ ਸ਼ੁਰੂਆਤ ਭਾਈ ਹਰੀ ਸਿੰਘ ਤੇ ਨਰਿੰਦਰ ਸਿੰਘ ਭਾਨਰੀ ਨੇ ਖ਼ੁਦ ਖ਼ੂਨ ਦਾਨ ਕਰਕੇ ਕੀਤੀ।ਕੈਂਪ ਵਿਚ 30 ਵਲੰਟੀਅਰਾਂ ਨੇ ਖ਼ੂਨ ਦਾਨ ਕੀਤਾ, ਜਿਨ੍ਹਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਭਾਈ ਜੰਗ ਸਿੰਘ, ਭਾਈ ਤਰਲੋਚਨ ਸਿੰਘ ਲਾਡੀ ਆਲੌਹਰਾਂ ਸਾਹਿਬ, ਹਰਦੀਪ ਸਿੰਘ ਸਨੌਰ, ਰਣਬੀਰ ਸਿੰਘ, ਹਰਮੇਲ ਸਿੰਘ, ਗਮਦੂਰ ਸਿੰਘ, ਗੁਰਮਤ ਸਿੰਘ, ਸੁਖਵਿੰਦਰ ਕੌਰ, ਜਸਪ੍ਰੀਤ ਕੌਰ, ਸਵਰਨਜੀਤ ਕੌਰ, ਰਣਧੀਰ ਸਿੰਘ ਕੱਕੇਪੁਰ, ਦਿਲਬਾਗ ਸਿੰਘ ਮੱਦੋਮਾਜਰਾ, ਜਸਵੀਰ ਸਿੰਘ ਸਨੌਰ, ਦਰਸ਼ਨ ਸਿੰਘ ਸਾਬਕਾ ਸਰਪੰਚ, ਕਰਮ ਸਿੰਘ ਭਾਨਰਾ ਤੇ ਭਾਈ ਹੁਕਮ ਸਿੰਘ ਨੇ ਵਧ ਚੜ੍ਹ ਕੇ ਸਹਿਯੋਗ ਦਿੱਤਾ।ਖ਼ੂਨ ਦਾਨ ਕਰਨ ਉਪਰੰਤ ਭਾਈ ਹਰੀ ਸਿੰਘ ਨੇ ਹਾਜ਼ਰ ਨੌਜਵਾਨਾਂ ਨੂੰ ਵੀ ਖ਼ੂਨ ਦਾਨ ਕਰਨ ਲਈ ਪ੍ਰੇਰਿਆ।ਨਰਿੰਦਰ ਸਿੰਘ ਭਾਨਰੀ ਨੇ ਦੱਸਿਆ ਕਿ ਗਰੁੱਪ ਵੱਲੋਂ ਹਰ ਮਹੀਨੇ 5 ਤੇ 20 ਤਰੀਕ ਨੂੰ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਬੈਂਕ ਵਿਖੇ ਸਵੇਰੇ 9 ਤੋਂ 1 ਵਜੇ ਤੱਕ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ ਤਾਂ ਜੋ ਲੋੜਵੰਦ ਮਰੀਜ਼ਾਂ ਨੂੰ ਸਮੇਂ ਸਿਰ ਖ਼ੂਨ ਮਿਲ ਸਕੇ ਤੇ ਬੇਸ਼ਕੀਮਤੀ ਮਨੁੱਖੀ ਜਾਨਾਂ ਬਚਾਈਆਂ ਜਾ ਸਕਣ।



# ਗੁਰੂ ਨਾਨਕ ਕਾਲਜੀਏਟ ਸਕੂਲ ਦਾ ਬਾਰਵੀਂ ਦਾ ਨਤੀਜਾ ਸ਼ਾਨਦਾਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ ਸਿੰਘ/ਪੂਜਾ/ਪਰਮਜੀਤ ਸਿੰਘ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਗੁਰੂ ਨਾਨਕ ਕਾਲਜੀਏਟ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਮੁਕਤਸਰ ਸਾਹਿਬ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਸਕੂਲ ਇੰਚਾਰਜ ਮੈਡਮ ਸ਼ਹਿਨਾਜ਼ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਰਟਸ ਸਟਰੀਮ ਵਿੱਚ ਵਿਸ਼ਵਜੀਤ ਸਿੰਘ ਨੇ 94.4% ਅੰਕ ਹਾਸਲ ਕਰਕੇ ਪਹਿਲਾ, ਪ੍ਰਭਜੋਤ ਕੌਰ ਨੇ 88% ਨਾਲ ਦੂਜਾ ਤੇ ਮਨਰਾਜ ਪੁੱਗਲ ਨੇ 87.8% ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ।

ਸਾਇੰਸ ਸਟਰੀਮ ਵਿੱਚ ਮਾਨਵਮੀਤ ਸਿੰਘ ਸੰਧੂ ਨੇ 85.4% ਅੰਕ ਲੈ ਕੇ ਪਹਿਲਾ, ਸਾਹਿਲ ਟੱਕਰ ਨੇ 82.8% ਨਾਲ ਦੂਜਾ ਤੇ ਕਰਮਨਜੋਤ ਸਿੰਘ ਨੇ 80.4% ਅੰਕ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।ਕਾਮਰਸ ਸਟਰੀਮ ਵਿੱਚ ਪਵਨਦੀਪ ਕੌਰ ਨੇ 81.4% ਅੰਕਾਂ ਨਾਲ ਪਹਿਲਾ, ਰਿਹਾਨ ਸੱਚਦੇਵਾ ਨੇ 73.2% ਨਾਲ ਦੂਜਾ ਤੇ ਅਰਸ਼ਨੂਰ ਕੌਰ ਨੇ 72.8% ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ।ਪ੍ਰਿੰਸੀਪਲ ਪ੍ਰੋ. ਸਰਬਜੀਤ ਕੌਰ ਨੇ ਵਿਦਿਆਰਥੀਆਂ, ਮਾਪਿਆਂ ਤੇ ਸਕੂਲ ਸਟਾਫ ਨੂੰ ਵਧਾਈ ਦਿੰਦਿਆਂ ਵਿਦਿਆਰਥੀਆਂ ਨੂੰ ਹੋਰ ਮਿਹਨਤ ਨਾਲ ਉੱਚੀਆਂ ਮੰਜ਼ਿਲਾਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ।ਸਥਾਨਕ ਪ੍ਰਬੰਧਕ ਕਮੇਟੀ ਦੇ ਵਧੀਕ ਸਕੱਤਰ ਮਨਜੀਤ ਸਿੰਘ ਬਰਕੰਦੀ ਨੇ ਵੀ ਵਿਦਿਆਰਥੀਆਂ ਨੂੰ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।



# ਜੇ ਐੱਮ ਐੱਸ ਨੇ ਕੈਨੇਡਾ ਦਾ ਸੁਪਰ ਵੀਜ਼ਾ ਲਵਾਇਆ

**ਬਾਘਾ ਪੁਰਾਣਾ (ਮਨੀ ਸਿੰਗਲਾ)** : ਸਥਾਨਕ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ ਨੇ ਆਪਣੀ ਕਾਮਯਾਬੀ ਦੀ ਲੜੀ ਨੂੰ ਜਾਰੀ ਰੱਖਦਿਆਂ ਮਨਜੀਤ ਸਿੰਘ ਤੇ ਅਮਰਜੀਤ ਕੌਰ ਵਾਸੀ ਬਾਘਾ ਪੁਰਾਣਾ ਦਾ ਕੈਨੇਡਾ ਦਾ ਸੁਪਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਹੈ।ਉਨ੍ਹਾਂ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਬਹੁਤ ਹੀ ਜਲਦ ਜੇ.ਐੱਮ.ਐੱਸ. ਸੰਸਥਾ ਵੱਲੋਂ ਕੈਨੇਡਾ ਦਾ ਸੁਪਰ ਵੀਜ਼ਾ ਪ੍ਰਾਪਤ ਹੋਇਆ ਹੈ।ਇੱਥੇ ਇਹ ਵੀ ਦੱਸਣਯੋਗ ਹੈ ਕਿ ਮਾਹਰਾਂ ਦੀ ਦੇਖ-ਰੇਖ ਹੇਠ ਪਹਿਲਾਂ ਵੀਜ਼ੇ ਲਈ ਸਾਰੇ ਦਸਤਾਵੇਜ਼ ਤਸੱਲੀਬਖ਼ਸ਼ ਪੂਰੇ ਕੀਤੇ ਜਾਂਦੇ ਹਨ ਤੇ ਵਿਦੇਸ਼ਾਂ ਵਿੱਚ ਜਾਣ ਦੇ ਚਾਹਵਾਨਾਂ ਨੂੰ ਪਹਿਲੀ ਵਾਰ ਵਿੱਚ ਹੀ ਸੰਸਥਾ ਵੱਲੋਂ ਵੀਜ਼ਾ ਪ੍ਰਾਪਤ ਹੋ ਜਾਂਦਾ ਹੈ।ਸੰਸਥਾਂ ਵੱਲੋਂ ਵਿਜ਼ਿਟਰ ਵੀਜ਼ਾ, ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤੇ ਜਾਂਦੇ ਹਨ।ਜੇਕਰ ਤੁਸੀਂ ਵੀ ਆਪਣੇ ਵਿਦੇਸ਼ਾਂ ਵਿੱਚ ਘੁੰਮਣ ਜਾਣ ਦੇ ਸੁਪਨਿਆਂ ਨੂੰ ਉੱਚੀ ਉਡਾਣ ਦੇਣਾ ਚਾਹੁੰਦੇ ਹੋ ਤਾਂ ਇੱਕ ਵਾਰ ਸੰਸਥਾ ਵਿਖੇ ਪਹੁੰਚ ਕੇ ਆਪਣੇ ਦਸਤਾਵੇਜ਼ ਜ਼ਰੂਰ ਸਾਂਝੇ ਕਰੋ।ਸੰਸਥਾਂ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵੀਜ਼ਾ ਚਾਹਵਾਨਾਂ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ।



# ਜ਼ਿਲ੍ਹਾ ਪ੍ਰਧਾਨ ਬਣਨ 'ਤੇ ਕਿਰਨਦੀਪ ਕੌਰ ਦਾ ਸਨਮਾਨ

**ਦੋਰਾਹਾ (ਹਰਮਿੰਦਰ ਸੇਠ)** : ਲੁਧਿਆਣਾ (ਦਿਹਾਤੀ) ਕਾਂਗਰਸ ਦੀ ਜ਼ਿਲ੍ਹਾ ਪ੍ਰਧਾਨ ਨਿਯੁਕਤ ਹੋਣ 'ਤੇ ਕਿਰਨਦੀਪ ਕੌਰ ਗਰੇਵਾਲ ਨੂੰ ਕਾਂਗਰਸ ਬਲਾਕ ਪ੍ਰਧਾਨ ਬਲਜੀਤ ਕੌਰ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।ਇਸ ਮੌਕੇ ਕਾਂਗਰਸੀ ਆਗੂਆਂ ਤੇ ਵਰਕਰਾਂ ਵਿੱਚ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ।ਸਮਾਗਮ ਦੌਰਾਨ ਬਲਜੀਤ ਕੌਰ ਨੇ ਕਿਹਾ ਕਿ ਕਿਰਨਦੀਪ ਕੌਰ ਗਰੇਵਾਲ ਲੰਮੇ ਸਮੇਂ ਤੋਂ ਪਾਰਟੀ ਦੀ ਮਜ਼ਬੂਤੀ ਲਈ ਨਿਸ਼ਠਾ ਨਾਲ ਕੰਮ ਕਰ ਰਹੇ ਹਨ ਤੇ ਪਾਰਟੀ ਹਾਈਕਮਾਂਡ ਵੱਲੋਂ ਉਨ੍ਹਾਂ ਨੂੰ ਦਿੱਤੀ ਗਈ ਇਹ ਜ਼ਿੰਮੇਵਾਰੀ ਕਾਬਿਲ-ਏ-ਤਾਰੀਫ਼ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਲੁਧਿਆਣਾ ਦਿਹਾਤੀ ਵਿੱਚ ਕਾਂਗਰਸ ਪਾਰਟੀ ਹੋਰ ਮਜ਼ਬੂਤ ਹੋਵੇਗੀ ਤੇ ਜ਼ਮੀਨੀ ਪੱਧਰ 'ਤੇ ਵਰਕਰਾਂ ਨੂੰ ਇਕੱਠਾ ਕਰਕੇ ਪਾਰਟੀ ਨੂੰ ਨਵੀਂ ਦਿਸ਼ਾ ਮਿਲੇਗੀ।ਬਲਜੀਤ ਕੌਰ ਨੇ ਕਿਹਾ ਕਿ ਮਹਿਲਾਵਾਂ ਦਾ ਰਾਜਨੀਤੀ ਵਿੱਚ ਅੱਗੇ ਆਉਣਾ ਸਮਾਜ ਲਈ ਚੰਗਾ ਸੰਕੇਤ ਹੈ ਤੇ ਕਿਰਨਦੀਪ ਕੌਰ ਗਰੇਵਾਲ ਦੀ ਨਿਯੁਕਤੀ ਨਾਲ ਮਹਿਲਾ ਵਰਗ ਵਿੱਚ ਵੀ ਨਵਾਂ ਉਤਸ਼ਾਹ ਪੈਦਾ ਹੋਇਆ ਹੈ।ਉਨ੍ਹਾਂ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਸਫਲ ਕਾਰਜਕਾਲ ਤੇ ਚੜ੍ਹਦੀ ਕਲਾ ਦੀ ਕਾਮਨਾ ਕੀਤੀ।ਇਸ ਮੌਕੇ ਹਾਜ਼ਰ ਕਾਂਗਰਸੀ ਵਰਕਰਾਂ ਨੇ ਵੀ ਕਿਰਨਦੀਪ ਕੌਰ ਗਰੇਵਾਲ ਨੂੰ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਵਧਾਈ ਦਿੱਤੀ ਤੇ ਪਾਰਟੀ ਦੀ ਮਜ਼ਬੂਤੀ ਲਈ ਇਕਜੁੱਟ ਹੋ ਕੇ ਕੰਮ ਕਰਨ ਦਾ ਭਰੋਸਾ ਦਿੱਤਾ।



# ਹੋਲੀ ਹਾਰਟ ਦੇ ਵਿਦਿਆਰਥੀਆਂ ਬਾਰਵੀਂ ਦੀ ਪ੍ਰੀਖਿਆ 'ਚ ਗੱਡੇ ਸਫਲਤਾ ਦੇ ਝੰਡੇ

**ਅਜੀਤਵਾਲ (ਨਛੱਤਰ ਸੰਧੂ)**- ਐਲਾਨੇ ਗਏ ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਹੋਲੀ ਹਾਰਟ ਸਕੂਲ ਅਜੀਤਵਾਲ ਦਾ ਨਤੀਜਾ ਸ਼ਾਨਦਾਰ ਰਿਹਾ ਹੈ।ਸਕੂਲ ਦੇ ਵਿਦਿਆਰਥੀਆਂ ਨੇ ਆਪਣੀ ਸਖ਼ਤ ਮਿਹਨਤ ਤੇ ਲਗਨ ਸਦਕਾ ਨਾ ਸਿਰਫ਼ ਸਕੂਲ ਦਾ, ਸਗੋਂ ਆਪਣੇ ਮਾਪਿਆਂ ਦਾ ਨਾਮ ਵੀ ਰੌਸ਼ਨ ਕੀਤਾ ਹੈ।ਇਸ ਸਾਲ ਸਕੂਲ ਦਾ ਨਤੀਜਾ 100 ਫੀਸਦੀ ਰਿਹਾ, ਜਿਸ ਨਾਲ ਪੂਰੇ ਇਲਾਕੇ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ।ਇਸ ਮੌਕੇ ਸਕੂਲ ਦੇ ਚੇਅਰਮੈਨ ਸੁਭਾਸ਼ ਪਲਤਾ ਤੇ ਡਾਇਰੈਕਟਰ ਸ਼੍ਰੇਆ ਪਲਤਾ ਨੇ ਖ਼ੁਸ਼ੀ ਜਤਾਉਂਦੇ ਹੋਏ ਕਿਹਾ ਕਿ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਬਹੁਤ ਸਾਰੇ ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਜਿਵੇਂ ਕਿ ਗਣਿਤ, ਅੰਗਰੇਜ਼ੀ ਤੇ ਵਿਗਿਆਨ ਵਿੱਚੋਂ 100 'ਚੋਂ 100 ਅੰਕ ਪ੍ਰਾਪਤ ਕੀਤੇ ਹਨ।ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਦੱਸਿਆ ਕਿ ਜਸਮੀਤ ਕੌਰ ਨੇ ਕਾਮਰਸ 'ਚੋਂ 87.4% ਅੰਕ ਪ੍ਰਾਪਤ ਕਰਕੇ ਸਕੂਲ 'ਚੋਂ ਪਹਿਲਾ, ਸੁੱਖਲੀਨ ਕੌਰ ਨੇ 80.8% ਅੰਕ ਲੈ ਕੇ ਦੂਜਾ, ਪ੍ਰਯਾਂਸ਼ੀ ਨੇ 74% ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ।ਮੈਡੀਕਲ ਸਟ੍ਰੀਮ 'ਚੋਂ ਕਰੀਤੀਕਾ ਨੇ 92.2% ਅੰਕ ਲੈ ਕੇ ਪਹਿਲਾ, ਕਛਵੀ ਨੇ 76% ਅੰਕ ਹਾਸਲ ਕਰਕੇ ਦੂਜਾ ਤੇ ਆਰਟਸ ਸਟ੍ਰੀਮ 'ਚੋਂ ਰਵਤਾਜ ਨੇ 81.6% ਅੰਕ ਹਾਸਲ ਕਰਕੇ ਪਹਿਲਾ, ਅਰਮਾਨਪ੍ਰੀਤ ਨੇ 80.2% ਅੰਕ ਨਾਲ ਦੂਜਾ ਤੇ ਨੂਰਕਮਲ ਘਈ ਨੇ 78% ਅੰਕਾਂ ਨਾਲ ਤੀਜਾ ਦਰਜਾ ਹਾਸਲ ਕੀਤਾ।ਸਕੂਲ ਮੈਨੇਜਮੈਂਟ ਵੱਲੋਂ ਹੋਣਹਾਰ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕਰਨ ਦਾ ਫੈਸਲਾ ਲਿਆ ਗਿਆ ਹੈ। ਇਲਾਕੇ ਦੇ ਪਤਵੰਤੇ ਸੱਜਣਾਂ ਨੇ ਸਕੂਲ ਪ੍ਰਬੰਧਕਾਂ ਤੇ ਸਟਾਫ ਨੂੰ ਇਸ ਵੱਡੀ ਕਾਮਯਾਬੀ 'ਤੇ ਵਧਾਈਆਂ ਦਿੱਤੀਆਂ ਹਨ।



# ਆਰਮੀ ਸਕੂਲਾਂ 'ਚ ਸੰਸਕ੍ਰਿਤ ਦੀ ਲਾਜ਼ਮੀ ਪੜ੍ਹਾਈ ਸ਼ੁਰੂ ਕਰਨਾ ਪੰਜਾਬੀਆਂ ਨਾਲ ਸ਼ਰੇਆਮ ਧੱਕਾ-ਕਲਾਪੀਠ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੰਜਾਬ ਵਿੱਚ ਕੰਮ ਕਰ ਰਹੇ ਆਰਮੀ ਪਬਲਿਕ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਨੂੰ ਨੁੱਕਰੇ ਲਾ ਕੇ ਸੰਸਕ੍ਰਿਤ ਦੀ ਲਾਜ਼ਮੀਂ ਪੜ੍ਹਾਈ ਸ਼ੁਰੂ ਕਰ ਦਿੱਤੀ ਗਈ ਹੈ।ਹਰ ਭਾਸ਼ਾ ਗਿਆਨ ਦੇ ਸੰਸਾਰ ਵੱਲ ਨਵੀਂ ਖੁੱਲਦੀ ਖਿੜਕੀ ਹੁੰਦੀ ਹੈ, ਪਰ ਮਾਂ ਬੋਲੀ ਦੀ ਕੀਮਤ 'ਤੇ ਕੀਤਾ ਜਾ ਰਿਹਾ ਇਹ ਧੱਕਾ ਕਿਸੇ ਵੀ ਪੱਧਰ 'ਤੇ ਪ੍ਰਵਾਨ ਨਹੀਂ ਕੀਤਾ ਜਾਵੇਗਾ।ਆਰਮੀ ਵੈੱਲਫੇਅਰ ਐਜੂਕੇਸ਼ਨ ਸੁਸਾਇਟੀ ਵੱਲੋਂ ਬੱਚਿਆਂ ਦੇ ਮਾਪਿਆਂ ਤੋਂ ਇੱਕ ਐਲਾਨਨਾਮੇ 'ਤੇ ਦਸਤਖ਼ਤ ਕਰਵਾ ਕੇ ਸਹਿਮਤੀ ਲਈ ਜਾ ਰਹੀ ਹੈ ਕਿ ਉਨ੍ਹਾਂ ਦੇ ਬੱਚੇ ਪੰਜਾਬੀ ਭਾਸ਼ਾ ਨੂੰ ਵਾਧੂ ਵਿਸ਼ੇ ਵਜੋਂ ਪੜ੍ਹਨ ਲਈ ਤਿਆਰ ਹਨ।ਆਰਮੀ ਵੈੱਲਫੇਅਰ ਐਜੂਕੇਸ਼ਨ ਸੁਸਾਇਟੀ ਦੀ ਇਸ ਧੱਕੇਸ਼ਾਹੀ ਵਾਲੇ ਫ਼ੈਸਲੇ ਖ਼ਿਲਾਫ਼ ਸ਼ਬਦ ਸੱਭਿਆਚਾਰ ਲਈ ਨਿਰੰਤਰ ਯਤਨਸ਼ੀਲ ਸੰਸਥਾ ਕਲਾਪੀਠ ਫ਼ਿਰੋਜ਼ਪੁਰ ਨੇ ਤਿੱਖਾ ਵਿਰੋਧ ਦਰਜ ਕਰਵਾਇਆ ਹੈ। ਕਲਾਪੀਠ ਨੇ ਇਸ ਨੂੰ ਨਾ ਸਿਰਫ਼ ਪੰਜਾਬੀ ਭਾਸ਼ਾ ਤੇ ਪੰਜਾਬ ਦੇ ਭਾਸ਼ਾ ਕਾਨੂੰਨ-2008 ਦੀ ਉਲੰਘਣਾ ਕਰਾਰ ਦਿੱਤਾ ਹੈ, ਸਗੋਂ ਸਿੱਖਿਆ ਨੀਤੀ-2020 ਤੇ ਕੌਮੀ ਪਾਠਕ੍ਰਮ ਢਾਂਚੇ ਦੀਆਂ ਭਾਵਨਾਵਾਂ ਦੇ ਵੀ ਖ਼ਿਲਾਫ਼ ਦੱਸਿਆ ਹੈ।ਕਲਾਪੀਠ ਦੇ ਪ੍ਰਧਾਨ ਪ੍ਰੋ. ਜਸਪਾਲ ਘਈ ਜਨਰਲ ਸਕੱਤਰ ਸੁਖਜਿੰਦਰ, ਪ੍ਰੋ. ਗੁਰਤੇਜ ਕੋਹਾਰਵਾਲਾ, ਪ੍ਰੋ. ਕੁਲਦੀਪ, ਰਾਜੀਵ ਖ਼ਿਆਲ, ਸੁਰਿੰਦਰ ਕੰਬੋਜ ਸੁਖਦੇਵ ਭੱਟੀ ਤੇ ਹਰਮੀਤ ਵਿਦਿਆਰਥੀ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਪੰਜਾਬ ਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਤੋਂ ਵਾਂਝਾ ਕਰਨਾ ਬਹੁਤ ਮੰਦਭਾਗਾ ਤੇ ਚਿੰਤਾਜਨਕ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੇ ਭਾਸ਼ਾ ਕਾਨੂੰਨ ਅਨੁਸਾਰ ਪੰਜਾਬ ਦੇ ਹਰ ਸਕੂਲ ਵਿੱਚ ਦਸਵੀਂ ਜਮਾਤ ਤੱਕ ਪੰਜਾਬੀ ਭਾਸ਼ਾ ਦੀ ਪੜ੍ਹਾਈ ਲਾਜ਼ਮੀ ਹੈ, ਪਰ ਆਰਮੀ ਵੈੱਲਫੇਅਰ ਐਜੂਕੇਸ਼ਨ ਸੁਸਾਇਟੀ ਵੱਲੋਂ ਜਾਰੀ ਕੀਤੇ ਪੱਤਰ ਵਿੱਚ ਪੰਜਾਬੀ ਨੂੰ ਵਾਧੂ ਵਿਸ਼ੇ ਵਜੋਂ ਰੱਖ ਕੇ ਸੰਸਕ੍ਰਿਤ ਨੂੰ ਲਾਜ਼ਮੀ ਤੌਰ 'ਤੇ ਪੜ੍ਹਾਉਣਾ ਬੱਚਿਆਂ ਦੇ ਸਿੱਖਣ ਦੇ ਅਧਿਕਾਰਾਂ, ਮਨੋਵਿਗਿਆਨਕ ਆਜ਼ਾਦੀ ਤੇ ਉਨ੍ਹਾਂ ਦੀ ਭਾਸ਼ਾਈ ਪਸੰਦ ਨਾਲ ਸਿੱਧਾ ਵਿਰੋਧ ਹੈ।ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਅਨਿਆਂ ਵਿਰੁੱਧ ਸਖ਼ਤੀ ਨਾਲ ਕਦਮ ਚੁੱਕੇ ਤੇ ਸੀ.ਬੀ.ਐੱਸ.ਈ. ਨੂੰ ਮਜਬੂਰ ਕਰਨ ਕਿ ਉਸ ਨਾਲ ਸਬੰਧਤ ਸਾਰੇ ਸਕੂਲ ਭਾਸ਼ਾ ਨੀਤੀ ਤੇ ਸਿੱਖਿਆ ਨੀਤੀ ਦੇ ਨਿਯਮਾਂ ਦੀ ਪਾਲਣਾ ਕਰਨ।ਕਲਾਪੀਠ ਨੇ ਮੰਗ ਕੀਤੀ ਕਿ ਪੰਜਾਬ ਵਿੱਚ ਸਥਿਤ ਆਰਮੀ ਸਕੂਲਾਂ ਸਮੇਤ ਹਰ ਤਰ੍ਹਾਂ ਦੇ ਸਕੂਲਾਂ ਵਿੱਚ ਪੰਜਾਬ ਦੇ ਬੱਚਿਆਂ ਲਈ ਪੰਜਾਬੀ ਭਾਸ਼ਾ ਦੀ ਲਾਜ਼ਮੀ ਪੜ੍ਹਾਈ ਨੂੰ ਯਕੀਨੀ ਬਣਾਇਆ ਜਾਵੇ।ਸੰਸਥਾ ਨੇ ਪੰਜਾਬ ਦੀਆਂ ਸਮੂਹ ਸਾਹਿਤਕ, ਸੱਭਿਆਚਾਰਕ, ਲੋਕ ਪੱਖੀ ਸੰਸਥਾਵਾਂ, ਵਿਦਿਆਰਥੀ ਜਥੇਬੰਦੀਆਂ, ਅਧਿਆਪਕ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਵਿੱਚੋਂ ਪੰਜਾਬੀ ਨੂੰ ਪੜਾਅ ਵਾਰ ਖ਼ਤਮ ਕਰਨ ਦੀਆਂ ਇਨ੍ਹਾਂ ਸਾਜ਼ਿਸ਼ਾਂ ਨੂੰ ਨਾਕਾਮ ਕਰਨ ਲਈ ਸਭ ਮਿਲ ਕੇ ਭਵਿੱਖ ਲਈ ਕੋਈ ਨਰੋਈ ਰਣਨੀਤੀ ਉਲੀਕੀਏ ਤਾਂ ਕਿ ਪੰਜਾਬੀ ਬੋਲੀ 'ਤੇ ਲਗਾਤਾਰ ਹੁੰਦੇ ਹਮਲਿਆਂ ਦਾ ਮੂੰਹ ਤੋੜ ਜਵਾਬ ਦਿੱਤਾ ਜਾ ਸਕੇ।

# ਸ਼ਹਿਰ 'ਚ ਸਫ਼ਾਈ ਦਾ ਮਾੜਾ ਹਾਲ, ਬਿਮਾਰੀ ਫੈਲਣ ਦਾ ਡਰ

**ਬੁਢਲਾਡਾ (ਅਸ਼ੋਕ ਲਾਕੜਾ)**- ਸ਼ਹਿਰ ਵਿੱਚ ਸਫ਼ਾਈ ਦਾ ਇੰਨਾ ਮਾੜਾ ਹਾਲ ਹੋਇਆ ਪਿਆ ਹੈ ਕਿ ਕਿਸੇ ਵੇਲੇ ਵੀ ਗੰਭੀਰ ਬਿਮਾਰੀ ਫੈਲ ਸਕਦੀ ਹੈ।ਇਸ ਸਬੰਧੀ ਵਾਰਡ ਨੰਬਰ 16, 19, 12 ਦੇ ਮੁਹੱਲਾ ਨਿਵਾਸੀਆਂ ਗੁਰਦਰਸ਼ਨ ਸਿੰਘ ਪਟਵਾਰੀ, ਜੰਗ ਦਾਸ, ਰੋਹੀ ਸਿੰਘ, ਸੁਰੇਸ਼ ਕੁਮਾਰ, ਹਰਨੇਕ ਸਿੰਘ, ਨੀਟੂ, ਜੁਗਰਾਜ ਸਿੰਘ ਕੰਡਕਟਰ, ਸੁਖਜੀਤ ਸਿੰਘ ਸੁੱਖਾ, ਦੀਪਕ ਕੁਮਾਰ, ਬੀਬੀ ਗੁਲਜ਼ਾਰ ਕੌਰ, ਸੁਨੀਤਾ ਦੇਵੀ, ਪਰਮਜੀਤ ਕੌਰ, ਸੁਰਜੀਤ ਕੌਰ, ਹਰਬੰਸ ਕੌਰ ਨੇ ਦੱਸਿਆ ਕਿ ਡਾਕਟਰ ਜਨਕ ਰਾਜ ਦੇ ਪੁਰਾਣੇ ਹਸਪਤਾਲ ਕੋਲ ਗੰਦਗੀ ਦਾ ਢੇਰ ਬਣਿਆ ਹੋਇਆ ਹੈ, ਜਿਸ ਦਾ ਗੰਦ ਆਈ.ਟੀ.ਆਈ.-ਬੱਸ ਸਟੈਂਡ ਵਾਲੀ ਮੁੱਖ ਸੜਕ 'ਤੇ ਖਿੱਲਰਦਾ ਹੈ ਤੇ ਗੰਦੇ ਲਿਫ਼ਾਫੇ ਹਵਾ ਨਾਲ ਉੱਡ ਕੇ ਰਿਹਾਇਸ਼ੀ ਘਰਾਂ ਵਿੱਚ ਡਿੱਗਦੇ ਹਨ। ਇਹ ਪਲਾਸਟਿਕ ਦੇ ਲਿਫ਼ਾਫੇ ਸੀਵਰੇਜ ਨਾਲੀਆਂ ਰਾਹੀਂ ਸੀਵਰੇਜ ਸਿਸਟਮ ਵਿੱਚ ਜਾ ਕੇ ਸੀਵਰੇਜ ਪਾਈਪਾਂ ਜਾਮ ਕਰਦੇ ਹਨ। ਸੀਵਰੇਜ ਮੇਨਹੋਲ ਦੇ ਢੱਕਣ ਟੁੱਟਣ ਕਾਰਨ ਕਿਸੇ ਦੁਰਘਟਨਾ ਦਾ ਵੀ ਡਰ ਬਣਿਆ ਹੋਇਆ ਹੈ।ਖਾਲੀ ਪਲਾਟਾਂ ਵਿੱਚ ਫਾਲਤੂ ਝਾੜੀਆਂ, ਪਹਾੜੀ ਕਿੱਕਰਾਂ ਨਸ਼ੇੜੀਆਂ ਲਈ ਛੁਪਣਗਾਹ ਦਾ ਕੰਮ ਕਰਦੀਆਂ ਹਨ।ਉਨ੍ਹਾਂ ਨਗਰ ਪਾਲਿਕਾ ਬੁਢਲਾਡਾ ਦੇ ਪ੍ਰਸ਼ਾਸਕ ਤੇ ਕਾਰਜ ਸਾਧਕ ਅਫਸਰ ਤੋਂ ਮੰਗ ਕੀਤੀ ਕਿ ਇਹ ਗੰਦਗੀ ਦੇ ਢੇਰ ਚੁਕਵਾਏ ਜਾਣ ਤੇ ਖਾਲੀ ਪਲਾਟਾਂ ਦੇ ਮਾਲਕਾਂ ਨੂੰ ਨੋਟਿਸ ਕੱਢ ਕੇ ਫਾਲਤੂ ਝਾੜੀਆਂ, ਪਹਾੜੀ ਕਿੱਕਰਾਂ ਨੂੰ ਕਟਵਾਇਆ ਜਾਵੇ। ਮੇਨਹੋਲ ਦੇ ਢੱਕਣ ਲਾਏ ਜਾਣ।



# ਅਕਾਲ ਅਕੈਡਮੀ ਢੀਂਡਸਾ ਦਾ ਨਤੀਜਾ ਰਿਹਾ ਸ਼ਾਨਦਾਰ





**ਸਮਰਾਲਾ (ਸੁਰਜੀਤ ਸਿੰਘ)**- ਅਕਾਲ ਅਕੈਡਮੀ ਢੀਂਡਸਾ ਦਾ ਬਾਰਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ।ਸ਼ਾਇਨਜੋਤ ਕੌਰ ਤੇ ਮਨਿੰਦਰ ਸਿੰਘ ਨੇ 93.8% ਅੰਕ ਲੈ ਕੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਜਪਲੀਨ ਕੌਰ ਨੇ 92.6%, ਪ੍ਰਭਲੀਨ ਕੌਰ ਨੇ 90.4%, ਮਨਦੀਪ ਸਿੰਘ ਨੇ 90.2%, ਤੀਰਥਜੋਤ ਸਿੰਘ ਨੇ 89.2% ਤੇ ਪਵਨ ਬੈਨੀਪਾਲ ਦੇ 83% ਅੰਕ ਲੈ ਕੇ ਆਪਣੀ ਲਗਨ, ਮਿਹਨਤ ਤੇ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਵਿਦਿਆਰਥੀਆਂ ਨੇ ਪੰਜਾਬੀ ਵਿੱਚੋਂ 100%, ਆਈ. ਟੀ. ਵਿੱਚੋਂ 100% ਤੇ ਬਾਕੀ ਵਿਸ਼ਿਆਂ ਵਿੱਚੋਂ 95% ਤੋਂ ਉੱਪਰ ਅੰਕ ਹਾਸਲ ਕਰਦੇ ਹੋਏ ਅਕਾਲ ਅਕੈਡਮੀ ਢੀਂਡਸਾ ਤੇ ਇਲਾਕੇ ਦਾ ਨਾਂ ਰੌਸ਼ਨ ਕੀਤਾ।ਸਕੂਲ ਦੇ ਪ੍ਰਿੰਸੀਪਲ ਅਰਵਿੰਦਰਪਾਲ ਕੌਰ ਓਬਰਾਏ ਨੇ ਇਸ ਸ਼ਾਨਦਾਰ ਨਤੀਜੇ ਦੀ ਪ੍ਰਾਪਤੀ 'ਤੇ ਸਮੁੱਚੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਤੇ ਸਕੂਲ ਸਟਾਫ਼ ਨੂੰ ਮੁਬਾਰਕਬਾਦ ਦਿੱਤੀ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ...ਸਫ਼ਾ 1 ਦੇ ਬਾਕੀ

### ਪਾਵਰ ਮੈਨੇਜਮੈਂਟ ਦੀ ਵਾਅਦਾ-ਖਿਲਾਫੀ ਵਿਰੁੱਧ...

ਮੁਲਤਵੀ ਕੀਤਾ ਸੰਘਰਸ਼ ਮੁੜ ਤੋਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਗਿਆ। ਸਾਂਝੇ ਥੜ੍ਹਿਆਂ ਦੇ ਸਕੱਤਰ ਹਰਪਾਲ ਸਿੰਘ ਅਤੇ ਗੁਰਵੇਲ ਸਿੰਘ ਬੱਲਪੁਰੀਆ ਤੋਂ ਇਲਾਵਾ ਨਿਰਮਲ ਸਿੰਘ ਹੁਸ਼ਿਆਰਪੁਰ, ਰਵੇਲ ਸਿੰਘ ਸਹਾਏਪੁਰ , ਦੇਵਿੰਦਰ ਸਿੰਘ ਪਿਸ਼ੌਰ, ਹਰਦੀਪ ਸਿੰਘ ਗਰੇਵਾਲ , ਜਸਵੀਰ ਸਿੰਘ ਆਂਡਲੂ, ਕੌਰ ਸਿੰਘ ਸੋਹੀ, ਹਰਵਿੰਦਰ ਸਿੰਘ, ਗੁਰਪਿਆਰ ਸਿੰਘ, ਗੁਰਤੇਜ ਸਿੰਘ ਪੱਖੋ, ਰਾਧੇ ਸ਼ਿਆਮ, ਬਾਬਾ ਅਮਰਜੀਤ ਸਿੰਘ, ਪਵਨਪ੍ਰੀਤ ਸਿੰਘ ਆਦਿ ਨੇ ਕਿਹਾ ਕਿ 30 ਅਪਰੈਲ ਨੂੰ ਪਾਵਰ ਮੈਨੇਜਮੈਂਟ ਨਾਲ ਸੁਖਾਵੇਂ ਮਾਹੌਲ ਵਿੱਚ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਸਮੇਂ ਹੋਈਆਂ ਸਹਿਮਤੀਆਂ ਕਾਰਨ ਜਥੇਬੰਦੀਆਂ ਵੱਲੋਂ 20 ਮਈ ਤੱਕ ਵਰਕ ਟੂ ਰੂਲ ਅਤੇ ਬਿਜਲੀ ਮੰਤਰੀ ਸਮੇਤ ਪਾਵਰ ਮੈਨੇਜਮੈਂਟ ਦੇ ਘਿਰਾਓ ਦਾ ਸੰਘਰਸ਼ ਮੁਲਤਵੀ ਕੀਤਾ ਗਿਆ ਸੀ, ਪ੍ਰੰਤੂ ਹੁਣ ਤੱਕ ਪਾਵਰ ਮੈਨੇਜਮੈਂਟ ਵੱਲੋਂ ਮਿਥੇ ਸਮੇਂ ਅਨੁਸਾਰ ਨਾ ਤਾਂ ਮਿੰਟਸ ਆਫ ਮੀਟਿੰਗ ਜਾਰੀ ਕੀਤੇ ਗਏ ਹਨ ਅਤੇ ਨਾ ਹੀ ਹੋਈਆਂ ਸਹਿਮਤੀਆਂ ਲਾਗੂ ਕੀਤੀਆਂ ਗਈਆਂ ਹਨ, ਜਿਸ ਕਰਕੇ 24 ਮਈ ਨੂੰ ਮੁੱਖ ਮੰਤਰੀ ਦੀ ਸੰਗਰੂਰ ਰਿਹਾਇਸ਼ ਅੱਗੇ ਸੂਬਾ ਪੱਧਰੀ ਰੋਸ ਧਰਨਾ ਲਗਾ ਕੇ 16 ਅਤੇ 17 ਜੂਨ ਨੂੰ ਸੂਬਾ ਪੱਧਰੀ ਦੋ ਰੋਜ਼ਾ ਮੁਕੰਮਲ ਹੜਤਾਲ ਕਰਨ ਤੋਂ ਇਲਾਵਾ ਪੈਨਸ਼ਨਰ ਜਥੇਬੰਦੀਆਂ ਦੇ ਵਰਕਰ ਸਾਰੇ ਪੰਜਾਬ ਵਿੱਚ ਡਿਪਟੀ ਕਮਿਸ਼ਨਰ ਦਫਤਰਾਂ ਸਾਹਮਣੇ ਆਪਣੇ ਆਪ ਨੂੰ ਗ੍ਰਿਫਤਾਰੀਆਂ ਲਈ ਪੇਸ਼ ਕਰਨਗੇ।

### ਮਜੀਠਾ 'ਚ ਕਈ ਆਗੂ ਕਾਂਗਰਸ ਛੱਡ ਕੇ 'ਆਪ' ...

ਵੀ ਮੌਜੂਦ ਸਨ।ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਪ੍ਰਮੁੱਖ ਆਗੂਆਂ ਵਿੱਚ ਪਰਮਜੀਤ ਸਿੰਘ ਪੰਮਾ, ਪਲਵਿੰਦਰ ਸਿੰਘ ਪਾਲੀ, ਜਗਦੀਪ ਸਿੰਘ ਗੋਗਾ, ਅਪਰਮਦੀਪ ਸਿੰਘ ਅੱਪੂ ਅਤੇ ਅਮਨਦੀਪ ਸਿੰਘ ਸ਼ਾਮਲ ਹਨ।ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ 'ਆਪ' ਸਰਕਾਰ ਦੀਆਂ ਨੀਤੀਆਂ ਹਰ ਵਰਗ ਦੀ ਭਲਾਈ ਲਈ ਸਮਰਪਤ ਹਨ। ਤਲਬੀਰ ਸਿੰਘ ਨੇ ਕਿਹਾ ਕਿ ਮਜੀਠਾ ਵਿੱਚ ਕਾਂਗਰਸ ਦਾ ਗ੍ਰਾਫ ਪੂਰੀ ਤਰ੍ਹਾਂ ਡਿੱਗ ਚੁੱਕਾ ਹੈ ਅਤੇ ਅੱਜ ਪਾਰਟੀ ਦੇ ਮਿਹਨਤੀ ਆਗੂਆਂ ਦੇ 'ਆਪ' ਵਿੱਚ ਆਉਣ ਨਾਲ ਖੇਤਰ ਵਿੱਚ ਪਾਰਟੀ ਦਾ ਆਧਾਰ ਹੋਰ ਮਜ਼ਬੂਤ ਹੋਇਆ ਹੈ।

# ਕੁੱਕ ਨਾਲ ਧੱਕੇਸ਼ਾਹੀ ਵਿਰੁੱਧ ਥਾਣੇ ਅੱਗੇ ਰੋਸ ਰੈਲੀ



**ਰਮਦਾਸ, (ਰਤਨ ਪੱਡਾ)** : ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ (ਸੀਟੂ) ਵੱਲੋਂ ਸ਼ਨਿੱਚਰਵਾਰ ਨੂੰ ਪੁਲਸ ਥਾਣਾ ਰਮਦਾਸ ਅੱਗੇ ਰੋਸ ਰੈਲੀ ਕੀਤੀ ਗਈ। ਰੋਸ ਰੈਲੀ ਨੂੰ ਸੰਬੋਧਨ ਕਰਦੇ ਹੋਏ ਸੀਟੂ ਦੇ ਸੂਬਾਈ ਮੀਤ ਪ੍ਰਧਾਨ ਸੁੱਚਾ ਸਿੰਘ ਅਜਨਾਲਾ ਨੇ ਦੋਸ਼ ਲਗਾਇਆ ਕਿ ਥਾਣਾ ਰਮਦਾਸ ਦੀ ਪੁਲਸ ਨੇ ਸਰਕਾਰੀ ਐਲੀਮੈਂਟਰੀ ਸਕੂਲ ਜੱਟਾ ਦੀ ਇੰਚਾਰਜ ਅਧਿਆਪਕ ਨਾਲ ਮਿਲ ਕੇ ਸਕੂਲ ਵਿਚ ਪਿਛਲੇ 18 ਸਾਲ ਤੋਂ ਕੰਮ ਕਰਦੀ ਆ ਰਹੀ ਕੁੱਕ ਗੁਰਮੀਤ ਕੌਰ ਨੂੰ ਧੱਕੇ ਮਾਰ ਕੇ ਸਕੂਲ 'ਚੋਂ ਬਾਹਰ ਕੱਢ ਦਿੱਤਾ। ਉਨ੍ਹਾਂ ਕੁੱਕ ਗੁਰਮੀਤ ਕੌਰ ਨੂੰ ਧੱਕੇ ਮਾਰ ਕੇ ਬਾਹਰ ਕੱਢਣ ਦੀ ਪੁਰਜ਼ੋਰ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਗੁਰਮੀਤ ਕੌਰ ਨੂੰ ਦੁਬਾਰਾ ਸਕੂਲ ਵਿਚ ਜਾਣ ਤੋਂ ਨਾ ਰੋਕਿਆ ਜਾਵੇ ਤੇ ਜਿਨ੍ਹਾਂ ਪੁਲਸ ਮੁਲਾਜ਼ਮਾਂ ਵੱਲੋਂ ਅਜਿਹੀ ਕਾਰਵਾਈ ਕੀਤੀ ਗਈ ਹੈ, ਉਨ੍ਹਾਂ ਵਿਰੁੱਧ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਦੋਸ਼ ਲਗਾਇਆ ਕਿ ਸਕੂਲ ਇੰਚਾਰਜ ਅਧਿਆਪਕ ਨੇ ਕੁੱਕ ਨਾਲ ਕਥਿਤ ਤੌਰ 'ਤੇ ਮਾੜੀ ਭਾਸ਼ਾ ਦੀ ਵਰਤੋਂ ਕੀਤੀ ਤੇ ਪਿੰਡ ਵਿਚ ਚਲ ਰਹੀ ਧੜੇਬੰਦੀ ਕਾਰਨ ਉਸ 'ਤੇ ਕਈ ਤਰ੍ਹਾਂ ਦੇ ਇਲਜ਼ਾਮ ਲਗਾਏ ਗਏ। ਉਨ੍ਹਾਂ ਦੋਸ਼ ਲਗਾਇਆ ਕਿ ਪਿੰਡ ਦਾ ਸਰਪੰਚ ਦੂਜੇ ਧੜੇ ਦੇ ਪੱਖ ਵਿਚ ਗੁਰਮੀਤ ਕੌਰ ਵੱਲੋਂ ਵੋਟਾਂ ਨਾ ਪਾਉਣ ਕਰਕੇ ਸਕੂਲ ਇੰਚਾਰਜ ਦੀ ਕਥਿਤ ਤੌਰ 'ਤੇ ਮਦਦ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇੱਥੋਂ ਤਕ ਕਿ ਬੀਤੇ ਸਮੇਂ ਦੌਰਾਨ ਆਏ ਹੜ੍ਹਾਂ ਦੌਰਾਨ ਕੁੱਕ ਗੁਰਮੀਤ ਕੌਰ ਦਾ ਘਰ ਢਹਿ ਜਾਣ 'ਤੇ ਵੀ ਉਸ ਨੂੰ ਖ਼ਰਾਬਾ ਨਹੀਂ ਲੈਣ ਦਿੱਤਾ ਗਿਆ। ਰੋਸ ਰੈਲੀ ਨੂੰ ਮਿੱਡ-ਡੇ-ਮੀਲ ਵਰਕਰਜ਼ ਯੂਨੀਅਨ (ਸੀਟੂ) ਦੀ ਸੂਬਾ ਜਨਰਲ ਸਕੱਤਰ ਸੁਮਨ ਰਾਣੀ, ਜਨਵਾਦੀ ਇਸਤਰੀ ਸਭਾ ਦੀ ਜ਼ਿਲ੍ਹਾ ਜਨਰਲ ਸਕੱਤਰ ਐਡਵੋਕੇਟ ਕੰਵਲਜੀਤ ਕੌਰ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਸਵਿੰਦਰ ਸਿੰਘ ਮੀਰਾਂਕੋਟ, ਭੁਪਿੰਦਰਜੀਤ ਛੀਨਾ, ਕਾਮਰੇਡ ਵਿਜੈ, ਕਾਮਰੇਡ ਰਾਜੂ ਕਰਾਲੀਆ, ਗੁਰਮੀਤ ਕੌਰ ਅਜਨਾਲਾ, ਸ਼ੀਲਾ, ਸਿਮਰਜੀਤ ਕੌਰ, ਬਲਜਿੰਦਰ ਕੌਰ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਐੱਸਐੱਚਓ ਨੇ ਮੌਕੇ 'ਤੇ ਆ ਕੇ ਵਿਸ਼ਵਾਸ ਦਿਵਾਇਆ ਕਿ ਪੁਲਸ ਸਕੂਲ ਦੇ ਕੰਮਾਂ ਵਿਚ ਦਖ਼ਲ ਨਹੀਂ ਦੇਵੇਗੀ ਤੇ ਮੁੱਖ ਅਧਿਆਪਕ ਨੂੰ ਬੁਲਾ ਕੇ ਸਮਝਾ ਦਿੱਤਾ ਜਾਵੇਗਾ। ਇਸ ਉਪਰੰਤ ਰੋਸ ਰੈਲੀ ਖ਼ਤਮ ਕਰ ਦਿੱਤੀ ਗਈ। ਸੁਮਨ ਰਾਣੀ ਨੇ ਦੱਸਿਆ ਕਿ ਇਸ ਸਬੰਧ ਵਿਚ 18 ਮਈ ਨੂੰ ਜਥੇਬੰਦੀ ਦਾ ਵਫ਼ਦ ਜ਼ਿਲ੍ਹਾ ਸਿੱਖਿਆ ਅਫਸਰ (ਐਲੀਮੈਂਟਰੀ) ਨੂੰ ਮਿਲੇਗਾ।

# ਨੰਗਲ ਵਿੱਚ 18 ਵੱਲੋਂ ਨਾਮਜ਼ਦਗੀਆਂ ਦਾਖਲ

**ਨੰਗਲ/ਭਲਾਣ (ਹਰਭਜਨ ਸਿੰਘ ਢਿੱਲੋਂ)**- ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦੀ ਅਗਵਾਈ ਵਿੱਚ ਨੰਗਲ ਸ਼ਹਿਰ ਵਿੱਚ ਨਗਰ ਕੌਂਸਲ ਚੋਣਾਂ ਲਈ ਵੱਡਾ ਸਿਆਸੀ ਦ੍ਰਿਸ਼ ਦੇਖਣ ਨੂੰ ਮਿਲਿਆ, ਜਿੱਥੇ 18 ਉਮੀਦਵਾਰਾਂ ਵੱਲੋਂ ਆਪਣੇ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਗਏ। ਇਸ ਮੌਕੇ ਉਮੀਦਵਾਰਾਂ ਅਤੇ ਸਮਰਥਕਾਂ ਵਿੱਚ ਕਾਫ਼ੀ ਉਤਸ਼ਾਹ ਦੇਖਿਆ ਗਿਆ ਅਤੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਚੋਣੀ ਰੌਣਕ ਨਜ਼ਰ ਆਈ।ਨਾਮਜ਼ਦਗੀ ਪ੍ਰਕਿਰਿਆ ਤੋਂ ਪਹਿਲਾਂ ਸਾਰੇ ਉਮੀਦਵਾਰ ਮੰਤਰੀ ਬੈਂਸ ਦੇ ਨਾਲ ਲਕਸ਼ਮੀ ਨਰਾਇਣ ਮੰਦਰ ਵਿਖੇ ਨਤਮਸਤਕ ਹੋਏ ਅਤੇ ਮੱਥਾ ਟੇਕ ਕੇ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਦੌਰਾਨ ਉਨ੍ਹਾਂ ਨੇ ਸ਼ਹਿਰ ਦੀ ਭਲਾਈ ਅਤੇ ਚੋਣਾਂ ਵਿੱਚ ਕਾਮਯਾਬੀ ਲਈ ਅਰਦਾਸ ਕੀਤੀ। ਧਾਰਮਿਕ ਮਾਹੌਲ ਵਿੱਚ ਸ਼ੁਰੂ ਹੋਈ ਇਹ ਚੋਣੀ ਮੁਹਿੰਮ ਉਮੀਦਵਾਰਾਂ ਲਈ ਇੱਕ ਨਵੀਂ ਉਰਜਾ ਦਾ ਸਰੋਤ ਬਣੀ।ਨਾਮਜ਼ਦਗੀ ਪੱਤਰ ਦਾਖਲ ਕਰਨ ਵਾਲਿਆਂ ਵਿੱਚ ਸੁਮਤੀ ਅਗਨੀ ਸੰਦਲ (ਵਾਰਡ ਨੰਬਰ 1), ਨੀਲਮ (ਵਾਰਡ ਨੰਬਰ 2), ਮਨਜੋਤ ਰਾਣਾ (ਵਾਰਡ ਨੰਬਰ 3), ਜਸਪ੍ਰੀਤ ਕੌਰ (ਵਾਰਡ ਨੰਬਰ 4), ਰਣਜੀਤ ਸਿੰਘ (ਵਾਰਡ ਨੰਬਰ 5), ਅਨਿਤਾ ਬੈਂਸ (ਵਾਰਡ ਨੰਬਰ 6), ਬ੍ਰਿਜ ਬਾਲਾ (ਵਾਰਡ ਨੰਬਰ 7), ਕਮਲਾ ਦੇਵੀ (ਵਾਰਡ ਨੰਬਰ 8), ਅਜੇ ਕੁਮਾਰ (ਵਾਰਡ ਨੰਬਰ 9), ਪੂਜਾ ਦੇਵੀ (ਵਾਰਡ ਨੰਬਰ 10), ਲਵਲੀ ਆਂਗਰਾ (ਵਾਰਡ ਨੰਬਰ 11), ਕਸ਼ਿਸ਼ ਵਰਮਾ (ਵਾਰਡ ਨੰਬਰ 12), ਹਰਦੀਪ ਸਿੰਘ ਬੈਂਸ (ਵਾਰਡ ਨੰਬਰ 13), ਮਨਜੀਤ ਕੌਰ (ਵਾਰਡ ਨੰਬਰ 14), ਪ੍ਰਵੀਨ (ਵਾਰਡ ਨੰਬਰ 15), ਕਿਰਨ ਬਾਲਾ (ਵਾਰਡ ਨੰਬਰ 16), ਆਰਤੀ (ਵਾਰਡ ਨੰਬਰ 17) ਅਤੇ ਪੂਨਮ (ਵਾਰਡ ਨੰਬਰ 18) ਅਤੇ ਵਾਰਡ ਨੰ: 19 ਤੋਂ ਉਮੀਦਵਾਰ ਐੱਨ ਐੱਫ ਐੱਲ ਯੂਨੀਅਨ ਵੱਲੋਂ ਦਿੱਤਾ ਜਾਵੇਗਾ, ਇਸ ਸੀਟ ਵਾਰੇ ਪਾਰਟੀ ਦਾ ਐੱਨ ਐੱਫ ਐੱਲ ਯੂਨੀਅਨ ਨਾਲ ਤਾਲਮੇਲ ਹੋ ਗਿਆ ਹੈ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

## ਆਸਟ੍ਰੇਲੀਆ ਜਾਣ ਦਾ ਵਿਰੋਧ ਕਰਨ 'ਤੇ ਧੀ ਨੇ ਪਿਓ ਨੂੰ ਮਾਰੀ ਗੋਲੀ

**ਬਿਆਸ (ਪਰਮਜੀਤ ਸਿੰਘ ਰੱਖੜਾ)**-ਖਿਲਚੀਆਂ ਵਿਖੇ ਧੀ ਵੱਲੋਂ ਆਪਣੇ ਪਿਤਾ ਦੇ ਲਾਇਸੈਂਸੀ ਪਿਸਤੌਲ ਨਾਲ, ਆਪਣੇ ਹੀ ਪਿਤਾ ਨੂੰ ਗੋਲੀ ਮਾਰਨ ਦਾ ਸਮਾਚਾਰ ਪ੍ਰਾਪਤ ਹੋਇਆ ਹੈ, ਜਿਸ ਨੂੰ ਸਿਵਲ ਹਸਪਤਾਲ ਬਾਬਾ ਬਕਾਲਾ ਸਾਹਿਬ ਵਿਖੇ ਦਾਖਲ ਕਰਵਾਇਆ ਗਿਆ ਹੈ। ਡੀ. ਐੱਸ. ਪੀ. ਸੁਖਪਾਲ ਸਿੰਘ ਬਾਬਾ ਬਕਾਲਾ ਸਾਹਿਬ ਅਤੇ ਐੱਸ. ਐੱਚ. ਓ. ਮੁਖਤਾਰ ਸਿੰਘ ਖਿਲਚੀਆਂ ਨੇ ਦੱਸਿਆ ਕਿ ਖਿਲਚੀਆਂ ਵਿਖੇ ਇਕ ਲੜਕੀ ਸਨੇਹਦੀਪ ਕੌਰ (ਪੁੱਤਰੀ ਪਰਮਿੰਦਰ ਸਿੰਘ, ਵਾਸੀ ਖਿਲਚੀਆਂ), ਜਿਸ ਨੇ ਕਿ ਪਿਛਲੇ ਸਾਲ 2025 'ਚ +2 ਕੀਤੀ ਸੀ ਅਤੇ ਵਿਦੇਸ਼ (ਆਸਟ੍ਰੇਲੀਆ) ਜਾਣਾ ਚਾਹੁੰਦੀ ਸੀ, ਉਹ ਖੁੱਲ੍ਹੇ ਵਿਚਾਰਾਂ ਵਾਲੀ ਸੀ।ਉਸ ਦਾ ਪਿਤਾ ਅਤੇ ਘਰ ਦੇ ਉਸ ਨੂੰ ਰੋਕਦੇ ਸਨ ਅਤੇ ਕਥਿਤ ਤੌਰ 'ਤੇ ਉਸ ਦੀ ਕਈ ਵਾਰ ਕੁੱਟਮਾਰ ਵੀ ਕਰਦੇ ਸਨ।ਉਸ ਨੂੰ ਘਰ ਵਿਚ ਹੀ ਬੰਦਿਸ਼ਾਂ ਤਹਿਤ ਰੱਖਿਆ ਗਿਆ ਸੀ।ਇਸੇ ਗੱਲ ਤੋਂ ਗੁੱਸੇ 'ਚ ਆ ਕੇ ਸਨੇਹਦੀਪ ਨੇ ਆਪਣੇ ਪਿਤਾ ਉਪਰ ਪਿੱਠ ਪਿੱਛੋਂ ਗੋਲੀ ਚਲਾ ਦਿੱਤੀ, ਜੋ ਕਿ ਉਸ ਦੇ ਖੱਬੇ ਪਾਸੇ 'ਚ ਲੱਗੀ ਜਿਸ ਨੂੰ ਸਿਵਲ ਹਸਪਤਾਲ ਬਾਬਾ ਬਕਾਲਾ ਸਾਹਿਬ ਵਿਖੇ ਦਾਖਲ ਕਰਵਾਇਆ ਗਿਆ।ਪੁਲਸ ਨੇ ਮੁਕੱਦਮਾ ਦਰਜ ਕਰ ਕੇ ਸਨੇਹਦੀਪ ਕੌਰ ਨੂੰ ਗ੍ਰਿਫਤਾਰ ਕਰ ਕੇ ਉਸਦੇ ਖਿਲਾਫ ਧਾਰਾ 307, 25/54/59 ਤਹਿਤ ਥਾਣਾ ਖਿਲਚੀਆਂ ਵਿਖੇ ਕੇਸ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਲਾਇਸੈਂਸੀ ਹਥਿਆਰ ਵੀ ਬਰਾਮਦ ਕਰ ਲਿਆ ਹੈ।

## ਧੂੰਦਾ 'ਚ ਗਵਰਨਰ ਪੰਜਾਬ ਤੇ ਭਾਜਪਾ ਦਾ ਪੁਤਲਾ ਫੂਕਿਆ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**

ਪਿੰਡ ਧੂੰਦਾ ਵਿਖੇ ਕੁੱਲ ਹਿੰਦ ਕਿਸਾਨ ਸਭਾ ਦੇ ਵਰਕਰਾਂ ਨੇ ਜ਼ਿਲ੍ਹਾ ਕਨਵੀਨਰ ਬਲਦੇਵ ਸਿੰਘ ਧੂੰਦਾ ਦੀ



ਅਗਵਾਈ ਵਿੱਚ ਇਕੱਠੇ ਹੋ ਕੇ ਗਵਰਨਰ ਪੰਜਾਬ ਅਤੇ ਕੇਂਦਰ ਦੀ ਬੀਜੇਪੀ ਸਰਕਾਰ ਦਾ ਪੁਤਲਾ ਸਾੜਿਆ।ਯਾਦ ਰਹੇ ਕਿ ਚੰਡੀਗੜ੍ਹ ਵਿੱਚ ਕਿਸਾਨ ਮਾਰਚ 'ਤੇ ਕੀਤੇ ਤਸ਼ੱਦਦ ਦੇ ਵਿਰੋਧ ਵਿੱਚ ਸੰਯੁਕਤ ਕਿਸਾਨ ਮੋਰਚਾ ਵੱਲੋਂ ਥਾਂ-ਥਾਂ ਪੁਤਲੇ ਫੂਕੇ ਜਾਣ ਦਾ ਸੱਦਾ ਦਿੱਤਾ ਗਿਆ ਸੀ ।ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਵਰਕਰਾਂ ਵੱਲੋਂ ਪੁਤਲਾ ਫੂਕਣ ਸਮੇਂ ਕਿਸਾਨ ਆਗੂ ਬਲਦੇਵ ਸਿੰਘ ਧੂੰਦਾ ਨੇ ਕਿਹਾ ਕਿ ਕੇਂਦਰ ਦੀ ਮੌਜੂਦਾ ਸਰਕਾਰ ਪੰਜਾਬ ਦੇ ਹੱਕਾਂ 'ਤੇ ਲਗਾਤਾਰ ਡਾਕਾ ਮਾਰ ਰਹੀ ਹੈ।ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੀ ਪੱਕੀ ਨੁਮਾਇੰਦਗੀ ਖਤਮ ਕਰ ਦਿੱਤੀ ਗਈ ਹੈ।ਪੰਜਾਬ ਦੇ ਪਾਣੀਆਂ ਨੂੰ ਖੋਹਣ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ।ਪੰਜਾਬ ਯੂਨੀਵਰਸਿਟੀ ਨੂੰ ਵੀ ਖੋਹਿਆ ਜਾ ਰਿਹਾ ਹੈ।ਪੰਜਾਬੀ ਬੋਲੀ ਨਾਲ ਚੰਡੀਗੜ੍ਹ ਤੇ ਹੋਰ ਗੁਆਂਢੀ ਰਾਜਾਂ ਵਿੱਚ ਧੱਕਾ ਕੀਤਾ ਜਾ ਰਿਹਾ ਹੈ।ਇਸ ਮੌਕੇ ਟ੍ਰੇਡ ਯੂਨੀਅਨ ਤੇ ਮਜ਼ਦੂਰ ਆਗੂ ਗੁਰਦਿਆਲ ਸਿੰਘ ਖਡੂਰ ਸਾਹਿਬ ਤੇ ਬਲਜੀਤ ਸਿੰਘ ਫਤਿਆਬਾਦ ਨੇ ਕਿਹਾ ਕਿ ਡੀਜ਼ਲ, ਪੈਟਰੋਲ ਤੇ ਗੈਸ ਦੀਆਂ ਕੀਮਤਾਂ ਵਧਣ ਨਾਲ ਆਮ ਲੋਕਾਂ ਦਾ ਜਿਉਣਾ ਦੁੱਭਰ ਹੋ ਰਿਹਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਨਿਸ਼ਾਨ ਸਿੰਘ, ਸਖਦੇਵ ਸਿੰਘ, ਅਮਰ ਸਿੰਘ, ਚਰਨ ਸਿੰਘ, ਅਮਰੀਕ ਸਿੰਘ, ਰਾਜਵਿੰਦਰ ਕੌਰ ਅਤੇ ਪਲਵਿੰਦਰ ਕੌਰ ਆਦਿ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ।

## ਨਰੇਗਾ ਖਤਮ ਕਰਨ ਦੇ ਵਿਰੋਧ 'ਚ ਖੇਤ ਮਜ਼ਦੂਰ ਸਭਾ ਵੱਲੋਂ ਰੋਸ ਪ੍ਰਦਰਸ਼ਨ

**ਵਲਟੋਹਾ (ਰਣਜੀਤ ਸਿੰਘ ਵਲਟੋਹਾ)**

ਨਰੇਗਾ ਯੋਜਨਾ ਨੂੰ ਕਮਜ਼ੋਰ ਕਰਨ ਅਤੇ ਬੇਰੁਜ਼ਗਾਰ ਲੋਕਾਂ ਦੇ ਰੋਜ਼ਗਾਰ 'ਤੇ ਅਸਰ ਪਾਉਣ ਦੇ ਵਿਰੋਧ ਵਿੱਚ ਖੇਤ ਮਜ਼ਦੂਰ ਸਭਾ ਵੱਲੋਂ ਕੇਂਦਰ ਸਰਕਾਰ ਖ਼ਿਲਾਫ਼ ਜ਼ਿਲ੍ਹਾ ਆਗੂ ਜੋਗਿੰਦਰ ਸਿੰਘ ਲੱਧੜ ਦੀ ਅਗਵਾਈ ਵਿੱਚ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ।ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੁਤਲਾ ਵੀ ਫੂਕਿਆ ਗਿਆ।ਸਭਾ ਦੇ ਆਗੂਆਂ ਨੇ ਕਿਹਾ ਕਿ ਨਰੇਗਾ ਦੇ ਕੰਮ ਘਟਣ ਕਾਰਨ ਮਜ਼ਦੂਰ ਵਰਗ ਆਰਥਿਕ ਤੰਗੀ ਦਾ ਸਾਹਮਣਾ ਕਰ ਰਿਹਾ ਹੈ। ਜ਼ਿਲ੍ਹਾ ਆਗੂ ਤੇ ਬਲਾਕ ਆਗੂ ਲਾਲ ਸਿੰਘ ਵਲਟੋਹਾ ਨੇ ਕਿਹਾ ਕਿ ਸਰਕਾਰ ਤੁਰੰਤ ਨਰੇਗਾ ਨੂੰ ਬਹਾਲ ਕਰੇ ਅਤੇ ਕੰਮ ਦੇ ਦਿਨ ਵੀ ਵਧਾਉਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਦੀ ਅਗਵਾਈ ਵਿੱਚ ਦੇਸ਼ ਦੇ ਹਰ ਵਰਗ ਦਾ ਭੱਠਾ ਬੈਠ ਚੁੱਕਾ ਹੈ। ਬੱਚਿਆਂ ਦੇ ਪੇਪਰ ਲੀਕ ਹੋ ਰਹੇ ਹਨ, ਰੇਲਵੇ ਵਿੱਚ ਨੌਕਰੀਆਂ ਘਟਾਈਆਂ ਜਾ ਰਹੀਆਂ ਹਨ, ਪੈਟਰੋਲ, ਡੀਜ਼ਲ ਦੇ ਭਾਅ ਵਧਾ ਕੇ ਲੋਕਾਂ ਉਤੇ ਮਹਿੰਗਾਈ ਦੀ ਹੋਰ ਸੱਟ ਮਾਰੀ ਜਾ ਰਹੀ ਹੈ।ਇਹ ਸਰਕਾਰ ਕੁਝ ਦੋਸਤ ਘਰਾਣਿਆਂ ਦੇ ਫਾਇਦਿਆਂ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ।ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।ਪ੍ਰਦਰਸ਼ਨ ਦੌਰਾਨ ਮਜ਼ਦੂਰ ਹੱਕਾਂ ਦੀ ਰੱਖਿਆ ਲਈ ਇਕੱਠੇ ਰਹਿਣ ਦਾ ਸੱਦਾ ਦਿੱਤਾ।ਇਸ ਮੌਕੇ ਰਣਜੀਤ ਸਿੰਘ ਕੋਟਲੀ, ਗੁਰ ਪ੍ਰਤਾਪ ਸਿੰਘ ਵਲਟੋਹਾ, ਗੁਰਲਾਲ ਸਿੰਘ ਵਲਟੋਹਾ, ਵਿਸ਼ਾਲਦੀਪ ਸਿੰਘ ਵਲਟੋਹਾ, ਜਸਵੰਤ ਸਿੰਘ ਵਲਟੋਹਾ, ਕਾਬਲ ਸਿੰਘ ਆਸਲ, ਰਣਜੀਤ ਸਿੰਘ, ਪ੍ਰਭਜੀਤ ਸਿੰਘ, ਗੁਰਵੇਲ ਸਿੰਘ ਵਲਟੋਹਾ ਆਦਿ ਹਾਜ਼ਰ ਸਨ।



## ਸਤਲੁਜ ਪਬਲਿਕ ਸਕੂਲ ਦੇ ਵਿਦਿਆਰਥੀਆਂ ਦਸਵੀਂ ਦੇ ਨਤੀਜਿਆਂ 'ਚ ਨਾਮਣਾ ਖੱਟਿਆ

**ਪੱਟੀ, (ਬਲਦੇਵ ਸਿੰਘ ਸੰਧੂ ਕਿਰਤੋਵਾਲ)**-ਹਾਲ ਹੀ ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀ ਕਲਾਸ ਦੇ ਐਲਾਨੇ ਨਤੀਜਿਆ 'ਚ ਹਰ ਸਾਲ ਦੀ ਤਰ੍ਹਾਂ ਸਤਲੁਜ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਠੱਕਰਪੁਰਾ ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਦੀ ਵਿਦਿਆਰਥਣ ਰੋਬਨਪ੍ਰੀਤ ਕੌਰ ਨੇ 89.38 ਫੀਸਦੀ ਅੰਕ ਹਾਸਲ ਕਰਕੇ ਪਹਿਲਾ ਸਥਾਨ, ਪ੍ਰਿੰਸਪ੍ਰੀਤ ਸਿੰਘ ਨੇ 87.84 ਫੀਸਦੀ ਅੰਕ ਪ੍ਰਾਪਤ ਕਰਕੇ ਦੂਸਰਾ, ਮਨਜੋਤ ਕੌਰ ਨੇ 87.23 ਫੀਸਦੀ ਅੰਕ ਪ੍ਰਾਪਤ ਕਰਕੇ ਤੀਸਰਾ ਕਰਨਦੀਪ ਕੌਰ ਨੇ 86.92 ਫੀਸਦੀ ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਹਾਸਲ ਕੀਤਾ।ਇਸ ਮੌਕੇ ਮੈਨੇਜਮੈਂਟ ਮੈਂਬਰ ਹਰਬੀਰ ਸਿੰਘ ਗਿੱਲ, ਪ੍ਰਿੰਸੀਪਲ ਮੈਡਮ ਰਾਜਬੀਰ ਕੌਰ ਤੇ ਵਾਈਸ ਪ੍ਰਿੰਸੀਪਲ ਮੈਡਮ ਦਲਬੀਰ ਕੌਰ ਨੇ ਵਿਦਿਆਰਥੀਆ ਦਾ ਮੂੰਹ ਮਿੱਠਾ ਕਰਵਾਇਆ।ਵਿਦਿਆਰਥੀਆ ਦੇ ਮਾਪਿਆਂ ਨੂੰ ਵਧਾਈ ਦਿੱਤੀ।ਭਵਿੱਖ ਵਿਚ ਹੋਰ ਮਿਹਨਤ ਕਰਕੇ ਉੱਚ ਮੁਕਾਮ ਹਾਸਲ ਕਰਨ ਦੀ ਪ੍ਰੇਰਨਾ ਦੇ ਨਾਲ-ਨਾਲ ਸਕੂਲ ਦੇ ਬਾਕੀ ਵਿਦਿਆਰਥੀਆ ਨੂੰ ਇਨ੍ਹਾਂ ਕੋਲੋਂ ਪ੍ਰੇਰਨਾ ਲੈ ਕੇ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਹਰਨੂਰ ਸਿੰਘ, ਮੈਡਮ ਪਰਮਿੰਦਰ ਕੌਰ ਸਮੇਤ ਸਾਰਾ ਸਟਾਫ ਹਾਜ਼ਰ ਸੀ।

## 12ਵੀਂ ਦੇ ਸ਼ਾਨਦਾਰ ਨਤੀਜੇ ਸਦਕਾ ਦੋਆਬਾ ਪਬਲਿਕ ਸਕੂਲ ਦਾ ਨਾਂਅ ਚਮਕਿਆ

**ਧਾਰੀਵਾਲ, (ਮਨਦੀਪ ਵਿੱਕੀ)**- ਸੀ ਬੀ ਐੱਸ ਈ ਅਧੀਨ ਦੋਆਬਾ ਪਬਲਿਕ ਸਕੂਲ ਕੋਟ ਸੰਤੋਖ ਰਾਏ ਦੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਸਦਕਾ ਸਕੂਲ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਇਸ ਸਬੰਧੀ ਸਕੂਲ ਦੇ ਚੇਅਰਮੈਨ ਬਰਿੰਦਰ ਸਿੰਘ ਛੋਟੇਪੁਰ ਅਤੇ ਪ੍ਰਿੰਸੀਪਲ ਬਰਿੰਦਰ ਕੌਰ ਨੇ ਦੱਸਿਆ ਕਿ ਬਾਰ੍ਹਵੀਂ ਜਮਾਤ ਵਿੱਚੋਂ ਵਿਦਿਆਰਥਣ ਤਨਿਸ਼ਦੀਪ ਕੌਰ ਨੇ 98%, ਨਾਜ਼ਲੀਨ ਕੌਰ ਨੇ 93% ਅਤੇ ਜਸਮੀਤ ਕੌਰ ਨੇ 92.6% ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਕਰਮਵਾਰ ਪਹਿਲਾ, ਦੂਜਾ ਅਤੇ ਤੀਸਰਾ ਸਥਾਨ ਪ੍ਰਾਪਤ ਕੀਤਾ ਅਤੇ 22 ਵਿਦਿਆਰਥੀਆਂ ਨੇ 80% ਤੋਂ ਉੱਪਰ ਅੰਕ ਪ੍ਰਾਪਤ ਕਰਕੇ ਆਪਣੇ ਸਕੂਲ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ। ਇਸ ਸ਼ਾਨਦਾਰ ਨਤੀਜੇ 'ਤੇ ਖੁਸ਼ੀ ਪ੍ਰਗਟ ਕਰਦਿਆਂ ਸਕੂਲ ਚੇਅਰਮੈਨ ਬਰਿੰਦਰ ਸਿੰਘ ਛੋਟੇਪੁਰ ਅਤੇ ਪ੍ਰਿੰਸੀਪਲ ਬਰਿੰਦਰ ਕੌਰ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਸਭ ਵਿਦਿਆਰਥੀਆਂ ਦੀ ਲਗਨ, ਮਿਹਨਤ ਅਤੇ ਅਧਿਆਪਕਾਂ ਦੀ ਚੰਗੀ ਰਹਿਨੁਮਾਈ ਦਾ ਨਤੀਜਾ ਹੈ।




## ਸਿੱਖ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਹੀ ਮੋਦੀ ਦੇ ਫਾਸ਼ੀਵਾਦੀ ਹਮਲੇ ਨੂੰ ਰੋਕਿਆ ਜਾ ਸਕਦਾ : ਸੁਲਤਾਨੀ

**ਗੁਰਦਾਸਪੁਰ, (ਜਨਕ ਮਹਾਜਨ)**-ਕਿਰਤੀ ਕਿਸਾਨ ਯੂਨੀਅਨ ਵੱਲੋਂ ਬਾਬਾ ਬੰਦਾ ਸਿੰਘ ਬਹਾਦੁਰ ਵੱਲੋਂ ਕੀਤੇ ਸਰਹਿੰਦ ਫਤਿਹ ਦਿਵਸ ਮੌਕੇ ਇਲਾਕਾ ਕਲਾਨੌਰ ਦੇ ਪਿੰਡ ਤਲਵੰਡੀ ਦੀਨਾਨਾਥ ਵਿਖੇ ਕਿਸਾਨ ਕਾਨਫਰੰਸ ਕੀਤੀ ਗਈ। ਇਸ ਕਾਨਫਰੰਸ ਵਿਚ ਸ਼ਾਮਿਲ ਹੋਏ ਕਿਸਾਨਾਂ ਵਲੋਂ ਪੰਜਾਬ ਦੇ ਕਿਸਾਨਾਂ ਮਜ਼ਦੂਰਾਂ ਨੂੰ ਸੱਤਾ ਦੇ ਮਾਲਕ ਬਣਾਉਣ ਵਾਲੇ ਬਾਬਾ ਬੰਦਾ ਸਿੰਘ ਬਹਾਦਰ ਤੋਂ ਪ੍ਰੇਰਨਾ ਲੈ ਕੇ ਜ਼ੁਲਮ ਖਿਲਾਫ ਡੱਟਣ ਦਾ ਅਹਿਦ ਕੀਤਾ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਵੱਖਰੇ-ਵੱਖਰੇ ਬੁਲਾਰਿਆ ਨੇ ਕਿਸਾਨ ਕਾਨਫਰੰਸ ਨੂੰ ਸੰਬੋਧਨ ਕੀਤਾ। ਕਿਸਾਨ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਸਤਿਬੀਰ ਸਿੰਘ ਸੁਲਤਾਨੀ ਨੇ ਕਿਹਾ ਕਿ ਪੰਜਾਬ ਦੇ ਇਤਿਹਾਸ ਵਿਚ ਗੁਰੂਆਂ ਤੇ ਸ਼ਾਨਮੱਤੇ ਇਤਿਹਾਸ ਨੂੰ ਬੜ੍ਹੀ ਬਹਾਦੁਰੀ ਨਾਲ ਅੱਗੇ ਤੋਰਿਆ। ਬਾਬਾ ਬੰਦਾ ਸਿੰਘ ਬਹਾਦੁਰ ਵਲੋਂ ਇਕ ਪਾਸੇ ਗੁਰੂ ਗੋਬਿੰਦ ਸਿੰਘ ਦੇ ਪਰਿਵਾਰ ਉੱਪਰ ਹੋਏ ਜ਼ੁਲਮ ਦਾ ਬਦਲਾ ਲਿਆ ਤਾਂ ਦੂਸਰੇ ਪਾਸੇ ਦੁਨੀਆਂ ਉੱਪਰ ਅਜਿਹੇ ਰਾਜ ਪ੍ਰਬੰਧ ਦੀ ਸਿਰਜਣਾ ਕੀਤੀ ਜਿਸ ਵਿਚ ਦੱਬੇ-ਕੁਚਲੇ ਲੋਕ ਸੱਤਾ ਉਪਰ ਕਾਬਜ਼ ਹੋਏ। ਚੱਪੜ-ਚਿੜੀ ਦੀ ਲੜਾਈ ਤੋਂ ਬਾਅਦ ਸਰਹਿੰਦ ਨੂੰ ਫਤਿਹ ਕਰਨ ਨਾਲ ਹੀ ਅਸਲ ਮਾਇਨਿਆਂ ਵਿੱਚ ਸਿੱਖ ਰਾਜ ਦੀ ਸਥਾਪਨਾ ਦੀ ਨੀਂਹ ਰੱਖੀ ਗਈ ਸੀ।

## ਨਗਰ ਕੌਂਸਲ ਮਜੀਠਾ ਦੀ ਚੋਣ ਵਾਸਤੇ ਚਾਲੀ ਉਮੀਦਵਾਰਾਂ ਨੇ ਕਾਗਜ਼ ਭਰੇ



**ਮਜੀਠਾ (ਸੋਇਮ ਆਨੰਦ)**

ਨਗਰ ਕੌਂਸਲ ਮਜੀਠਾ ਦੀਆਂ 13 ਵਾਰਡਾਂ ਲਈ ਤੀਸਰੇ ਦਿਨ ਵੱਖ-ਵੱਖ ਪਾਰਟੀਆਂ ਦੇ 40 ਉਮੀਦਵਾਰਾਂ ਵੱਲੋਂ ਆਪੋ ਆਪਣੇ ਨਾਮਜ਼ਦਗੀ ਪੱਤਰ ਰਿਟਰਨਿੰਗ ਅਫਸਰ-ਕਮ-ਐੱਸਡੀਐੱਮ ਮਜੀਠਾ ਰਜਨੀਸ਼ ਅਰੋੜਾ ਕੋਲ ਦਾਖਲ ਕਰਵਾਏ।ਵਾਰਡ ਨੰਬਰ 1 ਤੋਂ ਕਾਂਗਰਸ ਦੇ ਗੁਰਬਾਣੀਪ੍ਰੀਤ ਕੌਰ, ਸ਼੍ਰੋਮਣੀ ਅਕਾਲੀ ਦਲ ਦੀ ਮਨਜੀਤ ਕੌਰ ਅਤੇ ਚਰਨਜੀਤ ਕੌਰ।ਵਾਰਡ ਨੰਬਰ 2 ਤੋਂ ਆਜ਼ਾਦ ਉਮੀਦਵਾਰ ਕੁਲਬੀਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੁਰਜੀਤ ਸਿੰਘ।ਵਾਰਡ ਨੰਬਰ 3 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਕੁਲਦੀਪ ਸਿੰਘ ਤੇ ਰਸ਼ਪਾਲ ਸਿੰਘ, ਕਾਂਗਰਸ ਪਾਰਟੀ ਦੀ ਸੁਖਵਿੰਦਰ ਕੌਰ।ਵਾਰਡ ਨੰਬਰ 4 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸੁਲੱਖਣ ਸਿੰਘ ਤੇ ਬੀਰ ਸਿੰਘ।5 ਨੰਬਰ ਵਾਰਡ ਤੋਂ ਕਾਂਗਰਸ ਪਾਰਟੀ ਦੀ ਜਸਬੀਰ ਕੌਰ, ਸ਼੍ਰੋਮਣੀ ਅਕਾਲੀ ਦਲ ਦਾ ਨਾਨਕ ਸਿੰਘ ਅਤੇ ਲਖਬੀਰ ਸਿੰਘ।6 ਨੰਬਰ ਵਾਰਡ ਤੋਂ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਸ਼ਾਂਤ ਸ਼ਰਮਾ ਤੇ ਦੁਰਗਾ ਦਾਸ, ਕਾਂਗਰਸ ਪਾਰਟੀ ਦਾ ਅਮਨਦੀਪ ਸਿੰਘ,7 ਨੰਬਰ ਵਾਰਡ ਤੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਖਵਿੰਦਰ ਕੌਰ ਤੇ ਰਚਨਾ, ਕਾਂਗਰਸ ਪਾਰਟੀ ਵੱਲੋਂ ਪ੍ਰਦੀਪ ਕੌਰ।8 ਨੰਬਰ ਵਾਰਡ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਨਰਿੰਦਰ ਨਈਅਰ ਤੇ ਦੀਪਕ ਕੁਮਾਰ, 9 ਨੰਬਰ ਵਾਰਡ ਤੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਸਨੇਹ ਲਤਾ ਤੇ ਪਲਵੀ, ਆਜ਼ਾਦ ਉਮੀਦਵਾਰ ਵਜੋਂ ਅਨੀਤਾ ਅਤੇ ਕਾਂਗਰਸ ਪਾਰਟੀ ਵੱਲੋਂ ਕਵਲਜੀਤ ਕੌਰ ਤੇ ਮਨਜੀਤ ਕੌਰ।ਵਾਰਡ ਨੰਬਰ 10 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸਲਵੰਤ ਸਿੰਘ ਸੇਠ ਤੇ ਮਨਦੀਪ ਸਿੰਘ, ਕਾਂਗਰਸ ਪਾਰਟੀ ਵੱਲੋਂ ਹਰਪ੍ਰੀਤ ਸਿੰਘ।ਵਾਰਡ ਨੰਬਰ-11 ਤੋਂ ਸ਼੍ਰੋਮਣੀ ਅਕਾਲੀ ਦਲ ਦੀ ਜਸਬੀਰ ਕੌਰ ਤੇ ਅਸ਼ੋਕ ਕੁਮਾਰ, ਕਾਂਗਰਸ ਪਾਰਟੀ ਦੇ ਵਿਜੇ ਕੁਮਾਰ।ਵਾਰਡ ਨੰਬਰ 12 ਤੋਂ ਆਜ਼ਾਦ ਉਮੀਦਵਾਰ ਸ਼ਿਵੀ ਕੁਮਾਰ, ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਖਵੰਤ ਕੌਰ ਤੇ ਅਮਰਬੀਰ ਸਿੰਘ।ਵਾਰਡ ਨੰਬਰ 13 ਤੋਂ ਸ਼੍ਰੋਮਣੀ ਅਕਾਲੀ ਦਲ ਦੀ ਸੁਮਨ ਬਾਲਾ ਤੇ ਸੁਦੇਸ਼ ਕੁਮਾਰ ਅਤੇ ਕਾਂਗਰਸ ਦੀ ਅਮਰਜੀਤ ਕੌਰ ਨੇ ਨਾਮਜ਼ਦਗੀ ਪੱਤਰ ਦਾਖਲ ਕੀਤੇ।

## ਬੁੱਧੀਜੀਵੀਆਂ ਤੇ ਕਾਰਕੁਨਾਂ ਉੱਪਰ ਐੱਨ ਐੱਸ ਏ ਲਗਾਉਣਾ ਸਿੱਧੀ ਤਾਨਾਸ਼ਾਹੀ : ਜਮਹੂਰੀ ਫਰੰਟ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਸੂਬਾ ਕਨਵੀਨਰਾਂ ਡਾ. ਪਰਮਿੰਦਰ ਸਿੰਘ, ਪ੍ਰੋ. ਏ .ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ ਪਾਲ ਨੇ ਪ੍ਰੈੱਸ ਬਿਆਨ ਜਾਰੀ ਕਰਕੇ ਨੋਇਡਾ ਪੁਲਸ ਵੱਲੋਂ ਲੋਕਪੱਖੀ ਬੁੱਧੀਜੀਵੀ ਸਤਿਅਮ ਵਰਮਾ, ਆਕ੍ਰਿਤੀ ਅਤੇ ਹੋਰ ਕਾਰਕੁਨਾਂ ਉਪਰ ਨੈਸ਼ਨਲ ਸਕਿਓਰਿਟੀ ਐਕਟ ਦਾ ਬਸਤੀਵਾਦੀ ਕਾਲਾ ਕਾਨੂੰਨ ਲਗਾਏ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਉਨ੍ਹਾਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕਰਨ ਦੀ ਜ਼ੋਰਦਾਰ ਮੰਗ ਕੀਤੀ ਹੈ।ਜਮਹੂਰੀ ਫਰੰਟ ਦੇ ਸੂਬਾ ਕਮੇਟੀ ਆਗੂਆਂ ਯਸ਼ਪਾਲ ਝਬਾਲ, ਐਡਵੋਕੇਟ ਅਮਰਜੀਤ ਬਾਈ ਅਤੇ ਸੁਮੀਤ ਅੰਮ੍ਰਿਤਸਰ ਨੇ ਚਾਰ ਮਜ਼ਦੂਰ ਵਿਰੋਧੀ ਕਿਰਤ ਕੋਡ ਰੱਦ ਕਰਨ ਦੀ ਮੰਗ ਕਰਦਿਆਂ ਦੋਸ਼ ਲਾਇਆ ਕਿ ਕਾਨੂੰਨੀ ਤੌਰ 'ਤੇ ਤੈਅ ਕੀਤੀਆਂ ਘੱਟੋ-ਘੱਟ ਉਜਰਤਾਂ ਅਤੇ ਮਜ਼ਦੂਰਾਂ ਦੀ ਜੀਵਨ ਸੁਰੱਖਿਆ ਲਈ ਜ਼ਰੂਰੀ ਹੋਰ ਸਹੂਲਤਾਂ ਲਾਗੂ ਨਾ ਕਰਵਾ ਕੇ ਸਾਮਰਾਜੀ ਸਰਕਾਰਾਂ, ਵੱਡੇ ਪੂੰਜੀਪਤੀਆਂ ਅਤੇ ਪ੍ਰਸ਼ਾਸਨ ਖ਼ੁਦ ਲਾਕਾਨੂੰਨੀਆਂ ਕਰ ਰਹੇ ਹਨ ਅਤੇ ਨੋਇਡਾ ਅਤੇ ਹੋਰ ਸਨਅਤੀ ਇਲਾਕਿਆਂ ਦੇ ਮਜ਼ਦੂਰਾਂ ਦੇ ਹਾਲੀਆ ਸਮੂਹਿਕ ਜੁਝਾਰੂ ਸੰਘਰਸ਼ ਤੋਂ ਬੁਖਲਾਈ ਭਾਜਪਾ ਸਰਕਾਰ ਮਜ਼ਦੂਰਾਂ ਦੇ ਹੱਕ ਵਿਚ ਉੱਠਣ ਵਾਲੀ ਹਰ ਇਨਸਾਫ਼ਪਸੰਦ ਆਵਾਜ਼ ਨੂੰ ਅਣਮਨੁੱਖੀ ਤਸ਼ੱਦਦ ਅਤੇ ਨੈਸ਼ਨਲ ਸਕਿਉਰਿਟੀ ਐਕਟ ਰਾਹੀਂ ਕੁਚਲ ਕੇ ਪੂਰੇ ਦੇਸ਼ ਵਿੱਚ ਤਾਨਾਸ਼ਾਹੀ ਰਾਜ ਸਥਾਪਤ ਕਰਨਾ ਚਾਹੁੰਦੀ ਹੈ।ਉਨ੍ਹਾਂ ਮੰਗ ਕੀਤੀ ਕਿ ਮਜ਼ਦੂਰ ਸੰਘਰਸ਼ ਦੇ ਹੱਕ ਵਿਚ ਆਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ, ਸਮਾਜਿਕ ਕਾਰਕੁਨਾਂ ਅਤੇ ਸੰਘਰਸ਼ਸ਼ੀਲ ਮਜ਼ਦੂਰਾਂ ਨੂੰ ਬਿਨਾਂ ਸ਼ਰਤ ਤੁਰੰਤ ਰਿਹਾਅ ਕੀਤਾ ਜਾਵੇ, ਕੌਮੀ ਸੁਰੱਖਿਆ ਐਕਟ ਤੁਰੰਤ ਵਾਪਸ ਲਿਆ ਜਾਵੇ ਅਤੇ ਮਜ਼ਦੂਰ ਸੰਘਰਸ਼ਾਂ ਨੂੰ ਬਦਨਾਮ ਕਰਨ ਲਈ ਝੂਠੇ ਬਿਰਤਾਂਤ ਪ੍ਰਚਾਰਨੇ ਬੰਦ ਕੀਤੇ ਜਾਣ।

## ਸੰਤ ਬਾਬਾ ਭੂਰੀ ਵਾਲੇ ਪਬਲਿਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਦਸਵੀਂ ਦੇ ਨਤੀਜਿਆਂ 'ਚ ਚੰਗਾ ਪ੍ਰਦਰਸ਼ਨ

**ਝਬਾਲ, (ਹਰਜਿੰਦਰ ਸਿੰਘ ਸੋਨੀ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਸੰਤ ਬਾਬਾ ਭੂਰੀ ਵਾਲੇ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਅੰਮ੍ਰਿਤਸਰ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਰੌਸ਼ਨ ਕੀਤਾ ਗਿਆ।ਪ੍ਰਿੰਸੀਪਲ ਕੁਲਜਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ ਸਿਮਰਨ ਕੌਰ ਨੇ 93 ਪ੍ਰਤੀਸ਼ਤ ਅੰਕ ਹਾਸਲ ਕਰਕੇ ਸਕੂਲ ਵਿੱਚੋਂ ਪਹਿਲ, ਲਵਜੀਤ ਕੌਰ ਨੇ 91 ਪ੍ਰਤੀਸ਼ਤ ਅੰਕ ਹਾਸਲ ਕਰਕੇ ਦੂਜਾ ਅਤੇ ਜਸਨੀਤ ਕੌਰ ਨੇ 90 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ ਜਦਕਿ ਬਾਕੀ ਵਿਦਿਆਰਥੀ ਵੀ ਸ਼ਾਨਦਾਰ ਅੰਕਾਂ ਨਾਲ ਪਾਸ ਹੋਏ।ਸੰਤ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ, ਬਾਬਾ ਸੁਖਵਿੰਦਰ ਸਿੰਘ ਭੂਰੀ ਵਾਲੇ ਸੰਪ੍ਰਦਾਇ ਕਾਰ ਸੇਵਾ ਡੇਰਾ ਭੂਰੀ ਵਾਲਿਆਂ ਨੇ ਪਾਸ ਵਿਦਿਆਰਥੀਆਂ ਨੂੰ ਸ਼ੁਭ ਇਛਾਵਾਂ ਦਿੱਤੀਆਂ ਜਦਕਿ ਸਕੂਲ ਕਮੇਟੀ ਮੈਂਬਰ ਭਾਈ ਸੁਖਰਾਜ ਸਿੰਘ ਸੰਧੂ ਨੇ ਸਕੂਲ ਵਿੱਚੋਂ ਪਹਿਲਾ, ਦੂਜਾ ਤੇ ਤੀਜਾ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਨਗਦ ਇਨਾਮ ਦੇ ਕੇ ਹੌਸਲਾ ਅਫ਼ਜ਼ਾਈ ਕੀਤੀ। ਇਸ ਮੌਕੇ ਸਕੂਲ ਪ੍ਰਿੰਸੀਪਲ ਕੁਲਜਿੰਦਰ ਸਿੰਘ ਢਿੱਲੋਂ, ਵਾਈਸ ਪ੍ਰਿੰਸੀਪਲ ਮੈਡਮ ਸਿਮਰਨਜੀਤ ਕੌਰ, ਐਡਮਿਨ ਅਫ਼ਸਰ ਕਿਰਨਪ੍ਰੀਤ ਕੌਰ ਸਮੇਤ ਸਮੂਹ ਅਧਿਆਪਕ ਵੀ ਮੌਜੂਦ ਸਨ।



## ਬਾਬਾ ਦੀਪ ਸਿੰਘ ਕੀਰਤਨ ਦਰਬਾਰ ਸੁਸਾਇਟੀ ਨੇ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ

**ਪੱਟੀ, (ਬਲਦੇਵ ਸਿੰਘ ਸੰਧੂ)**

ਸਥਾਨਕ ਸ਼ਹਿਰ ਦੀ ਸਭ ਤੋਂ ਪੁਰਾਣੀ ਸੰਸਥਾ ਧੰਨ ਧੰਨ ਬਾਬਾ ਦੀਪ ਸਿੰਘ ਜੀ ਸ਼ਹੀਦ ਕੀਰਤਨ ਦਰਬਾਰ ਸੁਸਾਇਟੀ ਰਜਿ: ਪੱਟੀ ਵੱਲੋਂ ਸੰਗਤ ਦੇ ਸਹਿਯੋਗ ਦੇ ਨਾਲ ਮਹੀਨਾ ਵਾਰੀ ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਦੇਣ ਦੀ ਸੇਵਾ ਗੁਰਦੁਆਰਾ ਬੀਬੀ ਰਜਨੀ ਜੀ ਪੱਟੀ ਵਿਖੇ ਕੀਤੀ ਗਈ। ਰਾਸ਼ਨ ਦੇਣ ਦੀ ਆਰੰਭਤਾ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ ਭਾਈ ਕੁਲਵਿੰਦਰ ਸਿੰਘ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਇਸ ਵਾਰ 10 ਪਰਿਵਾਰਾਂ ਦੀ ਸੇਵਾ ਰਾਜੂ ਕਲਾਥ ਹਾਊਸ ਦੇ ਸੁਖਚੈਨ ਸਿੰਘ ਨੇ ਆਪਣੇ ਪਿਤਾ ਅਮਰੀਕ ਸਿੰਘ ਦੀ ਯਾਦ ਵਿੱਚ ਕੀਤੀ। ਇਸ ਮੌਕੇ ਸੋਸਾਇਟੀ ਦੇ ਪ੍ਰਧਾਨ ਕੁਲਵਿੰਦਰ ਸਿੰਘ ਬੱਬੂ, ਸਕੱਤਰ ਜੋਗਾ ਸਿੰਘ, ਗੁਰਦੁਆਰਾ ਬੀਬੀ ਰਜਨੀ ਜੀ ਦੇ ਪ੍ਰਧਾਨ ਬਲਬੀਰ ਸਿੰਘ ਲੋਹਾਰੀਆ, ਅਵਤਾਰ ਸਿੰਘ ਸੇਵਾ ਸਿੰਘ ਦੀ ਹੱਟੀ, ਭਾਈ ਕੰਵਲਜੀਤ ਸਿੰਘ ਰਾਗੀ ਜੱਥਾ ਪੱਟੀ ਵਾਲੇ, ਅਮਰੀਕ ਸਿੰਘ ਜੇਈ, ਰਜਵੰਤ ਸਿੰਘ ਜੇਈ, ਡੀਐੱਸਪੀ ਬਲਰਾਜ ਸਿੰਘ ਖਹਿਰਾ, ਇੰਸਪੈਕਟਰ ਦਰਸ਼ਨ ਸਿੰਘ, ਜਸਪਾਲ ਸਿੰਘ, ਮਨਕੀਤ ਸਿੰਘ ਕੈਨੇਡਾ, ਡਾਕਟਰ ਸਰਬਪ੍ਰੀਤ ਸਿੰਘ, ਕਰਨਦੀਪ ਸਿੰਘ ਸਿੰਘ, ਅਮਿਤ ਸਿੰਘ, ਅਮਾਨਤ ਆਸਟਰੇਲੀਆ, ਹਰਪ੍ਰੀਤ ਸਿੰਘ, ਮਾਸਟਰ ਸਰਬਜੀਤ ਸਿੰਘ, ਮਾਸਟਰ ਗੁਰਦੇਵ ਸਿੰਘ ਲੁਹਾਰੀਆ, ਮਾਸਟਰ ਅਰਸ਼ਦੀਪ ਸਿੰਘ, ਮਾਸਟਰ ਅਮਨਦੀਪ ਸਿੰਘ ਕਰੀਰ, ਮਹਿਲ ਸਿੰਘ ਸਿੱਧੂ ਕੈਪਟਨ, ਮਾਸਟਰ ਸਤਨਾਮ ਸਿੰਘ, ਮਾਸਟਰ ਬਿਕਰਮਜੀਤ ਸਿੰਘ, ਗੁਰਸੇਵਕ ਸਿੰਘ ਪਟਵਾਰੀ, ਪਰਮਜੀਤ ਸਿੰਘ, ਨਿਰਮਲ ਸਿੰਘ, ਬਲਜਿੰਦਰ ਸਿੰਘ ਬੀਟੀ, ਸੰਦੀਪ ਸਿੰਘ, ਲਖਬੀਰ ਸਿੰਘ, ਜਗਦੀਪ ਸਿੰਘ ਪ੍ਰਿੰਸ, ਜੋਬਨਜੀਤ ਸਿੰਘ, ਜਗਦੀਪ ਸਿੰਘ ਪ੍ਰਿੰਸ, ਗੁਰਨਾਮ ਸਿੰਘ, ਅਮਨਦੀਪ ਸਿੰਘ ਕਲਸੀ, ਹਰਚਰਨ ਸਿੰਘ, ਪ੍ਰਭਜੋਤ ਸਿੰਘ, ਜਗਤਾਰ ਸਿੰਘ, ਜਗਦੀਪ ਸਿੰਘ, ਅਜੇਪਾਲ ਸਿੰਘ ਕਾਕਾ, ਕੁਲਵਿੰਦਰ ਸਿੰਘ, ਬਲਦੇਵ ਸਿੰਘ, ਸ਼ਮਸ਼ੇਰ ਸਿੰਘ ਰਾਣਾ ਡੁਬਈ ਵਾਲੇ ਆਦਿ ਹਾਜ਼ਰ ਸਨ।



## ਨੌਜਵਾਨਾਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਕੀਤਾ ਪ੍ਰੇਰਿਤ : ਡੀ ਐੱਸ ਪੀ

**ਮੁਹਾਲੀ (ਗੁਰਜੀਤ ਬਿੱਲਾ)**-ਹਰਮਨਦੀਪ ਸਿੰਘ ਹਾਂਸ, ਸੀਨੀਅਰ ਕਪਤਾਨ ਪੁਲਿਸ, ਜ਼ਿਲ੍ਹਾ ਐੱਸ ਏ ਐੱਸ ਨਗਰ ਅਤੇ ਨਵਨੀਤ ਸਿੰਘ ਮਾਹਲ, ਕਪਤਾਨ ਪੁਲਿਸ ਟ੍ਰੈਫਿਕ ਵੱਲੋਂ ਨਸ਼ਿਆਂ ਖਿਲਾਫ ਚਲਾਈ ਜਾ ਰਹੀ ਮੁਹਿੰਮ ਤਹਿਤ ਦਿੱਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਰਨੈਲ ਸਿੰਘ, ਉਪ ਕਪਤਾਨ ਪੁਲਿਸ ਟ੍ਰੈਫਿਕ ਵੱਲੋਂ ਦਿ ਨੌਲੇਜ ਬੱਸ ਸਕੂਲ, ਖਰੜ-ਮੋਹਾਲੀ ਵਿਖੇ ਕਰਵਾਏ ਗਏ ਇਨਵੈਸਟਿਚਰ ਸਮਾਰੋਹ ਵਿੱਚ ਸ਼ਿਰਕਤ ਕੀਤੀ ਗਈ।ਇਸ ਮੌਕੇ ਕਰਨੈਲ ਸਿੰਘ ਨੇ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਤਹਿਤ ਚਲਾਈ ਜਾ ਰਹੀ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਜੇਕਰ ਕਿਸੇ ਵਿਅਕਤੀ ਦੇ ਧਿਆਨ ਵਿੱਚ ਕੋਈ ਵੀ ਵਿਅਕਤੀ ਨਸ਼ਾ ਵੇਚਦਾ ਜਾਂ ਨਸ਼ਾ ਕਰਦਾ ਪਾਇਆ ਜਾਂਦਾ ਹੈ ਤਾਂ ਇਸ ਸਬੰਧੀ ਤੁਰੰਤ ਵਟਸਐਪ ਨੰਬਰ 97791-00200, ਪੁਲਿਸ ਹੈਲਪਲਾਈਨ ਨੰਬਰ 112 ਜਾਂ ਨਜ਼ਦੀਕੀ ਪੁਲਿਸ ਸਟੇਸ਼ਨ ਨੂੰ ਸੂਚਿਤ ਕੀਤਾ ਜਾਵੇ ਤਾਂ ਜੋ ਨਸ਼ਾ ਵੇਚਣ ਵਾਲਿਆਂ ਖਿਲਾਫ ਤੁਰੰਤ ਕਾਰਵਾਈ ਕੀਤੀ ਜਾ ਸਕੇ ਅਤੇ ਨਸ਼ਾ ਕਰਨ ਵਾਲੇ ਵਿਅਕਤੀਆਂ ਦਾ ਇਲਾਜ ਕਰਵਾਇਆ ਜਾ ਸਕੇ।ਉਪ ਕਪਤਾਨ ਪੁਲਿਸ ਟ੍ਰੈਫਿਕ ਨੇ ਹਾਜ਼ਰ ਵਿਦਿਆਰਥੀਆਂ ਅਤੇ ਹੋਰ ਵਿਅਕਤੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਲਈ ਵੀ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਾਰਨ ਗੰਭੀਰ ਸੜਕ ਹਾਦਸੇ ਵਾਪਰਦੇ ਹਨ, ਜਿਨ੍ਹਾਂ ਨਾਲ ਜਾਨੀ ਅਤੇ ਮਾਲੀ ਨੁਕਸਾਨ ਹੁੰਦਾ ਹੈ।

## ਰੋਟਰੀ ਕਲੱਬ ਮੇਨ ਵੱਲੋਂ ਵਿਦਿਆਰਥੀਆਂ ਦੀ ਸਹੂਲਤ ਲਈ ਪੱਖੇ ਭੇਟ

**ਅੰਮ੍ਰਿਤਸਰ (ਅਰੋੜਾ)**

ਰੋਟਰੀ ਕਲੱਬ ਅੰਮ੍ਰਿਤਸਰ ਮੇਨ ਵੱਲੋਂ ਕਲੱਬ ਦੇ ਪ੍ਰਧਾਨ ਮਹਿੰਦਰ ਪਾਲ ਸ਼ਰਮਾ ਸਕੱਤਰ ਇੰਜੀਨੀਅਰ ਮਨਜੀਤ ਸਿੰਘ ਅਤੇ ਕਲੱਬ ਦੇ ਸੀਨੀਅਰ ਮੈਂਬਰ ਨਿਰਮਲ ਸਿੰਘ ਦੀ ਪ੍ਰਧਾਨਗੀ ਹੇਠ ਇੱਕ ਬੇਹੱਦ ਸ਼ਲਾਘਾਯੋਗ ਪ੍ਰਾਜੈਕਟ ਨੂੰ ਅੰਜਾਮ ਦਿੰਦੇ ਹੋਏ ਵਿਦਿਆਰਥੀਆਂ ਨੂੰ ਸੀਲਿੰਗ ਪੱਖੇ ਭੇਟ ਕੀਤੇ ਗਏ।ਪ੍ਰਧਾਨ ਮਹਿੰਦਰ ਪਾਲ ਤੇ ਸਕੱਤਰ ਇੰਜੀਨੀਅਰ ਮਨਜੀਤ ਸਿੰਘ ਨੇ ਦੱਸਿਆਂ ਕਿ ਜ਼ਰੂਰਤਮੰਦ ਪਰਿਵਾਰਾਂ ਦੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਨਾਲ ਨਾਲ ਮੁਫ਼ਤ ਕੰਪਿਊਟਰ ਸਿੱਖਿਆ, ਪੁਸਤਕਾਂ, ਸਟੇਸ਼ਨਰੀ ਅਤੇ ਮੌਸਮ ਦੇ ਅਨੁਸਾਰ ਕੱਪੜੇ ਵੀ ਭੇਟ ਕਰਨ ਵਾਲੀ ਏਆਈਸੀਈ ਸੋਸਾਇਟੀ ਦੇ ਵਿਦਿਆਰਥੀਆਂ ਨੂੰ ਪੱਖਿਆਂ ਦੀ ਜ਼ਰੂਰਤ ਨੂੰ ਦੇਖਦੇ ਹੋਏ ਰੋਟਰੀ ਵੱਲੋਂ ਪੱਖੇ ਭੇਟ ਕੀਤੇ ਗਏ।ਸੋਸਾਇਟੀ ਦੇ ਪੈਟਰਨ ਸਾਬਕਾ ਸਹਾਇਕ ਗਵਰਨਰ ਰਸਜੀਤ ਸਿੰਘ ਖੇੜਾ ਨੇ ਰੋਟਰੀ ਕਲੱਬ ਮੇਨ ਦੇ ਮੈਂਬਰਾਂ ਦਾ ਹਾਰਦਿਕ ਧੰਨਵਾਦ ਕਰਦੇ ਹੋਏ ਕਿਹਾ ਕਿ ਰੋਟਰੀ ਮੇਨ ਵੱਲੋਂ ਦੇਸ਼ ਅਤੇ ਸਮਾਜ ਭਲਾਈ ਦੇ ਕੰਮ ਕੀਤੇ ਜਾਣ ਵਿੱਚ ਖਾਸ ਭੂਮਿਕਾ ਨਿਭਾਈ ਜਾਂਦੀ ਹੈ।ਇਸ ਦੇ ਲਈ ਉਹ ਸ਼ਲਾਘਾ ਦੇ ਪਾਤਰ ਹਨ।ਇਸ ਮੌਕੇ ਕਲੱਬ ਦੇ ਸਾਬਕਾ ਪ੍ਰਧਾਨ ਸੀ. ਏ. ਵਿਕਾਸ ਕੁਮਾਰ, ਏ. ਆਈ. ਸੀ. ਈ. ਸੋਸਾਇਟੀ ਦੇ ਸੀਨੀਅਰ ਮੀਤ ਪ੍ਰਧਾਨ ਸੰਜੇ ਮਲਿਕ, ਚੀਫ ਐਡਵਾਈਜ਼ਰ ਰੋਟਰੀ ਦੇ ਜ਼ੋਨਲ ਚੇਅਰਮੈਨ ਵਿਜੇ ਭਸੀਨ, ਸੈਂਟਰ ਦੀ ਪ੍ਰਿੰਸੀਪਲ ਕਮਲਦੀਪ ਕੌਰ, ਮੈਡਮ ਪੂਨੀਤ, ਪ੍ਰੀਤੀ, ਨੇਹਾ, ਸਿਮਰਨ ਸਮੇਤ ਭਾਰੀ ਗਿਣਤੀ ਵਿੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਲੜਕੇ ਲੜਕੀਆਂ ਮੌਜੂਦ ਸਨ।



## ਇੰਜ. ਜੇ. ਪੀ. ਸਿੰਘ ਨੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਕਾਗਜ਼ ਭਰੇ

**ਧਾਰੀਵਾਲ, (ਮਨਦੀਪ ਵਿੱਕੀ)**-ਸ਼੍ਰੋਮਣੀ ਅਕਾਲੀ ਦਲ ਦੇ ਸ਼ਹਿਰ ਧਾਰੀਵਾਲ ਦੇ ਜਨਰਲ ਸਕੱਤਰ ਇੰਜੀਨੀਅਰ ਜਤਿੰਦਰ ਪਾਲ ਸਿੰਘ ਜੇਪੀ ਨੇ 26 ਮਈ ਨੂੰ ਹੋ ਰਹੀ ਨਗਰ ਕੌਂਸਲ ਚੋਣ ਲਈ ਵਾਰਡ ਨੰਬਰ ਅੱਠ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਜੋਂ ਕਾਗਜ਼ ਭਰੇ ਹਨ।ਉਨ੍ਹਾਂ ਨੇ ਧਾਰੀਵਾਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਉਹ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹਲਕਾ ਇੰਚਾਰਜ ਗੁਰਕਿਬਾਲ ਸਿੰਘ ਮਾਹਲ ਦਾ ਦਿਲੋਂ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਪਾਰਟੀ ਦੀ ਟਿਕਟ ਦੇ ਕੇ ਨਿਵਾਜਿਆ ਹੈ।ਉਨ੍ਹਾਂ ਨੇ ਕਿਹਾ ਕਿ ਉਹ ਦਿਨ ਰਾਤ ਮਿਹਨਤ ਕਰਕੇ ਵਾਰਡ ਨੰਬਰ 8 ਦੀ ਸੀਟ ਜਿੱਤ ਕੇ ਸ਼੍ਰੋਮਣੀ ਅਕਾਲੀ ਦਲ ਦੀ ਝੋਲੀ ਵਿੱਚ ਪਾਉਣਗ, ਕਿਉਂਕਿ ਮੌਜੂਦਾ ਸਰਕਾਰ ਵੱਲੋਂ ਧਾਰੀਵਾਲ ਵਿੱਚ ਕੋਈ ਵੀ ਵਿਕਾਸ ਦੇ ਕੰਮ ਨਹੀਂ ਕੀਤੇ ਗਏ।ਉਨ੍ਹਾਂ ਦੱਸਿਆ ਕਿ ਉਹ ਪਿਛਲੇ ਕਈ ਦਹਾਕਿਆਂ ਤੋਂ ਸਮਾਜ ਦੀ ਸੇਵਾ ਕਰ ਰਹੇ ਹਨ।ਉਨ੍ਹਾਂ ਨੇ ਵਾਰਡ ਨੰਬਰ ਅੱਠ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦਾ ਸਾਥ ਦੇਣ ਤੇ ਵੱਧ ਤੋਂ ਵੱਧ ਵੋਟਾਂ ਪਾ ਕੇ ਉਨ੍ਹਾਂ ਨੂੰ ਜਿਤਾ ਕੇ ਵਾਰਡ ਨੰਬਰ ਅੱਠ ਦੇ ਵਿਕਾਸ ਵਿੱਚ ਆਪਣਾ ਆਪਣਾ ਯੋਗਦਾਨ ਪਾਉਣ।



## ਜਥੇ. ਜਹਾਂਗੀਰ ਵੱਲੋਂ ਗਿਆਨ ਸਿੰਘ ਸਹਿਬਾਜਪੁਰ ਨਾਲ ਦੁੱਖ ਦਾ ਇਜ਼ਹਾਰ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਗਿਆਨ ਸਿੰਘ ਸਹਿਬਾਜਪੁਰ ਸਾਬਕਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਦੇ ਭਰਾ ਬਲਬੀਰ ਸਿੰਘ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ ਜਿਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਜਥੇਦਾਰ ਦਲਬੀਰ ਸਿੰਘ ਜਹਾਂਗੀਰ ਉਨ੍ਹਾਂ ਦੇ ਪਿੰਡ ਸਹਿਬਾਜਪੁਰ ਪਹੁੰਚੇ। ਸ. ਗਿਆਨ ਸਿੰਘ, ਸੇਵਾ ਸਿੰਘ ਤੇ ਹਰਵਿੰਦਰ ਸਿੰਘ ਨਾਲ ਦੁੱਖ ਵੰਡਾਉਂਦਿਆਂ ਜਹਾਂਗੀਰ ਨੇ ਕਿਹਾ ਕਿ ਬਲਬੀਰ ਸਿੰਘ ਦੇ ਅਚਾਨਕ ਦਿਹਾਂਤ ਹੋਣ ਨਾਲ ਜਿੱਥੇ ਪਰਿਵਾਰ ਨੂੰ ਘਾਟਾ ਪਿਆ ਉਥੇ ਸ਼੍ਰੋਮਣੀ ਅਕਾਲੀ ਦਲ ਨੇ ਵੀ ਇਕ ਵਧੀਆ ਆਗੂ ਨੂੰ ਖੋਹ ਦਿੱਤਾ ਹੈ, ਪਰ ਪ੍ਰਮਾਤਮਾ ਦੀ ਮਰਜ਼ੀ ਅੱਗੇ ਕੋਈ ਚਾਰਾ ਨਹੀਂ। ਪ੍ਰਮਾਤਮਾ ਬਲਬੀਰ ਸਿੰਘ ਦੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਅਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।



## ਬਾਬਾ ਅਜੈ ਸਿੰਘ ਖਾਲਸਾ ਸਕੂਲ ਦੇ ਬੱਚਿਆਂ ਦਾ ਦਸਤਾਰ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ

**ਧਾਰੀਵਾਲ, (ਮਨਦੀਪ ਵਿੱਕੀ)**

ਬਾਬਾ ਅਜੈ ਸਿੰਘ ਖਾਲਸਾ ਪਬਲਿਕ ਸਕੂਲ ਗੁਰਦਾਸ ਨੰਗਲ ਦੇ ਬੱਚਿਆਂ ਨੇ ਸੁੰਦਰ ਦਸਤਾਰ ਮੁਕਾਬਲਿਆਂ ਵਿੱਚ ਮੱਲਾਂ ਮਾਰ ਕੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਬੰਧੀ ਸਕੂਲ ਪ੍ਰਿੰਸੀਪਲ ਸਰਬਜੀਤ ਕੌਰ ਦੱਸਿਆ ਕਿ ਸਿੱਖ ਵੈੱਲਫੇਅਰ ਫਾਊਂਡੇਸਨ ਧਾਰੀਵਾਲ ਅਤੇ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਸਦਕਾ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਅਤੇ ਭਗਤ ਕਬੀਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸੁੰਦਰ ਦਸਤਾਰ ਮੁਕਾਬਲੇ ਇਤਿਹਾਸਕ ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ ਵਿਖੇ ਕਰਵਾਏ ਗਏ। ਜਿਸ ਵਿੱਚ ਵੱਖ-ਵੱਖ ਸਕੂਲਾਂ ਦੇ 300 ਦੇ ਕਰੀਬ ਬੱਚਿਆਂ ਨੇ ਹਿੱਸਾ ਲਿਆ। ਦੋ ਗਰੁੱਪ ਬਣਾ ਕੇ ਮੁਕਾਬਲੇ ਕਰਵਾਏ। ਪਹਿਲੇ ਗਰੁੱਪ ਵਿੱਚ ਪੰਜਵੀਂ ਤੋਂ ਅੱਠਵੀਂ ਕਲਾਸ ਤੱਕ ਅਤੇ ਦੂਸਰਾ ਗਰੁੱਪ ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਬੱਚਿਆਂ ਦਾ ਬਣਾਇਆ ਗਿਆ। ਪ੍ਰਿੰਸੀਪਲ ਸਰਬਜੀਤ ਕੌਰ ਨੇ ਦੱਸਿਆ ਜੇਤੂ ਵਿਦਿਆਰਥੀਆਂ ਨੂੰ ਵੱਡੀ ਟਰਾਫੀ ਅਤੇ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ। ਸੰਸਥਾ ਵੱਲੋਂ ਸਾਰੇ ਬੱਚਿਆਂ ਨੂੰ ਮੈਡਲ ਅਤੇ ਬੱਚਿਆਂ ਨਾਲ ਆਏ ਅਧਿਆਪਕਾਂ ਨੂੰ ਵੀ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।



## ਹਾਈ ਬਲੱਡ ਪ੍ਰੈਸ਼ਰ ਨੂੰ ਨਜ਼ਰਅੰਦਾਜ਼ ਕਰਨਾ ਦਿਲ ਲਈ ਖਤਰਨਾਕ !

**ਅੰਮ੍ਰਿਤਸਰ**-ਹਾਈ ਬਲੱਡ ਪ੍ਰੈਸ਼ਰ ਜਾਂ ਹਾਈਪਰਟੈਂਸ਼ਨ ਨੂੰ ਅਕਸਰ ਸਾਈਲੈਂਟ ਕਿੱਲਰ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਸ਼ੁਰੂਆਤੀ ਪੜਾਅ ਵਿੱਚ ਆਮ ਤੌਰ 'ਤੇ ਕੋਈ ਖਾਸ ਲੱਛਣ ਸਾਹਮਣੇ ਨਹੀਂ ਆਉਂਦੇ।ਇਸ ਦੇ ਬਾਵਜੂਦ ਇਹ ਦਿਲ ਦੀਆਂ ਬਿਮਾਰੀਆਂ, ਸਟ੍ਰੋਕ ਅਤੇ ਕਾਰਡਿਯਕ ਅਰੈਸਟ ਵਰਗੀਆਂ ਗੰਭੀਰ ਸਮੱਸਿਆਵਾਂ ਦਾ ਵੱਡਾ ਕਾਰਨ ਬਣ ਰਿਹਾ ਹੈ।ਵਿਸ਼ਵ ਹਾਈਪਰਟੈਂਸ਼ਨ ਦਿਵਸ ਮੌਕੇ ਫੋਰਟਿਸ ਐਸਕਾਰਟਸ ਹਸਪਤਾਲ ਅੰਮ੍ਰਿਤਸਰ ਦੇ ਮਾਹਿਰ ਡਾਕਟਰਾਂ ਨੇ ਲੋਕਾਂ ਨੂੰ ਸਮੇਂ ਸਿਰ ਸੁਚੇਤ ਰਹਿਣ ਅਤੇ ਨਿਯਮਿਤ ਜਾਂਚ ਕਰਵਾਉਣ ਦੀ ਸਲਾਹ ਦਿੱਤੀ ਹੈ।ਫੋਰਟਿਸ ਐਸਕਾਰਟਸ ਹਸਪਤਾਲ ਅੰਮ੍ਰਿਤਸਰ ਦੇ ਡਾਇਰੈਕਟਰ ਨਾਨ-ਇਨਵੇਸਿਵ ਕਾਰਡੀਓਲੋਜੀ ਡਾ. ਐੱਚ. ਪੀ. ਸਿੰਘ, ਡਾਇਰੈਕਟਰ ਕਾਰਡੀਓਲੋਜੀ ਡਾ. ਅਰੁਣ ਚੋਪੜਾ ਅਤੇ ਡਾਇਰੈਕਟਰ ਕਾਰਡੀਓਲੋਜੀ ਡਾ. ਦੀਪਕ ਕਪਿਲਾ ਨੇ ਦੱਸਿਆ ਕਿ ਲਗਾਤਾਰ ਵਧਿਆ ਹੋਇਆ ਬਲੱਡ ਪ੍ਰੈਸ਼ਰ ਧਮਨੀਆਂ ਨੂੰ ਸਖ਼ਤ ਕਰ ਦਿੰਦਾ ਹੈ, ਜਿਸ ਨਾਲ ਦਿਲ 'ਤੇ ਵਾਧੂ ਦਬਾਅ ਪੈਂਦਾ ਹੈ ਅਤੇ ਇਸ ਦੀ ਕਾਰਗੁਜ਼ਾਰੀ ਪ੍ਰਭਾਵਿਤ ਹੁੰਦੀ ਹੈ।ਡਾਕਟਰਾਂ ਮੁਤਾਬਕ ਆਮ ਬਲੱਡ ਪ੍ਰੈਸ਼ਰ 120/80 ਐੱਮਐੱਮ ਐੱਚਜੀ ਤੋਂ ਘੱਟ ਮੰਨਿਆ ਜਾਂਦਾ ਹੈ,ਜਦਕਿ ਲਗਾਤਾਰ 130/80 ਐੱਮਐੱਮ ਐੱਚਜੀ ਜਾਂ ਇਸ ਤੋਂ ਵੱਧ ਰਹਿਣ 'ਤੇ ਹਾਈਪਰਟੈਂਸ਼ਨ ਦੀ ਸਥਿਤੀ ਮੰਨੀ ਜਾਂਦੀ ਹੈ।ਬਹੁਤ ਜ਼ਿਆਦਾ ਬਲੱਡ ਪ੍ਰੈਸ਼ਰ ਹੋਣ 'ਤੇ ਤੇਜ਼ ਸਿਰਦਰਦ, ਛਾਤੀ ਵਿੱਚ ਦਰਦ, ਸਾਹ ਲੈਣ ਵਿੱਚ ਦਿੱਕਤ, ਚੱਕਰ ਆਉਣਾ ਅਤੇ ਧੁੰਦਲਾ ਦਿਖਾਈ ਦੇਣ ਵਰਗੇ ਲੱਛਣ ਸਾਹਮਣੇ ਆ ਸਕਦੇ ਹਨ।ਮਾਹਿਰਾਂ ਨੇ ਲੋਕਾਂ ਨੂੰ ਸੰਤੁਲਿਤ ਖੁਰਾਕ, ਨਿਯਮਿਤ ਕਸਰਤ, ਤਣਾਅ ਤੇ ਕਾਬੂ ਅਤੇ ਸਮੇਂ-ਸਮੇਂ ਤੇ ਬਲੱਡ ਪ੍ਰੈਸ਼ਰ ਦੀ ਜਾਂਚ ਕਰਵਾਉਣ ਦੀ ਅਪੀਲ ਕੀਤੀ ਹੈ।



## ਅਕਾਲੀ ਦਲ ਉਮੀਦਵਾਰਾਂ ਵੱਲੋਂ ਅਜਨਾਲਾ ਤੇ ਰਮਦਾਸ ਦੇ ਨਾਮਜ਼ਦਗੀ ਪੱਤਰ ਦਾਖਲ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**

ਪੰਜਾਬ ਵਿੱਚ ਹੋਣ ਜਾ ਰਹੀਆਂ ਨਗਰ ਪੰਚਾਇਤਾਂ ਅਤੇ ਨਗਰ ਕੌਂਸਲਾਂ ਦੀਆਂ ਚੋਣਾਂ ਨੂੰ ਲੈ ਕੇ ਸਿਆਸੀ ਮਾਹੌਲ ਪੂਰੀ ਤਰ੍ਹਾਂ ਗਰਮਾ ਚੁੱਕਿਆ ਹੈ।ਅਜਨਾਲਾ ਨਗਰ ਪੰਚਾਇਤ ਲਈ 15 ਉਮੀਦਵਾਰਾਂ ਅਤੇ ਨਗਰ ਕੌਂਸਲ ਰਮਦਾਸ ਲਈ 11 ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰਾਂ ਵੱਲੋਂ ਨਾਮਜ਼ਦਗੀ ਕਾਗਜ਼ ਦਾਖਲ ਕੀਤੇ ਗਏ।ਉਮੀਦਵਾਰਾਂ ਨੇ ਪਹਿਲਾਂ ਗੁਰਦੁਆਰਾ ਬਾਬਾ ਜੀਵਨ ਸਿੰਘ ਵਿਖੇ ਅਰਦਾਸ ਬੇਨਤੀ ਕਰਕੇ ਗੁਰੂ ਮਹਾਰਾਜ ਦਾ ਓਟ ਲਿਆ। ਉਮੀਦਵਾਰਾਂ ਨੇ ਭਰੋਸਾ ਜਤਾਇਆ ਕਿ ਲੋਕ ਵਿਕਾਸ ਦੇ ਮੁੱਦੇ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਫੈਸਲਾ ਦੇਣਗੇ।ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਸਮੇਂ ਇਲਾਕੇ ਵਿੱਚ ਜੋ ਵਿਕਾਸ ਕਾਰਜ ਹੋਏ ਸਨ, ਲੋਕ ਅੱਜ ਵੀ ਉਹਨਾਂ ਨੂੰ ਯਾਦ ਕਰਦੇ ਹਨ, ਜਦਕਿ ਮੌਜੂਦਾ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਨਹੀਂ ਉਤਰ ਸਕੀ। ਉਮੀਦਵਾਰਾਂ ਨੇ ਕਿਹਾ ਕਿ ਚੋਣਾਂ ਦੌਰਾਨ ਉਹ ਘਰ-ਘਰ ਜਾ ਕੇ ਲੋਕਾਂ ਨਾਲ ਸੰਪਰਕ ਕਰਨਗੇ ਅਤੇ ਇਲਾਕੇ ਦੇ ਵਿਕਾਸ, ਸਫਾਈ, ਪੀਣ ਵਾਲੇ ਪਾਣੀ ਅਤੇ ਬੁਨਿਆਦੀ ਸੁਵਿਧਾਵਾਂ ਨੂੰ ਮੁੱਖ ਮੁੱਦਾ ਬਣਾਇਆ ਜਾਵੇਗਾ।ਇਸ ਮੌਕੇ ਆਮ ਆਦਮੀ ਪਾਰਟੀ ਨੂੰ ਛੱਡ ਕੇ ਅਕਾਲੀ ਦਲ ਵਿੱਚ ਸ਼ਾਮਿਲ ਹੋਏ ਉਮੀਦਵਾਰ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਵਿੱਚ ਕਿਸੇ ਦੀ ਕੋਈ ਸੁਣਵਾਈ ਨਹੀਂ ਅਤੇ ਨਾ ਹੀ ਕੋਈ ਵਿਕਾਸ ਹੋ ਰਿਹਾ ਹੈ ਜਿਸ ਦੇ ਚੱਲਦਿਆਂ ਉਨ੍ਹਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਚੁਣਿਆ ਗਿਆ ਹੈ। ਇਸ ਮੌਕੇ ਨਗਰ ਪੰਚਾਇਤ ਅਜਨਾਲਾ ਦੇ ਸਾਬਕਾ ਪ੍ਰਧਾਨ ਜ਼ੋਰਾਵਰ ਸਿੰਘ, ਸਾਬਕਾ ਪ੍ਰਧਾਨ ਮਨਜੀਤ ਸਿੰਘ ਨਿੱਜਰ, ਇਕਬਾਲ ਸਿੰਘ, ਅਮੋਲਕ ਸਿੰਘ, ਪਵਿੱਤਰ ਸਿੰਘ, ਜਰਨੈਲ ਸਿੰਘ ਅਤੇ ਰਸ਼ਪਾਲ ਸਿੰਘ ਕਾਲੀ ਆਦਿ ਹਾਜ਼ਰ ਸਨ।



## ਬੀੜ ਬਾਬਾ ਬੁੱਢਾ ਸਾਹਿਬ ਵਿਖੇ ਸੰਗਤਾਂ ਲਈ ਅਤਿ-ਆਧੁਨਿਕ ਸ਼ੈੱਡ ਦੇ ਕਾਰਜ ਸ਼ੁਰੂ

**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਇਤਿਹਾਸਕ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਠੱਠਾ, ਤਰਨ ਤਾਰਨ ਵਿਖੇ ਆਉਣ ਵਾਲੀ ਸੰਗਤ ਦੀ ਸਹੂਲਤ ਲਈ ਵੱਡਾ ਉਪਰਾਲਾ ਕੀਤਾ ਗਿਆ ਹੈ।ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਚਰਨਗੰਗਾ ਤੋਂ ਲੈ ਕੇ ਸ੍ਰੀ ਦਰਬਾਰ ਸਾਹਿਬ ਤੱਕ ਦਰਵਾਜ਼ਿਆਂ ਦੇ ਅੱਗੇ ਅਤੇ ਕੜਾਹ ਪ੍ਰਸ਼ਾਦ ਦੇ ਕਾਊਂਟਰ ਉਪਰ ਅਤਿ-ਆਧੁਨਿਕ ਤਕਨੀਕ ਨਾਲ ਸ਼ੈੱਡ ਤਿਆਰ ਕਰਵਾਇਆ ਜਾਣਾ ਹੈ।ਭਾਈ ਨਿਸ਼ਾਨ ਸਿੰਘ ਹੈੱਡ ਗ੍ਰੰਥੀ ਵੱਲੋਂ ਅਰਦਾਸ ਬੇਨਤੀ ਕਰਕੇ ਇਸ ਪਵਿੱਤਰ ਕਾਰਜ ਦੀ ਆਰੰਭਤਾ ਕੀਤੀ ਗਈ।ਇਸ ਮੌਕੇ ਬਾਬਾ ਸੁੱਖਾ ਸਿੰਘ ਕਾਰ ਸੇਵਾ ਭੂਰੀ ਵਾਲੇ, ਬਾਬਾ ਸੋਹਣ ਸਿੰਘ, ਜਥੇਦਾਰ ਬਾਬਾ ਹਰਬੰਸ ਸਿੰਘ ਕਾਰ ਸੇਵਾ ਤਰਨ ਤਾਰਨ ਵਾਲੇ, ਬਾਬਾ ਮਨੋਹਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।ਇਸ ਤੋਂ ਇਲਾਵਾ ਇਮਾਰਤੀ ਵਿਭਾਗ ਵੱਲੋਂ ਗੁਰਪ੍ਰੀਤ ਸਿੰਘ ਐੱਸਡੀਓ., ਹਰਪ੍ਰੀਤ ਸਿੰਘ ਜੇਈ., ਧਰਵਿੰਦਰ ਸਿੰਘ ਮੈਨੇਜਰ, ਅਮਰਬੀਰ ਸਿੰਘ ਅਕਾਊਂਟੈਂਟ ਸਮੇਤ ਸਮੂਹ ਸਟਾਫ ਅਤੇ ਇਲਾਕਾ ਨਿਵਾਸੀ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।



## ਸ੍ਰੀ ਹੇਮਕੁੰਟ ਸਾਹਿਬ ਲਈ 32ਵੀਂ ਪੈਦਲ ਯਾਤਰਾ ਦੀਆਂ ਤਿਆਰੀਆਂ ਆਰੰਭ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਸ੍ਰੀ ਹੇਮਕੁੰਟ ਸਾਹਿਬ ਪੈਦਲ ਯਾਤਰਾ ਸੁਸਾਇਟੀ ਬਟਾਲਾ ਦੇ ਸਹਿਯੋਗ ਨਾਲ ਇਤਿਹਾਸਕ ਕਸਬਾ ਡੇਰਾ ਬਾਬਾ ਨਾਨਕ ਤੋਂ ਸ੍ਰੀ ਹੇਮਕੁੰਟ ਸਾਹਿਬ ਤੱਕ ਦੀ 32ਵੀਂ ਮਹਾਨ ਪੈਦਲ ਯਾਤਰਾ 2 ਜੂਨ ਨੂੰ ਇਤਿਹਾਸਕ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਤੋਂ ਰਵਾਨਾ ਹੋਵੇਗੀ। ਇਸ ਪੈਦਲ ਯਾਤਰਾ ਸਬੰਧੀ ਮੀਟਿੰਗ ਕਰਨ ਤੋਂ ਬਾਅਦ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਯਾਤਰਾ ਦੇ ਮੁੱਖ ਪ੍ਰਬੰਧਕ ਡਾ. ਗੁਰਦੇਵ ਸਿੰਘ ਧਾਰੋਵਾਲੀ ਨੇ ਦੱਸਿਆ ਕਿ ਇਹ ਮਹਾਨ ਪੈਦਲ ਯਾਤਰਾ 2 ਜੂਨ ਨੂੰ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਤੋਂ ਸਵੇਰੇ ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਤੋਂ ਬਾਅਦ ਅਰਦਾਸ ਕਰਨ ਉਪਰੰਤ ਰਵਾਨਾ ਹੋਵੇਗੀ, ਜੋ ਵੱਖ-ਵੱਖ ਥਾਵਾਂ 'ਤੇ ਪੜਾਅ ਕਰਨ ਉਪਰੰਤ ਸ੍ਰੀ ਹੇਮਕੁੰਟ ਸਾਹਿਬ ਦਰਸ਼ਨ ਕਰੇਗੀ ਤੇ 35 ਦਿਨਾਂ ਦਾ ਸਫਰ ਤੈਅ ਕਰਕੇ 6 ਜੁਲਾਈ ਨੂੰ ਵਾਪਸ ਪੁੱਜੇਗੀ। ਉਨ੍ਹਾਂ ਕਿਹਾ ਕਿ ਮਹਾਨ ਯਾਤਰਾ ਨੂੰ ਲੈ ਕੇ ਸੰਗਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਤੇ ਇਸ ਪੈਦਲ ਯਾਤਰਾ ਦੇ ਸਵਾਗਤ ਲਈ ਇਲਾਕੇ ਦੀਆਂ ਸੰਗਤਾਂ ਵੱਲੋਂ ਪਿੰਡ ਪਿੰਡ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕੀ ਜਿਨ੍ਹਾਂ ਸੰਗਤਾਂ ਨੇ ਇਸ ਪੈਦਲ ਯਾਤਰਾ ਨਾਲ ਜਾਣਾ ਹੋਵੇ ਉਹ ਆਪਣੇ ਨਾਲ 2 ਪਾਸਪੋਰਟ ਸਾਈਜ਼ ਫੋਟੋਆਂ, ਆਧਾਰ ਕਾਰਡ, ਟਾਰਚ, ਗਲਾਸ ਥਾਲੀ ਛੋਟਾ ਬਿਸਤਰਾ ਤੇ ਜੋ ਦਵਾਈ ਤੁਸੀਂ ਪਹਿਲਾਂ ਵਰਤ ਰਹੇ ਹੋ ਉਹ ਨਾਲ ਲੈ ਕੇ ਆਉਣਾ। ਵਧੇਰੇ ਜਾਣਕਾਰੀ ਲਈ 98144-99981 'ਤੇ ਸੰਪਰਕ ਕਰ ਸਕਦੇ ਹੋ। ਇਸ ਮੌਕੇ ਡਾ. ਗੁਰਦੇਵ ਸਿੰਘ, ਪ੍ਰੋ। ਗੁਰਵਿੰਦਰ ਸਿੰਘ, ਸਰਪੰਚ ਗੁਲਜ਼ਾਰ ਸਿੰਘ, ਬਾਬਾ ਰਣਧੀਰ ਸਿੰਘ, ਹਰਜਿੰਦਰਪਾਲ ਸਿੰਘ, ਸੁਖਜਿੰਦਰ ਸਿੰਘ ਲਾਲੀ, ਹਰਪਾਲ ਸਿੰਘ ਧਾਰੋਵਾਲੀ, ਦਲਜੀਤ ਸਿੰਘ, ਮੋਹਨ ਸਿੰਘ, ਬਾਬਾ ਬਲਜਿੰਦਰ ਸਿੰਘ, ਨਰਿੰਦਰ ਸਿੰਘ ਗੋਲਡੀ, ਤਰਸੇਮ ਸਿੰਘ ਭਗਵਾਨਪੁਰ ਆਦਿ ਹਾਜ਼ਰ ਸਨ।



## ਛੋਟਾ ਘੱਲੂਘਾਰਾ ਸਮਾਰਕ ਕਾਹਨੂੰਵਾਨ ਛੰਬ ਵਿਖੇ ਸ਼ਹੀਦੀ ਸਮਾਗਮ ਅੱਜ

**ਗੁਰਦਾਸਪੁਰ, (ਜਨਕ ਮਹਾਜਨ)**-ਛੋਟਾ ਘੱਲੂਘਾਰਾ ਸਮਾਰਕ ਕਾਹਨੂੰਵਾਨ ਛੰਬ ਵਿਖੇ ਅੱਜ 17 ਮਈ 1746 ਨੂੰ ਯੁੱਧ ਵਿਚ ਸ਼ਹੀਦ ਹੋਏ ਕਰੀਬ 11 ਹਜ਼ਾਰ ਸਿੰਘਾਂ-ਸਿੰਘਣੀਆਂ ਅਤੇ ਯੋਧਿਆਂ ਦੀ ਸ਼ਹੀਦੀ ਨੂੰ ਸਮਰਪਿਤ ਸ਼ਹੀਦੀ ਸਮਾਗਮ ਕਰਵਾਇਆ ਜਾਵੇਗਾ। 17 ਮਈ ਨੂੰ ਸਵੇਰੇ 10 ਵਜੇ ਛੋਟਾ ਘੱਲੂਘਾਰਾ ਸਮਾਰਕ ਕਾਹਨੂੰਵਾਨ ਛੰਬ ਵਿਖੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਜਾਵੇਗਾ। ਉਪਰੰਤ ਰਾਗੀ ਸਿੰਘਾਂ ਵਲੋਂ ਗੁਰਬਾਣੀ ਦਾ ਕੀਰਤਨ ਗਾਇਨ ਕੀਤਾ ਜਾਵੇਗਾ। ਪ੍ਰੋਫੈਸਰ ਰਾਜ ਕੁਮਾਰ ਸ਼ਰਮਾ ਸਕੱਤਰ ਹੈਰੀਟੇਜ ਸੁਸਾਇਟੀ ਗੁਰਦਾਸਪੁਰ ਅਤੇ ਜ਼ਿਲ੍ਹਾ ਹੈਰੀਟੇਜ ਸੁਸਾਇਟੀ ਗੁਰਦਾਸਪੁਰ ਦੇ ਸਮੂਹ ਅਹੁਦੇਦਾਰਾਂ ਵਲੋਂ ਸੰਗਤਾਂ ਨੂੰ ਸ਼ਹੀਦੀ ਸਮਾਗਮ ਵਿੱਚ ਪਹੁੰਚਣ ਦਾ ਸੱਦਾ ਦਿੱਤਾ। ਇਸ ਮੌਕੇ ਗੁਰੂ ਦਾ ਅਟੁੱਟ ਲੰਗਰ ਵਰਤਾਇਆ ਜਾਵੇਗਾ।

## ਤਲਬੀਰ ਗਿੱਲ ਨੇ ਪਿੰਡ ਪੁਰਾਣਾ ਤਨੇਲ 'ਚ ਕੀਤਾ ਜਿਮ ਦਾ ਉਦਘਾਟਨ





**ਚਵਿੰਡਾ ਦੇਵੀ, (ਖੁਸ਼ਹਾਲ ਸੁੰਦਰ)**

ਆਮ ਆਦਮੀ ਪਾਰਟੀ ਦੇ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਪਿੰਡ ਪੁਰਾਣਾ ਤਨੇਲ ਵਿਖੇ ਸਰਕਾਰ ਵੱਲੋਂ ਬਣਵਾਏ ਗਏ ਜਿਮ ਦਾ ਉਦਘਾਟਨ ਕੀਤਾ। ਪਿੰਡ ਦੇ ਸਰਪੰਚ ਮਨਦੀਪ ਸਿੰਘ ਨੇ ਜਿਮ, ਮੁਹੱਲਾ ਕਲੀਨਿਕ, ਨਹਿਰੀ ਪਾਣੀ ਖੇਤਾਂ ਤੱਕ ਪਹੁੰਚਾਉਣ, ਸਟੇਡੀਅਮ ਬਣਾ ਕੇ ਦੇਣ ਲਈ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦਾ ਧੰਨਵਾਦ ਕੀਤਾ ਅਤੇ ਹਲਕੇ ਵਿੱਚ ਕਰਵਾਏ ਗਏ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਪਿਛਲੇ 15 ਸਾਲਾਂ 'ਚ ਜੋ ਕੰਮ ਪਿਛਲੀਆਂ ਸਰਕਾਰਾਂ ਨਹੀਂ ਕਰ ਸਕੀਆਂ ਉਹ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਬਹੁਤ ਥੋੜ੍ਹੇ ਸਮੇਂ ਵਿੱਚ ਕਰਕੇ ਦਿਖਾਏ ਹਨ ਜੋ ਇਤਿਹਾਸਿਕ ਰਿਕਾਰਡ ਹੈ। ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਪਿੰਡਾਂ, ਕਸਬਿਆਂ ਵਿੱਚ ਜਿਮ ਅਤੇ ਖੇਡ ਸਟੇਡੀਅਮ ਬਣਾਏ ਜਾ ਰਹੇ ਹਨ ਤਾਂ ਜੋ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਇਆ ਜਾ ਸਕੇ ਅਤੇ ਖੇਡਾਂ ਨਾਲ ਜੋੜਿਆ ਜਾ ਸਕੇ। ਉਨ੍ਹਾਂ ਨੌਜਵਾਨਾਂ ਨੂੰ ਖੇਡਾਂ ਵਿੱਚ ਮੱਲਾਂ ਮਾਰ ਕੇ ਪਿੰਡ, ਨਗਰ ਅਤੇ ਪੰਜਾਬ ਦਾ ਨਾਂਅ ਰੌਸ਼ਨ ਕਰਨ ਅਤੇ ਪੰਜਾਬ ਦੀ ਤਰੱਕੀ ਵਿੱਚ ਆਪਣਾ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਿਕੰਦਰ ਸਿੰਘ, ਬਲਾਕ ਪ੍ਰਧਾਨ ਜਗਦੀਸ਼ ਸਿੰਘ ਸ਼ਹਿਜ਼ਾਦਾ, ਯੂਥ ਪ੍ਰਧਾਨ ਗੁਰਪ੍ਰੀਤ ਸਿੰਘ ਭੋਆ ਫਤਿਹਗੜ੍ਹ, ਮੈਂਬਰ ਦਿਲਬਾਗ ਸਿੰਘ, ਮੈਂਬਰ ਪ੍ਰਕਾਸ਼ ਸਿੰਘ, ਮੈਂਬਰ ਅਕਾਸ਼ਦੀਪ ਸਿੰਘ, ਮੈਂਬਰ ਬਿੱਟੂ ਸਿੰਘ, ਮੈਂਬਰ ਮਹਿੰਦਰ ਸਿੰਘ, ਸਰਬੰਸ ਸਿੰਘ, ਮੰਗਲ ਸਿੰਘ, ਜੁਗਰਾਜ ਸਿੰਘ, ਗੁਰਨਾਮ ਸਿੰਘ, ਅਨੂਪ ਸਿੰਘ, ਹਰਮਨਜੀਤ ਸਿੰਘ, ਕਾਬਲ ਸਿੰਘ ਪ੍ਰਧਾਨ, ਸੁੱਖਦੇਵ ਸਿੰਘ, ਪਲਵਿੰਦਰ ਸਿੰਘ, ਬਾਬਾ ਜਗਤਾਰ ਸਿੰਘ, ਸਰਵਨ ਸਿੰਘ, ਮੇਜਰ ਸਿੰਘ, ਮਲਕੀਤ ਸਿੰਘ, ਦਵਿੰਦਰਜੀਤ ਸਿੰਘ, ਜਗਦੀਪ ਸਿੰਘ, ਗੁਰਪ੍ਰੀਤ ਸਿੰਘ ਅਤੇ ਹੋਰ ਕਈ ਮੋਹਤਬਰ ਹਾਜ਼ਰ ਸਨ।

## ਜਹਾਂਗੀਰ ਖੁਰਦ ਦੇ ਸੈਂਕੜੇ ਪਰਵਾਰਾਂ ਵੱਲੋਂ ਕਾਂਗਰਸ 'ਚ ਸ਼ਮੂਲੀਅਤ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਕਾਂਗਰਸ ਪਾਰਟੀ ਵੱਲੋਂ ਪਿੰਡ ਜਹਾਂਗੀਰ ਖੁਰਦ ਵਿਖੇ ਬਾਬਾ ਲਾਭ ਸਿੰਘ ਦੇ ਗ੍ਰਹਿ ਵਿਖੇ ਮੀਟਿੰਗ ਕੀਤੀ ਗਈ।ਇਸ ਮੌਕੇ ਸੈਂਕੜੇ ਪਰਿਵਾਰ ਆਮ ਆਦਮੀ ਪਾਰਟੀ ਤੇ ਅਕਾਲੀ ਦਲ ਨੂੰ ਅਲਵਿਦਾ ਕਹਿ ਕੇ ਕਾਂਗਰਸ ਪਾਰਟੀ ਵਿਚ ਸ਼ਾਮਲ ਹੋਏ।ਸ਼ਾਮਿਲ ਹੋਣ ਵਾਲਿਆਂ ਦਾ ਸਵਾਗਤ ਕਰਦਿਆਂ ਸਾਬਕਾ ਵਿਧਾਇਕ ਸਿੱਕੀ ਨੇ ਕਿਹਾ ਕਿ ਪਾਰਟੀ ਵਿਚ ਸ਼ਾਮਿਲ ਹੋਣ ਵਾਲੇ ਹਰ ਵਰਕਰ ਨੂੰ ਪੂਰਾ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ।ਇਸ ਮੌਕੇ ਸੱਬਾ ਸਿੰਘ, ਮੁਖਤਾਰ ਸਿੰਘ, ਸਿੰਦਰ ਸਿੰਘ, ਰਾਣਾ ਸਿੰਘ, ਤਰਲੋਚਨ ਸਿੰਘ, ਮੰਗਲ ਸਿੰਘ, ਕਾਲਾ ਸਿੰਘ, ਪਾਲਾ ਸਿੰਘ, ਦੀਪਾ ਸਿੰਘ, ਸਤਨਾਮ ਸਿੰਘ, ਸਿੰਦੀ ਸਿੰਘ, ਸ਼ੇਰਾ ਸਿੰਘ, ਕਸ਼ਮੀਰ ਕੌਰ, ਕੰਵਲਪ੍ਰੀਤ ਕੌਰ, ਕੁਲਜੀਤ ਕੌਰ, ਗੁਰਮੀਤ ਕੌਰ, ਬਲਵਿੰਦਰ ਕੌਰ, ਕੁਲਦੀਪ ਕੌਰ, ਪੰਮੀ ਕੌਰ, ਸੁਰਜੀਤ ਕੌਰ ਆਦਿ ਸ਼ਾਮਲ ਹਨ।ਇਸ ਮੌਕੇ ਸਾਥੀ ਚੇਅਰਮੈਨ ਅਵਤਾਰ ਸਿੰਘ ਪੱਖੋਕੇ, ਬਾਬਾ ਬਲਕਾਰ ਸਿੰਘ ਪੱਖੋਕੇ, ਸਾਬਕਾ ਸਰਪੰਚ ਰਛਪਾਲ ਸਿੰਘ ਪਾਲਾ, ਸਾਬਕਾ ਸਰਪੰਚ ਮੁਖਤਿਆਰ ਸਿੰਘ, ਸਾਬਕਾ ਸਰਪੰਚ ਜਸਪ੍ਰੀਤ ਸਿੰਘ ਰਾਣਾ, ਸੋਨੀ ਜਹਾਂਗੀਰ, ਤਸਬੀਰ ਸਿੰਘ ਪੱਪਾ, ਭਲਵਾਨ ਜਗੀਰ ਸਿੰਘ, ਸਾਬਕਾ ਮੈਂਬਰ ਕੇਵਲ ਸਿੰਘ, ਸਾਬਕਾ ਮੈਂਬਰ ਮੰਗਲ ਸਿੰਘ, ਮੰਗਲ ਸਿੰਘ, ਸਾਬਕਾ ਸਰਪੰਚ ਮਨਦੀਪ ਸਿੰਘ ਸੋਨੀ ਸ਼ੇਖਫੱਤਾ, ਜਤਿੰਦਰ ਸਿੰਘ ਰਾਜਾ, ਜਤਿੰਦਰ ਸਿੰਘ ਬਾਸੀ, ਮਨਿੰਦਰ ਸਿੰਘ, ਗੁਰਵਤਨ ਸਿੰਘ, ਰਾਜੂ ਨੰਬਰਦਾਰ ਆਦਿ ਸਾਥੀਆਂ ਨੇ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ।



# ਕੈਬਨਿਟ ਮੰਤਰੀ ਵੱਲੋਂ ਡਿਸਟਰੀਊਟਰੀ ਦੀ ਕੰਕਰੀਟ ਲਾਈਨਿੰਗ ਪ੍ਰੋਜੈਕਟ ਦਾ ਉਦਘਾਟਨ

## ਲੰਬੀ ਹਲਕੇ ਦੇ ਪਿੰਡਾਂ ਨੂੰ ਸਿੰਚਾਈ ਲਈ ਮਿਲੇਗਾ ਪੂਰਾ ਪਾਣੀ-ਖੁੱਡੀਆਂ

**ਲੰਬੀ/ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ/ਓਮ ਪ੍ਰਕਾਸ਼ ਸੇਖੂ)**- ਪੰਜਾਬ ਸਰਕਾਰ ਵੱਲੋਂ ਟੇਲਾਂ 'ਤੇ ਪੈਂਦੀਆਂ ਜ਼ਮੀਨਾਂ ਦੇ ਕਿਸਾਨਾਂ ਨੂੰ ਸਿੰਚਾਈ ਲਈ ਪੂਰਾ ਪਾਣੀ ਉਪਲਬੱਧ ਕਰਵਾਇਆ ਜਾ ਰਿਹਾ ਹੈ ਤੇ ਕਿਸਾਨਾਂ ਲਈ ਨਹਿਰੀ ਪਾਣੀ ਦੀ ਸਮਰੱਥਾ ਵਧਾਉਣ ਲਈ 15 ਹਜ਼ਾਰ ਕਿਲੋਮੀਟਰ ਤੋਂ ਵੱਧ ਨਹਿਰਾਂ, ਰਜਬਾਹੇ, ਕੱਸੀਆਂ ਨੂੰ ਪੱਕਾ ਕੀਤਾ ਹੈ ਤੇ ਜ਼ਮੀਨਦੋਜ਼ ਪਾਈਪਾਂ ਪਾਈਆਂ ਗਈਆਂ ਹਨ।ਇਹ ਪ੍ਰਗਟਾਵਾ ਸ੍ਰ. ਗੁਰਮੀਤ ਸਿੰਘ ਖੁੱਡੀਆ ਖੇਤੀਬਾੜੀ, ਪਸ਼ੂ ਪਾਲਣ ਤੇ ਡੇਅਰੀ ਵਿਕਾਸ ਮੰਤਰੀ ਪੰਜਾਬ ਨੇ ਨਿਊ ਅਬੁੱਲ ਖੁਰਾਣਾ ਡਿਸਟਰੀਊਟਰੀ ਦੀ ਕੰਕਰੀਟ ਲਾਈਨਿੰਗ ਪ੍ਰੋਜੈਕਟ ਦਾ ਉਦਘਾਟਨ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ 17 ਕਿਲੋਮੀਟਰ ਲੰਬੇ ਨਿਊ ਅਬੁੱਲ ਖੁਰਾਣਾ ਡਿਸਟਰੀਊਟਰੀ ਦੀ ਕੰਕਰੀਟ ਲਾਈਨਿੰਗ ਪ੍ਰੋਜੈਕਟ 'ਤੇ ਪੰਜਾਬ ਸਰਕਾਰ ਵੱਲੋਂ 6 ਕਰੋੜ 50 ਲੱਖ ਰੁਪਏ ਖਰਚ ਕੀਤੇ ਗਏ ਹਨ, ਇਹ ਰਜਬਾਹਾ 40 ਸਾਲ ਪਹਿਲਾਂ ਬਣਾਇਆ ਗਿਆ ਸੀ।ਇਸ ਰਜਬਾਹੇ ਦੀ ਰੀਲਾਈਨਿੰਗ ਨਾਲ ਪਿੰਡ ਥਰਾਜਵਾਲਾ, ਦਿਉਣ



ਖੇੜਾ, ਅਬੁਲ ਖੁਰਾਣਾ, ਡੱਬਵਾਲੀ ਮਲਕੋ ਕੀ, ਲਾਲ ਬਾਈ, ਤੱਪਾ ਖੇੜਾ, ਕੋਲਿਆਂਵਾਲੀ ਆਦਿ ਦੇ ਰਕਬੇ ਨੂੰ ਸਿੰਚਾਈ ਲਈ ਪੂਰਾ ਪਾਣੀ ਮਿਲੇਗਾ। ਉਨ੍ਹਾਂ ਦੱਸਿਆ ਕਿ ਖੇਤੀਬਾੜੀ ਲਈ ਜਿੱਥੇ ਪਹਿਲਾਂ 33 ਪ੍ਰਤੀਸ਼ਤ ਪਾਣੀ ਹੀ ਮਿਲਦਾ ਹੈ, ਹੁਣ ਸਿੰਚਾਈ ਵਿਭਾਗ ਦੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਲਿਆਉਣ ਨਾਲ 75 ਪ੍ਰਤੀਸ਼ਤ ਪਾਣੀ ਉਪਲਬੱਧ ਹੋਣਾ ਸ਼ੁਰੂ ਹੋ ਗਿਆ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਅਬੋਹਰ ਤੇ ਫਾਜ਼ਿਲਕਾ ਇਲਾਕਿਆਂ ਦੇ ਟੇਲਾਂ 'ਤੇ ਪੈਂਦੇ ਪਿੰਡਾਂ ਤੱਕ ਪਾਣੀ ਪੂਰੀ ਮਾਤਰਾ ਵਿੱਚ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਦੇ ਖੇਤਾਂ ਵਿੱਚ ਬਨਣ ਵਾਲੇ ਖਾਲਿਆਂ ਤੇ ਰਜਬਾਹਿਆਂ ਦੇ ਪੁਨਰ ਨਿਰਮਾਣ 'ਤੇ ਖੁਦ ਨਿਗਰਾਨੀ ਕਰਦੇ ਰਹਿਣ ਤਾਂ ਜੋ ਭਵਿੱਖ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ।ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਵੱਖ-ਵੱਖ ਭਲਾਈ ਸਕੀਮਾਂ ਸਬੰਧੀ ਵੀ ਲੋਕਾਂ ਨੂੰ ਜਾਣੂੰ ਕਰਵਾਇਆ।ਇਸ ਮੌਕੇ ਸ੍ਰੀ ਪੰਕਜ ਕੁਮਾਰ ਐੱਸ.ਡੀ.ਐੱਮ. ਮਲੋਟ, ਡਾ. ਗੁਰਦਿੱਤ ਸਿੰਘ ਡਿਪਟੀ ਡਾਇਰੈਕਟਰ ਪਸ਼ੂ ਪਾਲਣ, ਐਕਸੀਅਨ ਅਰਸ਼ਦੀਪ ਸਿੰਘ ਸਿੱਧੂ, ਬੀ.ਡੀ.ਪੀ.ਓ. ਲੰਬੀ ਰਕੇਸ਼ ਬਿਸ਼ਨੋਈ, ਸੁਖਵਿੰਦਰ ਸਿੰਘ ਐੱਸ.ਡੀ.ਓ. ਸਿੰਚਾਈ, ਨਿਰਜੀਵ ਸਿੰਘ ਸਰਪੰਚ ਤੱਪਾ ਖੇੜਾ, ਵਿੱਕੀ ਸਰਪੰਚ ਅਬੁਲ ਖੁਰਾਣਾ, ਪੀ.ਏ. ਗੁਰਬਾਜ ਖੁੱਡੀਆ, ਮੀਡੀਆ ਐਡਵਾਈਜ਼ਰ ਮੋਹਿਤ ਸੋਨੀ ਆਦਿ ਮੌਜੂਦ ਸਨ।

# ਅਨਮੋਲ ਵੈੱਲਫੇਅਰ ਕਲੱਬ ਦੀ ਕਾਰਜਕਾਰੀ ਕਮੇਟੀ ਭੰਗ, 24 ਨੂੰ ਨਵਾਂ ਐਲਾਨ : ਰਾਜੇਸ਼ ਅਰੋੜਾ

**ਮੋਗਾ (ਇਕਬਾਲ ਸਿੰਘ ਖਹਿਰਾ)**- ਅਨਮੋਲ ਵੈੱਲਫੇਅਰ ਕਲੱਬ ਮੋਗਾ ਦੀ ਇੱਕ ਵਿਸ਼ੇਸ਼ ਮੀਟਿੰਗ ਭਾਰਤ ਮਾਤਾ ਮੰਦਰ ਦੇ ਹਾਲ ਵਿੱਚ ਹੋਈ, ਜਿਸ ਦੀ ਪ੍ਰਧਾਨਗੀ ਕਲੱਬ ਦੇ ਪ੍ਰਧਾਨ



ਰਾਜੇਸ਼ ਅਰੋੜਾ ਨੇ ਕੀਤੀ।ਇਸ ਮੀਟਿੰਗ ਦੌਰਾਨ ਮੈਂਬਰ ਹਰੀਚੰਦ ਸਿੰਗਲਾ, ਵਿਵੇਕ ਮਜੀਠੀਆ, ਐਡਵੋਕੇਟ ਪ੍ਰਵੀਨ ਸਚਦੇਵਾ, ਗੌਰਵ ਜਿੰਦਲ, ਅਕਸ਼ੈ ਗੁਲਾਟੀ, ਗਗਨ ਮਿੱਤਲ, ਪ੍ਰਹਿਲਾਦ ਕਾਲੜਾ, ਚਮਨ ਲਾਲ ਮਿੱਤਲ, ਜਗਚਨਨ ਸਿੰਘ ਜੱਗੀ, ਅਜੈ ਮੋਂਗਾ, ਰਾਹੁਲ ਅਰੋੜਾ, ਜਗਜੀਵ ਧੀਰ, ਪਵਨ ਆਹੂਜਾ, ਅਸ਼ਵਨੀ ਆਹੂਜਾ, ਅਸ਼ੋਕ ਅਰੋੜਾ, ਦੀਪਕ ਸ਼ਰਮਾ, ਮਾਨਵ ਕਾਲੜਾ, ਰਾਹੁਲ ਗਰੋਵਰ ਆਦਿ ਮੌਜੂਦ ਸਨ।ਮੀਟਿੰਗ ਦੌਰਾਨ ਕਲੱਬ ਦੇ ਪ੍ਰਧਾਨ ਰਾਜੇਸ਼ ਅਰੋੜਾ ਨੇ ਹਾਜ਼ਰ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਤੇ 2025-26 ਦੇ ਕਾਰਜਕਾਲ ਲਈ ਕਲੱਬ ਦੀ ਕਾਰਜਕਾਰੀ ਕਮੇਟੀ ਨੂੰ ਭੰਗ ਕਰਨ ਦਾ ਐਲਾਨ ਕੀਤਾ।ਉਪਰੰਤ ਕਲੱਬ ਸਕੱਤਰ ਵਿਵੇਕ ਮਜੀਠੀਆ ਤੇ ਕੈਸ਼ੀਅਰ ਐਡਵੋਕੇਟ ਪ੍ਰਵੀਨ ਸਚਦੇਵਾ ਨੇ ਕਲੱਬ ਦੇ ਸਾਲਾਨਾ ਵਿੱਤੀ ਖਾਤੇ ਪੇਸ਼ ਕੀਤੇ, ਜਿਨ੍ਹਾਂ ਨੂੰ ਸਾਰੇ ਮੈਂਬਰਾਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦੇ ਦਿੱਤੀ।ਪ੍ਰਧਾਨ ਰਾਜੇਸ਼ ਅਰੋੜਾ ਨੇ ਐਲਾਨ ਕੀਤਾ ਕਿ 2026-27 ਕਾਰਜਕਾਲ ਲਈ ਨਵੀਂ ਕਾਰਜਕਾਰੀ ਕਮੇਟੀ 24 ਮਈ ਨੂੰ ਘੋਸ਼ਿਤ ਕੀਤੀ ਜਾਵੇਗੀ, ਇਸ ਪ੍ਰਕਿਰਿਆ ਵਿੱਚ ਪ੍ਰਧਾਨ, ਸੰਸਥਾਪਕ, ਸਕੱਤਰ, ਕੈਸ਼ੀਅਰ, ਉਪ ਪ੍ਰਧਾਨ, ਪ੍ਰੋਜੈਕਟ ਚੇਅਰਮੈਨ ਤੇ ਹੋਰ ਕਈ ਭੂਮਿਕਾਵਾਂ ਸਮੇਤ ਮੁੱਖ ਅਹੁਦਿਆਂ ਲਈ ਵਿਅਕਤੀਆਂ ਦੀ ਚੋਣ ਸ਼ਾਮਲ ਹੋਵੇਗੀ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਕਲੱਬ ਦਾ ਮੈਂਬਰ ਬਣਨ ਵਿੱਚ ਦਿਲਚਸਪੀ ਰੱਖਣ ਵਾਲੇ ਕਿਸੇ ਵੀ ਵਿਅਕਤੀ ਦਾ 24 ਮਈ ਨੂੰ ਨਵੀਂ ਕਾਰਜਕਾਰੀ ਕਮੇਟੀ ਸੰਬੰਧੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸਵਾਗਤ ਹੈ।ਉਨ੍ਹਾਂ ਕਿਹਾ ਕਿ ਕਲੱਬ ਧਾਰਮਿਕ ਗਤੀਵਿਧੀਆਂ ਤੇ ਮਨੁੱਖਤਾ ਦੀ ਭਲਾਈ ਦੇ ਕੰਮ ਨਿਰੰਤਰ ਜਾਰੀ ਰੱਖੇਗਾ।

## ਪਰਲ ਪੀੜਤਾਂ ਨੂੰ ਇਨਸਾਫ਼ ਦਿਵਾਉਣ ਨਾਇਬ ਸਿੰਘ ਸੈਣੀ ਨਾਲ ਕੀਤੀ ਮੁਲਾਕਾਤ

**ਧੂਰੀ (ਬਿੰਨੀ ਗਰਗ)** ਭਾਜਪਾ ਦੇ ਸੰਘਰਸ਼ੀ ਤੇ ਸੀਨੀਅਰ ਆਗੂ ਜਸਵਿੰਦਰ ਸਿੰਘ ਰਿਖੀ ਨੇ ਪਰਲ ਗਰੁੱਪ 'ਚ ਆਪਣੀ ਜੀਵਨ ਭਰ ਦੀ ਕਮਾਈ ਲਾਉਣ ਵਾਲੇ ਲੱਖਾਂ ਪੀੜਤ ਨਿਵੇਸ਼ਕਾਂ ਦੇ ਹੱਕਾਂ ਦੀ



ਲੜਾਈ ਨੂੰ ਅੱਗੇ ਵਧਾਉਂਦੇ ਹੋਏ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਜੀ ਨਾਲ ਵਿਸ਼ੇਸ਼ ਮੁਲਾਕਾਤ ਕੀਤੀ।ਉਨ੍ਹਾਂ ਨੇ ਮੁੱਖ ਮੰਤਰੀ ਨੂੰ ਪਰਲ ਪੀੜਤਾਂ ਦੀ ਲੰਮੇ ਸਮੇਂ ਤੋਂ ਚੱਲ ਰਹੀ ਪੀੜਾ ਤੇ ਆਰਥਿਕ ਤੰਗੀ ਬਾਰੇ ਵਿਸਥਾਰ ਨਾਲ ਜਾਣੂ ਕਰਾਇਆ।ਉਨ੍ਹਾਂ ਕਿਹਾ ਕਿ ਇਹ ਮਾਮਲਾ ਕਈ ਸਾਲਾਂ ਤੋਂ ਅਦਾਲਤੀ ਕਾਰਵਾਈ ਹੇਠ ਹੈ ਤੇ ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਦੇ ਬਾਵਜੂਦ ਅਜੇ ਤੱਕ ਪੀੜਤਾਂ ਨੂੰ ਕੋਈ ਢੁੱਕਵੀਂ ਰਾਹਤ ਨਹੀਂ ਮਿਲੀ।ਬਹੁਤ ਸਾਰੇ ਪਰਵਾਰ ਆਪਣੀ ਜਮਾਂ ਪੂੰਜੀ ਵਾਪਸ ਨਾ ਮਿਲਣ ਕਰਕੇ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਹਨ।ਜਸਵਿੰਦਰ ਸਿੰਘ ਰਿਖੀ ਨੇ ਮੰਗ ਕੀਤੀ ਕਿ ਕੇਂਦਰ ਤੇ ਸੰਬੰਧਤ ਰਾਜ ਸਰਕਾਰਾਂ ਮਿਲ ਬੈਠ ਕੇ ਇਸ ਮਾਮਲੇ ਦਾ ਜਲਦ ਤੋਂ ਜਲਦ ਸਥਾਈ ਹੱਲ ਕੱਢਣ ਅਤੇ ਪੀੜਤਾਂ ਦੀ ਰਕਮ ਵਾਪਸੀ ਲਈ ਸਪਸ਼ਟ ਟਾਈਮਲਾਈਨ ਤੈਅ ਕੀਤੀ ਜਾਵੇ।ਨਾਇਬ ਸੈਣੀ ਜੀ ਨੇ ਇਸ ਮਸਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਭਰੋਸਾ ਦਿੱਤਾ ਕਿ ਜਲਦ ਹੀ ਕੇਂਦਰੀ ਵਿੱਤ ਮੰਤਰੀ ਨਾਲ ਰਾਬਤਾ ਕਰਕੇ ਇਸ ਮਾਮਲੇ ਦੇ ਹੱਲ ਲਈ ਢੁੱਕਵੇਂ ਅਤੇ ਪ੍ਰਭਾਵਸ਼ਾਲੀ ਕਦਮ ਚੁੱਕੇ ਜਾਣਗੇ।ਉਨ੍ਹਾਂ ਕਿਹਾ ਕਿ ਪਰਲ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਸਰਕਾਰ ਵਚਨਬੱਧ ਹੈ।

## ਕਰੀਪੁਰ ਡੁੰਬ ਸਕੂਲ ਲਈ ਗ੍ਰਾਮ ਪੰਚਾਇਤ ਤੇ ਅਧਿਆਪਕਾਂ ਵੱਲੋਂ ਰਾਸ਼ੀ ਭੇਟ

**ਮਾਨਸਾ (ਆਤਮਾ ਸਿੰਘ ਪਮਾਰ)** ਪਿੰਡ ਕਰੀਪੁਰ ਡੁੰਬ ਦੀ ਗ੍ਰਾਮ ਪੰਚਾਇਤ ਅਤੇ ਸਮੂਹ ਅਧਿਆਪਕ ਵੱਲੋਂ ਸਰਕਾਰੀ ਸਕੂਲ ਦੀ ਬਿਹਤਰੀ ਲਈ ਸ਼ਲਾਘਾਯੋਗ ਉਪਰਾਲਾ ਕੀਤਾ ਗਿਆ। ਗ੍ਰਾਮ ਪੰਚਾਇਤ ਤੇ ਅਧਿਆਪਕ ਸਾਹਿਬਾਨਾਂ ਨੇ ਮੌਜੂਦਾ ਸਰਪੰਚ ਮੱਖਣ ਮੁਨੀ ਦੀ ਮੱਦਦ ਨਾਲ ਕਰੀਬ 1 ਲੱਖ 10 ਹਜ਼ਾਰ ਰੁਪਏ ਦੀ ਰਾਸ਼ੀ ਇਕੱਠੀ ਕਰਕੇ ਸਕੂਲ 'ਚ ਲੋੜੀਂਦੀਆਂ ਸੁਵਿਧਾਵਾਂ ਦਾ ਪ੍ਰਬੰਧ ਕੀਤਾ।ਇਸ ਰਾਸ਼ੀ ਨਾਲ ਸਕੂਲ ਲਈ 3 ਕੂਲਰ, ਇੱਕ ਪ੍ਰਿੰਟਰ, ਇੱਕ ਇਨਵਰਟਰ ਬੈਟਰੀ ਖਰੀਦੀ ਗਈ ਅਤੇ ਦਫ਼ਤਰ 'ਚ ਨਵਾਂ ਫ਼ਰਸ਼ ਵੀ ਲਾਇਆ ਗਿਆ।ਇਸ ਉਪਰਾਲੇ ਨਾਲ ਵਿਦਿਆਰਥੀਆਂ ਤੇ ਸਕੂਲ ਸਟਾਫ਼ ਨੂੰ ਗਰਮੀ ਦੇ ਮੌਸਮ 'ਚ ਵੱਡੀ ਰਾਹਤ ਮਿਲੇਗੀ ਅਤੇ ਸਕੂਲ ਦੇ ਦਫ਼ਤਰੀ ਕੰਮਾਂ ਲਈ ਵੀ ਸੁਵਿਧਾ ਹੋਵੇਗੀ।ਪਿੰਡ ਵਾਸੀਆਂ ਵੱਲੋਂ ਗੁਰਦੁਆਰਾ ਸਾਹਿਬ ਕਰੀਪੁਰ ਡੁੰਬ 'ਚ ਇੱਕ ਵਿਸ਼ੇਸ਼ ਸਮਾਗਮ ਕਰਾ ਕੇ ਅਧਿਆਪਕ ਸਾਹਿਬਾਨਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸਨਮਾਨਤ ਵੀ ਕੀਤਾ ਗਿਆ।ਪਿੰਡ ਵਾਸੀਆਂ ਨੇ ਕਿਹਾ ਕਿ ਸਕੂਲ ਦੇ ਵਿਕਾਸ ਲਈ ਪੰਚਾਇਤ ਅਤੇ ਅਧਿਆਪਕਾਂ ਦਾ ਇਹ ਯੋਗਦਾਨ ਦੂਜਿਆਂ ਲਈ ਵੀ ਪ੍ਰੇਰਣਾ ਸ੍ਰੋਤ ਬਣੇਗਾ।ਸਕੂਲ ਇੰਚਾਰਜ ਸਾਹਿਲ ਸਿੰਗਲਾ, ਵਿਰੇਂਦਰ ਕੁਮਾਰ ਤੇ ਵਲੈਤੀ ਰਾਮ ਸਮੇਤ ਹੋਰ ਪਤਵੰਤੇ ਸਜਣ ਵੀ ਮੌਜੂਦ ਸਨ।



## ਇਨਰਵ੍ਹੀਲ ਕਲੱਬ ਮਿਡ ਟਾਊਨ ਨੇ 25 ਟੀ ਬੀ ਮਰੀਜ਼ਾਂ ਨੂੰ ਲਿਆ ਗੋਦ

**ਲੁਧਿਆਣਾ (ਰਾਜ ਸਿੰਗਲਾ)**- ਟੀਬੀ ਮੁਕਤ ਭਾਰਤ ਨਿਕਸ਼ੇ ਮਿੱਤਰ ਪਹਿਲਕਦਮੀ ਦੇ ਤਹਿਤ ਇਨਰਵ੍ਹੀਲ ਕਲੱਬ ਮਿਡ ਟਾਊਨ ਦੇ ਮੈਂਬਰਾਂ ਨੇ ਟੀਬੀ ਮੁਕਤ ਜ਼ਿਲ੍ਹੇ ਵੱਲ ਚੱਲ ਰਹੇ ਯਤਨਾਂ ਦੇ ਹਿੱਸੇ ਵਜੋਂ ਪੋਸ਼ਣ ਤੇ ਸਮਾਜਿਕ ਸਹਾਇਤਾ ਪ੍ਰਦਾਨ ਕਰਨ ਲਈ 25 ਟੀਬੀ ਮਰੀਜ਼ਾਂ ਨੂੰ ਗੋਦ ਲਿਆ ਹੈ।ਇਸ ਪਹਿਲਕਦਮੀ ਦੇ ਤਹਿਤ ਹੋਰ ਮਰੀਜ਼ ਵੀ ਗੋਦ ਲੈਣ ਦੀ ਯੋਜਨਾ ਵੱਖ-ਵੱਖ ਸੰਗਠਨਾਂ ਤੇ ਹਿੱਸੇਦਾਰਾਂ ਨਾਲ ਤਾਲਮੇਲ ਕਰਕੇ ਬਣਾਈ ਜਾ ਰਹੀ ਹੈ।ਗੋਦ ਲਏ ਗਏ ਮਰੀਜ਼ਾਂ ਨੂੰ ਪੋਸ਼ਣ ਸਹਾਇਤਾ ਕਿੱਟਾਂ ਦੀ ਵੰਡ ਦਫਤਰ ਡਿਪਟੀ ਕਮਿਸ਼ਨਰ ਲੁਧਿਆਣਾ ਦੀ ਨਿਗਰਾਨੀ ਹੇਠ ਗਈ ਤਾਂ ਜੋ ਸਹੀ ਨਿਗਰਾਨੀ ਤੇ ਸਮੇਂ ਸਿਰ ਸਹਾਇਤਾ ਨੂੰ ਯਕੀਨੀ ਬਣਾਇਆ ਜਾ ਸਕੇ।ਭਾਗੀਦਾਰੀ, ਸਹਾਇਤਾ ਜਾਂ ਸੰਬੰਧਤ ਜਾਣਕਾਰੀ ਲਈ ਇੱਕ ਸਮਰਪਤ ਹੈਲਪਲਾਈਨ 6361209985 'ਤੇ ਵੀ ਉਪਲਬਧ ਕਰਵਾਈ ਗਈ ਹੈ।

# ਜੀ ਟੀ ਬੀ ਵੱਲੋਂ ਅੱਵਲ ਰਹੇ ਵਿਦਿਆਰਥੀਆਂ ਦਾ ਸਨਮਾਨ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** : ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਦੇ ਵਿਦਿਆਰਥੀਆਂ ਦਾ ਸੀਬੀਐੱਸਈ ਵੱਲੋਂ ਐਲਾਨਿਆ ਗਿਆ ਬਾਰਵੀਂ ਜਮਾਤ ਦਾ ਨਤੀਜਾ ਸ਼ਾਨਦਾਰ



ਰਹਿਣ 'ਤੇ ਸਨਮਾਨ ਸਮਾਗਮ ਕਰਵਾਇਆ ਗਿਆ, ਜਿਸ ਦੌਰਾਨ ਨਤੀਜਿਆਂ ਵਿੱਚ ਅੱਵਲ ਰਹਿਣ ਵਾਲੇ ਵਿਦਿਆਰਥੀਆਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ।

ਪ੍ਰਿੰਸੀਪਲ ਗੁਰਪ੍ਰੀਤ ਕੌਰ ਦੀ ਅਗਵਾਈ 'ਚ ਕਰਵਾਏ ਗਏ ਇਸ ਸਮਾਗਮ 'ਚ ਸਕੂਲ ਟਰੱਸਟ ਦੇ ਚੇਅਰਮੈਨ ਸੁਖਜੀਤ ਸਿੰਘ ਹੈਪੀ ਕਾਲੇਕਾ ਤੇ ਹੋਰ ਮੈਂਬਰਾਂ ਵੱਲੋਂ ਅੱਵਲ ਰਹੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਗੁਰਪ੍ਰੀਤ ਕੌਰ ਨੇ ਦੱਸਿਆ ਕਿ ਇਸ ਪ੍ਰੀਖਿਆ ਵਿੱਚ 120 ਵਿਦਿਆਰਥੀਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚੋਂ ਕਾਮਰਸ ਗਰੁੱਪ ਵਿੱਚ ਰੂਹਾਨੀ ਨੇ 96.4 ਫੀਸਦੀ ਅੰਕ ਲੈ ਕੇ ਪਹਿਲਾ, ਰਵਨੀਤ ਸ਼ਰਮਾ ਨੇ 95 ਫੀਸਦੀ ਅੰਕ ਲੈ ਕੇ ਦੂਸਰਾ, ਮੁਸਕਾਨ ਨੇ 94.4 ਫੀਸਦੀ ਅੰਕ ਲੈ ਕੇ ਤੀਸਰਾ ਤੇ ਸੰਦੀਪ ਕੌਰ ਨੇ 91.4 ਫੀਸਦੀ ਅੰਕ ਲੈ ਕੇ ਚੌਥਾ ਸਥਾਨ ਹਾਸਲ ਕੀਤਾ ਹੈ। ਸਾਇੰਸ ਗਰੁੱਪ ਵਿੱਚ ਐਸ਼ਪ੍ਰੀਤ ਕੌਰ ਨੇ 94 ਫੀਸਦੀ, ਭਾਵਨਾ ਨੇ 91 ਫੀਸਦੀ, ਪਿਯੂਸ਼ ਗੁਪਤਾ ਨੇ 90.6 ਫੀਸਦੀ ਤੇ ਵਿਕਰਮਜੀਤ ਸਿੰਘ ਨੇ 90 ਫੀਸਦੀ ਅੰਕ ਪ੍ਰਾਪਤ ਕੀਤੇ। ਆਰਟਸ ਗਰੁੱਪ ਵਿੱਚ ਹਰਤੇਜ ਸਿੰਘ ਨੇ 96 ਫੀਸਦੀ, ਦੀਪਤੀ ਸ਼ਰਮਾ ਨੇ 94 ਫੀਸਦੀ, ਖੁਸ਼ਪ੍ਰੀਤ ਕੌਰ ਨੇ 93 ਫੀਸਦੀ, ਰਤਨ ਸ਼ਰਮਾ ਨੇ 91 ਫੀਸਦੀ, ਮਨਵਦੀਪ ਸਿੰਘ ਨੇ 90 ਫੀਸਦੀ, ਨਵਜੋਤ ਕੌਰ ਨੇ 90 ਫੀਸਦੀ ਤੇ ਅਨਮੋਲ ਪ੍ਰੀਤ ਕੌਰ ਨੇ 90 ਫੀਸਦੀ ਅੰਕ ਹਾਸਲ ਕੀਤੇ।ਸਕੂਲ ਚੇਅਰਮੈਨ ਸੁਖਜੀਤ ਸਿੰਘ ਕਾਲੇਕਾ ਨੇ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸ਼ਾਨਦਾਰ ਨਤੀਜੇ 'ਤੇ ਵਧਾਈ ਦਿੰਦਿਆਂ ਕਿਹਾ ਕਿ ਇਸ ਸ਼ਾਨਦਾਰ ਨਤੀਜੇ ਪਿੱਛੇ ਵਿਦਿਆਰਥੀਆਂ ਦੀ ਲਗਨ ਤੇ ਸਖ਼ਤ ਮਿਹਨਤ ਦੇ ਨਾਲ-ਨਾਲ ਪ੍ਰਿੰਸੀਪਲ ਗੁਰਪ੍ਰੀਤ ਕੌਰ ਦੀ ਯੋਗ ਅਗਵਾਈ ਤੇ ਅਧਿਆਪਕਾਂ ਦੀ ਸਖ਼ਤ ਮਿਹਨਤ ਦਾ ਯੋਗਦਾਨ ਹੈ।

# ਨਤੀਜਿਆਂ 'ਚ ਪੈਰਾਡਾਈਜ਼ ਸਕੂਲ ਮੋਹਰੀ ਹੋ ਕੇ ਨਿੱਤਰਿਆ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** : ਸੀਬੀਐੱਸਈ ਬੋਰਡ ਵੱਲੋਂ ਐਲਾਨੇ ਗਏ ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਦਿ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ ਘੱਗਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇਲਾਕੇ ਵਿੱਚ ਆਪਣੀ ਵਿਲੱਖਣਤਾ ਕਾਇਮ ਰੱਖੀ। ਆਰਟਸ ਵਿਸ਼ੇ ਦੀ ਵਿਦਿਆਰਥਣ ਮਨੀਸ਼ਾ ਸ਼ਰਮਾ ਨੇ 98 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਕਾਮਰਸ ਵਿਸ਼ੇ ਦੀਆਂ ਵਿਦਿਆਰਥਣਾਂ ਇਸ਼ਿਕਾ ਸ਼ਰਮਾ ਨੇ 97.2 ਫੀਸਦੀ ਅੰਕ ਲੈ ਕੇ ਦੂਜਾ ਤੇ ਗੁਰਨੂਰ ਕੌਰ ਨੇ 95 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ।ਇਸ ਤੋਂ ਇਲਾਵਾ ਜਪਨੀਤ ਕੌਰ ਨੇ 94.8 ਫੀਸਦੀ, ਯੋਗਿਤਾ ਨੇ 92.5 ਫੀਸਦੀ, ਕੁੰਵਰ ਪ੍ਰਤਾਪ ਸਿੰਘ ਨੇ 91.5 ਫੀਸਦੀ, ਪ੍ਰਤਿਭਾ ਨੇ 91 ਫੀਸਦੀ, ਗੁਰਨੂਰ ਸਿੰਘ ਗੁਰਾਇਆ ਨੇ 91 ਫੀਸਦੀ, ਅਸ਼ਮੀਤ ਕੌਰ, ਪਾਵਨੀ ਤੇ ਮੰਨਤ ਕੌਰ ਨੇ 90 ਫੀਸਦੀ, ਗੁਰਦੀਪ ਕੌਰ, ਨੀਧੀ, ਪ੍ਰਨੀਤ ਕੌਰ, ਸਿਮਰਨਪ੍ਰੀਤ ਕੌਰ ਤੇ ਸੁਖਵੀਰ ਸਿੰਘ ਨੇ 89 ਫੀਸਦੀ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਪ੍ਰਿੰਸੀਪਲ ਡਾ. ਪਰਮਿੰਦਰ ਕੌਰ ਨੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ।ਉਨ੍ਹਾਂ ਦੱਸਿਆ ਕਿ ਸਕੂਲ ਦਾ ਨਤੀਜਾ ਸੌ ਫੀਸਦੀ ਰਿਹਾ ਤੇ 12 ਵਿਦਿਆਰਥੀਆਂ ਨੇ 90 ਫੀਸਦੀ ਤੋਂ ਵੱਧ ਅੰਕ ਪ੍ਰਾਪਤ



ਕੀਤੇ, ਜਦਕਿ 42 ਤੋਂ ਵੱਧ ਵਿਦਿਆਰਥੀਆਂ ਨੇ 85 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕਰਕੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ।ਇਹ ਨਤੀਜੇ ਅਧਿਆਪਕਾਂ ਦੀ ਲਗਨ, ਸਮਰਪਣ ਤੇ ਸਖ਼ਤ ਮਿਹਨਤ ਨੂੰ ਵੀ ਦਰਸਾਉਂਦੇ ਹਨ।ਸਕੂਲ ਚੇਅਰਮੈਨ ਡਾ. ਅੰਮ੍ਰਿਤਪਾਲ ਸਿੰਘ ਕਾਲੇਕਾ ਨੇ ਸਾਰੇ ਹੋਣਹਾਰ ਵਿਦਿਆਰਥੀਆਂ, ਮਾਪਿਆਂ ਤੇ ਅਧਿਆਪਕਾਂ ਨੂੰ ਇਸ ਵੱਡੀ ਸਫ਼ਲਤਾ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਜੀਵਨ ਵਿੱਚ ਲਗਾਤਾਰ ਉੱਨਤੀ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਜੇ ਐੱਨ ਇੰਟਰਨੈਸ਼ਨਲ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ

**ਗੁਰੂ ਹਰ ਸਹਾਏ (ਫ਼ਕੀਰ ਚੰਦ ਸਿਕਰੀ)** ਬਾਰ੍ਹਵੀਂ ਜਮਾਤ ਦੀਆਂ ਸੀ ਬੀ ਐਸ ਈ ਦੀਆਂ ਸਾਲਾਨਾ ਪ੍ਰੀਖਿਆਵਾਂ ਵਿੱਚ ਜੇ.ਐਨ.ਇੰਟਰਨੈਸ਼ਨਲ ਸਕੂਲ, ਸੈਦੇ ਕੇ ਮੋਹਨ ਦੇ ਵਿਦਿਆਰਥੀਆਂ ਦਾ ਬਾਰਵੀਂ ਜਮਾਤ ਦਾ ਸਾਲਾਨਾ ਨਤੀਜਾ ਸ਼ਾਨਦਾਰ ਰਿਹਾ। ਜੇ. ਐਨ. ਇੰਟਰਨੈਸ਼ਨਲ ਸਕੂਲ ਦੇ



ਵਿਦਿਆਰਥੀਆਂ ਨੇ ਬਾਰ੍ਹਵੀਂ ਜਮਾਤ ਦੀਆਂ ਸਾਲਾਨਾ ਪ੍ਰੀਖਿਆ ਵਿੱਚ ਬਹੁਤ ਹੀ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਅਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ। ਸਕੂਲ ਦੇ ਪ੍ਰਿੰਸੀਪਲ ਡਾਕਟਰ ਰਵਿੰਦਰ ਕੁਮਾਰ ਨੇ ਦੱਸਿਆ ਕਿ ਚੰਗਾ ਪ੍ਰਦਰਸ਼ਨ ਕਰਦੇ ਹੋਏ ਤਮੰਨਾ ਨੇ 94% , ਪਰਨੀਤ 91.8%, ਮਨੀਸ਼ਾ 91.4%, ਲਵਪ੍ਰੀਤ ਸਿੰਘ 88.6%, ਸੋਨਮ ਕੰਬੋਜ 88.6%, ਪ੍ਰਭਨੂਰ 86.8%, ਅੰਜੂ ਰਾਣੀ 85.8%, ਮਨਪ੍ਰੀਤ ਕੌਰ 85.8%, ਅਰਮਾਨ ਕੰਬੋਜ 85.6%, ਅਰਪਣਪ੍ਰੀਤ ਕੌਰ 84.4%, ਏਕਮ ਪ੍ਰੀਤ 84%, ਅਲ੍ਹਾਈਜੋਤ 83.8%, ਨੀਲਮ ਰਾਣੀ 82.8% ਅਰਮਾਨਦੀਪ 82.2% ਪਾਰਥ ਅਗਰਵਾਲ 82.2% ਸ਼ਿਵਮ 81.6% ਪ੍ਰਿੰਸ 80.4% ਗੁਰਵਿੰਦਰ 80% ਰਵਿਆ ਕੰਬੋਜ਼ 80% ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਇਸ ਤਰ੍ਹਾਂ ਹੀ ਬਾਕੀ ਵਿਦਿਆਰਥੀਆਂ ਨੇ ਵੀ ਆਪਣੀ ਮਿਹਨਤ ਅਨੁਸਾਰ ਚੰਗੇ ਨੰਬਰ ਹਾਸਿਲ ਕੀਤੇ। ਸਕੂਲ ਦੇ ਪ੍ਰਿੰਸੀਪਲ ਡਾ. ਰਵਿੰਦਰ ਕੁਮਾਰ ਨੇ ਦੱਸਿਆ ਕਿ ਸਕੂਲ ਦਾ ਸਾਲਾਨਾ ਨਤੀਜਾ ਬਹੁਤ ਸ਼ਾਨਦਾਰ ਰਿਹਾ ਹੈ ਤੇ ਵਿਦਿਆਰਥੀ ਬਹੁਤ ਵਧੀਆ ਨੰਬਰਾਂ ਨਾਲ ਪਾਸ ਹੋਏ ਹਨ।

# ਹੈਲਿਕਸ ਸਕੂਲ ਦੇ ਦਸਵੀਂ, ਬਾਰ੍ਹਵੀਂ ਦੇ ਸ਼ਾਨਦਾਰ ਨਤੀਜੇ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**- ਹੈਲਿਕਸ ਆਕਸਫੋਰਡ ਸਮਾਰਟ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦਸਵੀਂ ਤੇ ਬਾਰ੍ਹਵੀਂ ਦੀਆਂ ਪ੍ਰੀਖਿਆਵਾਂ ਵਿੱਚ ਜ਼ਿਲ੍ਹਾ ਪੱਧਰ 'ਤੇ ਸ਼ਾਨਦਾਰ ਪ੍ਰਾਪਤੀ ਕੀਤੀ ਹੈ।ਸਕੂਲ ਪ੍ਰਿੰਸੀਪਲ ਅਮਰਜੋਤ ਕੌਰ ਨੇ



ਦੱਸਿਆ ਕਿ ਸਕੂਲ ਦੇ ਦੋ ਵਿਦਿਆਰਥੀਆਂ ਨੇ ਦਸਵੀਂ ਕਲਾਸ ਵਿੱਚੋਂ ਦੂਜਾ ਤੇ ਬਾਰ੍ਹਵੀਂ ਦੀ ਵਿਦਿਆਰਥਣ ਚੀਤਿਕਾ ਰਾਣੀ ਨੇ (98.6%) ਅੰਕ ਹਾਸਲ ਕਰਕੇ ਜ਼ਿਲ੍ਹਾ ਪੱਧਰ 'ਤੇ ਪਹਿਲਾ ਤੇ ਸਾਰੀਆਂ ਸਟਰੀਮਾਂ 'ਚੋਂ ਦੂਜਾ ਸਥਾਨ ਹਾਸਲ ਕਰਕੇ ਸਕੂਲ, ਮਾਪਿਆਂ ਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਹੈ।ਸਕੂਲ ਪ੍ਰਬੰਧਕਾਂ ਤੇ ਸਟਾਫ ਦੀ ਮਿਹਨਤ ਵਿਦਿਆਰਥੀਆਂ ਨੂੰ ਸਫਲਤਾ ਦੀਆਂ ਉਚਾਈਆਂ ਤੱਕ ਪੁਚਾ ਰਹੀ ਹੈ। ਉਨ੍ਹਾਂ ਦੱਸਿਆ ਹੈ ਕਿ ਸਿੱਧੀ ਗੋਇਲ ਨੇ 97 ਫੀਸਦੀ ਅੰਕ ਕਾਮਰਸ ਵਿੱਚੋਂ, ਨਿਗਮ ਗੋਇਲ ਨੇ 96.2 ਅੰਕ ਹਿਊਮੈਨਿਟਿਸ, ਦਿਕਸ਼ਾ ਰਾਣੀ ਨੇ ਮੈਡੀਕਲ ਵਿੱਚੋਂ 95.6% ਅੰਕਾਂ, ਪੂਰਵ ਨੇ ਨਾਨ ਮੈਡੀਕਲ ਵਿੱਚੋਂ 95.4% ਅੰਕਾਂ ਨਾਲ ਪਾਤੜਾਂ ਹਲਕੇ ਵਿੱਚੋਂ ਪਹਿਲਾਂ ਸਥਾਨ ਪ੍ਰਾਪਤ ਕੀਤਾ ਹੈ।ਇਨ੍ਹਾਂ ਨਤੀਜਿਆਂ ਵਿੱਚ 9 ਵਿਦਿਆਰਥੀਆਂ ਨੇ 95% ਤੋਂ ਵੱਧ ਅੰਕ, 18 ਵਿਦਿਆਰਥੀਆਂ ਨੇ 90% ਤੋਂ ਉੱਪਰ ਅਤੇ 64 ਵਿਦਿਆਰਥੀਆਂ ਨੇ 80% ਤੋਂ 90% ਤੱਕ ਤੇ 53 ਵਿਦਿਆਰਥੀਆਂ ਨੇ 70% ਤੋਂ 80% ਅੰਕ, 29 ਵਿਦਿਆਰਥੀਆਂ ਨੇ 60% ਤੋਂ 70% ਅੰਕ ਪ੍ਰਾਪਤ ਕੀਤੇ ਹਨ।ਉਨ੍ਹਾਂ ਕਿਹਾ ਹੈ ਕਿ ਸਕੂਲ ਦਾ ਮੁੱਖ ਉਦੇਸ਼ ਸਿਰਫ਼ ਪ੍ਰੀਖਿਆਵਾਂ ਵਿੱਚ ਵਧੀਆ ਅੰਕ ਲੈਣਾ ਨਹੀਂ, ਸਗੋਂ ਨੀਟ, ਜੇ ਈ ਕਲੈਟ, ਯੂਨੀਵਰਸਿਟੀਆਂ ਤੇ ਵਧੀਆਂ ਕਾਲਜਾਂ ਵਿੱਚ ਦਾਖਲੇ ਦਿਵਾਉਣਾ, ਉੱਚ ਆਦਰਸ਼ਾਂ ਵਾਲਾ ਨਾਗਰਿਕ ਬਣਾਉਣਾ ਹੈ।ਡਾਇਰੈਕਟਰ ਦਵਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਉੱਚ ਪੱਧਰੀ ਨਤੀਜੇ ਪੜ੍ਹ ਰਹੇ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਹਨ।ਸਕੂਲ ਦੇ ਵਾਈਸ ਪ੍ਰਿੰਸੀਪਲ ਮੰਨਤ ਕੌਰ ਹਰੀਕਾ ਨੇ ਕਿਹਾ ਕਿ ਸਕੂਲ ਵਿੱਚ ਖੁਸ਼ੀ ਦਾ ਮਾਹੌਲ ਬਣਿਆ ਹੋਇਆ ਹੈ।

# ਸੱਚਖੰਡ ਹਜ਼ੂਰ ਸਾਹਿਬ ਲੰਗਰਾਂ ਲਈ ਕਣਕ ਦੇ 11 ਟਰੱਕ ਰਵਾਨਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**- ਮਾਛੀਵਾੜਾ ਸਾਹਿਬ ਤੇ ਆਸ-ਪਾਸ ਪਿੰਡਾਂ ਦੀਆਂ ਸੰਗਤਾਂ ਵੱਲੋਂ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਲੰਗਰਾਂ ਲਈ 11 ਟਰੱਕ ਕਣਕ ਦੇ ਰਵਾਨਾ ਕੀਤੇ ਗਏ। ਮਾਛੀਵਾੜਾ ਟਰੱਕ ਯੂਨੀਅਨ ਵਿਖੇ ਇਨ੍ਹਾਂ ਟਰੱਕਾਂ ਨੂੰ ਰਵਾਨਾ ਕੀਤਾ ਗਿਆ। ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ ਮਹਿੰਦਰ ਸਿੰਘ ਸ਼ਾਹ, ਲੱਕੀ ਗਿੱਲ ਨੇ ਦੱਸਿਆ ਕਿ ਮਾਛੀਵਾੜਾ ਸਾਹਿਬ ਦੀਆਂ ਸੰਗਤਾਂ ਵੱਲੋਂ ਪਿਛਲੇ 26 ਸਾਲਾਂ ਤੋਂ ਲੰਗਰਾਂ ਲਈ ਰਸ਼ਦ ਭੇਜਣ ਦੀ ਸੇਵਾ ਜਾਰੀ ਹੈ, ਜਿਸ ਲਈ ਉਹ ਧੰਨਵਾਦੀ ਹਨ। ਉਨ੍ਹਾਂ ਕਿਹਾ ਕਿ ਮਾਛੀਵਾੜਾ ਇਲਾਕੇ ਦੀ ਸੰਗਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਚੱਲਦੇ ਲੰਗਰਾਂ ਲਈ ਆਪਣਾ ਅਹਿਮ ਯੋਗਦਾਨ ਪਾਉਂਦੀ ਹੈ। ਇਸ ਮੌਕੇ ਸਰਕਲ ਜਥੇਦਾਰ ਕੁਲਦੀਪ ਸਿੰਘ ਜਾਤੀਵਾਲ ਨੇ ਦੱਸਿਆ ਕਿ 26 ਸਾਲ ਪਹਿਲਾਂ 2 ਟਰੱਕਾਂ ਨਾਲ ਇਲਾਕੇ ਦੀਆਂ ਸੰਗਤਾਂ ਵੱਲੋਂ ਸੱਚਖੰਡ ਹਜ਼ੂਰ ਸਾਹਿਬ ਵਿਖੇ ਕਣਕ ਭੇਜਣ ਦੀ ਸੇਵਾ ਸ਼ੁਰੂ ਕੀਤੀ ਸੀ ਤੇ ਅੱਜ ਸੰਗਤ ਦਾ ਕਾਫ਼ਿਲਾ ਵੱਡਾ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਗਿਣਤੀ 11 ਟਰੱਕਾਂ ਤੱਕ ਪੁੱਜ ਗਈ ਹੈ। ਉਨ੍ਹਾਂ ਕਿਹਾ ਕਿ ਲੰਗਰਾਂ ਦੀ ਸੇਵਾ ਪਾਉਣ ਲਈ ਮਾਛੀਵਾੜਾ ਇਲਾਕੇ ਤੋਂ ਇਲਾਵਾ ਖੰਨਾ, ਅਮਲੋਹ, ਭਾਦਸੋਂ ਤੇ ਹੋਰ ਪਿੰਡਾਂ ਦੇ ਲੋਕ ਵੀ ਸਹਿਯੋਗ ਦਿੰਦੇ ਹਨ। ਇਸ ਮੌਕੇ ਚਰਨਜੀਤ ਸਿੰਘ ਲੱਖੋਵਾਲ, ਮਹਿੰਦਰ ਸਿੰਘ ਸੈਸੋਂਵਾਲ, ਮੇਵਾ ਸਿੰਘ ਰਾਣਵਾਂ, ਗੁਰਦੇਵ ਸਿੰਘ ਛੌੜੀਆਂ, ਕਾਬਲ ਸਿੰਘ ਅਕਾਲਗੜ੍ਹ, ਮੁਨਸ਼ੀ ਅਵਤਾਰ ਸਿੰਘ ਆਦਿ ਮੌਜੂਦ ਸਨ।

## ਭਾਸ਼ਾ ਵਿਭਾਗ ਪੰਜਾਬ ਪੁਸਤਕ ਮੈਚਿੰਗ ਗ੍ਰਾਂਟ ਸਕੀਮ ਤਹਿਤ ਦਿੱਤੀਆਂ ਜਾਣਗੀਆਂ ਮੁਫ਼ਤ ਪੁਸਤਕਾਂ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**- ਪੰਜਾਬ ਸਰਕਾਰ ਦੀ ਰਹਿਨੁਮਾਈ ਅਤੇ ਨਿਰਦੇਸ਼ਕ ਭਾਸ਼ਾ ਵਿਭਾਗ ਪੰਜਾਬ ਜਸਵੰਤ ਸਿੰਘ ਜ਼ਫ਼ਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਭਾਗ ਦੁਆਰਾ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਦੀ ਲੜੀ ਤਹਿਤ ਪੁਸਤਕ ਮੈਚਿੰਗ ਗ੍ਰਾਂਟ ਯੋਜਨਾ ਤਹਿਤ ਮੁਫ਼ਤ ਪੁਸਤਕਾਂ ਦਿੱਤੀਆਂ ਜਾਣਗੀਆਂ।ਇਸ ਸਕੀਮ ਦਾ ਲਾਭ ਸਕੂਲ, ਕਾਲਜ ਤੇ ਪੇਂਡੂ ਖੇਤਰ ਦੀਆਂ ਲਾਇਬ੍ਰੇਰੀਆਂ ਆਦਿ ਉਠਾ ਸਕਦੇ ਹਨ।ਇਸ ਸਕੀਮ ਅਨੁਸਾਰ ਜਿੰਨੀ ਕੀਮਤ ਦੀਆਂ ਪੁਸਤਕਾਂ ਕੋਈ ਸੰਸਥਾ ਖਰੀਦ ਕਰੇਗੀ, ਓਨੀ ਹੀ ਰਾਸ਼ੀ ਦੀਆਂ ਪੁਸਤਕਾਂ ਮੁਫ਼ਤ ਦਿੱਤੀਆਂ ਜਾਣਗੀਆਂ।ਪਰਮਿੰਦਰ ਸਿੰਘ ਖੋਜ ਅਫ਼ਸਰ, ਜ਼ਿਲ੍ਹਾ ਭਾਸ਼ਾ ਦਫ਼ਤਰ ਫ਼ਾਜ਼ਿਲਕਾ ਨੇ ਸਮੂਹ ਸਕੂਲਾਂ, ਕਾਲਜਾਂ ਅਤੇ ਪੇਂਡੂ ਖੇਤਰ ਦੀਆਂ ਲਾਇਬ੍ਰੇਰੀਆਂ ਨੂੰ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਉਠਾਉਣ ਦੀ ਅਪੀਲ ਕੀਤੀ।ਇਸ ਸਕੀਮ ਤਹਿਤ ਪੁਸਤਕਾਂ ਦੀ ਖਰੀਦ ਲਈ ਚਾਹਵਾਨ ਸੰਸਥਾਵਾਂ, ਆਪਣੀ ਸੰਸਥਾਂ ਦੇ ਲੈਟਰ-ਪੈਡ ਤੇ ਮੁਖੀ ਵੱਲੋਂ ਬੇਨਤੀ-ਪੱਤਰ ਜ਼ਿਲ੍ਹਾ ਭਾਸ਼ਾ ਦਫ਼ਤਰ ਫ਼ਾਜ਼ਿਲਕਾ, ਕਮਰਾ ਨੰ. 313 ਦੂਜੀ ਮੰਜ਼ਿਲ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਫ਼ਾਜ਼ਿਲਕਾ 'ਤੇ ਭੇਜ ਸਕਦੇ ਹਨ।ਉਨ੍ਹਾਂ ਕਿਹਾ ਕਿ ਇਸ ਸਬੰਧੀ ਜ਼ਿਲ੍ਹੇ ਦੇ ਸਮੂਹ ਕਾਲਜਾਂ, ਸਕੂਲਾਂ ਤੇ ਲਾਇਬ੍ਰੇਰੀਆਂ ਨੂੰ ਪੱਤਰ ਰਾਹੀਂ ਵਿਕਰੀ ਕੇਂਦਰ ਵਿੱਚ ਮੌਜੂਦ ਪੁਸਤਕਾਂ ਬਾਰੇ ਸੂਚਿਤ ਵੀ ਕਰ ਦਿੱਤਾ ਗਿਆ ਹੈ।ਉਨ੍ਹਾਂ ਕਿਹਾ ਕਿ ਵਿਭਾਗ ਵੱਲੋਂ ਵਿਸ਼ੇਸ਼ ਛੋਟ ਤੇ ਨਾਮਾਤਰ ਕੀਮਤਾਂ ਤੇ ਕਿਤਾਬਾਂ ਮੁਹੱਈਆ ਕਰਾਈਆਂ ਜਾਂਦੀਆਂ ਹਨ।ਇਹ ਲਾਹੇਵੰਦ ਯੋਜਨਾ ਸੀਮਿਤ ਸਮੇਂ ਲਈ ਉਪਲਬੱਧ ਹੈ, ਇਸ ਲਈ ਇਸ ਯੋਜਨਾ ਦਾ ਵੱਧ ਤੋਂ ਵੱਧ ਲਾਭ ਉਠਾਇਆ ਜਾਵੇ ਤਾਂ ਜੁ ਅਲੋਪ ਹੋ ਰਹੇ ਪੁਸਤਕ ਸੱਭਿਆਚਾਰ ਨੂੰ ਮੁੜ ਸੁਰਜੀਤ ਕਰਕੇ ਚੰਗਾ ਸਮਾਜ ਸਿਰਜਿਆ ਜਾ ਸਕੇ।

## ਜੀ ਹੋਲੀ ਹਾਰਟ ਸਕੂਲ ਨੇ ਨਤੀਜਿਆਂ 'ਚ ਰਚਿਆ ਇਤਿਹਾਸ

**ਮਹਿਲ ਕਲਾਂ (ਬਲਵਿੰਦਰ ਵਜੀਦਕੇ)** ਮੈਨੇਜਿੰਗ ਡਾਇਰੈਕਟਰ ਸੁਸ਼ੀਲ ਗੋਇਲ ਦੀ ਦੂਰਦਰਸ਼ੀ ਰਹਿਨੁਮਾਈ ਹੇਠ ਇੱਕ ਵਾਰ ਫਿਰ 12ਵੀਂ ਬੋਰਡ ਪਰੀਖਿਆਵਾਂ 2025-26 ਵਿੱਚ ਸ਼ਾਨਦਾਰ ਨਤੀਜੇ ਹਾਸਲ ਕਰਦੇ ਹੋਏ। ਆਰਟਸ ਸਟ੍ਰੀਮ ਦੀ ਵਿਦਿਆਰਥਣ ਐਸ਼ਪ੍ਰੀਤ ਕੌਰ ਨੇ 98% ਅੰਕ ਹਾਸਲ ਕਰਕੇ ਜ਼ਿਲ੍ਹਾ ਟਾਪਰ ਬਣਨ ਦਾ ਮਾਣ ਪ੍ਰਾਪਤ ਕੀਤਾ।ਇਸਦੇ ਨਾਲ ਹੀ ਉਸਨੇ ਅੰਗਰੇਜ਼ੀ ਅਤੇ ਪੰਜਾਬੀ ਵਿੱਚ 100/100 ਅੰਕ ਪ੍ਰਾਪਤ ਕਰਕੇ ਆਪਣੀ ਵਿਲੱਖਣ ਪ੍ਰਤਿਭਾ ਦਾ ਪ੍ਰਮਾਣ ਦਿੱਤਾ। ਉਸਦੀ ਇਸ ਸ਼ਾਨਦਾਰ ਉਪਲਬਧੀ 'ਤੇ ਮੈਨੇਜਿੰਗ ਡਾਇਰੈਕਟਰ ਸੁਸ਼ੀਲ ਗੋਇਲ ਨੇ ਉਸ ਨੂੰ ਸਨਮਾਨਤ ਕੀਤਾ ਅਤੇ ਉਸਦੀ ਮਿਹਨਤ, ਸਮਰਪਣ ਅਤੇ ਉੱਤਮ ਪ੍ਰਦਰਸ਼ਨ ਦੀ ਪ੍ਰਸ਼ੰਸਾ ਕੀਤੀ। ਐਸ਼ਪ੍ਰੀਤ ਕੌਰ ਵੱਲੋਂ ਸਕੂਲ ਦੇ ਨਵੇਂ ਬਣੇ ਪੌਡਕਾਸਟ ਸਟੂਡੀਓ ਦਾ ਉਦਘਾਟਨ ਵੀ ਕਰਾਇਆ ਗਿਆ, ਜੋ ਸਕੂਲ ਲਈ ਇੱਕ ਯਾਦਗਾਰ ਪਲ ਬਣਿਆ।ਸਕੂਲ ਨੇ ਕਾਮਰਸ ਸਟ੍ਰੀਮ ਦੇ ਵਿਦਿਆਰਥੀਆਂ ਮਨਵੀਰ ਸਿੰਘ ਤੇ ਸੁਖਮਨਦੀਪ ਕੌਰ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਵੀ ਸਰਾਹਨਾ ਕੀਤੀ, ਜਿਨ੍ਹਾਂ ਨੇ ਬੋਰਡ ਪ੍ਰੀਖਿਆਵਾਂ ਵਿੱਚ 92% ਅੰਕ ਪ੍ਰਾਪਤ ਕੀਤੇ।



## ਐੱਮ ਏ ਐੱਮ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਸੌ ਫੀਸਦੀ ਰਿਹਾ

**ਸਮਰਾਲਾ (ਸੁਰਜੀਤ ਸਿੰਘ)**- ਸਥਾਨਕ ਮੈਕਸ ਆਰਥਰ ਮੈਕਾਲਿਫ ਪਬਲਿਕ ਸਕੂਲ ਦਾ ਬਾਰਵੀਂ ਜਮਾਤ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 100 ਫੀਸਦੀ ਨਤੀਜਾ ਹਾਸਲ ਕੀਤਾ ਹੈ।ਕਾਮਰਸ ਸਟਰੀਮ ਵਿੱਚ ਪਰਮਜੀਤ ਸਿੰਘ ਨਾਗਰਾ ਨੇ 95.4% ਪ੍ਰਾਪਤ ਕਰਕੇ ਪਹਿਲਾ, ਜਾਨਪ੍ਰੀਤ ਸਿੰਘ ਨੇ 91% ਨਾਲ ਦੂਸਰਾ ਤੇ ਮਨਤੇਜ ਕੌਰ ਨੇ 77% ਅੰਕ ਪ੍ਰਾਪਤ ਕਰ ਕੇ ਤੀਸਰਾ ਸਥਾਨ ਪ੍ਰਾਪਤ



ਕੀਤਾ।ਆਰਟਸ ਸਟਰੀਮ ਵਿੱਚ ਜਸਮੀਤ ਸਿੰਘ ਨੇ 92.4% ਅੰਕ ਲੈ ਕੇ ਪਹਿਲਾ, ਕਮਲਜੋਤ ਸਿੰਘ ਨੇ 90.6% ਨਾਲ ਦੂਸਰਾ ਤੇ ਪ੍ਰਨੀਤ ਕੌਰ ਨੇ 80% ਅੰਕ ਹਾਸਲ ਕਰਕੇ ਤੀਸਰਾ ਪ੍ਰਾਪਤ ਕੀਤਾ।ਮੈਡੀਕਲ ਸਟਰੀਮ 'ਚ ਹਰਲੀਨ ਕੌਰ ਨੇ 93% ਅੰਕ ਲੈ ਕੇ ਪਹਿਲਾ, ਨਵਰੀਤ ਕੌਰ ਨੇ 89.2% ਅੰਕ ਲੈ ਕੇ ਦੂਸਰਾ ਤੇ ਸਿਮਰਨਜੋਤ ਨੇ 78.4% ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ।ਨਾਨ-ਮੈਡੀਕਲ ਸਟਰੀਮ ਵਿੱਚ ਤੇਜਸ ਭਾਟੀਆ ਨੇ 80% ਅੰਕ ਲੈ ਕੇ ਪਹਿਲਾ, ਰਵਨੀਤ ਕੌਰ ਨੇ 78.2% ਅੰਕ ਲੈ ਕੇ ਦੂਸਰਾ ਤੇ ਪੁਸ਼ਪਾਕ ਸਿੰਘ ਕੰਗ ਨੇ 78% ਅੰਕ ਹਾਸਲ ਕਰ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਸਕੂਲ ਦੀ ਚੇਅਰਪਰਸਨ ਕੁਲਵਿੰਦਰ ਕੌਰ ਬੈਨੀਪਾਲ, ਪ੍ਰੈਜ਼ੀਡੈਂਟ ਅਨਿਲ ਵਰਮਾ, ਮੈਨੇਜਰ ਰਮਨਦੀਪ ਸਿੰਘ, ਪ੍ਰਿੰਸੀਪਲ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਬੱਚਿਆਂ 'ਚ ਹੋਣ ਵਾਲੀ ਟੀ ਬੀ ਦੀ ਬਿਮਾਰੀ ਸਬੰਧੀ ਕਰਵਾਈ ਟ੍ਰੇਨਿੰਗ

**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**- ਸਿਵਲ ਸਰਜਨ ਸੰਗਰੂਰ ਡਾ. ਅਮਰਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਟੀ ਬੀ ਅਫਸਰ ਡਾ. ਰਾਜਿੰਦਰ ਕੌਰ ਦੀ ਅਗਵਾਈ ਵਿੱਚ ਵਿਸ਼ਵ ਹੈਲਥ ਪਾਰਟਨਰਜ਼ ਤੇ ਸਾਥੀ



ਸੰਸਥਾ ਦੇ ਸਹਿਯੋਗ ਨਾਲ ਬੱਚਿਆਂ ਵਿੱਚ ਹੋਣ ਵਾਲੀ ਟੀ ਬੀ ਦੀ ਬਿਮਾਰੀ ਸਬੰਧੀ ਜ਼ਿਲ੍ਹਾ ਪੱਧਰੀ ਟ੍ਰੇਨਿੰਗ ਕਰਵਾਈ ਗਈ।ਟ੍ਰੇਨਿੰਗ ਦੌਰਾਨ ਡਾ. ਅਮਰਜੀਤ ਕੌਰ ਨੇ ਦੱਸਿਆ ਕਿ ਇਸ ਦਾ ਮੁੱਖ ਉਦੇਸ਼ ਬੱਚਿਆਂ ਵਿੱਚ ਟੀ ਬੀ ਦੇ ਲੱਛਣ, ਇਲਾਜ ਤੇ ਪ੍ਰਬੰਧਨ ਵਿੱਚ ਸਿਹਤ ਪੇਸ਼ੇਵਰਾਂ ਦੇ ਹੁਨਰ ਤੇ ਗਿਆਨ ਨੂੰ ਵਧਾਉਣਾ ਹੈ।ਉਨ੍ਹਾਂ ਕਿਹਾ ਕਿ ਇਸ ਟ੍ਰੇਨਿੰਗ ਵਿੱਚ ਆਰ.ਬੀ.ਐੱਸ.ਕੇ. ਦੇ ਏ.ਐੱਮ.ਓ, ਜ਼ਿਲ੍ਹਾ ਪ੍ਰੋਗਰਾਮ ਅਫਸਰ ਆਈ.ਸੀ.ਡੀ.ਐੱਸ., ਵੱਖ ਵੱਖ ਹਸਪਤਾਲਾਂ ਤੇ ਸੰਸਥਾਵਾਂ ਦੇ ਟੀ.ਬੀ. ਨੋਡਲ ਅਫਸਰ, ਬੱਚਿਆਂ ਦੇ ਮਾਹਰ ਡਾਕਟਰ ਤੇ ਸਟਾਫ ਨਰਸਾਂ ਨੂੰ ਬੱਚਿਆਂ ਵਿੱਚ ਹੋਣ ਵਾਲੀ ਟੀ ਬੀ ਦੀ ਬਿਮਾਰੀ ਦੇ ਲੱਛਣਾਂ ਦੀ ਪਹਿਚਾਣ ਤੇ ਇਲਾਜ ਸਬੰਧੀ ਮਾਹਰਾਂ ਵੱਲੋਂ ਵਿਸਤਾਰ ਸਹਿਤ ਜਾਣਕਾਰੀ ਦਿੱਤੀ ਗਈ। ਡਾ. ਰਾਜਿੰਦਰ ਕੌਰ ਨੇ ਦੱਸਿਆ ਕਿ ਜ਼ੀਰੋ ਤੋਂ 14 ਸਾਲ ਤੱਕ ਦੇ ਬੱਚਿਆਂ ਵਿੱਚ ਦੋ ਹਫਤਿਆਂ ਤੋਂ ਵੱਧ ਖੰਘ ਅਤੇ ਬੁਖਾਰ, ਭਾਰ ਦਾ ਘਟਣਾ, ਭੁੱਖ ਦਾ ਨਾ ਲੱਗਣਾ ਤੇ ਰਾਤ ਸਮੇਂ ਪਸੀਨਾ ਆਉਣਾ ਆਦਿ ਟੀ ਬੀ ਦੇ ਲੱਛਣ ਹੋ ਸਕਦੇ ਹਨ। ਇਸ ਮੌਕੇ ਮੌਜੂਦ ਸਟੇਟ ਟੈਕਨੀਕਲ ਮੈਨੇਜਰ ਡਾ. ਸਤੀਸ਼ ਨੇ ਕਿਹਾ ਕਿ ਬੱਚੇ ਦੇ ਸਰੀਰ ਵਿੱਚ ਕਿਸੇ ਵੀ ਤਰ੍ਹਾਂ ਦੀ ਗੰਢ ਦੇਖਣ 'ਤੇ ਤੁਰੰਤ ਹਸਪਤਾਲ ਵਿੱਚ ਉਸ ਦੀ ਜਾਂਚ ਕਰਵਾਓ।ਇਸ ਟ੍ਰੇਨਿੰਗ ਦੌਰਾਨ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਕਰਨੈਲ ਸਿੰਘ, ਜਗਤਾਰ ਸਿੰਘ, ਅਮਿਤ ਕੁਮਾਰ ਟੀ ਬੀ ਕਲੀਨਿਕ ਦਾ ਸਮੂਹ ਸਟਾਫ ਹਾਜ਼ਰ ਸਨ।

# ਖੱਤਰੀ ਸਭਾ ਨੇ ਸ਼ਹੀਦ ਸੁਖਦੇਵ ਥਾਪਰ ਦਾ ਜਨਮ ਦਿਵਸ ਮਨਾਇਆ

**ਮੋਗਾ (ਇਕਬਾਲ ਸਿੰਘ ਖਹਿਰਾ)** ਦੇਸ਼ ਦੀ ਆਜ਼ਾਦੀ ਸੰਘਰਸ਼ ਦੇ ਮਹਾਨਾਇਕ ਸ਼ਹੀਦੇ ਆਜ਼ਮ ਭਗਤ ਸਿੰਘ, ਰਾਜਗੁਰੂ ਤੇ ਉਨ੍ਹਾਂ ਦੇ ਤੀਸਰੇ ਸਾਥੀ ਅਮਰ ਸ਼ਹੀਦ ਸੁਖਦੇਵ ਥਾਪਰ ਦਾ 119ਵਾਂ ਜਨਮ ਦਿਹਾੜਾ ਖੱਤਰੀ ਭਵਨ ਮੋਗਾ ਵਿਖੇ ਖੱਤਰੀ ਸਭਾ ਵੱਲੋਂ ਚੇਅਰਮੈਨ ਐਡਵੋਕੇਟ ਵਿਜੇ ਧੀਰ ਤੇ ਪ੍ਰਧਾਨ ਡਾਕਟਰ ਐੱਮ ਐੱਲ ਏ ਜੈਦਕਾ ਦੀ ਅਗਵਾਈ ਵਿੱਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਸਮਾਗਮ ਦੌਰਾਨ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਖੱਤਰੀ ਸਭਾ ਦੇ ਆਗੂਆਂ ਤੇ ਮੈਂਬਰਾਂ ਵੱਲੋਂ ਸ਼ਹੀਦ ਸੁਖਦੇਵ ਥਾਪਰ ਦੀ ਤਸਵੀਰ 'ਤੇ ਫੁੱਲ ਮਾਲਾਵਾਂ ਭੇਟ ਕਰਦੇ ਹੋਏ ਆਪਣੀ ਅਕੀਦਤ ਭੇਟ ਕੀਤੀ।ਉਪਰੰਤ ਖੱਤਰੀ ਸਭਾ ਦੇ ਸਮੂਹ ਆਗੂਆਂ ਤੇ ਮੈਂਬਰਾਂ ਨੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਸੰਕਲਪ ਵੀ ਲਿਆ।ਇਸ ਸਮਾਗਮ ਦੌਰਾਨ ਖੱਤਰੀ ਸਭਾ ਦੇ ਜਨਰਲ ਸਕੱਤਰ ਬਲਜਿੰਦਰ ਸਿੰਘ ਸਹਿਗਲ ਨੇ ਅਮਰ ਸ਼ਹੀਦ ਸੁਖਦੇਵ ਥਾਪਰ ਦੇ ਜੀਵਨ 'ਤੇ ਵਿਸਥਾਰ ਸਹਿਤ ਚਾਨਣਾ ਪਾਇਆ। ਇਸ ਮੌਕੇ ਖੱਤਰੀ ਸਭਾ ਦੇ ਚੇਅਰਮੈਨ ਐਡਵੋਕੇਟ ਵਿਜੇ ਧੀਰ, ਪ੍ਰਧਾਨ ਡਾਕਟਰ ਐੱਮ ਐੱਲ ਏ ਜੈਦਕਾ ਨੇ ਕਿਹਾ ਕਿ 12-14 ਸਾਲ ਦੇ ਲਗਾਤਾਰ ਸੰਘਰਸ਼ ਤੋਂ ਬਾਅਦ ਲੁਧਿਆਣਾ ਦੇ ਚੌੜਾ ਬਾਜ਼ਾਰ ਤੋਂ ਅਮਰ ਸ਼ਹੀਦ ਸੁਖਦੇਵ ਥਾਪਰ ਦੇ ਜਨਮ ਅਸਥਾਨ ਨੂੰ ਸਿੱਧਾ ਰਸਤਾ ਨਿਕਲ ਗਿਆ ਹੈ, ਜਿਸ ਲਈ ਖੱਤਰੀ ਸਭਾ ਪੰਜਾਬ ਦੀ ਮੌਜੂਦਾ ਭਗਵੰਤ ਮਾਨ ਸਰਕਾਰ ਦਾ ਧੰਨਵਾਦ ਕੀਤਾ।ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਰਸਤੇ ਦਾ ਸੁੰਦਰੀਕਰਨ ਕਰਵਾਇਆ ਜਾਵੇ ਤੇ ਸ਼ਹੀਦ ਸੁਖਦੇਵ ਥਾਪਰ ਦੇ ਨਾਮ ਦਾ ਪ੍ਰਵੇਸ਼ ਗੇਟ ਬਣਾਉਣ ਦੀ ਵੀ ਸਰਕਾਰ ਤੋਂ ਮੰਗ ਕੀਤੀ।ਇਸ ਮੌਕੇ ਖੱਤਰੀ ਮਹਾਂ ਸਭਾ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਵਿਕਾਸ ਕਪੂਰ ਮੀਤ ਪ੍ਰਧਾਨ ਸਾਬਕਾ ਤਹਿਸੀਲ ਦਰ ਜਸਵੰਤ ਦਾਨੀ ਤੇ ਮੀਤ ਪ੍ਰਧਾਨ ਰਮਨ ਗਾਂਧੀ ਨੇ



ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਲੁਧਿਆਣਾ ਅਮਰ ਸ਼ਹੀਦ ਸੁਖਦੇਵ ਥਾਪਰ ਦੀ ਜਨਮ ਭੂਮੀ ਹੈ, ਇਸ ਲਈ ਨਵੀਨੀਕਰਨ ਕੀਤੇ ਜਾ ਰਹੇ ਲੁਧਿਆਣਾ ਦੇ ਰੇਲਵੇ ਸਟੇਸ਼ਨ ਦਾ ਨਾਂ ਅਮਰ ਸ਼ਹੀਦ ਸੁਖਦੇਵ ਥਾਪਰ ਦੇ ਨਾਂ 'ਤੇ ਰੱਖਿਆ ਜਾਵੇ।ਪੰਜਾਬ ਦੇ ਸਮੁੱਚੇ ਸਰਕਾਰੀ ਦਫਤਰਾਂ ਵਿੱਚ ਸ਼ਹੀਦ ਭਗਤ ਸਿੰਘ ਦੇ ਨਾਲ ਨਾਲ ਸ਼ਹੀਦ ਰਾਜਗੁਰੂ ਤੇ ਸ਼ਹੀਦ ਸੁਖਦੇਵ ਥਾਪਰ ਦੀਆਂ ਵੀ ਤਸਵੀਰਾਂ ਲਗਾਈਆਂ ਜਾਣ।ਇਸ ਮੌਕੇ ਨਿਸ਼ੀ ਰਾਕੇਸ਼ ਵਿੱਜ, ਸੁਸ਼ੀਲ ਸਿਆਲ, ਸੰਜੀਵ ਕੌੜਾ, ਪ੍ਰਦੀਪ ਭੰਡਾਰੀ, ਸਰਬਜੀਤ ਮੈਂਗੀ, ਸੁਮਨਕਾਂਤ ਵਿੱਜ, ਨਰੇਸ਼ ਧੀਰ, ਜਗਜੀਵਨ ਮਦਾਨ, ਸੁਸ਼ੀਲ ਮਿੱਡਾ, ਸੌਰਵ ਗੋਇਲ, ਪ੍ਰਿਤਪਾਲ ਲੱਕੀ, ਪ੍ਰੀਆਵਰਤ ਗੁਪਤਾ, ਸ਼ਿਵ ਟੰਡਨ, ਜੀਵਨ ਕੌੜਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਖੱਤਰੀ ਸਭਾ ਦੇ ਆਗੂ ਤੇ ਮੈਂਬਰ ਹਾਜ਼ਰ ਸਨ।

* ਲੁਧਿਆਣਾ ਦੇ ਰੇਲਵੇ ਸਟੇਸ਼ਨ ਦਾ ਨਾਂਅ ਸੁਖਦੇਵ ਥਾਪਰ ਦੇ ਨਾਂਅ 'ਤੇ ਰੱਖਿਆ ਜਾਵੇ
* ਸਰਕਾਰੀ ਦਫਤਰਾਂ 'ਚ ਸ਼ਹੀਦ ਭਗਤ ਸਿੰਘ ਦੇ ਨਾਲ ਸੁਖਦੇਵ ਥਾਪਰ ਤੇ ਰਾਜਗੁਰੂ ਦੀਆਂ ਵੀ ਤਸਵੀਰਾਂ ਲਗਾਈਆਂ ਜਾਣ : ਵਿਜੇ ਧੀਰ

## ਪੀ ਜੀ ਆਈ 'ਚ ਬਿਮਾਰੀਆਂ ਸਬੰਧੀ ਇੱਕ ਰੋਜ਼ਾ ਵਰਕਸ਼ਾਪ

**ਸਮਰਾਲਾ (ਸੁਰਜੀਤ ਸਿੰਘ)**- ਟ੍ਰਾਂਸਲੇਸ਼ਨਲ ਐਂਡ ਰੀਜਨਰੇਟਿਵ ਮੈਡੀਸਨ ਵਿਭਾਗ ਨੇ ਪ੍ਰੋ. ਰੀਨਾ ਦਾਸ ਦੀ ਅਗਵਾਈ ਹੇਠ ਐੱਮਟੀਪੀਐੱਲ ਦੇ ਸਹਿਯੋਗ ਨਾਲ ਜੈਵਿਕ ਤਰਲ ਪਦਾਰਥਾਂ ਤੇ ਸਟੇਮ ਸੈੱਲ ਸੀਕ੍ਰੀਟੋਮ ਤੋਂ ਐਕਸਟਰਾ ਸੈੱਲੂਲਰ ਵੇਸਿਕਲਜ਼ ਦੀ ਪਛਾਣ ਤੇ ਵਿਸ਼ਲੇਸ਼ਣ ਸੰਬੰਧੀ ਇੱਕ ਰੋਜ਼ਾ



ਸੈਮੀਨਾਰ-ਕਮ-ਵਰਕਸ਼ਾਪ ਆਯੋਜਿਤ ਕੀਤੀ। ਇਸ ਪ੍ਰੋਗਰਾਮ ਦਾ ਉਦੇਸ਼ ਫੈਕਲਟੀ ਤੇ ਵਿਦਿਆਰਥੀਆਂ ਨੂੰ ਆਧੁਨਿਕ ਬਾਇਓਮੈਡੀਕਲ ਖੋਜ ਵਿੱਚ 'ਈ ਵੀ' ਦੀ ਵਧ ਰਹੀ ਮਹੱਤਤਾ ਨਾਲ ਜਾਣੂ ਕਰਵਾਉਣਾ ਸੀ।ਪ੍ਰੋਗਰਾਮ ਦੀ ਸ਼ੁਰੂਆਤ ਟ੍ਰਾਂਸਲੇਸ਼ਨਲ ਐਂਡ ਰੀਜਨਰੇਟਿਵ ਮੈਡੀਸਨ ਵਿਭਾਗ ਦੀ ਡਾ. ਅਰੁਣਾ ਰਾਖਾ ਤੇ ਐਡਵਾਂਸਡ ਪੀਡੀਆਟ੍ਰਿਕ ਸੈਂਟਰ ਦੀ ਡਾ. ਪ੍ਰਿਯੰਕਾ ਸ੍ਰੀਵਾਸਤਵਾ ਵੱਲੋਂ ਦਿੱਤੇ ਗਏ ਵਿਸ਼ੇਸ਼ ਲੈਕਚਰਾਂ ਨਾਲ ਹੋਈ। ਉਨ੍ਹਾਂ ਨੇ 'ਈਵੀ' ਦੀ ਜੈਵਿਕ ਭੂਮਿਕਾ ਤੇ ਉਨ੍ਹਾਂ ਦੀ ਉੱਭਰ ਰਹੀ ਕਲੀਨਿਕਲ ਮਹੱਤਤਾ ਬਾਰੇ ਖੋਜਕਾਰਾਂ, ਡਾਕਟਰਾਂ ਤੇ ਵਿਦਿਆਰਥੀਆਂ ਲਈ ਆਸਾਨ ਤੇ ਸਮਝਣਯੋਗ ਢੰਗ ਨਾਲ ਜਾਣਕਾਰੀ ਦਿੱਤੀ।ਇਸ ਪ੍ਰਯੋਗਾਤਮਕ ਸੈਸ਼ਨ ਨੇ ਫੈਕਲਟੀ ਤੇ ਵਿਦਿਆਰਥੀਆਂ ਨੂੰ 'ਇਵੀ' ਖੋਜ ਵਿੱਚ ਵਰਤੀ ਜਾਣ ਵਾਲੀ ਆਧੁਨਿਕ ਤਕਨੀਕ ਨਾਲ ਜਾਣੂ ਕਰਵਾਇਆ ਤੇ ਪ੍ਰਯੋਗਸ਼ਾਲਾ-ਆਧਾਰਤ ਖੋਜਾਂ ਅਤੇ ਉਨ੍ਹਾਂ ਦੇ ਸੰਭਾਵੀ ਕਲੀਨਿਕਲ ਉਪਯੋਗਾਂ ਵਿਚਕਾਰ ਦੀ ਦੂਰੀ ਘਟਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ, ਜਿਸ ਨਾਲ ਭਵਿੱਖ ਵਿੱਚ ਮਰੀਜ਼ਾਂ ਨੂੰ ਲਾਭ ਮਿਲ ਸਕੇਗਾ।

## ਬੱਚਿਆਂ ਵਾਂਗ ਵੱਡਿਆਂ ਲਈ ਵੀ ਟੀਕਾਕਰਨ ਜ਼ਰੂਰੀ : ਸੀ ਓ ਓ

**ਸਮਰਾਲਾ (ਸੁਰਜੀਤ ਸਿੰਘ)**- ਛੋਟੇ ਬੱਚਿਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਜਿਸ ਤਰ੍ਹਾਂ ਟੀਕਾਕਰਨ ਜ਼ਰੂਰੀ ਹੈ, ਇਸੇ ਤਰ੍ਹਾਂ ਐੱਸ ਪੀ ਐੱਸ ਹਸਪਤਾਲ ਦੇ ਸੀਓਓ ਯੋਗਿੰਦਰ ਨਾਥ ਅਵਧਿਆ ਮੁਤਾਬਕ ਵੱਡੀ ਉਮਰ ਦੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਵੀ ਟੀਕਾਕਰਨ ਦੀ ਲੋੜ ਹੈ।ਇਸ ਮੰਤਵ ਲਈ ਅੱਜ ਲੁਧਿਆਣਾ ਦੇ



ਐੱਸ ਪੀ ਐੱਸ ਹਸਪਤਾਲ ਵਿੱਚ ਪ੍ਰਬੰਧ ਨਿਰਦੇਸ਼ਕ ਜੈ ਸਿੰਘ ਸੰਧੂ ਦੀ ਅਗਵਾਈ ਵਿੱਚ 50 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਲਈ ਵਿਸ਼ੇਸ਼ ਟੀਕਾਕਰਨ ਕਲੀਨਿਕ ਦੀ ਸ਼ੁਰੂਆਤ ਕੀਤੀ ਗਈ, ਜਿਸ ਦਾ ਵਿਧੀਵਤ ਉਦਘਾਟਨ ਸੀ ਓ ਓ ਯੋਗਿੰਦਰ ਨਾਥ ਅਵੱਧਿਆ ਨੇ ਕੀਤਾ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਬੱਚਿਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਟੀਕਾਕਰਨ ਕੀਤਾ ਜਾਂਦਾ ਹੈ, ਇਸੇ ਤਰ੍ਹਾਂ ਹਸਪਤਾਲ ਵਿੱਚ ਬਜ਼ੁਰਗਾਂ ਲਈ ਵੀ ਟੀਕਾਕਰਨ ਦੀ ਸੇਵਾ ਆਰੰਭ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਇਸ ਕਲੀਨਿਕ ਵਿੱਚ ਖਾਸ ਤੌਰ 'ਤੇ ਸ਼ੂਗਰ, ਦਿਲ ਦੀਆਂ ਬਿਮਾਰੀਆਂ, ਕਿਡਨੀ ਰੋਗ ਤੇ ਸਾਹ ਦੀਆਂ ਬਿਮਾਰੀਆਂ ਤੋਂ ਪੀੜਤ ਸੀਨੀਅਰ ਸਿਟੀਜਨ ਲਾਹਾ ਲੈ ਸਕਦੇ ਹਨ।ਇਸ ਮੌਕੇ ਡਾ ਰਾਵਨਿੰਦਰ ਸਿੰਘ ਕੂਕਾ, ਡਾ. ਚੰਚਲ ਗੇਰਾ ਤੇ ਡਾ. ਵਰਿੰਦਰ ਸਿੰਘ ਨੇ ਇਸ ਟੀਕਾਕਰਨ ਸਬੰਧੀ ਵਿਸਥਾਰ ਨਾਲ ਚਾਨਣਾ ਪਾਇਆ।ਮੁੱਖ ਮਹਿਮਾਨ ਵਜੋਂ ਪੁੱਜੇ ਬ੍ਰਿਗੇਡੀਅਰ ਸਤਿੰਦਰ ਸਿੰਘ ਤੇ ਡਾ. ਲਖਵੀਰ ਸਿੰਘ ਭੁੱਲਰ ਨੇ ਹਸਪਤਾਲ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ।ਇਸ ਮੌਕੇ ਡਾ. ਜੀ ਐੱਲ ਅਵਸਥੀ, ਡਾ. ਮਨਦੀਪ ਕੌਰ, ਡਾ. ਅਮਨਦੀਪ ਥਿੰਦ, ਡਾ. ਨਿਧੀ ਠਾਕੁਰ ਤੇ ਪੀ ਆਰ ਓ ਲਖਵੀਰ ਸਿੰਘ ਬੱਦੋਵਾਲ ਹਾਜ਼ਰ ਸਨ।

# ਭਵਾਨੀਗੜ੍ਹ 'ਚ ਆਧੁਨਿਕ ਫਲਾਈਓਵਰ ਤੇ ਕੋਟ ਸ਼ਮੀਰ ਤੱਕ ਚਹੁੰਮਾਰਗੀ ਸੜਕ ਨੂੰ ਹਰੀ ਝੰਡੀ

**ਭਵਾਨੀਗੜ੍ਹ (ਰਾਜ ਖੁਰਮੀ)** : ਪਟਿਆਲਾ-ਸੰਗਰੂਰ ਨੈਸ਼ਨਲ ਹਾਈਵੇ 'ਤੇ ਹਰ ਰੋਜ਼ ਟ੍ਰੈਫਿਕ ਜਾਮ ਨਾਲ ਜੂਝਣ ਵਾਲੇ ਲੋਕਾਂ ਲਈ ਵੱਡੀ ਰਾਹਤ ਦੀ ਖ਼ਬਰ ਸਾਹਮਣੇ ਆਈ ਹੈ।ਭਵਾਨੀਗੜ੍ਹ ਸ਼ਹਿਰ ਵਿੱਚ ਲੰਮੇ ਸਮੇਂ ਤੋਂ ਲਟਕ ਰਹੇ ਫਲਾਈਓਵਰ ਪ੍ਰੋਜੈਕਟ ਨੂੰ ਆਖ਼ਿਰਕਾਰ ਮਨਜ਼ੂਰੀ ਮਿਲ ਗਈ ਹੈ।ਇਸ ਦੇ ਨਾਲ ਹੀ ਭਵਾਨੀਗੜ੍ਹ ਤੋਂ ਕੋਟ ਸ਼ਮੀਰ ਤੱਕ ਚਹੁੰਮਾਰਗੀ ਸੜਕ ਬਣਾਉਣ ਦੇ ਪ੍ਰੋਜੈਕਟ ਨੂੰ ਵੀ ਕੇਂਦਰ ਸਰਕਾਰ ਵੱਲੋਂ ਹਰੀ ਝੰਡੀ ਦੇ ਦਿੱਤੀ ਗਈ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਇਨਫੋਟੈਕ ਦੇ ਚੇਅਰਮੈਨ ਡਾ. ਗੁਨਿੰਦਰਜੀਤ ਸਿੰਘ ਮਿੰਕੂ ਜਵੰਧਾ ਨੇ ਦੱਸਿਆ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਵਿਸ਼ੇਸ਼ ਯਤਨਾਂ ਸਦਕਾ ਕੇਂਦਰੀ ਸੜਕ ਆਵਾਜਾਈ ਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨੇ ਇਲਾਕੇ ਦੀ ਚਿਰੋਕਣੀ ਮੰਗ ਨੂੰ ਮਨਜ਼ੂਰ ਕੀਤਾ ਹੈ।ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਇਲਾਕੇ ਦੀ ਤਸਵੀਰ ਤੇ ਤਕਦੀਰ ਬਦਲਨ ਵਾਲੇ ਸਾਬਿਤ ਹੋਣਗੇ।ਡਾ. ਜਵੰਧਾ ਨੇ ਦੱਸਿਆ ਕਿ ਭਵਾਨੀਗੜ੍ਹ ਫਲਾਈਓਵਰ ਦੀ ਮੰਗ ਕਈ ਸਾਲਾਂ ਤੋਂ ਚੱਲ ਰਹੀ ਸੀ।ਉਨ੍ਹਾਂ ਦਾਅਵਾ ਕੀਤਾ ਕਿ ਪਿਛਲੀ ਸਰਕਾਰ ਦੇ ਸਮੇਂ ਇਹ ਪ੍ਰੋਜੈਕਟ ਪ੍ਰਵਾਨ ਹੋਣ ਦੇ ਬਾਵਜੂਦ ਸਿਆਸੀ ਖਿੱਚੋਤਾਣ ਕਾਰਨ ਰੱਦ ਕਰਵਾ ਦਿੱਤਾ ਗਿਆ ਸੀ, ਜਿਸ ਨਾਲ ਇਲਾਕੇ ਦੇ ਲੋਕਾਂ ਵਿੱਚ ਨਿਰਾਸ਼ਾ ਪੈਦਾ ਹੋਈ ਸੀ।ਹੁਣ ਮੌਜੂਦਾ ਸਰਕਾਰ ਨੇ ਲੋਕਾਂ ਦੀ ਲੰਮੇ ਸਮੇਂ ਦੀ ਮੰਗ ਨੂੰ ਪੂਰਾ ਕਰਦਿਆਂ ਇਸ ਪ੍ਰੋਜੈਕਟ ਨੂੰ ਮੁੜ ਜੀਵੰਤ ਕੀਤਾ ਹੈ।ਉਨ੍ਹਾਂ ਕਿਹਾ ਕਿ ਭਵਾਨੀਗੜ੍ਹ ਵਿਖੇ ਬਣਨ ਵਾਲਾ ਆਧੁਨਿਕ ਫਲਾਈਓਵਰ ਨਾ ਸਿਰਫ਼ ਟ੍ਰੈਫਿਕ ਜਾਮ ਦੀ ਸਮੱਸਿਆ ਦਾ ਸਥਾਈ ਹੱਲ ਕਰੇਗਾ, ਸਗੋਂ ਸੜਕ ਹਾਦਸਿਆਂ ਵਿੱਚ ਵੀ ਕਮੀ ਲਿਆਏਗਾ।ਇਸ ਨਾਲ ਪਟਿਆਲਾ, ਸੰਗਰੂਰ ਤੇ ਮਾਨਸਾ ਵੱਲ ਜਾਣ ਵਾਲੇ ਹਜ਼ਾਰਾਂ ਯਾਤਰੀਆਂ ਨੂੰ ਰੋਜ਼ਾਨਾ ਵੱਡੀ ਸਹੂਲਤ ਮਿਲੇਗੀ। ਚੇਅਰਮੈਨ ਨੇ ਦੱਸਿਆ ਕਿ ਭਵਾਨੀਗੜ੍ਹ ਤੋਂ ਕੋਟ ਸ਼ਮੀਰ ਤੱਕ ਬਣਨ ਵਾਲੀ ਚਹੁੰਮਾਰਗੀ ਸੜਕ ਭਵਾਨੀਗੜ੍ਹ, ਸੁਨਾਮ, ਚੀਮਾ, ਭਿੱਖੀ, ਮਾਨਸਾ ਕੈਂਚੀਆਂ ਤੇ ਮੌੜ ਰਾਹੀਂ ਕੋਟ ਸ਼ਮੀਰ ਤੱਕ ਜਾਵੇਗੀ।ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਮਾਲਵਾ ਖੇਤਰ ਵਿੱਚ ਉਦਯੋਗ, ਵਪਾਰ ਤੇ ਆਵਾਜਾਈ ਨੂੰ ਨਵੀਂ ਦਿਸ਼ਾ ਦੇਵੇਗਾ।ਇਸ ਦੇ ਨਾਲ ਹੀ ਮਲੇਰਕੋਟਲਾ ਤੋਂ ਬਰਨਾਲਾ ਤੱਕ ਵਾਇਆ ਸ਼ੇਰਪੁਰ ਚਹੁੰਮਾਰਗੀ ਸੜਕ ਬਣਾਉਣ ਨੂੰ ਵੀ ਮਨਜ਼ੂਰੀ ਮਿਲ ਗਈ ਹੈ।ਇਲਾਕੇ ਦੇ ਲੋਕਾਂ ਨੇ ਇਨ੍ਹਾਂ ਪ੍ਰੋਜੈਕਟਾਂ ਲਈ ਮੁੱਖ ਮੰਤਰੀ ਭਗਵੰਤ ਮਾਨ ਤੇ ਕੇਂਦਰੀ ਮੰਤਰੀ ਨਿਤਿਨ ਗਡਕਰੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਵਿਕਾਸ ਕਾਰਜ ਮਾਲਵਾ ਖੇਤਰ ਦੀ ਤਰੱਕੀ ਲਈ ਮੀਲ ਪੱਥਰ ਸਾਬਿਤ ਹੋਣਗੇ।

* ਇਲਾਕੇ ਦੇ ਵਿਕਾਸ ਨੂੰ ਮਿਲੇਗੀ ਨਵੀਂ ਰਫ਼ਤਾਰ : ਜਵੰਧਾ



## ਟਰੱਕ 'ਚੋਂ ਸਾਈਕਲ ਪਾਰਟਸ ਦੇ 35 ਡੱਬੇ ਚੋਰੀ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** ਕੂੰਮਕਲਾਂ ਥਾਣਾ ਅਧੀਨ ਪੈਂਦੇ ਪਿੰਡ ਭੈਣੀ ਸਾਹਿਬ ਵਿਖੇ ਟਰੱਕ ਵਿੱਚ ਲੋਡ ਕੀਤੇ ਹੋਏ 35 ਡੱਬੇ ਸਾਈਕਲ ਪਾਰਟਸ ਦੇ ਚੋਰੀ ਹੋ ਗਏ, ਜਿਸ 'ਤੇ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਸਾਈਕਲ ਫੈਕਟਰੀ ਦੇ ਮਾਲਕ ਮਨਮੋਹਿਤ ਸਿੰਘ ਨੇ ਪੁਲਸ ਕੋਲ ਬਿਆਨ ਦਰਜ ਕਰਵਾਏ ਕਿ ਉਹ ਸਾਈਕਲ ਬਣਾਉਣ ਦਾ ਕੰਮ ਕਰਦਾ ਹੈ ਤੇ ਉਸ ਨੇ ਇੱਕ ਟਰੱਕ ਕਿਰਾਏ 'ਤੇ ਲੈ ਕੇ ਜੰਮੂ-ਕਸ਼ਮੀਰ ਵਿਖੇ ਸਾਈਕਲ ਸਪਲਾਈ ਕਰਨ ਲਈ ਲੋਡ ਕਰਵਾ ਦਿੱਤੇ। ਟਰੱਕ ਡਰਾਇਵਰ ਗੁਰਜੀਤ ਸਿੰਘ, ਜਿਸ ਦੀ ਅਚਾਨਕ ਤਬੀਅਤ ਖ਼ਰਾਬ ਹੋ ਗਈ ਤੇ ਉਸ ਨੇ ਟਰੱਕ ਆਪਣੇ ਘਰ ਦੇ ਬਾਹਰ ਖੜ੍ਹਾ ਕਰ ਸਾਮਾਨ ਤਰਪਾਲ ਨਾਲ ਢਕ ਦਿੱਤਾ। ਸਵੇਰੇ ਉੱਠ ਕੇ ਜਦੋਂ ਉਸ ਨੇ ਦੇਖਿਆ ਕਿ ਤਰਪਾਲ ਨੂੰ ਪਾੜ ਕੇ ਟਰੱਕ 'ਚੋਂ 35 ਡੱਬੇ ਸਾਈਕਲ ਪਾਰਟਸ ਦੇ ਚੋਰੀ ਹੋਏ ਸਨ। ਆਸ-ਪਾਸ ਲੱਗੇ ਕੈਮਰਿਆਂ ਦੀ ਜਾਂਚ ਕੀਤੀ ਗਈ ਤਾਂ 12.30 ਵਜੇ ਦੇ ਕਰੀਬ ਇੱਕ ਪਿਕਅੱਪ ਜੀਪ ਆਈ, ਜਿਸ ਵਿੱਚ ਸਵਾਰ ਅਣਪਛਾਤੇ ਵਿਅਕਤੀਆਂ ਨੇ ਟਰੱਕ 'ਚੋਂ ਇਹ ਸਾਈਕਲ ਪਾਰਟਸ ਦੇ ਡੱਬੇ ਚੋਰੀ ਕਰਕੇ ਲੈ ਗਏ। ਪੁਲਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰ ਚੋਰਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ।

## ਕੋਹਲੀ ਨੇ ਸੜਕ ਨਿਰਮਾਣ ਕਾਰਜ ਦੀ ਕੀਤੀ ਸ਼ੁਰੂਆਤ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** : ਪਟਿਆਲਾ ਦੇ ਘਲੌੜੀ ਗੇਟ ਸਥਿਤ ਮੜੀਆਂ ਵਾਲੇ ਪੁਲ ਤੋਂ ਲੈ ਕੇ ਡਕਾਲਾ ਚੁੰਗੀ ਚੌਕ ਤੱਕ ਬਣਨ ਵਾਲੀ ਕਰੀਬ 1.70 ਕਰੋੜ ਰੁਪਏ ਦੀ ਲਾਗਤ ਵਾਲੀ ਸੜਕ ਦੇ ਨਿਰਮਾਣ ਕਾਰਜ ਦਾ ਉਦਘਾਟਨ ਪਟਿਆਲਾ ਦੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ ਵੱਲੋਂ ਕੀਤਾ ਗਿਆ। ਵਿਧਾਇਕ ਕੋਹਲੀ ਨੇ ਕਿਹਾ ਕਿ ਇਲਾਕੇ ਦੇ ਲੋਕਾਂ ਨੂੰ ਲੰਬੇ ਸਮੇਂ ਤੋਂ ਖਰਾਬ ਸੜਕ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ,



ਜਿਸ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਵਿਕਾਸ ਕਾਰਜ ਸ਼ੁਰੂ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਬਿਹਤਰ ਸੜਕਾਂ ਤੇ ਆਧੁਨਿਕ ਸੁਵਿਧਾਵਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।ਵਿਧਾਇਕ ਕੋਹਲੀ ਨੇ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਆਵਾਜਾਈ ਸੁਗਮ ਹੋਵੇਗੀ ਤੇ ਇਲਾਕੇ ਦੇ ਵਪਾਰੀਆਂ ਤੇ ਰਹਿਣ ਵਾਲੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।ਇਸ ਮੌਕੇ ਐਕਸੀਅਨ ਵਨੀਤ ਸਿੰਗਲਾ ਵਾਰਡ 33 ਦੀ ਐੱਮਸੀ ਗੀਤਾ ਰਾਣੀ, ਵਾਰਡ 40 ਦੇ ਇੰਚਾਰਜ ਗੁਰਪ੍ਰੀਤ ਗੁਰੀ, ਵਾਰਡ 39 ਦੀ ਇੰਚਾਰਜ ਜੋਤੀ, ਵਾਰਡ 35 ਤੋਂ ਰਮੇਸ਼ ਸਿੰਗਲਾ ਸਮੇਤ ਪੁਨੀਤ ਬੁੱਧੀਰਾਜਾ ਤੇ ਮਨਦੀਪ ਝੋਲਾ ਵੀ ਹਾਜ਼ਰ ਰਹੇ।

# ਚੰਡੀਗੜ੍ਹ 'ਚ ਕਿਸਾਨਾਂ 'ਤੇ ਕੀਤੇ ਲਾਠੀਚਾਰਜ ਖਿਲਾਫ ਐੱਸ ਕੇ ਐੱਮ ਤੇ ਟ੍ਰੇਡ ਯੂਨੀਅਨਾਂ ਵੱਲੋਂ ਰੋਸ ਮੁਜ਼ਾਹਰੇ

## ਵੱਖ-ਵੱਖ ਥਾਈਂ ਫੂਕੇ ਪ੍ਰਧਾਨ ਮੰਤਰੀ ਮੋਦੀ ਤੇ ਗਵਰਨਰ ਕਟਾਰੀਆ ਦੇ ਪੁਤਲੇ


ਲੁਧਿਆਣਾ


ਬਠਿੰਡਾ/ਤਲਵੰਡੀ ਸਾਬੋ


ਰਾਮਪੁਰਾ ਫੂਲ


ਜਲਾਲਾਬਾਦ

**ਲੁਧਿਆਣਾ (ਐੱਮ ਐੱਸ ਭਾਟੀਆ)**- ਸੰਯੁਕਤ ਕਿਸਾਨ ਮੋਰਚੇ ਨੇ ਸੱਦੇ 'ਤੇ ਚੰਡੀਗੜ੍ਹ ਵਿੱਚ ਸ਼ਾਂਤੀ ਪੂਰਵਕ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਉੱਪਰ ਭਾਜਪਾ ਦੀ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਕੀਤੇ ਲਾਠੀਚਾਰਜ, ਅੱਥਰੂ ਗੈਸ ਦੇ ਗੋਲਿਆਂ ਤੇ ਗੰਦੇ ਪਾਣੀ ਦੀਆਂ ਬੁਛਾੜਾਂ ਮਾਰ ਕੇ ਕਿਸਾਨਾਂ 'ਤੇ ਕੀਤੇ ਜਬਰ ਵਿਰੁੱਧ ਅੱਜ ਨਵੀਂ ਕਚਹਿਰੀ ਦੇ ਬਾਹਰ ਕਿਸਾਨ ਯੂਨੀਅਨਾਂ ਅਤੇ ਕੇਂਦਰੀ ਯੂਨੀਅਨਾਂ ਨੇ ਸਾਂਝੇ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਖਿਲਾਫ ਰੋਸ ਮੁਜ਼ਾਹਰਾ ਕੀਤਾ ਤੇ ਪੁਤਲੇ ਫੂਕੇ। ਸੰਬੋਧਨ ਕਰਨ ਵਾਲੇ ਬੁਲਾਰਿਆਂ ਨੇ ਜਿੱਥੇ ਮੋਦੀ ਸਰਕਾਰ ਵੱਲੋਂ ਆਪਣੇ ਰਾਜਪਾਲ ਰਾਹੀਂ ਕੀਤੀ ਗਈ ਗੁੰਡਾਗਰਦੀ ਦੀ ਨਿਖੇਧੀ ਕੀਤੀ, ਉੱਥੇ ਇਹ ਵੀ ਬਿਆਨ ਕੀਤਾ ਕਿ ਪੰਜਾਬ ਦੀਆਂ ਹੱਕੀ ਮੰਗਾਂ ਭਾਵੇਂ ਉਹ ਭਾਖੜਾ ਬਿਆਸ ਮੈਨੇਜਮੈਂਟ ਵਿੱਚ ਪੰਜਾਬ ਦੀ ਨੁਮਾਇੰਦਗੀ ਹੋਵੇ, ਚੰਡੀਗੜ੍ਹ ਪੰਜਾਬ ਦਾ ਹੋਵੇ, ਪੰਜਾਬੀ ਬੋਲਦੇ ਇਲਾਕੇ ਹੋਣ ਜਾਂ ਪਾਣੀਆਂ ਦਾ ਮਸਲਾ ਹੋਵੇ ਨੂੰ ਲੈ ਕੇ ਇਹ ਸੰਘਰਸ਼ ਲਗਾਤਾਰ ਜਾਰੀ ਰਹੇਗਾ।ਸੰਬੋਧਨ ਕਰਨ ਵਾਲਿਆਂ ਵਿੱਚ ਆਲ ਇੰਡੀਆ ਕਿਸਾਨ ਸਭਾ 1936 ਦੇ ਚਮਕੌਰ ਸਿੰਘ, ਜਮਹੂਰੀ ਕਿਸਾਨ ਸਭਾ ਦੇ ਆਗੂ ਰਘਬੀਰ ਸਿੰਘ ਬੈਨੀਪਾਲ, ਕੁੱਲ ਹਿੰਦ ਕਿਸਾਨ ਸਭਾ ਹਨਨਮੁੱਲਾ ਦੇ ਡਾ. ਗੁਰਵਿੰਦਰ ਸਿੰਘ, ਬੀਕੇਯੂ ਰਾਜੇਵਾਲ ਦੇ ਕਰਮਜੀਤ ਸਿੰਘ, ਬੀਕੇਯੂ ਡਕੌਂਦਾ ਦੇ ਰਜਿੰਦਰ ਸਿੰਘ, ਬੀਕੇਯੂ ਉਗਰਾਹਾਂ ਦੇ ਪਲਵਿੰਦਰ ਸਿੰਘ ਸਨੇਤ, ਏਟਕ ਦੇ ਵਿਜੇ ਕੁਮਾਰ, ਸੀਟੂ ਦੇ ਹਨੂਮਾਨ ਪ੍ਰਸ਼ਾਦ ਦੂਬੇ, ਸੀਟੀਯੂ ਪੰਜਾਬ ਦੇ ਜਗਦੀਸ਼ ਚੰਦ ਨੇ ਸੰਬੋਧਨ ਕੀਤਾ।ਇਸ ਤੋਂ ਇਲਾਵਾ ਜਮਹੂਰੀ ਅਧਿਕਾਰ ਸਭਾ ਦੇ ਜਸਵੰਤ ਜੀਰਖ, ਮੈਡੀਕਲ ਐਸੋਸੀਏਸ਼ਨ ਦੇ ਡਾ. ਸੁਰਜੀਤ ਸਿੰਘ, ਪ੍ਰੋਫੈਸਰ ਜੈਪਾਲ ਸਿੰਘ, ਕੇਵਲ ਸਿੰਘ ਬਨਵੈਤ, ਪਰਮਜੀਤ ਸਿੰਘ, ਰਾਮ ਲਾਲ ਹਾਜ਼ਰ ਸਨ।ਸਟੇਜ ਦੀ ਕਾਰਵਾਈ ਏਟਕ ਦੇ ਜਨਰਲ ਸਕੱਤਰ ਕਾਮਰੇਡ ਐੱਮ ਐੱਸ ਭਾਟੀਆ ਨੇ ਚਲਾਈ।ਸਾਰਿਆਂ ਦਾ ਧੰਨਵਾਦ ਜੁਆਇੰਟ ਕੌਂਸਲ ਆਫ ਤੇ ਯੂਨੀਅਨ ਦੇ ਜਨਰਲ ਸਕੱਤਰ ਸਾਥੀ ਡੀ ਪੀ ਮੌੜ ਨੇ ਕੀਤਾ।ਅੰਤ ਵਿੱਚ ਪ੍ਰਧਾਨ ਮੰਤਰੀ ਤੇ ਗਵਰਨਰ ਪੰਜਾਬ ਦਾ ਪੁਤਲਾ ਸਾੜਿਆ ਗਿਆ।

**ਬਠਿੰਡਾ/ਤਲਵੰਡੀ ਸਾਬੋ (ਪਰਵਿੰਦਰ ਜੀਤ ਸਿੰਘ/ਜਗਦੀਪ ਗਿੱਲ)**- ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਬੀਕੇਯੂ ਉਗਰਾਹਾਂ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਵਰਕਰਾਂ ਵੱਲੋਂ ਬੱਸ ਅੱਡਾ ਗੋਨਿਆਣਾ ਮੰਡੀ ਵਿਖੇ ਪੰਜਾਬ ਦੇ ਗਵਰਨਰ ਅਤੇ ਬੀਜੇਪੀ ਦੀ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ ਗਿਆ ਅਤੇ ਚੰਡੀਗੜ੍ਹ ਪ੍ਰਸ਼ਾਸਨ ਤੇ ਕੇਂਦਰ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ ਗਈ।ਇਸ ਸਮੇਂ ਇੱਥੇ ਜੁੜੇ ਹੋਏ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਜਨਰਲ ਸਕੱਤਰ ਬਲਕਰਨ ਸਿੰਘ ਬਰਾੜ ਤੇ ਬੀਕੇਯੂ ਉਗਰਾਹਾਂ ਦੇ ਜ਼ਿਲ੍ਹਾ ਆਗੂ ਜਗਸੀਰ ਸਿੰਘ ਝੁੰਬਾ ਨੇ ਕੇਂਦਰ ਦੀ ਮੋਦੀ ਸਰਕਾਰ ਤੇ ਚੰਡੀਗੜ੍ਹ ਪ੍ਰਸ਼ਾਸਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਦੋਸ਼ ਲਗਾਇਆ ਕਿ ਪੰਜਾਬ ਦੀਆਂ


ਬੁਢਲਾਡਾ

ਪਾਣੀ, ਚੰਡੀਗੜ੍ਹ, ਡੈਮਾਂ ਦਾ ਕੰਟਰੋਲ ਤੇ ਕਿਸਾਨਾਂ ਦੀਆਂ ਦੂਜੀਆਂ ਮੰਗਾਂ ਜਿਵੇਂ ਸਾਰੀਆਂ ਫਸਲਾਂ ਉੱਪਰ ਐਮਐਸਪੀ ਤੇ ਕਾਨੂੰਨੀ ਖਰੀਦ ਗਰੰਟੀ, ਕਰਜਾ ਮੁਕਤੀ, ਫਸਲੀ ਬੀਮਾ, ਕਿਸਾਨ ਪੈਨਸ਼ਨ, ਕੋਆਪ੍ਰੇਟਿਵ ਬੈਂਕਾਂ ਦੀਆਂ ਲਿਮਿਟਾਂ ਵਿੱਚ ਵਾਧਾ, ਅਮਰੀਕਾ-ਭਾਰਤ ਮੁਕਤ ਵਪਾਰ ਸਮਝੌਤਾ ਰੱਦ ਕਰਨ ਆਦਿ ਮੰਗਾਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਜੋ ਚੰਡੀਗੜ੍ਹ ਵਿਖੇ ਗਵਰਨਰ ਹਾਊਸ ਵੱਲ ਸ਼ਾਂਤੀ ਪੂਰਨ ਤਰੀਕੇ ਨਾਲ ਮਾਰਚ ਕਰ ਰਹੇ ਸਨ, ਉਨ੍ਹਾਂ ਉੱਪਰ ਬੀਜੇਪੀ ਦੀ ਕੇਂਦਰ ਸਰਕਾਰ ਦੀ ਸ਼ਹਿ 'ਤੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ


ਧੂਰੀ

ਭਾਰੀ ਲਾਠੀਚਾਰਜ ਕੀਤਾ ਗਿਆ ਤੇ ਪਾਣੀ ਦੀਆਂ ਵਿਛਾੜਾਂ ਵੀ ਮਾਰੀਆਂ ਗਈਆਂ, ਜਿਸ ਵਿੱਚ ਕਿਸਾਨ ਮੋਰਚੇ ਦੇ ਬਹੁਤ ਸਾਰੇ ਆਗੂ ਤੇ ਵਰਕਰ ਜ਼ਖਮੀ ਹੋ ਗਏ।ਆਗੂਆਂ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਦੋਸ਼ ਲਗਾਇਆ ਕਿ ਭਗਵੰਤ ਮਾਨ ਸਰਕਾਰ ਪੰਜਾਬ ਦੇ ਹੱਕ ਕੇਂਦਰ ਕੋਲੋਂ ਪ੍ਰਾਪਤ ਕਰਨ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਈ ਹੈ ਤੇ ਆਪਣੇ ਕਾਰਜਕਾਲ ਦੇ ਚਾਰ ਸਾਲਾਂ ਦੌਰਾਨ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਸਮੇਤ ਕੋਈ ਵੀ ਮੰਗ ਕੇਂਦਰ ਕੋਲੋਂ ਪੂਰੀ ਨਹੀਂ ਕਰਵਾ ਸਕੀ।ਉਨ੍ਹਾਂ ਮੰਗ ਕੀਤੀ ਕਿ ਪੰਜਾਬ ਸਰਕਾਰ ਤੁਰੰਤ ਪੰਜਾਬ ਤੇ ਕਿਸਾਨਾਂ ਦੀਆਂ ਮੰਗਾਂ ਕੇਂਦਰ ਸਰਕਾਰ ਕੋਲ ਜ਼ੋਰਦਾਰ ਤਰੀਕੇ ਨਾਲ ਉਠਾਵੇ ਤੇ ਉਨ੍ਹਾਂ ਨੂੰ ਪੂਰੀਆਂ ਕਰਾਉਣ ਲਈ ਯਤਨ ਕਰੇ।ਕਿਸਾਨ ਆਗੂਆਂ ਨੇ ਦੱਸਿਆ ਕਿ 21 ਮਈ ਨੂੰ ਸੰਯੁਕਤ ਕਿਸਾਨ ਮੋਰਚਾ ਮੀਟਿੰਗ ਕਰਕੇ ਇਨ੍ਹਾਂ ਮੰਗਾਂ ਉੱਪਰ ਅਗਲੇ ਸੰਘਰਸ਼ ਦਾ ਐਲਾਨ ਕਰੇਗਾ।ਇਸ ਸਮੇਂ ਹੋਰਨਾਂ ਤੋਂ ਇਲਾਵਾ ਗੁਰਪ੍ਰੀਤ ਸਿੰਘ ਦਾਨ ਸਿੰਘ ਵਾਲਾ, ਜਗਸੀਰ ਸਿੰਘ ਚਹਿਲ, ਰਜਿੰਦਰ ਸਿੰਘ ਬਲਾਹੜ ਮਹਿਮਾ, ਮੁਲਾਜ਼ਮ ਆਗੂ ਚੰਦਰ ਸ਼ਰਮਾ, ਮਜ਼ਦੂਰ ਆਗੂ ਮਾਸਟਰ ਸੇਵਕ ਸਿੰਘ ਤੇ ਹੋਰ ਬਹੁਤ ਸਾਰੇ ਵਰਕਰ ਵੀ ਹਾਜ਼ਰ ਸਨ।

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਪਿੰਡ ਇਕਾਈ ਰਾਮਪੁਰਾ ਵੱਲੋਂ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਰੋਸ ਵਜੋਂ ਗਵਰਨਰ ਪੰਜਾਬ ਤੇ ਕੇਂਦਰ ਸਰਕਾਰ ਦਾ ਪੁਤਲਾ ਫੂਕਿਆ ਗਿਆ ਤੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਪ੍ਰਧਾਨ ਪਰਮਜੀਤ ਸਿੰਘ ਪੰਮੀ ਕਿਹਾ ਕਿ ਪੰਜਾਬ ਦੇ ਪਾਣੀਆਂ, ਰਾਜਧਾਨੀ ਚੰਡੀਗੜ੍ਹ ਤੇ ਹੋਰ ਮੰਗਾਂ ਨੂੰ ਲੈ ਕੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਮੋਹਾਲੀ ਵਿਖੇ ਕੀਤੀ ਜਾ ਰਹੀ ਰੈਲੀ ਵਿੱਚ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਵੀ ਸ਼ਮੂਲੀਅਤ ਕੀਤੀ ਗਈ ਤੇ ਬਲਾਕ ਰਾਮਪੁਰਾ ਦੇ ਆਗੂਆਂ ਜਗਦੀਸ਼ ਸਿੰਘ ਰਾਮਪੁਰਾ, ਸੁਖਜਿੰਦਰ ਸਿੰਘ ਸੂਬਾ ਸੀਨੀਅਰ ਤੇ ਮੀਤ ਪ੍ਰਧਾਨ ਗੁਰਦੀਪ ਸਿੰਘ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਪੰਜਾਬ ਦੇ ਮਸਲਿਆਂ ਸਬੰਧੀ ਗਵਰਨਰ ਪੰਜਾਬ ਨੂੰ ਮੰਗ ਪੱਤਰ ਦੇਣ ਲਈ ਸ਼ਾਂਤੀ ਪੂਰਵਕ ਢੰਗ ਨਾਲ ਜਾ ਰਹੇ ਕਿਸਾਨਾਂ ਨੂੰ ਚੰਡੀਗੜ੍ਹ ਪੁਲਸ ਵੱਲੋਂ ਬੈਰੀਕੇਟ ਲਗਾ ਕੇ ਰੋਕਣ ਉਪਰੰਤ ਕਿਸਾਨਾਂ 'ਤੇ ਜਲ ਤੋਪਾਂ ਦੀਆਂ ਬੁਛਾੜਾਂ ਨਾਲ ਲਾਠੀਚਾਰਜ ਤੇ ਅੱਥਰੂ ਗੈਸ ਛੱਡ ਕੇ ਭਾਰੀ ਤਸ਼ੱਦਦ ਕੀਤਾ ਗਿਆ, ਜਿਸ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਪ੍ਰਧਾਨ ਸਰਦੂਲ ਸਿੰਘ ਰਾਮਨਿਵਾਸ ਨੇ ਪੰਜਾਬ ਦੇ ਸਮੂਹ ਇਨਸਾਫ਼ ਪਸੰਦ ਤੇ ਸੰਘਰਸ਼ਸ਼ੀਲ ਲੋਕਾਂ ਨੂੰ ਕੇਂਦਰ ਸਰਕਾਰ ਵੱਲੋਂ ਪੰਜਾਬ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਤੇ ਜਬਰ ਦੇ ਵਿਰੋਧ ਇਕਜੁੱਟ ਹੋ ਕੇ ਸੰਘਰਸ਼ ਵਿੱਢਦੇ ਹੋਏ ਆਵਾਜ਼ ਬੁਲੰਦ ਕਰਨ ਲਈ ਸੱਦਾ ਦਿੱਤਾ ਗਿਆ। ਇਸ ਮੌਕੇ ਗੁਰਜੰਟ ਸਿੰਘ ਰਾਮਪੁਰਾ, ਕੁਲਦੀਪ ਸਿੰਘ, ਰਾਜੀ ਸਿੰਘ ਰਾਮਪੁਰਾ ਤੇ ਰੈਂਪਾ ਸਿੰਘ ਕੌੜਾ ਆਦਿ ਹਾਜ਼ਰ ਸਨ।

**ਜਲਾਲਾਬਾਦ (ਬਲਵਿੰਦਰ ਸਿੰਘ)**- ਬੀਤੇ ਕੱਲ੍ਹ ਸੰਯੁਕਤ ਕਿਸਾਨ ਮੋਰਚੇ ਵੱਲੋਂ ਕਿਸਾਨੀ ਮੰਗਾਂ ਦੀ ਪ੍ਰਾਪਤੀ ਲਈ ਤੇ ਮੰਗਾਂ ਮਨਾਉਣ ਲਈ ਇਕ ਲਿਖਤੀ ਮੰਗ ਪੱਤਰ ਪੰਜਾਬ ਦੇ ਰਾਜਪਾਲ ਰਾਹੀਂ ਦੇਸ਼ ਦੇ ਪ੍ਰਧਾਨ ਮੰਤਰੀ ਨੂੰ ਭੇਜਿਆ ਜਾਣਾ ਸੀ।ਇਸ ਨੂੰ ਲੈ ਕੇ ਪੰਜਾਬ ਦੇ ਹਜ਼ਾਰਾਂ ਕਿਸਾਨ ਕੱਲ ਚੰਡੀਗੜ੍ਹ ਰਾਜ ਭਵਨ ਵੱਲ ਸ਼ਾਂਤਮਈ ਢੰਗ ਨਾਲ ਮਾਰਚ ਕਰਕੇ ਜਾ ਰਹੇ ਸਨ।ਰਸਤੇ ਵਿੱਚ ਉਨ੍ਹਾ ਨੂੰ ਰੋਕਣ ਲਈ ਕਡਿਆਲੀ ਤਾਰਾਂ ਦੀ ਬੈਰੀਗੇਟਿੰਗ ਕੀਤੀ ਗਈ ਸੀ।ਇਸ ਦੌਰਾਨ ਜਦੋਂ ਕਿਸਾਨਾਂ ਨੇ ਰਾਜ ਭਵਨ ਵੱਲ ਵਧਣ ਦੀ ਕੋਸ਼ਿਸ਼ ਕੀਤੀ ਤਾਂ ਚੰਡੀਗੜ੍ਹ ਦੀ ਪੁਲਸ ਵੱਲੋਂ ਜਿੱਥੇ ਕਿਸਾਨ ਆਗੂਆਂ ਨੂੰ ਗ੍ਰਿਫਤਾਰ ਕੀਤਾ, ਉੱਥੇ ਹੀ ਬਾਕੀ ਦੇ ਕਿਸਾਨਾਂ ਉੱਪਰ ਅੱਥਰੂ ਗੈਸ ਦੇ ਗੋਲੇ ਧਾਗੇ ਗਏ।ਇਸ ਤੋਂ ਬਾਅਦ ਪੰਜਾਬ ਭਰ ਵਿੱਚ ਵੱਡਾ ਵਿਰੋਧ ਹੁੰਦਾ ਦੇਖ ਕੇ ਮਜਬੂਰ ਹੋ ਕੇ ਚੰਡੀਗੜ੍ਹ ਦੀ ਪੁਲਸ ਨੇ ਗ੍ਰਿਫਤਾਰ ਕੀਤੇ ਹੋਏ ਕਿਸਾਨ ਆਗੂਆਂ ਨੂੰ ਰਿਹਾਅ ਕਰਨਾ ਪਿਆ।ਇਸ ਦੇ ਵਿਰੋਧ 'ਚ ਅੱਜ ਜਲਾਲਾਬਾਦ ਦੇ ਪਿੰਡ ਬੱਘੇ ਕੇ ਉਤਾਰ ਵਿਖੇ ਕੁੱਲ ਹਿੰਦ ਕਿਸਾਨ ਸਭਾ ਵੱਲੋਂ ਕਾਮਰੇਡ ਸੁਰਿੰਦਰ ਢੰਡੀਆਂ ਸੂਬਾ ਸਕੱਤਰ ਕੁੱਲ ਹਿੰਦ ਕਿਸਾਨ ਸਭਾ ਦੀ ਅਗਵਾਈ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕ ਕੇ ਅਰਥੀ ਫੂਕ ਮੁਜ਼ਾਰਾ ਕੀਤਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਮਰੇਡ ਸੁਰਿੰਦਰ ਢੰਡੀਆਂ ਨੇ ਕਿਹਾ ਕਿ ਕਿਸਾਨੀ ਪ੍ਰਤੀ ਕੇਂਦਰ ਤੇ ਸੂਬਾ ਸਰਕਾਰ ਦੀਆਂ ਨੀਤੀਆਂ ਵਿੱਚ ਕੋਈ ਫਰਕ ਨਹੀਂ ਉਹ ਕਿਸਾਨ, ਮਜ਼ਦੂਰ, ਮੁਲਾਜ਼ਮ, ਵਪਾਰੀ ਤੇ ਦੇਸ਼ ਦੀ ਜਵਾਨੀ ਦੇ ਵਿਰੁੱਧ ਹਨ।ਇਸ ਮੌਕੇ ਉਨ੍ਹਾਂ ਨਾਲ ਹੋਰਨਾਂ ਤੋਂ ਇਲਾਵਾ ਤੇ ਕਰਨੈਲ ਬੱਘੇ ਕੇ, ਸੰਦੀਪ ਜੋਧਾ, ਸ਼ਰਮਾ ਢੰਡੀਆਂ ਹਾਜ਼ਰ ਸਨ।

**ਬੁਢਲਾਡਾ (ਅਸ਼ੋਕ ਲਾਕੜਾ)**- ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਬੁਢਲਾਡਾ ਦੀ ਪੁਰਾਣੀ ਕਚਹਿਰੀ ਅੱਗੇ ਵੱਖ-ਵੱਖ ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਦੇ ਗਵਰਨਰ ਤੇ ਕੇਂਦਰ ਦੀ ਮੋਦੀ-ਭਾਜਪਾ ਸਰਕਾਰ ਦਾ ਜ਼ੋਰਦਾਰ ਪਿੱਟ-ਸਿਆਪਾ ਕਰਦਿਆਂ ਅਰਥੀਆਂ ਫੂਕੀਆਂ ਗਈਆਂ।ਰੋਸ ਮੁਜ਼ਾਹਰੇ ਨੂੰ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਪ੍ਰਧਾਨ ਮੇਜਰ ਸਿੰਘ ਗੋਬਿੰਦਪੁਰਾ ਬਲਾਕ ਆਗੂ ਸੁਖਪਾਲ ਸਿੰਘ ਮੰਡੇਰ, ਮੇਘਾ ਸਿੰਘ ਵਰੇ, ਮੰਗੂ ਸਿੰਘ ਕਣਕਵਾਲ, ਮੇਜਰ ਸਿੰਘ ਬੱਛੂਆਣਾ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਜਨਰਲ ਸਕੱਤਰ ਤਾਰਾ ਚੰਦ ਬਰੇਟਾ, ਜ਼ਿਲ੍ਹਾ ਮੀਤ ਪ੍ਰਧਾਨ ਦਰਸਨ ਸਿੰਘ ਗੁਰਨੇ ਕਲਾਂ, ਬਲਾਕ ਜਨਰਲ ਸਕੱਤਰ ਮੇਲਾ ਸਿੰਘ ਦਿਆਲਪੁਰਾ, ਬਲਾਕ ਸੀਨੀਅਰ ਮੀਤ ਪ੍ਰਧਾਨ ਤੇਜਰਾਮ ਅਹਿਮਦਪੁਰ ਤੇ ਪੰਜਾਬ ਕਿਸਾਨ ਯੂਨੀਅਨ ਦੇ ਦਰਸ਼ਨ ਸਿੰਘ ਮਘਾਣੀਆ ਆਦਿ ਆਗੂਆਂ ਨੇ ਕਿਹਾ ਕਿ ਕੱਲ੍ਹ ਜਦੋਂ ਕਿਸਾਨ ਆਪਣੇ ਜਮਹੂਰੀ ਹੱਕ ਦੀ ਵਰਤੋਂ ਕਰਦਿਆਂ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਸੌਂਪਣ ਜਾ ਰਹੇ ਸਨ, ਤਾਂ ਹਕੂਮਤ ਵੱਲੋਂ ਉਨ੍ਹਾਂ 'ਤੇ ਬੇਰਹਿਮੀ ਨਾਲ ਬਲ ਪ੍ਰਯੋਗ ਕੀਤਾ ਗਿਆ। ਕਿਸਾਨਾਂ 'ਤੇ ਅੱਥਰੂ ਗੈਸ ਦੇ ਗੋਲੇ ਦਾਗੇ ਗਏ, ਪਾਣੀ ਦੀਆਂ ਬੁਛਾੜਾਂ (ਵਾਟਰ ਕੈਨਨ) ਛੱਡੀਆਂ ਗਈਆਂ ਅਤੇ ਵੱਡੀ ਗਿਣਤੀ ਵਿੱਚ ਕਿਸਾਨਾਂ ਨੂੰ ਗ੍ਰਿਫ਼ਤਾਰ ਕਰਕੇ ਥਾਣਿਆਂ ਵਿੱਚ ਬੰਦ ਕੀਤਾ ਗਿਆ, ਜੋ ਕਿ ਨਿੰਦਣਯੋਗ ਤੇ ਗ਼ੈਰ-ਸੰਵਿਧਾਨਕ ਹੈ। ਇਸ ਪੁਤਲਾ ਫੂਕ ਮੁਜ਼ਾਹਰੇ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ, ਮਜ਼ਦੂਰਾਂ ਤੇ ਨੌਜਵਾਨਾਂ ਨੇ ਸ਼ਮੂਲੀਅਤ ਕੀਤੀ ਤੇ ਕੇਂਦਰ ਤੇ ਗਵਰਨਰ ਪ੍ਰਸ਼ਾਸਨ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕੀਤੀ।ਕਿਸਾਨ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਨੇ ਆਪਣਾ ਅੜੀਅਲ ਰਵੱਈਆ ਨਾ ਛੱਡਿਆ ਤਾਂ ਸੰਯੁਕਤ


ਮੋਗਾ

ਕਿਸਾਨ ਮੋਰਚਾ ਆਉਣ ਵਾਲੇ ਦਿਨਾਂ ਵਿੱਚ ਤਿੱਖੇ ਐਕਸ਼ਨ ਉਲੀਕਣ ਲਈ ਮਜਬੂਰ ਹੋਵੇਗਾ, ਜਿਸ ਦੀ ਪੂਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।

**ਮੋਗਾ (ਇਕਬਾਲ ਸਿੰਘ ਖਹਿਰਾ)**- ਸੰਯੁਕਤ ਕਿਸਾਨ ਮੋਰਚਾ ਪੰਜਾਬ ਨੇ ਕੇਂਦਰ ਸਰਕਾਰ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੀ ਸਥਾਈ ਮੈਂਬਰੀ ਖਤਮ ਕਰਨ ਦੇ ਨੋਟੀਫਿਕੇਸ਼ਨ ਨੂੰ ਰੱਦ ਕਰਵਾਉਣ ਸਮੇਤ ਪਾਣੀ ਦੀਆਂ ਹੋਰ ਮੰਗਾਂ ਨੂੰ ਲੈ ਕੇ ਬੀਤੇ ਕੱਲ੍ਹ ਗਵਰਨਰ ਭਵਨ ਵੱਲ ਜ਼ੋਰਦਾਰ ਮੁਜ਼ਾਹਰਾ ਕੀਤਾ ਜਾ ਰਿਹਾ ਸੀ, ਜਿਸ ਵਿੱਚ ਹਜ਼ਾਰਾਂ ਕਿਸਾਨਾਂ ਦੀ ਸ਼ਮੂਲੀਅਤ ਸੀ।ਚੰਡੀਗੜ੍ਹ ਪੁਲਸ ਨੇ ਸ਼ਾਂਤਮਈ ਢੰਗ ਨਾਲ ਅੱਗੇ ਵੱਧ ਰਹੇ ਕਿਸਾਨਾਂ ਉੱਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਤੇ ਹੰਝੂ ਗੈਸ ਦੇ ਗੋਲੇ ਵਰਸਾਏ।ਇਸ ਦੌਰਾਨ 24 ਕਿਸਾਨਾਂ ਨੂੰ ਹਿਰਾਸਤ ਵਿੱਚ ਲਿਆ ਗਿਆ।

ਪੂਰੇ ਇੱਕ ਘੰਟੇ ਦੀ ਜੱਦੋ ਜਹਿਦ ਮਗਰੋਂ ਸੰਯੁਕਤ ਕਿਸਾਨ ਮੋਰਚਾ ਵੱਲੋਂ ਐਲਾਨ ਕੀਤਾ ਗਿਆ ਕਿ ਕੇਂਦਰ ਦੀ ਭਾਜਪਾ ਸਰਕਾਰ ਦੇ ਇਸ਼ਾਰੇ 'ਤੇ ਗਵਰਨਰ ਪੰਜਾਬ ਨੇ ਕਿਸਾਨਾਂ 'ਤੇ ਜਬਰ ਕਰਨ ਦੀ ਚੰਡੀਗੜ੍ਹ ਪੁਲਸ ਨੂੰ ਖੁੱਲ੍ਹੀ ਛੁੱਟੀ ਦਿੱਤੀ ਹੈ, ਜਿਸ ਵਿਰੁੱਧ ਪੰਜਾਬ ਭਰ ਵਿੱਚ ਭਾਜਪਾ ਤੇ ਗਵਰਨਰ ਪੰਜਾਬ ਦੇ ਪੁਤਲੇ ਫੂਕਣ ਦਾ ਸੱਦਾ ਦਿੱਤਾ ਗਿਆ ਸੀ। ਇਸੇ ਸੱਦੇ ਤਹਿਤ ਬਾਘਾਪੁਰਾਣਾ ਦੇ ਮੇਨ ਚੌਕ ਵਿੱਚ ਭਾਜਪਾ ਅਤੇ ਗਵਰਨਰ ਪੰਜਾਬ ਦਾ ਪੁਤਲਾ ਫੂਕਿਆ ਗਿਆ ਭਾਜਪਾ ਤੇ ਗਵਰਨਰ ਪੰਜਾਬ ਖਿਲਾਫ ਰੋਹ ਭਰਪੂਰ ਨਾਅਰੇਬਾਜ਼ੀ ਕੀਤੀ ਗਈ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਸੂਬਾ ਆਗੂ ਚਮਕੌਰ ਸਿੰਘ ਰੋਡੇ, ਪੇਂਡੂ ਮਜ਼ਦੂਰ ਯੂਨੀਅਨ ਮੰਗਾ ਸਿੰਘ ਵੈਰੋਕੇ, ਹਰਮੇਲ ਸਿੰਘ ਘਾਲੀ, ਰਸ਼ਪਾਲ ਸਿੰਘ ਡੇਮਰੂ ਬੀਕੇਯੂ ਉਗਰਾਹਾਂ, ਕਸ਼ਮੀਰ ਸਿੰਘ ਭੇਖਾਂ ਬੀਕੇਯੂ ਕ੍ਰਾਂਤੀਕਾਰੀ, ਮਾਤਾ ਦੀਨ ਮੁੱਖ ਸਲਾਹ ਸਫਾਈ ਸੇਵਕ ਯੂਨੀਅਨ ਪੰਜਾਬ, ਕਿਰਤੀ ਕਿਸਾਨ ਯੂਨੀਅਨ ਔਰਤ ਛਿੰਦਰਪਾਲ ਕੌਰ ਰੋਡੇ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿੱਚੋਂ ਪੰਜਾਬ ਦੀ ਸਥਾਈ ਮੈਂਬਰੀ ਖਤਮ ਕਰਨ ਲਈ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਰੱਦ ਕਰਨ ਦੀ ਮੰਗ ਕੀਤੀ।ਤੇਲ ਤੇ ਗੈਸ ਦੇ ਰੇਟਾਂ ਵਿੱਚ ਕੀਤੇ ਵਾਧੇ ਦੀ ਨਿੰਦਾ ਕਰਦਿਆਂ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਬਲਾਕ ਪ੍ਰਧਾਨ ਅਜਮੇਰ ਸਿੰਘ ਛੋਟਾ, ਸਹਾਇਕ ਸਕੱਤਰ ਬਲਜੀਤ ਸਿੰਘ ਗੱਗੀ ਸਿੰਘ ਲੰਡੇ, ਬਲਕਰਨ ਸਿੰਘ, ਗੁਰਪ੍ਰੀਤ ਸਿੰਘ ਵੈਰੋਕੇ, ਬੂਟਾ ਸਿੰਘ, ਕੁਲਵੰਤ ਸਿੰਘ ਮੋਹਲਾ ਸਿੰਘ ਰਾਜੇਆਣਾ, ਨਿਰਮਲ ਸਿੰਘ, ਕਰਨੈਲ ਸਿੰਘ, ਕੇਵਲ ਸਿੰਘ ਨੱਥੂਵਾਲਾ, ਕਰਮਜੀਤ ਸਿੰਘ, ਬਲਦੇਵ ਸਿੰਘ ਤੇ ਠਾਣੇਦਾਰ ਸਿੰਘ ਛੋਟਾ ਘਰ, ਸੁਖਦੀਪ ਸਿੰਘ ਭੇਖਾਂ, ਰਾਮ ਸਿੰਘ ਬੀਕੇਯੂ ਕ੍ਰਾਂਤੀਕਾਰੀ, ਜੀਤ ਸਿੰਘ ਡੇਮਰੂ ਬਲਵੀਰ ਸਿੰਘ ਤੇ ਪੀਤ ਸਮਾਲਸਰ ਬੀਕੇਯੂ ਉਗਰਾਹਾਂ ਕਿਰਤੀ ਕਿਸਾਨ ਯੂਨੀਅਨ ਔਰਤ ਵਿੰਗ ਤੋਂ ਜਗਵਿੰਦਰ ਕੌਰ, ਨਰਿੰਦਰਪਾਲ ਕੌਰ ਰਾਜੇਆਣਾ, ਪਾਲ ਕੌਰ, ਬਲਜੀਤ ਕੌਰ, ਕੁਲਵੰਤ ਕੌਰ, ਜਿਉਣ ਕੌਰ


ਸ੍ਰੀ ਮੁਕਤਸਰ ਸਾਹਿਬ

ਨੱਥੂਵਾਲਾ, ਸਵਰਨਜੀਤ ਕੌਰ ਰੋਡੇ, ਮਨਜੀਤ ਸਿੰਘ, ਸੁੰਦਰਪਾਲ ਬੱਬੂ ਸਫਾਈ ਸੇਵਕ ਯੂਨੀਅਨ ਬਾਘਾ ਪੁਰਾਣਾ ਆਦਿ ਹਾਜ਼ਰ ਸਨ।

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**- ਮੋਹਾਲੀ ਵਿਖੇ ਆਪਣੀਆਂ ਹੱਕੀ ਮੰਗਾਂ ਲਈ ਸ਼ਾਂਤੀਪੂਰਵਕ ਤਰੀਕੇ ਨਾਲ ਮੰਗ ਪੱਤਰ ਦੇਣ ਜਾ ਰਹੇ ਬੇਕਸੂਰ ਕਿਸਾਨਾਂ 'ਤੇ ਕੇਂਦਰ ਸਰਕਾਰ ਦੀ ਸ਼ਹਿ 'ਤੇ ਪੁਲਸ ਵੱਲੋਂ ਕੀਤੇ ਗਏ ਲਾਠੀਚਾਰਜ ਤੇ ਵਾਟਰ ਕੈਨਨ ਦੇ ਵਿਰੋਧ 'ਚ ਅੱਜ ਸੰਯੁਕਤ ਕਿਸਾਨ ਮੋਰਚੇ 'ਚ ਸ਼ੁਮਾਰ ਜਥੇਬੰਦੀਆਂ ਦੇ ਆਗੂਆਂ ਨੇ ਭਾਜਪਾ ਸਰਕਾਰ ਤੇ ਰਾਜਪਾਲ ਪੰਜਾਬ ਦਾ ਪੁਤਲਾ ਫੂਕਦਿਆਂ ਨਾਅਰੇਬਾਜ਼ੀ ਕੀਤੀ।ਕਿਸਾਨ ਆਗੂ ਹਰਬੰਸ ਸਿੰਘ ਲੱਡਾ, ਗੁਰਜੀਤ ਸਿੰਘ ਭੜੀ, ਹਰਪਾਲ ਸਿੰਘ ਪੇਧਨੀ, ਬਲਵਿੰਦਰ ਸਿੰਘ ਜੱਖਲਾਂ, ਭੁਪਿੰਦਰ ਸਿੰਘ, ਮਨਜੀਤ ਸਿੰਘ ਜਹਾਂਗੀਰ ਨੇ ਦੱਸਿਆ ਕਿ ਕੱਲ੍ਹ ਜਦੋਂ ਦੇਸ਼ ਦਾ ਅੰਨਦਾਤਾ ਆਪਣੇ ਜਮਹੂਰੀ ਹੱਕ ਦੀ ਵਰਤੋਂ ਕਰਦਿਆਂ ਸ਼ਾਂਤਮਈ ਢੰਗ ਨਾਲ ਮੰਗ ਪੱਤਰ ਸੌਂਪਣ ਲਈ ਮੋਹਾਲੀ ਪਹੁੰਚਿਆ, ਤਾਂ ਅੱਗੋਂ ਸਰਕਾਰ ਦੇ ਇਸ਼ਾਰੇ 'ਤੇ ਉਨ੍ਹਾਂ ਉੱਪਰ ਹਮਲਾ ਕਰ ਦਿੱਤਾ ਗਿਆ।ਇਸ ਸਰਕਾਰੀ ਜਬਰ ਕਾਰਨ ਕਈ ਕਿਸਾਨ ਭਰਾਵਾਂ ਨੂੰ ਗੰਭੀਰ ਸੱਟਾਂ ਲੱਗੀਆਂ ਤੇ ਉਨ੍ਹਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।ਲੋਕਤੰਤਰ ਵਿੱਚ ਆਪਣੇ ਹੱਕਾਂ ਦੀ ਆਵਾਜ਼ ਬੁਲੰਦ ਕਰਨ ਵਾਲੇ ਕਿਸਾਨਾਂ 'ਤੇ ਅਜਿਹਾ ਤਸ਼ੱਦਦ ਕਰਨਾ ਬੇਹੱਦ ਸ਼ਰਮਨਾਕ ਤੇ ਅਣਮਨੁੱਖੀ ਹੈ।ਉਨ੍ਹਾਂ ਚੇਤਾਵਨੀ ਭਰੇ ਲਹਿਜੇ 'ਚ ਕਿਹਾ ਕਿ ਸਰਕਾਰੀ ਤਸੱਦਦ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**- ਸੰਯੁਕਤ ਕਿਸਾਨ ਮੋਰਚੇ ਵੱਲੋਂ ਭਾਖੜਾ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਦੀ ਮੈਂਬਰਸ਼ਿਪ ਬਹਾਲ ਕਰਾਉਣ ਲਈ ਕੱਲ ਚੰਡੀਗੜ੍ਹ ਵਿੱਚ ਰਾਜ ਭਵਨ ਵੱਲ ਮਾਰਚ ਕੀਤਾ ਗਿਆ। ਮੋਰਚੇ ਵੱਲੋਂ ਸਿਰਫ ਰਾਜਪਾਲ ਨੂੰ ਮੰਗ ਪੱਤਰ ਵੀ ਦੇਣਾ ਸੀ, ਪਰ ਸੈਂਟਰ ਸਰਕਾਰ ਦੀ ਸ਼ਹਿ ਥੱਲੇ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਵੱਲੋਂ ਕਿਸਾਨਾਂ ਦੀ ਅੰਧਾਧੁੰਦ ਕੁੱਟਮਾਰ ਕੀਤੀ ਗਈ ਅਥਰੂ ਗੋਲੇ ਸੁੱਟੇ ਗਏ, ਪਾਣੀ ਦੀਆਂ ਵਿਛਾੜਾਂ ਮਾਰੀਆਂ ਗਈਆਂ, ਜਿਸ ਵਿੱਚ ਸੈਂਕੜੇ ਕਿਸਾਨ ਜ਼ਖਮੀ ਹੋਏ ਤੇ ਸੈਂਕੜੇ ਕਿਸਾਨਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ। ਨੌਜਵਾਨ ਭਾਰਤ ਸਭਾ ਦੇ ਸੂਬਾ ਆਗੂ ਮੰਗਾ ਸਿੰਘ ਅਜ਼ਾਦ ਦੀ ਇੱਕ ਅੱਖ ਦੀ ਨਿਗਾ ਪਾਣੀ ਦੀ ਪਛਾੜ ਕਾਰਨ ਇੱਕ ਵਾਰ ਚਲੀ ਗਈ, ਉਹ ਜ਼ੇਰੇ ਇਲਾਜ ਹਸਪਤਾਲ ਵਿੱਚ ਹਨ। ਇਸ ਦੇ ਰੋਸ ਵਜੋਂ ਪਿੰਡ ਥਾਂਦੇਵਾਲਾ ਵਿਖੇ ਕਿਰਤੀ ਕਿਸਾਨ ਯੂਨੀਅਨ ਵੱਲੋਂ ਪੁਤਲਾ ਫੂਕਿਆ ਗਿਆ। ਇਸ ਸਮੇਂ ਬਲਵਿੰਦਰ ਸਿੰਘ ਥਾਂਦੇਵਾਲਾ ਜ਼ਿਲ੍ਹਾ ਮੀਤ ਪ੍ਰਧਾਨ, ਭੁਪਿੰਦਰ ਸਿੰਘ ਥਾਂਦੇਵਾਲਾ ਜ਼ਿਲ੍ਹਾ ਆਗੂ, ਗਗਨਦੀਪ ਸਿੰਘ ਬਲਾਕ ਪ੍ਰਧਾਨ ਮੁਕਤਸਰ ਨੇ ਬੋਲਦਿਆਂ ਕਿਹਾ ਕਿ ਸਰਕਾਰ ਨੇ ਜੇਕਰ ਸਾਡੀਆਂ ਮੰਗਾਂ ਨਾ ਮੰਨੀਆਂ ਤਾਂ ਆਉਣ ਵਾਲੇ ਦਿਨਾਂ ਵਿੱਚ ਵੱਡਾ ਸੰਘਰਸ਼ ਵਿੱਢਿਆ ਜਾਵੇਗਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਗੁਰਨੇਕ ਸਿੰਘ, ਸਤਪਾਲ ਸਿੰਘ, ਬਲਕਰਨ ਸਿੰਘ, ਲੱਖਾ ਸਿੰਘ, ਗੁਰਸ਼ਮਿੰਦਰ ਸਿੰਘ, ਗੁਰਪ੍ਰੀਤ ਸਿੰਘ ਕਾਲਾ, ਰੇਸ਼ਮ ਸਿੰਘ ਤੇ ਵੱਡੀ ਗਿਣਤੀ ਵਿੱਚ ਕਿਸਾਨ ਆਗੂ ਹਾਜ਼ਰ ਸਨ।

# ਮਾਨ ਸਰਕਾਰ ਹੁਣ ਤੱਕ ਦੀ ਸਭ ਤੋਂ ਵੱਧ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ : ਪੰਜਾਬ ਪੈਨਸ਼ਨਰਜ਼ ਯੂਨੀਅਨ

**ਕੋਟਕਪੂਰਾ (ਰਛਪਾਲ ਭੁੱਲਰ)**- ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਭਗਵੰਤ ਮਾਨ ਸਰਕਾਰ ਦੀਆਂ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਖਿਲਾਫ ਆਪਣੇ ਰੋਸ ਤੇ ਗੁੱਸੇ ਦਾ ਪ੍ਰਗਟਾਵਾ ਕਰਨ ਲਈ ਤੇ ਅਗਲੇ ਐਕਸ਼ਨ ਪ੍ਰੋਗਰਾਮ ਉਲੀਕਣ ਲਈ 17 ਮਈ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸੂਬਾ ਪੱਧਰੀ ਕਨਵੈਨਸ਼ਨ ਕੀਤੀ ਜਾ ਰਹੀ ਹੈ।ਇਸ ਕਨਵੈਨਸ਼ਨ ਦੀਆਂ ਤਿਆਰੀਆਂ ਹਿੱਤ ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਜ਼ਿਲ੍ਹਾ ਫਰੀਦਕੋਟ ਦੀ ਇੱਕ ਮੀਟਿੰਗ ਸਥਾਨਕ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਸਥਿਤ ਪੈਨਸ਼ਨਰ ਦਫਤਰ ਵਿਖੇ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਚਾਨੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਲੋਕ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਬਾਰੇ ਵਿਚਾਰ ਸਾਂਝੇ ਕੀਤੇ ਤੇ ਇਸ ਸਰਕਾਰ ਨੂੰ ਹੁਣ ਤੱਕ ਦੀ ਸਭ ਤੋਂ ਵੱਧ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਕਰਾਰ ਦਿੱਤਾ।ਮੀਟਿੰਗ ਨੂੰ ਸੰਬੋਧਨ ਕਰਦਿਆਂ ਪੈਨਸ਼ਨਰ ਆਗੂ ਇਕਬਾਲ ਸਿੰਘ ਮੰਘੇੜਾ, ਤਰਸੇਮ ਨਰੂਲਾ, ਸੋਮ ਨਾਥ ਅਰੋੜਾ, ਮਦਨ ਲਾਲ ਸ਼ਰਮਾ ਸੰਧਵਾਂ, ਅਮਰਜੀਤ ਕੌਰ ਛਾਬੜਾ, ਪ੍ਰਿੰਸੀਪਲ ਬਲਵੀਰ ਸਿੰਘ ਬਰਾੜ ਤੇ ਕੁਲਜੀਤ ਸਿੰਘ ਬੰਬੀਹਾ ਨੇ ਭਗਵੰਤ ਮਾਨ ਸਰਕਾਰ 'ਤੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਵੱਲੋਂ ਕੀਤੀ ਜਾ ਰਹੀ ਫੋਕੀ ਇਸ਼ਤਿਹਾਰਬਾਜ਼ੀ ਨੇ ਪੰਜਾਬ ਦੇ ਸਰਕਾਰੀ ਖਜ਼ਾਨੇ ਦਾ ਦੀਵਾਲਾ ਕੱਢ ਕੇ ਰੱਖ ਦਿੱਤਾ ਹੈ।ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਵੱਲੋਂ 17 ਮਈ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਹੋ ਰਹੀ ਸੂਬਾ ਪੱਧਰੀ ਕਨਵੈਨਸ਼ਨ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।ਇਸ ਤੋਂ ਇਲਾਵਾ ਏਟਕ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਵੱਲੋਂ ਸਾਂਝੇ ਤੌਰ 'ਤੇ 19 ਮਈ ਨੂੰ ਲੇਬਰ ਭਵਨ ਮੋਹਾਲੀ ਵਿਖੇ ਕੀਤੀ ਜਾ ਰਹੀ ਸੂਬਾਈ ਰੈਲੀ ਵਿੱਚ ਵੀ ਸ਼ਮੂਲੀਅਤ ਕੀਤੀ ਜਾਵੇਗੀ।ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਗੁਰਚਰਨ ਸਿੰਘ ਮਾਨ, ਸੁਖਮੰਦਰ ਸਿੰਘ ਰਾਮਸਰ, ਗੇਜ ਰਾਮ ਭੌਰਾ, ਰਮੇਸ਼ਵਰ ਸਿੰਘ ਸੁਪਰਡੈਂਟ, ਹਰਦੇਵ ਸਿੰਘ ਗਿੱਲ, ਜਸਪਾਲ ਸਿੰਘ, ਮੇਜਰ ਸਿੰਘ ਡੀ ਪੀ ਈ, ਰੰਜੀਵ ਕੌਸ਼ਲ ਤੇ ਪੂਰਨ ਸਿੰਘ ਸੰਧਵਾਂ ਸਿਹਤ ਵਿਭਾਗ, ਗੁਲਵੰਤ ਸਿੰਘ ਔਲਖ, ਜੋਗਿੰਦਰ ਸਿੰਘ ਛਾਬੜਾ ਤੇ ਪਰਮਿੰਦਰ ਸਿੰਘ ਜਟਾਣਾ ਆਦਿ ਹਾਜ਼ਰ ਸਨ।



# ਵਿਜੀਲੈਂਸ ਵੱਲੋਂ ਦੋ ਐੱਸ ਡੀ ਓ ਤੇ ਕਲਰਕ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ

**ਲੁਧਿਆਣਾ (ਰਾਜ ਸਿੰਗਲਾ)**- ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਪੀਐਸਪੀਸੀਐਲ ਦਫ਼ਤਰ ਲੁਧਿਆਣਾ ਵਿਖੇ ਤਾਇਨਾਤ ਐੱਸ ਡੀ ਓ ਜਸਕਨਵਰਪ੍ਰੀਤ ਸਿੰਘ, ਐੱਸ ਡੀ ਓ ਸ਼ਰੁਤੀ ਸ਼ਰਮਾ ਤੇ ਕਲਰਕ ਆਸ਼ੂ ਨੂੰ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਨੂੰ ਪ੍ਰਿੰਸ ਨਿਸ਼ਾਵਨ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ।ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਸੋਲਰ ਸਿਸਟਮ ਲਗਾਉਣ ਦਾ ਕੰਮ ਕਰਦਾ ਹੈ।ਉਸ ਨੇ ਵੱਖ-ਵੱਖ ਥਾਵਾਂ 'ਤੇ 2 ਸੋਲਰ ਸਿਸਟਮ ਲਗਾਏ ਸਨ। ਪੀਐਸਪੀਸੀਐਲ ਵੱਲੋਂ ਇਨ੍ਹਾਂ ਸੋਲਰ ਸਿਸਟਮਾਂ ਦਾ ਨਰੀਖਣ ਕੀਤਾ ਜਾਣਾ ਸੀ ਤੇ ਫਿਰ ਉਨ੍ਹਾਂ 'ਤੇ ਮੀਟਰ ਲਗਾਉਣੇ ਸਨ।ਇਸ ਸਬੰਧੀ ਮੁਲਜ਼ਮ ਐੱਸ.ਡੀ.ਓ. ਜਸਕਨਵਰਪ੍ਰੀਤ ਸਿੰਘ, ਐੱਸ.ਡੀ.ਓ. ਸ਼ਰੁਤੀ ਸ਼ਰਮਾ ਤੇ ਕਲਰਕ ਆਸ਼ੂ ਨੇ ਨਰੀਖਣ ਤੇ ਅਨੁਮਾਨ ਰਿਪੋਰਟ ਤਿਆਰ ਕਰਨ ਬਦਲੇ ਹਰੇਕ ਫਾਈਲ ਲਈ 10,000 ਰੁਪਏ ਭਾਵ 2 ਫਾਈਲਾਂ ਲਈ 20,000 ਰੁਪਏ ਰਿਸ਼ਵਤ ਦੀ ਮੰਗ ਕੀਤੀ। ਸ਼ਿਕਾਇਤਕਰਤਾ ਰਿਸ਼ਵਤ ਨਹੀਂ ਦੇਣਾ ਚਾਹੁੰਦਾ ਸੀ ਇਸ ਲਈ ਉਸ ਨੇ ਵਿਜੀਲੈਂਸ ਬਿਊਰੋ ਦੀ ਆਰਥਿਕ ਅਪਰਾਧ ਸ਼ਾਖਾ ਲੁਧਿਆਣਾ ਨਾਲ ਸੰਪਰਕ ਕੀਤਾ।ਉਸ ਦੀ ਸ਼ਿਕਾਇਤ 'ਤੇ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਇੱਕ ਜਾਲ ਵਿਛਾਇਆ, ਜਿਸ ਦੌਰਾਨ ਉਕਤ ਮੁਲਜ਼ਮਾਂ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ।ਇਸ ਸਬੰਧੀ, ਉਕਤ ਮੁਲਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਵਿਜੀਲੈਂਸ ਬਿਊਰੋ ਦੀ ਆਰਥਿਕ ਅਪਰਾਧ ਸ਼ਾਖਾ ਲੁਧਿਆਣਾ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ ਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਵਾਰਡ ਨੰਬਰ 6 'ਚ ਸਪੀਕਰ ਸੰਧਵਾਂ ਨੂੰ ਲੱਡੂਆਂ ਨਾਲ ਤੋਲਿਆ

**ਕੋਟਕਪੂਰਾ (ਰਛਪਾਲ ਭੁੱਲਰ)** : ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਕੋਟਕਪੂਰਾ ਦੇ 29 ਵਾਰਡਾਂ ਲਈ ਐਲਾਨੇ ਗਏ 'ਆਪ' ਉਮੀਦਵਾਰਾਂ ਦੀ ਜਿੱਤ ਯਕੀਨੀ ਬਣਾਉਣ ਲਈ ਚੋਣ ਮੁਹਿੰਮ ਭਖਾਈ ਜਾ ਰਹੀ ਹੈ।ਇਸੇ ਲੜੀ ਤਹਿਤ ਸਥਾਨਕ ਵਾਰਡ ਨੰਬਰ 6 ਵਿੱਚ 'ਆਪ' ਵਰਕਰ ਬੀਬਾ ਅਮਨਦੀਪ ਕੌਰ ਦੇ ਗ੍ਰਹਿ ਵਿਖੇ ਹਾਜ਼ਰੀ ਭਰੀ ਤੇ ਪਾਰਟੀ ਉਮੀਦਵਾਰ ਪ੍ਰਿੰਸ ਬਹਿਲ ਦੇ ਹੱਕ ਵਿੱਚ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਾਰਡ ਵਾਸੀਆਂ ਨਾਲ ਭਰਵੀਂ ਮੀਟਿੰਗ ਕੀਤੀ।ਬੀਬਾ ਅਮਨਦੀਪ ਕੌਰ ਸਮੇਤ ਉੱਥੇ ਇਕੱਤਰ ਹੋਏ ਵਾਰਡ ਦੇ ਸੂਝਵਾਨ ਲੋਕਾਂ ਵੱਲੋਂ ਅਥਾਹ ਪਿਆਰ ਬਖ਼ਸ਼ਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ 'ਲੱਡੂਆਂ' ਨਾਲ ਤੋਲ ਕੇ ਸਨਮਾਨਤ ਕੀਤਾ ਗਿਆ ਅਤੇ ਚੋਣਾਂ ਵਿੱਚ ਪੂਰਨ ਸਮਰਥਨ ਦੇਣ ਦਾ ਭਰੋਸਾ ਵੀ ਦਿਵਾਇਆ ਗਿਆ। ਇਕੱਠ ਨੂੰ ਸੰਬੋਧਨ ਕਰਦਿਆਂ ਸਪੀਕਰ ਸੰਧਵਾਂ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਜੋ ਵਾਅਦੇ ਪੰਜਾਬ ਵਾਸੀਆਂ ਨੇ ਕੀਤੇ ਗਏ ਸਨ, ਉਹ ਲਗਭਗ ਪੂਰੇ ਹੋ ਰਹੇ ਹਨ।ਉਨ੍ਹਾਂ ਆਖਿਆ ਕਿ ਜਲਦੀ ਹੀ ਔਰਤਾਂ ਨਾਲ ਕੀਤੇ ਗਏ ਵਾਅਦੇ ਮੁਤਾਬਿਕ 1000 ਰੁਪਏ ਵਾਲੀ ਗਰੰਟੀ ਵੀ ਪੂਰੀ ਹੋਣ ਜਾ ਰਹੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮੀਤ ਸਿੰਘ ਆਰੇਵਾਲਾ ਚੇਅਰਮੈਨ ਮਾਰਕਿਟ ਕਮੇਟੀ ਕੋਟਕਪੂਰਾ, ਸਿਮਰਨਜੀਤ ਸਿੰਘ ਕੌਂਸਲਰ, ਵਾਰਡ ਨੰਬਰ 6 ਤੋਂ ਪਾਰਟੀ ਦੇ ਉਮੀਦਵਾਰ ਪ੍ਰਿੰਸ ਬਹਿਲ, ਜਸਪ੍ਰੀਤ ਕੌਰ ਜੱਸੀ ਕਲਿਆਨ ਤੇ ਹੋਰ ਪਤਵੰਤੇ ਸੱਜਣ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।



## ਸਵ. ਗੋਬਿੰਦ ਰਾਏ ਕਾਮਰਾ ਨਮਿੱਤ ਨਾਮ ਚਰਚਾ ਅੱਜ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**- ਮਹੇਸ਼ ਕੁਮਾਰ ਤੇ ਸੁਨੀਲ ਕੁਮਾਰ ਸੋਨੂੰ ਦੇ ਪਿਤਾ ਗੋਬਿੰਦ ਰਾਏ ਕਾਮਰਾ (ਸਬਜ਼ੀ ਵਾਲੇ) ਦਾ ਬੀਤੇ ਦਿਨੀਂ ਅਚਾਨਕ ਦੇਹਾਂਤ ਹੋ ਗਿਆ।ਸਵ. ਗੋਬਿੰਦ ਰਾਏ ਕਾਮਰਾ ਦੀ ਬੇਵਕਤੀ ਮੌਤ 'ਤੇ ਗਿੱਦੜਬਾਹਾ ਦੀਆਂ ਸਮੂਹ ਸਮਾਜਿਕ ਸੰਸਥਾਵਾਂ, ਵਪਾਰਕ ਅਦਾਰਿਆਂ ਤੇ ਰਾਜਨੀਤਕ ਪਾਰਟੀਆਂ ਦੇ ਆਗੂਆਂ ਨੇ ਕਾਮਰਾ ਪਰਿਵਾਰ ਨਾਲ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਹੈ।ਸਵ. ਗੋਬਿੰਦ ਰਾਏ ਕਾਮਰਾ ਦੀ ਆਤਮਿਕ ਸ਼ਾਂਤੀ ਲਈ ਨਾਮ ਚਰਚਾ ਐੱਸ.ਐੱਸ.ਡੀ. ਕਮਿਊਨਿਟੀ ਸੈਂਟਰ ਗਿੱਦੜਬਾਹਾ ਵਿਖੇ 17 ਮਈ ਨੂੰ 12:00 ਵਜੇ ਤੋਂ 1:30 ਵਜੇ ਤੱਕ ਹੋਵੇਗੀ।

# ਸੀ ਪੀ ਆਈ ਵੱਲੋਂ ਸਾਫ ਸੁਥਰੀ ਦਿੱਖ ਵਾਲੇ ਉਮੀਦਵਾਰਾਂ ਨੂੰ ਸਮਰਥਨ ਦੇਣ ਦਾ ਫੈਸਲਾ

**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**- ਭਾਰਤੀ ਕਮਿਊਨਿਸਟ ਪਾਰਟੀ ਬਰਾਂਚ ਇਕਾਈ ਸੁਨਾਮ ਦੀ ਇੱਕ ਮੀਟਿੰਗ ਕਾਮਰੇਡ ਸੰਪੂਰਨ ਸਿੰਘ ਛਾਜਲੀ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਅੱਜ ਦੇ ਮੌਜੂਦਾ ਹਾਲਾਤ 'ਤੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਚੰਡੀਗੜ੍ਹ ਵਿਖੇ ਹੱਕ ਮੰਗਦੇ ਕਿਸਾਨਾਂ 'ਤੇ ਚੰਡੀਗੜ੍ਹ ਪੁਲਸ ਵੱਲੋਂ ਕੀਤੇ ਲਾਠੀਚਾਰਜ ਦੀ ਨਿਖੇਧੀ ਕੀਤੀ ਗਈ ਤੇ ਪਿਛਲੇ ਸਮੇਂ ਦੌਰਾਨ ਵਿੱਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਮੀਟਿੰਗ ਦੌਰਾਨ ਆਗੂਆਂ ਨੇ ਨਗਰ ਕੌਂਸਲ ਦੀਆਂ ਹੋ ਰਹੀਆਂ ਚੋਣਾਂ ਵਿੱਚ ਸਾਫ ਸੁਥਰੀ ਦਿੱਖ ਵਾਲੇ ਉਮੀਦਵਾਰ ਨੂੰ ਸਮਰਥਨ ਦੇਣ ਦਾ ਫੈਸਲਾ ਕੀਤਾ ਗਿਆ।ਆਗੂਆਂ ਨੇ ਕਿਹਾ ਕਿ ਫ਼ਿਰਕਾਪ੍ਰਸਤ ਪਾਰਟੀਆਂ ਵੱਲੋਂ ਜਿਸ ਤਰ੍ਹਾਂ ਦੇਸ਼ ਵਿੱਚ ਧਰਮ ਦੇ ਨਾਂ 'ਤੇ ਨਫਰਤ ਤੇ ਡਰ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ, ਇਸ ਲਈ ਸਮਾਜ ਤੇ ਦੇਸ਼ ਨੂੰ ਬਚਾਉਣ ਲਈ ਜ਼ਰੂਰੀ ਹੈ ਕਿ ਫ਼ਿਰਕਾਪ੍ਰਸਤ ਪਾਰਟੀ ਦੇ ਉਮੀਦਵਾਰਾਂ ਨੂੰ ਕਰਾਰੀ ਹਾਰ ਦਿੱਤੀ ਜਾਵੇ, ਇਸ ਲਈ ਜੋ ਵੀ ਉਮੀਦਵਾਰ ਲੋਕ ਹਿੱਤਾਂ, ਲੋਕ ਭਲਾਈ ਲੋਕਾਂ ਦੇ ਕੰਮ ਆਉਣ ਵਾਲਾ ਤੇ ਲੋਕਾਂ ਨਾਲ ਖੜਨ ਵਾਲਾ, ਲੋਕਾਂ ਦੇ ਹੱਕਾਂ ਲਈ ਲੜਨ ਵਾਲਾ, ਇਮਾਨਦਾਰ ਤੇ ਮਿਹਨਤੀ ਉਮੀਦਵਾਰ ਹੋਵੇਗਾ, ਪਾਰਟੀ ਹਿੱਤਾਂ ਤੋਂ ਉੱਪਰ ਉੱਠ ਕੇ ਉਸ ਨੂੰ ਪੂਰਾ ਸਮਰਥਨ ਦਿੱਤਾ ਜਾਵੇਗਾ।ਇਸ ਮੌਕੇ ਕਾਮਰੇਡ ਬ੍ਰਿਜ ਲਾਲ, ਕਾਮਰੇਡ ਹਰਦੇਵ ਸਿੰਘ ਬਖਸ਼ੀਵਾਲਾ, ਕਰਮ ਚੰਦ ਮਾਰਕੰਡਾ ਸਕੱਤਰ ਬਰਾਂਚ ਸੁਨਾਮ, ਰਾਮ ਸਰੂਪ ਢੈਪਈ, ਜੀਤ ਸਿੰਘ ਬੰਗਾਂ, ਜਸਵੰਤ ਸਿੰਘ ਅਸਮਾਨੀ, ਹਰੀਸ਼ ਕੁਮਾਰ, ਸ਼ਿਸ਼ਨ ਚੰਦ, ਰਵਿੰਦਰ ਸਿੰਘ ਲਾਲੀ ਆਦਿ ਹਾਜ਼ਰ ਸਨ।

# ਚੰਨਣਵਾਲ 'ਚ ਗੜੇਮਾਰੀ, ਤੇਜ਼ ਹਨੇਰੀ ਨਾਲ ਮੂੰਗੀ-ਮੱਕੀ ਦੀ ਫਸਲ ਤਬਾਹ

## ਵਿਧਾਇਕ ਪੰਡੋਰੀ ਵੱਲੋਂ ਜਾਇਜ਼ਾ, ਤੁਰੰਤ ਮੁਆਵਜ਼ੇ ਦੀ ਮੰਗ ਤੇ ਗਿਰਦਾਵਰੀ ਦੇ ਹੁਕਮ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**- ਪਿੰਡ ਚੰਨਣਵਾਲ (ਬਰਨਾਲਾ) ਵਿੱਚ ਭਾਰੀ ਗੜੇਮਾਰੀ ਤੇ ਤੇਜ਼ ਹਨੇਰੀ ਨੇ ਕਿਸਾਨਾਂ ਦੀਆਂ ਖੜੀਆਂ ਮੂੰਗੀ ਤੇ ਮੱਕੀ ਦੀਆਂ ਫਸਲਾਂ ਨੂੰ ਬੁਰੀ ਤਰ੍ਹਾਂ ਤਬਾਹ ਕਰ ਦਿੱਤਾ ਹੈ।ਟੱਲੇਵਾਲ ਨੂੰ ਜਾਂਦੇ ਕੱਚੇ ਰਸਤੇ ਨੇੜੇ 12 ਕਿਸਾਨਾਂ ਦੀਆਂ ਫਸਲਾਂ ਨੂੰ ਵੱਡਾ ਨੁਕਸਾਨ ਹੋਇਆ ਹੈ।ਇਸ ਮੌਕੇ ਬਲਵਿੰਦਰ ਸਿੰਘ ਰਾਜਾ, ਗੁਰਜਨਕ ਸਿੰਘ ਚੰਨਣਵਾਲ, ਗੁਰਦੀਪ ਸਿੰਘ, ਭਾਕਿਯੂ ਕਾਦੀਆਂ ਦੇ ਆਗੂ ਦਲਵੀਰ ਸਿੰਘ ਨੇ ਦੱਸਿਆ ਕਿ ਲੰਘੇ ਦਿਨਾਂ 'ਚ ਭਾਰੀ ਗੜੇਮਾਰੀ ਤੇ ਹਨੇਰੀ ਕਾਰਨ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ।ਉਨ੍ਹਾਂ ਦੱਸਿਆ ਕਿ ਬੂਟਾ ਸਿੰਘ, ਜਸਵਿੰਦਰ ਸਿੰਘ, ਹਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਜਸਮਨ ਸਿੰਘ, ਭਿੰਦਾ ਸਿੰਘ, ਕਰਮਜੀਤ ਸਿੰਘ, ਸੁਖਚੈਨ ਸਿੰਘ, ਗੁਰਚਰਨ ਸਿੰਘ, ਚਰਨਜੀਤ ਸਿੰਘ, ਬਲਜਿੰਦਰ ਸਿੰਘ, ਗੁਰਜੰਟ ਸਿੰਘ ਆਦਿ ਕਿਸਾਨਾਂ ਦੀ ਮੂੰਗੀ ਅਤੇ ਮੱਕੀ ਦੀ ਫਸਲ ਪੂਰੀ ਤਰ੍ਹਾਂ ਤਬਾਹ ਹੋ ਚੁੱਕੀ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਪਹਿਲਾਂ ਹੀ ਫਸਲਾਂ ਨੂੰ ਲਾਹੇਵੰਦ ਭਾਅ ਨਾ ਮਿਲਣ ਕਾਰਨ ਖੇਤੀਬਾੜੀ ਘਾਟੇ ਦਾ ਸੌਦਾ ਬਣੀ ਹੋਈ ਹੈ।ਕਰਜ਼ੇ ਦੇ ਬੋਝ ਹੇਠਾਂ ਦੱਬੇ ਕਿਸਾਨਾਂ ਲਈ ਇਹ ਨੁਕਸਾਨ ਹੋਰ ਵੀ ਵੱਡੀ ਮੁਸੀਬਤ ਬਣ ਗਿਆ ਹੈ ਤੇ ਸਰਕਾਰ ਵੱਲੋਂ ਤੁਰੰਤ ਰਾਹਤ ਦੀ ਲੋੜ ਹੈ।ਇਸ ਦੌਰਾਨ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਪੀੜਤ ਕਿਸਾਨਾਂ ਦੇ ਖੇਤਾਂ ਵਿੱਚ ਜਾ ਕੇ ਸਥਿਤੀ ਦਾ ਜਾਇਜ਼ਾ ਲਿਆ ਤੇ ਕਿਸਾਨਾਂ ਨਾਲ ਦੁੱਖ ਸਾਂਝਾ ਕੀਤਾ।ਉਨ੍ਹਾਂ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਵੱਲੋਂ ਹਰ ਸੰਭਵ ਮਦਦ ਪ੍ਰਦਾਨ ਕੀਤੀ ਜਾਵੇਗੀ। ਵਿਧਾਇਕ ਨੇ ਡਿਪਟੀ ਕਮਿਸ਼ਨਰ ਬਰਨਾਲਾ ਨੂੰ ਸਥਿਤੀ ਤੋਂ ਜਾਣੂ ਕਰਵਾਉਂਦਿਆਂ ਗਿਰਦਾਵਰੀ ਤੁਰੰਤ ਕਰਵਾਉਣ ਤੇ ਰਿਪੋਰਟ ਸਰਕਾਰ ਨੂੰ ਭੇਜਣ ਲਈ ਹੁਕਮ ਜਾਰੀ ਕਰਨ ਦੀ ਗੱਲ ਵੀ ਕਹੀ।



## ਵੱਖ-ਵੱਖ ਪਾਰਟੀਆਂ ਦੇ ਸਿਆਸੀ ਆਗੂਆਂ ਸਾਂਝੇ ਤੌਰ 'ਤੇ ਖੜ੍ਹੇ ਕੀਤੇ ਉਮੀਦਵਾਰ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**- ਸਥਾਨਕ ਨਗਰ ਕੌਂਸਲ ਦੀ ਚੋਣ ਲਗਾਤਾਰ ਤੇਜ਼ ਹੁੰਦੀ ਜਾ ਰਹੀ ਹੈ ਤੇ ਆਮ ਆਦਮੀ ਪਾਰਟੀ ਦੇ ਮੁਕਾਬਲੇ ਕਈ ਵਾਰਡਾਂ ਵਿੱਚ ਸਿਆਸੀ ਆਗੂ ਆਪਣੇ ਉਮੀਦਵਾਰਾਂ ਤੇ ਇਕੱਠੇ ਹੁੰਦੇ ਦਿਖਾਈ ਦਿੱਤੇ ਗਏ। ਵਾਰਡ ਨੰਬਰ 14 'ਚੋਂ ਸ੍ਰ. ਤਰਲੋਕ ਸਿੰਘ ਸਾਬਕਾ ਸਰਪੰਚ ਨੂੰ ਵੱਖ-ਵੱਖ ਪਾਰਟੀਆਂ ਨੇ ਸਮਰਥਨ ਦਿੱਤਾ, ਜਿਸ ਵਿੱਚ ਭਾਜਪਾ ਦੀ ਜ਼ਿਲ੍ਹਾ ਪ੍ਰਧਾਨ ਮੈਡਮ ਦਾਮਨ ਥਿੰਦ ਬਾਜਵਾ, ਹਰਮਨ ਬਾਜਵਾ ਤੇ ਅਕਾਲੀ ਦਲ ਪੁਨਰ ਸੁਰਜੀਤ ਦੇ ਅਮਨਵੀਰ ਸਿੰਘ ਚੈਰੀ, ਕਾਂਗਰਸ ਦੇ ਰਜਿੰਦਰ ਦੀਪਾ, ਰਜਿੰਦਰ ਰਾਜਾ ਬੀਰ ਕਲਾਂ ਤੇ ਹੋਰ ਨੁਮਾਇੰਦੇ ਪੁੱਜੇ। ਇਸ ਮੌਕੇ ਉਨ੍ਹਾਂ ਕਿਹਾ ਕਿ ਸ੍ਰ. ਤਰਲੋਕ ਸਿੰਘ ਬਹੁਤ ਹੀ ਨੇਕ ਦਿਲ ਇਨਸਾਨ ਹਨ ਤੇ ਸਦਾ ਲੋਕਾਂ ਦੇ ਨਾਲ ਖੜਦੇ ਰਹੇ ਹਨ ਅਤੇ ਅੱਜ ਉਨ੍ਹਾਂ ਵੱਲੋਂ ਉਨ੍ਹਾਂ ਦਾ ਸਮਰਥਨ ਕੀਤਾ ਜਾ ਰਿਹਾ ਹੈ ਤਾਂ ਕਿ ਵਾਰਡਵਾਸੀਆਂ ਨੂੰ ਕੰਮ ਕਰਨ ਵਾਲਾ ਵਿਅਕਤੀ ਮਿਲ ਸਕੇ। ਇਸੇ ਤਰ੍ਹਾਂ ਵਾਰਡ ਨੰਬਰ 20 ਵਿੱਚੋਂ ਸ੍ਰੀ ਘਨਸ਼ਾਮ ਕਾਂਸਲ ਵੱਡੇ ਕਾਫਲੇ ਦੇ ਨਾਲ ਨਾਮਜ਼ਦਗੀ ਪੱਤਰ ਦਾਖਲ ਕਰਨ ਪਹੁੰਚੇ ਤੇ ਜਿੱਥੇ ਉਨ੍ਹਾਂ ਨੂੰ ਵੱਖ-ਵੱਖ ਸੰਗਠਨਾਂ ਵੱਲੋਂ ਸਮਰਥਨ ਦਿੱਤਾ ਗਿਆ, ਉੱਥੇ ਹੀ ਕਈ ਪਾਰਟੀਆਂ ਦੇ ਆਗੂਆਂ ਵੱਲੋਂ ਵੀ ਉਨ੍ਹਾਂ 'ਤੇ ਸਹਿਮਤੀ ਜਤਾਈ ਗਈ।

# ਮੋਹਾਲੀ ਰੈਲੀ 'ਚ ਵੱਧ ਚੜ੍ਹ ਕੇ ਕਰਾਂਗੇ ਸ਼ਮੂਲੀਅਤ : ਗੁਰਵਿੰਦਰ ਸਿੰਘ

**ਰਾਜਪੁਰਾ (ਰਮੇਸ਼ ਕਟਾਰੀਆ)**- ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੀ ਮੀਟਿੰਗ ਅਣਖੀ ਭਵਨ ਵਿਖੇ ਐਡਹਾਕ ਕਮੇਟੀ ਦੇ ਕਨਵੀਨਰ ਸਾਥੀ ਗੁਰਵਿੰਦਰ ਸਿੰਘ ਹਜ਼ਾਰਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਸਰਕਲਾਂ ਵੱਲੋਂ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਗਈ।ਮੀਟਿੰਗ ਵਿੱਚ ਵੱਖ-ਵੱਖ ਏਜੰਡਿਆਂ 'ਤੇ ਚਰਚਾ ਕੀਤੀ ਗਈ ਤੇ ਫੈਸਲਾ ਕੀਤਾ ਕਿ 19 ਮਈ ਨੂੰ ਲੇਬਰ ਕਮਿਸ਼ਨ ਦੇ ਦਫਤਰ ਸਾਹਮਣੇ ਏਟਕ ਵੱਲੋਂ ਕੀਤੀ ਜਾ ਰਹੀ ਵਿਸ਼ਾਲ ਰੈਲੀ ਵਿੱਚ ਐਡਹਾਕ ਕਮੇਟੀ ਵੱਲੋਂ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇਗੀ।ਮੀਟਿੰਗ ਦੀ ਜਾਣਕਾਰੀ ਦਿੰਦੇ ਹੋਏ ਐਡਹਾਕ ਕਮੇਟੀ ਜਨਰਲ ਸਕੱਤਰ ਸਾਥੀ ਕਰਤਾਰ ਸਿੰਘ ਨੇ ਦੱਸਿਆ ਕਿ 27 ਮਈ ਨੂੰ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ 'ਤੇ ਵਿਚਾਰ ਕਰਨ ਲਈ ਬੋਰਡ ਦੇ ਅਧਿਕਾਰੀਆਂ ਨੂੰ ਮੁੱਖ ਦਫਤਰ ਪਟਿਆਲਾ ਵਿਖੇ ਮਿਲਿਆ ਜਾਵੇਗਾ ਤੇ ਭੱਖਦੇ ਮਸਲੇ ਹੱਲ ਕਰਵਾਏ ਜਾਣਗੇ।ਇਸ ਮੀਟਿੰਗ ਵਿੱਚ ਸਾਥੀ ਬਲਜੀਤ ਕੁਮਾਰ ਧੀਮਾਨ ਲੁਧਿਆਣਾ, ਹਰਜਿੰਦਰ ਸਿੰਘ ਰੋਪੜ, ਹਰਵਿੰਦਰ ਸਿੰਘ ਲਾਲੂ ਰਾਏਕੋਟ, ਸੁਖਦੇਵ ਸਿੰਘ ਲਲਤੋਂ ਕਲਾਂ, ਸੋਬਨ ਕੁਮਾਰ ਲੁਧਿਆਣਾ, ਕਮਲਜੀਤ ਸਿੰਘ ਰੋਪੜ ਥਰਮਲ, ਰਾਜਪਾਲ ਸਿੰਘ ਝੰਜੋਟੀ ਅੰਮ੍ਰਿਤਸਰ, ਰਕੇਸ਼ ਕੁਮਾਰ ਅੰਮ੍ਰਿਤਸਰ, ਪਿਆਰਾ ਸਿੰਘ ਸਮਾਣਾ, ਗੁਰਦਿਆਲ ਸਿੰਘ ਬੱਬੂ ਪਟਿਆਲਾ, ਜੋਗਿੰਦਰ ਸਿੰਘ ਖੰਨਾ, ਚਰਨਜੀਤ ਸਿੰਘ ਜਗਰਾਓਂ, ਦੇਸ਼ ਰਾਜ ਘਈ ਅਨੰਦਪੁਰ ਸਾਹਿਬ ਸ਼ਾਮਲ ਹੋਏ।ਸਾਥੀ ਹਰਭਜਨ ਸਿੰਘ ਪਿਲਖਣੀ ਸਾਬਕਾ ਸੂਬਾ ਪ੍ਰਧਾਨ ਤੇ ਨਰਿੰਦਰ ਸੈਣੀ ਨੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋ ਕੇ ਪਹੁੰਚੇ ਸਾਥੀਆਂ ਨੂੰ ਅਪੀਲ ਕੀਤੀ ਕਿ ਏਟਕ ਮਜ਼ਦੂਰਾਂ ਮੁਲਾਜ਼ਮਾਂ ਦੀ ਵਿਸ਼ਾਲ ਜਥੇਬੰਦੀ ਹੈ, ਇਸ ਵੱਲੋਂ ਦਿੱਤੇ ਗਏ ਹਰ ਸੰਘਰਸ਼ਾਂ ਵਿੱਚ ਵਧ ਚੜ੍ਹ ਕੇ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।



# ਕੈਂਬ੍ਰਿਜ ਦੇ ਵਿਦਿਆਰਥੀਆਂ ਬਾਰ੍ਹਵੀਂ ਦੀ ਪ੍ਰੀਖਿਆ 'ਚ ਮਾਰੀਆਂ ਮੱਲਾਂ

**ਕੋਟ ਈਸੇ ਖਾਂ (ਅਰੋੜਾ)**- ਕੈਂਬ੍ਰਿਜ ਕਾਨਵੈਂਟ ਸਕੂਲ ਕੋਟ ਈਸੇ ਖਾਂ ਦੇ ਵਿਦਿਆਰਥੀਆਂ ਨੇ ਸੀ.ਬੀ.ਐੱਸ.ਈ. ਵੱਲੋਂ ਐਲਾਨੇ ਗਏ ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ, ਮਾਪਿਆਂ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ।ਸਕੂਲ ਦੇ ਵਿਦਿਆਰਥੀਆਂ ਨੇ ਉੱਚ ਅੰਕ ਪ੍ਰਾਪਤ ਕਰਕੇ ਆਪਣੀ ਮਿਹਨਤ, ਅਧਿਆਪਕਾਂ ਦੀ ਲਗਨ ਤੇ ਮਾਪਿਆਂ ਦੇ ਸਹਿਯੋਗ ਦਾ ਪ੍ਰਮਾਣ ਦਿੱਤਾ ਹੈ।ਇਸ ਪ੍ਰਾਪਤੀ ਵਿੱਚ ਜੰਨਤ ਕਾਲੜਾ ਨੇ 96% ਅੰਕ ਹਾਸਲ ਕਰਕੇ ਸਕੂਲ 'ਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ।ਕਨਵ ਮਾਲੜਾ ਨੇ 93%, ਈਸ਼ਾਨ ਸ਼ਰਮਾ ਤੇ ਦਿਲੀਸ਼ਾ ਛਾਬੜਾ ਨੇ 88%, ਸਮਾਇਰਾ ਸਚਦੇਵਾ ਤੇ ਮਹਿਕਜੋਤ ਕੌਰ ਨੇ 87%, ਅਨਮੋਲਪ੍ਰੀਤ ਸਿੰਘ ਨੇ 86%, ਨਵਨੀਸ਼ ਕੌਰ ਨੇ 83%, ਜਦਕਿ ਅਮਰਿੰਦਰ ਸਿੰਘ, ਜੈਫਲੀਨ ਕੌਰ ਤੇ ਮਹਿਕਪ੍ਰੀਤ ਕੌਰ ਨੇ 82% ਅੰਕ ਪ੍ਰਾਪਤ ਕਰਕੇ ਸਕੂਲ ਦੀਆਂ ਉਪਲਬਧੀਆਂ ਵਿੱਚ ਵਾਧਾ ਕੀਤਾ। ਸਕੂਲ ਪ੍ਰਬੰਧਕਾਂ ਤੇ ਅਧਿਆਪਕਾਂ ਨੇ ਵਿਦਿਆਰਥੀਆਂ ਦੀ ਇਸ ਸਫਲਤਾ 'ਤੇ ਖੁਸ਼ੀ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ।ਇਸ ਮੌਕੇ ਸਕੂਲ ਵਿੱਚ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ ਤੇ ਸਮੂਹ ਸਟਾਫ਼ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸੁਨਹਿਰੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।



## ਟੀ ਐੱਸ ਯੂ ਆਗੂਆਂ ਵੱਲੋਂ ਨਵੇਂ ਨਿਗਰਾਨ ਇੰਜੀਨੀਅਰ ਦਾ ਸਨਮਾਨ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**- ਟੈਕਨੀਕਲ ਸਰਵਿਸਜ਼ ਯੂਨੀਅਨ ਗੁਰੂ ਹਰਗੋਬਿੰਦ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਪ੍ਰਧਾਨ ਅਮਰਜੀਤ ਸਿੰਘ ਮੰਗਲੀ, ਮੀਤ ਪ੍ਰਧਾਨ ਜਗਦੀਪ ਸਿੰਘ ਹੰਸ, ਪ੍ਰਚਾਰ ਸਕੱਤਰ ਪਿਆਰਾ ਸਿੰਘ, ਤਲਵਿੰਦਰ ਸਿੰਘ, ਗਗਨਦੀਪ ਸਿੰਘ ਤੇ ਜੋਰਾਵਰ ਸਿੰਘ ਚੌਹਾਨ ਵੱਲੋਂ ਥਰਮਲ ਪਲਾਂਟ ਦੇ ਨਵੇਂ ਨਿਗਰਾਨ ਇੰਜੀਨੀਅਰ ਇੰਦਰ ਅਵਤਾਰ (ਸਿਵਲ ਸੰਭਾਲ ਹਲਕਾ) ਦਾ ਜੀ ਆਇਆਂ ਨੂੰ ਕਹਿੰਦਿਆਂ ਸਨਮਾਨ ਚਿੰਨ੍ਹ ਦੇ ਕੇ ਨਿੱਘਾ ਸਵਾਗਤ ਕੀਤਾ ਗਿਆ ਤੇ ਪਾਵਰ ਕਲੋਨੀ ਦੇ ਕਵਾਟਰਾਂ ਦੀ ਰਿਪੇਅਰ ਕਰਵਾਉਣ ਤੇ ਨਵੇਂ ਆਏ ਮੁਲਾਜ਼ਮਾਂ ਨੂੰ ਕਵਾਟਰ ਅਲਾਟ ਕਰਨ ਸੰਬੰਧੀ ਉਨ੍ਹਾਂ ਨਾਲ ਗੱਲਬਾਤ ਕੀਤੀ ਗਈ। ਨਿਗਰਾਨ ਇੰਜੀਨੀਅਰ ਇੰਦਰ ਅਵਤਾਰ ਨੇ ਟੀ ਐੱਸ ਯੂ ਆਗੂਆਂ ਦਾ ਧੰਨਵਾਦ ਕਰਦਿਆਂ ਕਵਾਟਰ ਅਲਾਟਮੈਂਟ ਜਲਦੀ ਕਰਵਾਉਣ ਦਾ ਭਰੋਸਾ ਦਿਵਾਉਂਦੇ ਹੋਏ ਕਿਹਾ ਕਿ ਸਿਵਲ ਮੈਂਟੀਨਸ ਨਾਲ ਸੰਬੰਧਤ ਕੰਮ ਵੀ ਜਲਦੀ ਕਰਵਾਏ ਜਾਣਗੇ। ਪੀ ਏ ਬਲਜਿੰਦਰ ਸਿੰਘ ਨੇ ਵੀ ਨਿਗਰਾਨ ਇੰਜੀਨੀਅਰ ਨੂੰ ਵਧਾਈ ਦਿੱਤੀ। ਟੀ ਐੱਸ ਯੂ ਦੇ ਸਾਬਕਾ ਸੂਬਾ ਪ੍ਰਧਾਨ ਰਤਨ ਮਜਾਰੀ ਨੇ ਵੀਡੀਓ ਕਾਲ ਰਾਹੀਂ ਇੰਜੀਨੀਅਰ ਇੰਦਰ ਅਵਤਾਰ ਨੂੰ ਵਧਾਈ ਦਿੱਤੀ।



# ਈ- ਰਿਕਸ਼ਾ ਤੇ ਟਿੱਪਰ 'ਚ ਟੱਕਰ, ਤਿੰਨ ਜ਼ਖ਼ਮੀ

**ਮਾਹਿਲਪੁਰ (ਸ਼ਫ਼ਰੀ)**

ਹੁਸ਼ਿਆਰਪੁਰ ਤੋਂ ਚੰਡੀਗੜ੍ਹ ਜਾਣ ਵਾਲੇ ਮੁੱਖ ਤੇ ਪੈਂਦੇ ਕਸਬਾ ਮਾਹਿਲਪੁਰ ਵਿੱਚ ਈ-ਰਿਕਸ਼ਾ ਅਤੇ ਟਿੱਪਰ ਦਰਮਿਆਨ ਹੋਏ ਭਿਆਨਕ ਹਾਦਸੇ ਵਿੱਚ ਇਕ ਵਿਆਕਤੀ ਤੇ ਦੋ ਔਰਤਾਂ ਜ਼ਖ਼ਮੀ ਹੋ ਗਈਆਂ।ਇਕ ਜ਼ਖ਼ਮੀ ਨੂੰ ਨਾਜ਼ੁਕ ਹਾਲਤ ਦੇਖਦੇ ਹੋਏ ਹੁਸ਼ਿਆਰਪੁਰ ਸਿਵਲ ਹਸਪਤਾਲ ਰੈਫਰ ਕਰ ਦਿਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਮਲਕੀਤ ਸਿੰਘ ਪੁੱਤਰ ਧੰਨੀ ਰਾਮ (55) ਵਾਸੀ ਕਾਲੇਵਾਲ ਭਗਤਾਂ ਥਾਣਾ ਚੱਬੇਵਾਲ ਜ਼ਿਲ੍ਹਾ ਹੁਸ਼ਿਆਰਪੁਰ ਆਪਣੇ ਈ-ਰਿਕਸ਼ਾ ਨੰਬਰ ਪੀ ਬੀ 07 ਸੀ ਏ 6497 ਵਿੱਚ ਦੋ ਮਹਿਲਾ ਸਵਾਰੀਆਂ, ਕਾਜਲ ਪਤਨੀ ਬ੍ਰਿਜ ਨਾਥ (37) ਤੇ ਜਸਵੀਰ ਕੌਰ ਪਤਨੀ ਹਰਪ੍ਰੀਤ ਸਿੰਘ (33) ਦੋਵੇਂ ਵਾਸੀ ਕਾਲੇਵਾਲ ਭਗਤਾ ਨੂੰ ਆਪਣੀ ਈ- ਰਿਕਸ਼ਾ ਵਿਚ ਬਿਠਾ ਕੇ ਮਾਹਿਲਪੁਰ ਆ ਰਿਹਾ ਸੀ ,ਜੋ ਹੁਸ਼ਿਆਰਪੁਰ ਤੋ ਗੜ੍ਹਸ਼ੰਕਰ ਵੱਲ ਜਾ ਰਹੇ ਬਿਨਾ ਨੰਬਰ, ਟਿੱਪਰ ਜਿਸ ਨੂੰ ਪਰਮਜੀਤ ਸਿੰਘ ਪੁਤਰ ਸੰਜੀਵ ਵਾਸੀ ਗੱਦੀਵਾਲ ਜ਼ਿਲ੍ਹਾ ਰੋਪੜ ਚਲਾ ਰਿਹਾ ਸੀ ਨਾਲ ਟਕਰਾ ਗਿਆ। ਜਿਸ ਨਾਲ ਰਿਕਸ਼ਾ ਚਾਲਕ ਮਲਕੀਤ ਸਿੰਘ ਪੁੱਤਰ ਧੰਨੀ ਰਾਮ, ਕਾਜਲ ਪਤਨੀ ਬ੍ਰਿਜ ਨਾਥ ਅਤੇ ਜਸਵੀਰ ਕੌਰ ਪਤਨੀ ਹਰਪ੍ਰੀਤ ਸਿੰਘ ਜ਼ਖ਼ਮੀ ਹੋ ਗਏ। ਟਿੱਪਰ ਚਾਲਕ ਨੇ ਸਮੇਤ ਟਿੱਪਰ ਦੌੜਨ ਦੀ ਕੋਸ਼ਿਸ਼ ਕੀਤੀ ਪਰ ਮੌਕੇ ਤੇ ਖੜ੍ਹੇ ਕੁੱਝ ਨੌਜਵਾਨਾਂ ਨੇ ਟਿੱਪਰ ਵਾਲੇ ਨੂੰ ਮਾਹਿਲਪੁਰ ਨਵੇਂ ਬੱਸ ਸਟੈਂਡ ਤੇ ਘੇਰ ਕੇ ਥਾਣਾ ਮਾਹਿਲਪੁਰ ਦੀ ਪੁਲਸ ਹਵਾਲੇ ਕਰ ਦਿੱਤਾ। ਗੰਭੀਰ ਜਖਮੀ ਮਲਕੀਤ ਸਿੰਘ ਪੁੱਤਰ ਧੰਨੀ ਰਾਮ ਦੀ



ਹਾਲਤ ਨਾਜ਼ੁਕ ਦੇਖਦੇ ਹੋਏ ਉਸ ਨੂੰ ਐਂਬੂਲੈਂਸ ਰਾਹੀਂ ਸਿਵਲ ਹਸਪਤਾਲ ਹੁਸ਼ਿਆਰਪੁਰ ਰੈਫ਼ਰ ਕਰ ਦਿੱਤਾ ।ਟਿੱਪਰ ਚਾਲਕ ਪਰਮਜੀਤ ਸਿੰਘ ਨੇ ਪੁੱਛਣ ਤੇ ਦੱਸਿਆ ਕਿ ਈ- ਰਿਕਸ਼ਾ ਦੇ ਚਲਾਕ ਵੱਲੋ ਇੱਕਦਮ ਬਰੇਕ ਲਗਾਉਣ ਨਾਲ ਮੇਰਾ ਟਿੱਪਰ ਈ- ਰਿਕਸ਼ਾ ਦੇ ਪਿੱਛੋ ਟੱਕਰਾ ਗਿਆ ਜਿਸ ਨਾਲ ਇਹ ਹਾਦਸਾ ਵਾਪਰ ਗਿਆ । ਜਦੋਂ ਟਿੱਪਰ ਚਾਲਕ ਨਾਲ ਬਿਨਾਂ ਨੰਬਰ ਤੋਂ ਟਿੱਪਰ ਚਲਾਉਣ ਵਾਰੇ ਪੁੱਛਿਆ ਤਾਂ ਉਸ ਨੇ ਕਿਹਾ ਕੇ ਟਿੱਪਰ ਨਵਾਂ ਹੀ ਲਿਆ ਹੈ ਇਸ ਦਾ ਅਜੇ ਨੰਬਰ ਨਹੀਂ ਆਇਆ । ਥਾਣਾ ਮਾਹਿਲਪੁਰ ਦੀ ਪੁਲਿਸ ਨੇ ਟਿੱਪਰ ਕਬਜੇ ਵਿੱਚ ਲੈ ਕੇ ਅਗਲੇਰੀ ਕਾਰਵਾਈ ਆਰੰਭ ਕਰ ਦਿਤੀ ਹੈ।

# ਗਿਲਜੀਆਂ ਦੀ ਅਗਵਾਈ 'ਚ ਕਾਂਗਰਸੀ ਉਮੀਦਵਾਰਾਂ ਨਾਮਜ਼ਦਗੀ ਪੱਤਰ ਕੀਤੇ ਦਾਖਲ

**ਅੱਡਾ ਸਰਾਂ, ਟਾਂਡਾ ਉੜਮੁੜ (ਜਸਵੀਰ ਕਾਜਲ /ਉਂਕਾਰ ਸਿੰਘ)** ਨਗਰ ਕੌਂਸਲ ਟਾਂਡਾ ਉੜਮੁੜ ਚੋਣਾਂ ਤਹਿਤ ਕਾਂਗਰਸ ਪਾਰਟੀ ਦੇ 15 ਵਾਰਡਾਂ ਤੋਂ ਉਮੀਦਵਾਰਾਂ ਨੇ ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਦੀ ਅਗਵਾਈ ਹੇਠ ਬਾਬਾ ਬੂਟਾ ਭਗਤ ਜੀ ਦੇ ਮੰਦਰ ਵਿਖੇ ਮੱਥਾ ਟੇਕ ਕੇ ਅਸ਼ੀਰਵਾਦ ਪ੍ਰਾਪਤ ਕੀਤਾ ਅਤੇ ਇਸ ਉਪਰੰਤ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਇਸ ਤੋਂ ਬਾਅਦ ਉਮੀਦਵਾਰਾਂ ਨੇ ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਐੱਸ.ਡੀ.ਐੱਮ. ਦਫ਼ਤਰ ਪਹੁੰਚ ਕੇ ਆਪਣੇ-ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ।ਇਸ ਮੌਕੇ ਸਾਬਕਾ ਮੰਤਰੀ ਗਿਲਜੀਆਂ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਵਿਕਾਸ ਅਤੇ ਲੋਕ ਸੇਵਾ ਦੀ ਰਾਜਨੀਤੀ ਵਿੱਚ ਵਿਸ਼ਵਾਸ ਰੱਖਦੀ ਹੈ।ਉਨ੍ਹਾਂ ਭਰੋਸਾ ਜਤਾਇਆ ਕਿ ਇਸ ਵਾਰ ਵੀ ਕਾਂਗਰਸੀ ਉਮੀਦਵਾਰ ਪਿਛਲੇ ਪੰਜ ਸਾਲਾਂ ਦੌਰਾਨ ਕਰਵਾਏ ਵਿਕਾਸ ਕਾਰਜਾਂ ਦੇ ਆਧਾਰ 'ਤੇ ਲੋਕਾਂ ਦਾ ਸਮਰਥਨ ਪ੍ਰਾਪਤ ਕਰਕੇ ਭਾਰੀ ਬਹੁਮਤ ਨਾਲ ਜਿੱਤ ਦਰਜ ਕਰਨਗੇ ਅਤੇ ਨਗਰ ਕੌਂਸਲ ਉੜਮੁੜ-ਟਾਂਡਾ ਵਿੱਚ ਕਾਂਗਰਸ ਦੀ ਹੀ ਕਮੇਟੀ ਦਾ ਗਠਨ ਹੋਵੇਗਾ।ਇਸ ਦੌਰਾਨ ਜਗਜੀਵਨ ਜੱਗੀ, ਗੁਰਸੇਵਕ ਮਾਰਸ਼ਲ, ਹੀਰਾ ਭੱਟੀ,



ਰਾਜੇਸ਼ ਲਾਡੀ, ਵਿਪਨ ਮਰਵਾਹਾ, ਬਾਬੂ ਰੂਪ ਲਾਲ, ਸਤਵਿੰਦਰ ਸਿੰਘ, ਜਸਵਿੰਦਰ ਕਾਕਾ, ਬ੍ਰਹਮਜੀਤ ਸੈਣੀ, ਭੰਡਾਰੀ, ਬਲਜਿੰਦਰ ਕੌਰ, ਪੰਕਜ ਸਚਦੇਵਾ, ਦਵਿੰਦਰ ਬਿੱਲੂ, ਮੰਨੂ, ਆਸ਼ੂ ਵੈਦ, ਸੁੰਦਰੀ ਖੋਸਲਾ, ਗੁਰਪ੍ਰੀਤ ਸਚਦੇਵਾ, ਸਤਵੰਤ ਜੱਗੀ, ਡਾ. ਬਲਦੇਵ ਰਾਜ, ਜਸਵਿੰਦਰ ਸਿੰਘ ਅਤੇ ਰਾਕੇਸ਼ ਬਿੱਟੂ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਵਰਕਰ ਅਤੇ ਸਮਰਥਕ ਹਾਜ਼ਰ ਸਨ, ਜਿਨ੍ਹਾਂ ਪਾਰਟੀ ਦੀ ਜਿੱਤ ਦਾ ਭਰੋਸਾ ਜਤਾਇਆ ।

# ਤਿੰਨ ਵਿਦਿਆਰਥੀਆਂ ਨੂੰ ਸਹਾਇਕ ਕਮਿਸ਼ਨਰ ਨੇ ਕੀਤਾ ਸਨਮਾਨਤ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਸਰਕਾਰੀ ਐਲੀਮੈਂਟਰੀ ਸਕੂਲ ਰੇੜੂਪੱਤੀ ਦੇ ਤਿੰਨ ਵਿਦਿਆਰਥੀ ਸੈਸ਼ਨ 2025-26 ਦੀ ਹੋਈ ਪੰਜਵੀਂ ਦੀ ਸਲਾਨਾ ਪ੍ਰੀਖਿਆ ਵਿਚੋਂ 500/500 ਅੰਕ ਹਾਸਲ ਕਰ ਕੇ ਮੈਰੀਟ ਵਿੱਚ ਆਉਣ ਤੇ ਮਨਨ, ਕਾਰਤਿਕੇ ਜਸਵਾਲ ਤੇ ਅਰੁਸ਼ ਨੂੰ ਮਾਨਯੋਗ ਸਹਾਇਕ ਕਮਿਸ਼ਨਰ ਹੁਸ਼ਿਆਰਪੁਰ ਕੈਪਟਨ ਗੁਰਪ੍ਰੀਤ ਵਲੋਂ ਅਸ਼ੋਕ ਚੱਕਰਾ ਹਾਲ ਹੁਸ਼ਿਆਰਪੁਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ। ਇਸ ਪ੍ਰਾਪਤੀ ਬੱਚਿਆਂ ਨੂੰ ਉਤਸ਼ਾਹਿਤ ਕਰਦਿਆਂ ਸਹਾਇਕ ਕਮਿਸ਼ਨਰ ਨੇ ਬੱਚਿਆਂ ਦੇ ਮੁਖਾਤਿਬ ਹੁੰਦਿਆਂ ਕਿਹਾ ਕਿ ਬੱਚਿਓ ਜ਼ਿੰਦਗੀ ਵਿੱਚ ਸਫਲਤਾ ਲਈ ਮਿਹਨਤ ਅਤੇ ਅਨੁਸ਼ਾਸਨ ਦਾ ਕਦੇ ਪੱਲਾ ਨਹੀਂ ਛੱਡਣਾ ਤੇ ਹਰ ਕੰਮ ਨੂੰ ਇਮਾਨਦਾਰੀ ਨਾਲ ਕਰੋ।ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਹਰਜਿੰਦਰ ਕੌਰ ਤੇ ਸਹਾਇਕ ਜਿਲ੍ਹਾ ਸਿੱਖਿਆ ਅਫਸਰ ਅਮਨਦੀਪ ਸ਼ਰਮਾ ਨੇ ਇਸ ਕਾਮਯਾਬੀ ਤੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਅਧਿਆਪਕਾਂ ਦੀ ਇਸੇ ਤਰ੍ਹਾਂ ਵਧੀਆ ਕਾਰਗੁਜ਼ਾਰੀ ਜਾਰੀ ਰੱਖਣ ਪਰੇਰਦਿਆਂ ਦੱਸਿਆ ਕਿ ਰੇੜੂਪੱਤੀ ਬੱਚੇ ਕੇਵਲ ਪੜ੍ਹਾਈ ਵਿੱਚ ਹੀ ਨਹੀਂ ਸਗੋਂ ਖੇਡਾਂ ਵਿੱਚ ਵੀ ਹਰ ਸਾਲ ਵਧੀਆ ਪ੍ਰਦਰਸ਼ਨ ਕਰਦੇ ਹਨ ਤੇ ਹਰ ਸਾਲ ਇਸ ਸਕੂਲ ਦੇ ਬੱਚੇ ਨਵੋਦਿਆ ਪ੍ਰੀਖਿਆ ਪਾਸ ਕਰਦੇ ਹਨ ਜੋ ਕਿ ਪੂਰੇ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ ।ਬਲਾਕ ਬੀ ਐਨ ਓ ਅਮਿਤ ਰਾਣਾ ਨੇ ਕਿਹਾ ਕਿ ਇਹ ਕੇਵਲ ਸਕੂਲ ਹੀ ਨਹੀਂ ਸਗੋਂ ਪੂਰੇ ਬਲਾਕ ਕਮਾਹੀ ਦੇਵੀ ਲਈ ਫਖਰ ਵਾਲੀ ਗੱਲ ਹੈ।ਉਨ੍ਹਾਂ ਕਿਹਾ ਕਿ ਇਸ ਸਫਲਤਾ ਪਿੱਛੇ ਬੱਚਿਆਂ ਦੀ ਸਖ਼ਤ ਮਿਹਨਤ ਕਲਾਸ ਇੰਚਾਰਜ ਚਮਨ ਦੀ ਲਗਨ ਤੇ ਸਕੂਲ ਸਟਾਫ ਮੈਂਬਰ ਸਰੋਜ ਕੁਮਾਰੀ,ਭੁਵਨੇਸ਼ਵਰੀ, ਰੁਪਾਲੀ,ਮਹਿਕ ਤੇ ਦੀ ਮਿਹਨਤ ਹੈ। ਇਸ ਮੌਕੇ ਤੇ ਸਕੂਲ ਮੁਖੀ ਜਸਵੀਰ ਸਿੰਘ ਨੇ ਕਿਹਾ ਕਿ ਬੱਚਿਆਂ ਦੀ ਇਸ ਤਰ੍ਹਾਂ ਹੌਸਲਾ ਅਫਜਾਈ ਉਹਨਾਂ ਨੂੰ ਮਿਹਨਤ ਕਰਨ ਨੂੰ ਪ੍ਰੇਰਿਤ ਕਰਦੀ ਹੈ ਸਹਾਇਕ ਕਮਿਸ਼ਨਰ ਤੇ ਜਿਲ੍ਹਾ ਸਿੱਖਿਆ ਅਫ਼ਸਰ ਵਲੋਂ ਕੀਤਾ ਅਜਿਹਾ ਉਪਰਾਲਾ ਸ਼ਲਾਘਾਯੋਗ ਹੈ।



# ਅਲਾਇੰਸ ਕਲੱਬ ਦੇ ਅਹੁਦੇਦਾਰ ਸਨਮਾਨਤ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇੱਥੇ ਅਲਾਇੰਸ ਕਲੱਬ ਇੰਟਰਨੈਸ਼ਨਲ ਡਿਸਟਰਿਕਟ ਦੀ ਜੋਨ-1 ਦੀ ਮੀਟਿੰਗ ਸਥਾਨਕ ਸਿਰਾਜ ਹੋਟਲ ਵਿਖੇ ਕੀਤੀ ਗਈ ਜਿਸ ਦੀ ਪ੍ਰਧਾਨਗੀ ਐਲੀ ਅਸ਼ਵਨੀ ਦੱਤਾ ਨੇ ਕੀਤੀ। ਇਸ ਮੌਕੇ ਤੇ ਅਲਾਇੰਸ ਕਲੱਬ ਇੰਟਰਨੈਸ਼ਨਲ ਦੇ ਵਾਈਸ ਪ੍ਰੈਜ਼ੀਡੈਂਟ ਐਲੀ ਅਸ਼ੋਕ ਪੁਰੀ, ਆਈ ਸੀ ਸੀ ਡਾਕਟਰ ਐਮ ਜਮੀਲ ਬਾਲੀ ਅਤੇ ਨੌਰਥ ਮਲਟੀਪਲ ਦੀ ਐਡਵਾਈਜ਼ਰ ਐਲੀ ਰਮੇਸ਼ ਕੁਮਾਰ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਪ੍ਰੋਗਰਾਮ ਦੇ ਪ੍ਰੋਜੈਕਟ ਚੇਅਰਮੈਨ ਐਲੀ ਵਿਵੇਕ ਸਾਹਨੀ ਸਨ। ਮੀਟਿੰਗ ਦੀ ਗੱਲਬਾਤ ਸ਼ੁਰੂ ਕਰਦੇ ਹੋਏ ਐਲੀ ਦੱਤਾ ਨੇ ਦੱਸਿਆ ਕਿ ਅਲਾਇੰਸ ਕਲੱਬ ਹੁਸ਼ਿਆਰਪੁਰ ਗਰੇਟਰ, ਅਤੇ ਅਲਾਇੰਸ ਕਲੱਬ ਉਨਾਂ ਦੇ ਪ੍ਰਧਾਨ ਐਲੀ ਅਜੇ ਸ਼ਾਰਦਾ ਅਤੇ ਐਲ ਅੰਮ੍ਰਿਤ ਲਾਲ ਨੂੰ ਅਲਾਇੰਸ ਕਲੱਬ ਦੇ ਅਹੁਦੇਦਾਰਾਂ ਵਿੱਚ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਨਵੇਂ ਚੁਣੇ ਗਏ ਪ੍ਰਧਾਨ ਐਲੀ ਸ਼ਾਰਦਾ ਅਤੇ ਐਲੀ ਅੰਮ੍ਰਿਤ ਲਾਲ ਨੇ ਸਮਾਜ ਸੇਵਾ ਦੇ ਕੰਮਾਂ ਨੂੰ ਅਲਾਇੰਸ ਕਲੱਬ ਦੀਆਂ ਰਿਵਾਇਤਾਂ ਨਾਲ ਕਰਨ ਦਾ ਵਿਸ਼ਵਾਸ ਦਵਾਇਆ। ਐਲੀ ਵਿਵੇਕ ਸਾਹਨੀ ਨੇ ਦੱਸਿਆ ਕਿ ਡਿਸਟਰਿਕਟ 119 ਦੀ ਅਗਲੀ ਮੀਟਿੰਗ ਰਾਏਪੁਰ ਮੈਦਾਨ ਜ਼ਿਲ੍ਹਾ ਊਨਾ ਵਿੱਚ ਕੀਤੀ ਜਾਵੇਗੀ। ਇਸ ਮੌਕੇ ਤੇ ਅਲਾਇੰਸ ਕਲੱਬ ਨਾਰਥ ਮਲਟੀਪਲ ਦੀ ਲਖਨਊ ਵਿਖੇ ਹੋ ਰਹੀ ਪਹਿਲੀ ਮੀਟਿੰਗ ਵਿੱਚ ਭਾਗ ਲੈਣ ਲਈ ਜਾ ਰਹੇ ਐਲੀ ਅਸ਼ੋਕਪੁਰੀ ਨੂੰ ਸ਼ੁਭਕਾਮਨਾਵਾਂ ਦਿੱਤੀਆਂ।

# ਭਾਸ਼ਾ ਵਿਭਾਗ ਦੇ ਰਸਾਲੇ 'ਜਨ ਸਾਹਿਤ' ਲਈ ਜੰਗ ਵਿਰੋਧੀ ਕਵਿਤਾਵਾਂ ਦੀ ਮੰਗ

**ਹੁਸ਼ਿਆਰਪੁਰ (ਓ ਪੀ ਰਾਣਾ)**- ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਹੇਠ ਪੰਜਾਬੀ ਭਾਸ਼ਾ ਤੇ ਸਭਿਆਚਾਰ ਦੇ ਪ੍ਰਚਾਰ ਪ੍ਰਸਾਰ ਲਈ ਲਗਾਤਾਰ ਗਤੀਵਿਧੀਆਂ ਕਰ ਰਿਹਾ ਹੈ। ਗਤੀਵਿਧੀਆਂ ਦੀ ਇਸੇ ਲੜੀ ਤਹਿਤ ਭਾਸ਼ਾ ਵਿਭਾਗ ਵੱਲੋਂ ਕੱਢੇ ਜਾ ਰਹੇ ਚਾਰ ਰਸਾਲਿਆਂ ਵਿੱਚੋਂ ਜਨ ਸਾਹਿਤ ਰਸਾਲੇ ਦਾ ਅੰਕ 'ਅਕਤੂਬਰ ਤੋਂ ਦਸੰਬਰ 2026' 'ਜੰਗ ਵਿਰੋਧੀ ਕਵਿਤਾਵਾਂ' ਵਿਸ਼ੇਸ਼ ਅੰਕ ਕੱਢਿਆ ਜਾ ਰਿਹਾ ਹੈ। ਇਸ ਸਬੰਧੀ ਵਿਸਤਾਰ ਨਾਲ ਗੱਲ ਕਰਦਿਆਂ ਡਾ. ਜਸਵੰਤ ਰਾਏ ਖੋਜ ਅਫ਼ਸਰ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਨੇ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਵੱਖ-ਵੱਖ ਦੇਸ਼ਾਂ ਵਿਚਾਲੇ ਚੱਲ ਰਹੇ ਜੰਗਾਂ-ਯੁੱਧਾਂ ਕਾਰਨ, ਵਿਸ਼ਵ ਪੱਧਰ 'ਤੇ ਹੋ ਰਹੇ ਨੁਕਸਾਨ ਤੋਂ ਨਿਜ਼ਾਤ ਪਾਉਣ ਅਤੇ ਦੁਨੀਆ ਦੇ ਭਵਿੱਖ ਨੂੰ ਸੁਰੱਖਿਅਤ, ਸੁਖਮਈ ਤੇ ਸਕੂਨ ਭਰਿਆ ਬਣਾਉਣ ਲਈ ਸੁਹਿਰਦ ਸੰਵੇਦਨਾਵਾਂ ਤੇ ਸੋਚ ਪ੍ਰਣਾਲੀਆਂ ਨੂੰ ਉਤਸ਼ਾਹਿਤ ਕਰਨ ਦੇ ਯਤਨਾਂ ਵਜੋਂ ਵਿਭਾਗ ਵੱਲੋਂ 'ਜੰਗ ਵਿਰੋਧੀ ਕਵਿਤਾਵਾਂ' ਵਿਸ਼ੇਸ਼ ਅੰਕ ਮਹੀਨਾ ਅਕਤੂਬਰ-ਦਸੰਬਰ, 2026 ਪ੍ਰਕਾਸ਼ਿਤ ਕਰਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਸਾਹਿਤ ਆਪਣੀ ਸੰਵੇਦਨਾ ਰਾਹੀਂ ਇਹੋ ਜਿਹੇ ਮਾਹੌਲ ਨੂੰ ਸਾਵਾਂ ਬਣਾਉਣ ਲਈ ਅਤੀਤ ਵਿੱਚ ਵੀ ਭਾਗੀਦਾਰ ਰਿਹਾ ਹੈ। ਇਸ ਲਈ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਵੀਆਂ ਤੋਂ ਉਕਤ ਸਬੰਧੀ ਰਚਨਾਵਾਂ ਦੀ ਮੰਗ ਕੀਤੀ ਜਾ ਰਹੀ ਹੈ। 15 ਜੂਨ ਤੋਂ ਪਹਿਲਾਂ ਮੇਲ ਜਾਂ ਦਸਤੀ ਰੂਪ ਵਿੱਚ ਪੁਜਦੀਆਂ ਕਰ ਦਿੱਤੀਆਂ ਜਾਣ।

# ਪੰਜਾਬੀ ਪੜ੍ਹਾਉਣ ਸੰਬੰਧੀ ਮਾਪਿਆਂ ਵੱਲੋਂ ਆਰਮੀ ਸਕੂਲ ਦੇ ਪ੍ਰਿੰਸੀਪਲ ਨਾਲ ਮੁਲਾਕਾਤ

**ਜਲੰਧਰ (ਰਾਜੇਸ਼ ਥਾਪਾ)**- ਆਰਮੀ ਪਬਲਿਕ ਸਕੂਲ ਜਲੰਧਰ ਛਾਉਣੀ ਵਿੱਚ ਸੰਸਕ੍ਰਿਤ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਦੇ ਸੰਬੰਧ ਵਿੱਚ ਅੱਜ ਇੱਥੇ ਸਕੂਲ ਦੀ ਪ੍ਰਿੰਸੀਪਲ ਨਾਲ ਵਿਦਿਆਰਥੀਆਂ ਦੇ ਮਾਪਿਆਂ ਨੇ ਮੁਲਾਕਾਤ ਕੀਤੀ।ਇਸ ਮੁਲਾਕਾਤ ਵਿਚ ਉਨ੍ਹਾਂ ਨੇ ਛੇਵੀਂ ਜਮਾਤ ਤੋਂ ਹੀ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜ੍ਹਾਉਣ ਲਈ ਬੇਨਤੀ ਕੀਤੀ।ਇਸ ਮੁਲਾਕਾਤ ਤੋਂ ਬਾਅਦ ਪੰਜਾਬੀ ਭਾਸ਼ਾ ਪ੍ਰਸਾਰ ਭਾਈਚਾਰਾ ਦੇ ਸੰਚਾਲਕ ਮਹਿੰਦਰ ਸਿੰਘ ਸੇਖੋਂ ਨੇ ਦੱਸਿਆ ਕਿ ਮਾਪਿਆਂ ਵਲੋਂ ਪ੍ਰਿੰਸੀਪਲ ਨੂੰ ਦੱਸਿਆ ਗਿਆ ਹੈ ਕਿ ਆਰਮੀ ਵੈਲਫੇਅਰ ਐਜੂਕੇਸ਼ਨ ਸੋਸਾਇਟੀ ਦਾ ਸੰਸਕ੍ਰਿਤ ਪੜ੍ਹਾਉਣ ਸੰਬੰਧੀ ਫੈਸਲਾ ਸਰਾਸਰ ਗਲਤ ਹੈ ਕਿਉਂਕਿ ਨਵੀਂ ਸਿੱਖਿਆ ਨੀਤੀ ਅਨੁਸਾਰ ਤਿੰਨ ਭਾਸ਼ਾਵਾਂ ਪੜ੍ਹਾਉਣ ਦੀ ਪੇਸ਼ਕਸ਼ ਕੀਤੀ ਗਈ ਹੈ। ਜਿਸ ਵਿੱਚ ਖੇਤਰੀ ਭਾਸ਼ਾ ਪੜ੍ਹਾਉਣੀ ਲਾਜ਼ਮੀ ਹੈ।ਪਰ ਆਰਮੀ ਵੈਲਫੇਅਰ ਐਜੂਕੇਸ਼ਨ ਸੁਸਾਇਟੀ ਨੇ ਸਿਖਿਆ ਨੀਤੀ ਦੀਆਂ ਸਿਫਾਰਸ਼ਾਂ ਵੀ ਪਾਸੇ ਰੱਖ ਕੇ ਪੰਜਾਬੀ ਭਾਸ਼ਾ ਨੂੰ ਚੌਥੀ ਐਡੀਸ਼ਨਲ ਭਾਸ਼ਾ ਬਣਾ ਦਿੱਤਾ ਗਿਆ ਹੈ। ਇਹ ਵੀ ਕਿਹਾ ਗਿਆ ਹੈ ਕਿ 9ਵੀਂ ਤੋਂ 12ਵੀਂ ਕਲਾਸ ਦੇ ਵਿਦਿਆਰਥੀ ਪੰਜਾਬੀ ਸਮੇਤ ਖੇਤਰੀ ਭਾਸ਼ਾਵਾਂ ਵਿਚ ਰਜਿਸਟ੍ਰੇਸ਼ਨ ਤਾਂ ਕਰਵਾ ਸਕਦੇ ਹਨ ਪਰ ਸਕੂਲ ਉਨ੍ਹਾਂ ਲਈ ਕੋਈ ਅਧਿਆਪਕ ਮੁਹੱਈਆ ਨਹੀਂ ਕਰਵਾਏਗਾ। ਇਹ ਤਬਦੀਲੀ ਸਪੱਸ਼ਟ ਰੂਪ ਵਿਚ ਕੌਮੀ ਸਿੱਖਿਆ ਨੀਤੀ-2020 ਦੇ ਵੀ ਉਲਟ ਹੈ। ਗੌਰਤਲਬ ਹੈ ਕਿ ਇਕ ਵਾਰ ਪਹਿਲਾਂ ਵੀ ਆਰਮੀ ਪਬਲਿਕ ਸਕੂਲ, ਜਲੰਧਰ ਨੇ 2024 ਵਿਚ ਅਜਿਹਾ ਫੈਸਲਾ ਲਿਆ ਸੀ ਪਰ ਉਸ ਵੇਲੇ ਮਹਿੰਦਰ ਸਿੰਘ ਸੇਖੋਂ ਵੱਲੋਂ ਜ਼ੋਰ ਸ਼ੋਰ ਨਾਲ ਮਸਲਾ ਉਠਾਇਆ ਗਿਆ ਸੀ ਅਤੇ ਪੰਜਾਬ ਸਰਕਾਰ ਵੱਲੋਂ ਸਕੂਲ ਉਤੇ ਦਬਾਅ ਪਾਇਆ ਗਿਆ ਸੀ ਤਾਂ ਉਹ ਫੈਸਲਾ ਬਦਲ ਦਿੱਤਾ ਗਿਆ ਸੀ।



ਇਥੇ ਇਹ ਵਰਨਣਯੋਗ ਹੈ ਕਿ ਤਰਲੋਚਨ ਸਿੰਘ ਸਾਬਕਾ ਚੇਅਰਮੈਨ ਘੱਟ ਗਿਣਤੀ ਕਮਿਸ਼ਨ ਨੇ ਵੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਇਕ ਪੱਤਰ ਲਿਖ ਕੇ ਇਹ ਫੈਸਲਾ ਵਾਪਸ ਲੈਣ ਦੀ ਮੰਗ ਕੀਤੀ ਹੈ।

## ਬ੍ਰਿਟਿਸ਼ ਲੌਰੀਏਟ ਸਕੂਲ ਨੇ ਆਈਕੋਨਿਕ ਬ੍ਰਾਂਡ ਆਫ਼ ਟ੍ਰਾਈਸਿਟੀ ਐਵਾਰਡ ਕੀਤਾ ਹਾਸਲ

**ਮੁਹਾਲੀ (ਗੁਰਜੀਤ ਬਿੱਲਾ)**- ਬ੍ਰਿਟਿਸ਼ ਲੌਰੀਏਟ ਸਕੂਲ ਨੂੰ ਬ੍ਰਿਟਿਸ਼ ਮਿਆਰੀ ਸਿੱਖਿਆ ਅਤੇ ਅਕਾਦਮਿਕ ਨਵੀਨਤਾ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਨਿਊਜ਼ 18 ਇੰਡੀਆ ਦੁਆਰਾ ਸਨਮਾਨਤ ਕੀਤਾ ਗਿਆ ਹੈ, ਜਿਸ ਨਾਲ ਇਸ ਨੇ ਪ੍ਰਸਿੱਧ ਟ੍ਰਾਈਸਿਟੀ ਦਾ ਆਇਕਾਨਿਕ ਬ੍ਰਾਂਡ ਦਾ ਵੱਕਾਰੀ ਖਿਤਾਬ ਪ੍ਰਾਪਤ ਕੀਤਾ ਹੈ। ਬ੍ਰਿਟਿਸ਼ ਲੌਰੀਏਟ ਸਕੂਲ ਨੇ ਲਗਾਤਾਰ ਸੰਪੂਰਨ ਵਿਕਾਸ ਨੂੰ ਉਤਸ਼ਾਹਿਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਹੈ, ਜਿਸ ਅਧੀਨ ਅਕਾਦਮਿਕ ਉੱਤਮਤਾ ਦੇ ਨਾਲ-ਨਾਲ ਸਹਿ-ਪਾਠਕ੍ਰਮਕ ਗਤੀਵਿਧੀਆਂ, ਆਲੋਚਨਾਤਮਕ ਸੋਚ ਅਤੇ ਰਚਨਾਤਮਕਤਾ ਨੂੰ ਵੀ ਨਿਖਾਰਿਆ ਜਾਂਦਾ ਹੈ। ਡਾਇਰੈਕਟਰ ਪ੍ਰਿੰਸੀਪਲ ਡਾ. ਕਰਨਲ ਅਤੁਲ ਭੰਡਾਰੀ ਨੇ ਇਸ ਮੌਕੇ ਧੰਨਵਾਦ ਪ੍ਰਗਟ ਕਰਦੇ ਹੋਏ ਇਸ ਪ੍ਰਾਪਤੀ ਦਾ ਸਿਹਰਾ ਸਕੂਲ ਭਾਈਚਾਰੇ ਦੇ ਸਮੂਹਿਕ ਯਤਨਾਂ ਨੂੰ ਦਿੱਤਾ। ਡਾਇਰੈਕਟਰ ਪ੍ਰਿੰਸੀਪਲ ਨੇ ਕਿਹਾ ਕਿ ਇਹ ਮਾਨਤਾ ਸਿੱਖਿਆ ਵਿੱਚ ਉੱਤਮਤਾ ਦੀ ਸਾਡੀ ਨਿਰੰਤਰ ਕੋਸ਼ਿਸ਼ ਨੂੰ ਦਰਸਾਉਂਦੀ ਹੈ। ਮੈਂ ਆਪਣੇ ਸਮਰਪਿਤ ਅਧਿਆਪਕਾਂ, ਮਿਹਨਤੀ ਵਿਦਿਆਰਥੀਆਂ ਅਤੇ ਸਹਿਯੋਗੀ ਮਾਪਿਆਂ ਨੂੰ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਲਈ ਦਿਲੋਂ ਵਧਾਈ ਦਿੰਦਾ ਹਾਂ।



## ਸਿਮਰਨ ਨੇ ਬਾਰ੍ਹਵੀਂ ਕਲਾਸ 'ਚ 94.4 ਫੀਸਦੀ ਨੰਬਰ ਲੈ ਕੇ ਪਿੰਡ ਦਾ ਨਾਂਅ ਕੀਤਾ ਰੌਸ਼ਨ



ਪੋਜੇਵਾਲ (ਰਾਮ ਲਾਲ)-ਸਿਮਰਨ ਪੁੱਤਰੀ ਮੋਹਨ ਲਾਲ ਕਾਲਸ ਪਿੰਡ ਚਾਂਦਪੁਰ ਰੁੜਕੀ ਬਾਰਵੀਂ ਕਲਾਸ ਵਿੱਚੋਂ 94.4% ਨੰਬਰ ਹਾਸਲ ਕੀਤੇ ਹਨ। ਜਾਣਕਾਰੀ ਦਿੰਦੇ ਰਜਿੰਦਰ ਸਿੰਘ ਨੇ ਦੱਸਿਆ ਕਿ ਸਾਨੂੰ ਅਜਿਹੇ ਬੱਚਿਆਂ ਦਾ ਮਾਨ ਸਨਮਾਨ ਕਰਨਾ ਚਾਹੀਦਾ ਜੋ ਕਿ ਪੜ੍ਹਾਈ ਵਿੱਚ ਵਧੀਆ ਨੰਬਰ ਲੈਂਦੇ ਹਨ ।ਇਸ ਦੇ ਨਾਲ ਬੱਚਿਆਂ ਦਾ ਪੜ੍ਹਾਈ ਵਿੱਚ ਹੋਰ ਮਨ ਲੱਗੇਗਾ ਤੇ ਬੱਚਿਆਂ ਦਾ ਹੋਰ ਵੀ ਹੌਸਲਾ ਬੁਲੰਦ ਹੋਵੇਗਾ।

## ਸੋਨੂੰ ਕੰਗ ਪੀ ਏ ਨੇ ਸਫਾਈ ਸੇਵਕਾਂ ਦੀ ਧਰਨੇ 'ਤੇ ਜਾ ਕੇ ਕੀਤੀ ਹਮਾਇਤ

**ਸ਼ਾਹਕੋਟ (ਗਿਆਨ ਸੈਦਪੁਰੀ)**-ਨਗਰ ਪੰਚਾਇਤ ਦਫਤਰ ਸ਼ਾਹਕੋਟ ਦੇ ਸਫਾਈ ਸੇਵਕਾਂ ਵੱਲੋਂ ਪਿਛਲੇ 12 ਦਿਨਾਂ ਤੋਂ ਲਗਾਤਾਰ ਹੜਤਾਲ ਜਾਰੀ ਹੈ। ਸ਼ਨੀਵਾਰ ਨੂੰ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੇ ਪੀ ਏ ਸੁਖਦੀਪ ਸਿੰਘ ਕੰਗ ਸਫਾਈ ਸੇਵਕਾਂ ਦੀ ਚੱਲ ਰਹੀ ਹੜਤਾਲ 'ਤੇ ਬੈਠੇ ਮਜ਼ਦੂਰਾਂ ਕੋਲ ਪਹੁੰਚ ਕੇ ਉਹਨਾਂ ਦੀਆਂ ਮੁਸ਼ਕਲਾਂ ਸੁਣੀਆਂ। ਉਹਨਾਂ ਧਰਨੇ 'ਤੇ ਬੈਠੇ ਸਫਾਈ ਸੇਵਕਾਂ ਨੂੰ ਕਿਹਾ ਕਿ ਉਹ ਹਰ ਵਕਤ ਉਹਨਾਂ ਦੇ ਨਾਲ ਖੜੇ ਹਨ। ਉਹਨਾਂ ਸਫਾਈ ਸੇਵਕਾਂ ਨੂੰ ਵਿਸ਼ਵਾਸ਼ ਦਵਾਇਆ ਕਿ ਉਹ ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੂੰ ਉਹਨਾਂ ਦੀਆਂ ਹੱਕੀ ਮੰਗਾਂ ਦੱਸ ਕੇ ਉਨ੍ਹਾਂ ਨੂੰ ਹੱਲ ਕਰਵਾਉਣ ਦਾ ਯਤਨ ਕਰਨਗੇ। ਇਸ ਮੌਕੇ ਸਫਾਈ ਸੇਵਕ ਯੂਨੀਅਨ ਦੇ ਪ੍ਰਧਾਨ ਸੁਨੀਲ ਕੁਮਾਰ ਅਤੇ ਧਰਨੇ 'ਤੇ ਬੈਠੇ ਮਜ਼ਦੂਰਾਂ ਨੇ ਸੋਨੂੰ ਕੰਗ ਦਾ ਧੰਨਵਾਦ ਕੀਤਾ ਅਤੇ ਉਹਨਾਂ ਕਿਹਾ ਕਿ ਸਾਡੇ ਕੋਲ ਹਾਲੇ ਤੱਕ ਸ਼ਹਿਰ ਦੀ ਕੋਈ ਵੀ ਸਮਾਜ ਸੇਵੀ ਸੰਸਥਾ ਜਾਂ ਰਾਜਨੀਤਿਕ ਪਾਰਟੀ ਦਾ ਕੋਈ ਆਗੂ ਨਹੀਂ ਪਹੁੰਚਿਆ। ਇਸ ਮੌਕੇ ਅਮਨਦੀਪ ਸੈਦਪੁਰੀ ਵੀ ਮੌਜੂਦ ਸਨ।



# ਗੁਰੂ ਨਾਨਕ ਪਬਲਿਕ ਸੈਕੰਡਰੀ ਸਕੂਲ ਜੱਲੋਵਾਲ ਖਨੂਰ ਦਾ ਬਾਰ੍ਹਵੀਂ ਦਾ ਨਤੀਜਾ ਸ਼ਾਨਦਾਰ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਇਸ ਸਾਲ ਵੀ ਗੁਰੂ ਨਾਨਕ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਜੱਲੋਵਾਲ ਖਨੂਰ ਦਾ ਬਾਰ੍ਹਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਮੌਕੇ ਸਕੂਲ ਦੇ ਡਾਇਰੈਕਟਰ ਗੁਰਦੀਪ ਸਿੰਘ ਜੱਲੋਵਾਲ ਖਨੂਰ ਨੇ ਦੱਸਿਆ ਕਿ ਬਾਰ੍ਹਵੀਂ ਕਲਾਸ ਦੇ ਸਾਰੇ ਵਿਦਿਆਰਥੀ ਫਸਟ ਡਵੀਜ਼ਨ ਵਿੱਚ



ਪਾਸ ਹੋਏ । ਮੈਡੀਕਲ ਸਬਜੈਕਟ ਵਿੱਚੋਂ ਅਰੁਸ਼ੀ ਨੇ 469/500, 94% ਨੰਬਰ ਲੈ ਕੇ ਸਕੂਲ ਵਿੱਚੋਂ ਪਹਿਲਾ ਸਥਾਨ, ਅਮਨਦੀਪ ਕੌਰ 466/500 94% ਦੂਜਾ ਸਥਾਨ, ਦਲਵੀਰ ਕੌਰ ਨੇ 462/ 500 92% ਨੰਬਰ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ । ਇਸ ਮੌਕੇ ਸਕੂਲ ਡਾਇਰੈਕਟਰ ਗੁਰਦੀਪ ਸਿੰਘ ਜੱਲੋਵਾਲ ਖਨੂਰ ਨੇ ਵਧੀਆ ਅੰਕ ਪ੍ਰਾਪਤ ਕਰਨ ਤੇ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ ਪਿਤਾ ਨੂੰ ਵਧਾਈਆਂ ਦਿੱਤੀਆਂ।ਉਨ੍ਹਾਂ ਸਕੂਲ ਦਾ ਵਧੀਆ ਨਤੀਜਾ ਆਉਣ ਵਿੱਚ ਸਕੂਲ ਦੇ ਮਿਹਨਤੀ ਸਟਾਫ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਸਕੂਲ ਦੇ ਡਾਇਰੈਕਟਰ ਨੇ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ । ਇਸ ਮੌਕੇ ਇਨਾਮ ਵੰਡ ਸਮਾਗਮ ਦੌਰਾਨ ਮੁੱਖ ਮਹਿਮਾਨ ਡਾਕਟਰ ਇਸ਼ਾਂਕ ਕੁਮਾਰ ਹਲਕਾ ਵਿਧਾਇਕ ਚੱਬੇਵਾਲ ਨੇ ਅੱਵਲ ਆਏ ਵਿਦਿਆਰਥੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ । ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਆਏ ਹੋਏ ਮਹਿਮਾਨਾਂ, ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸਹਿਯੋਗੀਆਂ ਨੂੰ ਸਨਮਾਨਤ ਕੀਤਾ ਗਿਆ।

ਇਸ ਮੌਕੇ ਸਕੂਲ ਦੇ ਡਾਇਰੈਕਟਰ ਗੁਰਦੀਪ ਸਿੰਘ ਜੱਲੋਵਾਲ ਖਨੂਰ, ਜਸਵੀਰ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ, ਸਰਪੰਚ ਬਲਜੀਤ ਸਿੰਘ ਜੱਲੋਵਾਲ, ਮਾਸਟਰ ਸੋਮ ਲਾਲ, ਉਂਕਾਰ ਸਿੰਘ, ਵਿਨੋਦ ਕੁਮਾਰ, ਸਤਿੰਦਰ ਸਿੰਘ, ਰਮਨਦੀਪ, ਬਲਵੀਰ ਸਿੰਘ, ਮੈਡਮ ਸਿਮਰਨ, ਗੀਤਾ, ਪ੍ਰੀਆ, ਰਿਧਮ, ਸ਼ਰਨ, ਕਰਮਜੀਤ, ਜਸਪਾਲ, ਪੂਜਾ, ਪਵਨ, ਨਵਨੀਤ ਕੌਰ, ਨਕਸ਼, ਪਰਮਿੰਦਰਜੀਤ ਕੌਰ ਆਦਿ ਹਾਜ਼ਰ ਸਨ।

# ਬੋਰਵੈੱਲ 'ਚ ਡਿੱਗੇ ਬੱਚੇ ਨੂੰ 9 ਘੰਟੇ ਬਾਅਦ ਸੁਰੱਖਿਅਤ ਕੱਢਿਆ



**ਟਾਂਡਾ ਉੜਮੁੜ (ਮਿਥਲੇਸ਼ ਗਰਗ, ਜਸਵਿੰਦਰ ਸੰਧੂ)**

ਨੇੜਲੇ ਪਿੰਡ ਚੱਕ ਸਮਾਨਾ ਵਿਖੇ ਸ਼ੁੱਕਰਵਾਰ ਸ਼ਾਮ ਚਾਰ ਵਜੇ ਦੇ ਕਰੀਨ ਬੋਰਵੈੱਲ 'ਚ ਡਿੱਗੇ ਚਾਰ ਸਾਲਾ ਬੱਚੇ ਨੂੰ ਐੱਨ ਡੀ ਆਰ ਐੱਫ, ਐੱਸ ਡੀ ਆਰ ਐੱਫ, ਪੰਜਾਬ ਪੁਲਿਸ, ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕਰੀਬ ਨੌਂ ਘੰਟਿਆਂ ਬਾਅਦ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਬੋਰਵੈੱਲ 'ਚ ਡਿੱਗੇ ਬੱਚੇ ਗੁਰਕਰਨ ਸਿੰਘ, ਪੁੱਤਰ ਹਰਿੰਦਰ ਅਤੇ ਆਸ਼ਾ, ਜੋ ਕਿ ਮਜ਼ਦੂਰੀ ਕਰਦੇ ਹਨ, ਨੂੰ ਰਾਤ ਕਰੀਬ 12:40 ਵਜੇ ਦੇ ਕਰੀਬ ਬੋਰਵੈੱਲ ਵਿੱਚੋਂ ਬਾਹਰ ਕੱਢਿਆ ਗਿਆ ਅਤੇ ਤੁਰੰਤ ਮੈਡੀਕਲ ਜਾਂਚ ਲਈ ਹਸਪਤਾਲ ਲਿਜਾਇਆ ਗਿਆ।ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਤੇ ਐੱਸ ਐੱਸ ਪੀ ਸੰਦੀਪ ਕੁਮਾਰ ਮਲਿਕ ਨੇ ਆਪ੍ਰੇਸ਼ਨ ਦੀ ਸ਼ੁਰੂ ਤੋਂ ਮੋਹਰੇ ਹੋ ਕੇ ਅਗਵਾਈ ਕੀਤੀ ਅਤੇ ਆਪ੍ਰੇਸ਼ਨ ਨੂੰ ਸਫਲ ਬਣਾਉਣ ਲਈ ਟੀਮਾਂ ਦੀ ਦ੍ਰਿੜਤਾ ਦੀ ਭਰਵੀਂ ਸ਼ਲਾਘਾ ਕੀਤੀ।ਬਚਾਅ ਕਾਰਜ ਸਫਲਤਾਪੂਰਵਕ ਮੁਕੰਮਲ ਹੋਣ ਤੋਂ ਬਾਅਦ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਬੱਚੇ ਨੂੰ ਬਚਾਅ ਤੋਂ ਬਾਅਦ ਐਂਬੂਲੈਂਸ ਵਿੱਚ ਡਾਕਟਰੀ ਟੀਮ ਦੇ ਨਾਲ ਅਗਲੇਰੀ ਜਾਂਚ ਲਈ ਹਸਪਤਾਲ ਭੇਜਿਆ ਗਿਆ। ਉਨ੍ਹਾਂ ਦੱਸਿਆ ਕਿ ਸ਼ਾਮ 4 ਵਜੇ ਦੇ ਕਰੀਬ ਇਹ ਘਟਨਾ ਵਾਪਰੀ ਅਤੇ ਸੂਚਨਾ ਮਿਲਣ 'ਤੇ ਪ੍ਰਸ਼ਾਸਨਿਕ ਅਧਿਕਾਰੀ ਤੁਰੰਤ ਮੌਕੇ 'ਤੇ ਪਹੁੰਚ ਗਏ। ਉਨ੍ਹਾਂ ਦੱਸਿਆ ਕਿ ਗੁਰਕਰਨ ਆਪਣੇ ਘਰ ਦੇ ਨਾਲ ਲੱਗਦੇ ਇੱਕ ਖੁੱਲ੍ਹੇ ਬੋਰਵੈੱਲ ਵਿੱਚ ਜਾ ਡਿੱਗਿਆ, ਜੋ ਕੱਲ੍ਹ ਪੁੱਟਿਆ ਜਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਬੋਰਵੈੱਲ ਦੇ ਬਿਲਕੁਲ ਨਾਲ 30 ਫੁੱਟ ਤੋਂ ਜ਼ਿਆਦਾ ਡੂੰਘਾ ਟੋਇਆ ਪੁੱਟਣ ਤੋਂ ਬਾਅਦ, ਬਚਾਅ ਟੀਮਾਂ ਵੱਲੋਂ ਬੋਰ ਦੇ ਨਾਲ ਬਣਾਏ ਗਏ ਇੱਕ ਤੰਗ ਰਾਹ ਰਾਹੀਂ ਸ਼ਾਫਟ ਤੱਕ ਪਹੁੰਚ ਕੇ ਕਾਫੀ ਜੱਦੋ-ਜਹਿਦ ਤੋਂ ਬਾਅਦ ਬੱਚੇ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ। ਉਨ੍ਹਾਂ ਦੱਸਿਆ ਕਿ ਬੱਚਾ ਬੋਰਵੈੱਲ ਵਿੱਚ ਡਿੱਗਣ ਤੋਂ ਬਾਅਦ ਕਰੀਬ 30 ਫੁੱਟ ਦੇ ਨੇੜੇ ਫਸ ਗਿਆ ਸੀ ਅਤੇ ਬਚਾਅ ਕਾਰਜ ਤੇਜ਼ ਕਰਨ ਲਈ ਲੋੜੀਂਦੀ ਮਸ਼ੀਨਰੀ ਨੂੰ ਮੌਕੇ 'ਤੇ ਲਿਆਂਦਾ ਗਿਆ। ਮੈਂਬਰ ਪਾਰਲੀਮੈਂਟ ਡਾ: ਚੱਬੇਵਾਲ ਨੇ ਕਿਹਾ ਕਿ ਇਹ ਬਹੁਤ ਹੀ ਨਾਜ਼ੁਕ ਆਪ੍ਰੇਸ਼ਨ ਸੀ ਤੇ ਟੀਮਾਂ ਦੇ ਲਗਾਤਾਰ ਯਤਨਾਂ ਸਦਕਾ ਕਰੀਬ ਸੱਤ ਘੰਟੇ ਦੀ ਜੱਦੋ-ਜਹਿਦ ਤੋਂ ਬਾਅਦ ਇਸ ਨੂੰ ਸਫ਼ਲ ਬਣਾਇਆ ਗਿਆ।ਐੱਸ ਐੱਸ ਪੀ ਸੰਦੀਪ ਕੁਮਾਰ ਮਲਿਕ ਨੇ ਵੀ ਬੱਚੇ ਨੂੰ ਸੁਰੱਖਿਅਤ ਬਾਹਰ ਕੱਢਣ ਲਈ ਬਚਾਅ ਟੀਮਾਂ ਦਾ ਧੰਨਵਾਦ ਕੀਤਾ।

## ਬਲਾਚੌਰ ਵਿਖੇ ਕੈਰੀਅਰ ਕਾਊਂਸਲਿੰਗ ਪ੍ਰੋਗਰਾਮ

**ਨਵਾਂਸ਼ਹਿਰ (ਮਨੋਜ ਲਾਡੀ)**- ਗੁਲਪ੍ਰੀਤ ਸਿੰਘ ਔਲਖ ਆਈ ਏ ਐਸ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ), ਬਲਾਚੌਰ ਵਿਖੇ ਕਰੀਅਰ ਕਾਊਂਸਲਿੰਗ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਵਿੱਚ ਸੰਦੀਪ ਕੁਮਾਰ ਪੀ. ਸੀ ਐਸ (ਏ) ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ ਵੱਲੋਂ 12ਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਲਿਖਤੀ ਪ੍ਰੀਖਿਆ ਦੇ ਵਿਸ਼ੇ ਜਿਵੇਂ ਕਿ ਆਮ ਗਿਆਨ, ਸਾਧਾਰਨ ਵਿਗਿਆਨ, ਗਣਿਤ, ਕਰੰਟ ਅਫੇਅਰਜ਼, ਲਾਜ਼ਿਕਲ ਰੀਜ਼ਨਿੰਗ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਕਮਰਸ ਸਟਰੀਮ ਦੀ ਡਿਗਰੀਆਂ ਜਿਵੇਂ ਕਿ ਬੀ.ਕਾਮ, ਬੀ.ਬੀ.ਏ, ਬੀ.ਸੀ.ਏ ਦੀ ਪੜ੍ਹਾਈ ਤੋਂ ਬਾਅਦ ਪੀ.ਓ (ਬੈਂਕਿੰਗ ਲਾਈਨ) ਅਤੇ ਹੋਰ ਕਿੱਤਿਆਂ ਬਾਰੇ ਜਾਣਕਾਰੀ ਦਿੱਤੀ ਗਈ।ਇਸ ਤੋਂ ਇਲਾਵਾ ਉਹਨਾਂ ਵੱਲੋਂ ਵਿਦਿਆਰਥੀਆਂ ਨੂੰ ਪੁਲਸ ਦੀ ਭਰਤੀ ਲਈ ਐਸ.ਸੀ.ਸੀ, ਸੀ.ਐਚ.ਐਸ.ਐਲ, ਸੀ.ਜੀ.ਐਲ ਬਾਰੇ ਜਾਣਕਾਰੀ ਦਿੱਤੀ ਗਈ। ਹਿਨਾ ਭਾਟੀਆ, ਯੰਗ ਪ੍ਰੋਫੈਸ਼ਨਲ ਐਮ.ਸੀ.ਸੀ ਵੱਲੋਂ ਵੀ ਵਿਦਿਆਰਥੀਆਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਵੱਖ ਵੱਖ ਟੂਲਜ਼ ਦੀ ਸਹੀ ਤਰੀਕੇ ਨਾਲ ਵਰਤੋਂ ਕਰਨ 'ਤੇ ਜ਼ੋਰ ਦਿੱਤਾ ਗਿਆ।

# ਮੋਹਿੰਦਰ ਭਗਤ ਤੇ ਦੀਪਕ ਬਾਲੀ ਨੇ ਬਾਲਾ ਜੀ ਦੀ ਚੌਂਕੀ 'ਚ ਟੇਕਿਆ ਮੱਥਾ

**ਜਲੰਧਰ (ਸੁਰਿੰਦਰ ਕੁਮਾਰ)**- ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਤੇ ਸੈਰ ਸਪਾਟਾ ਤੇ ਸੱਭਿਆਚਾਰਕ



ਮਾਮਲੇ ਵਿਭਾਗ ਦੇ ਸਲਾਹਕਾਰ ਦੀਪਕ ਬਾਲੀ ਨੇ ਸਾਈਂ ਦਾਸ ਸਕੂਲ ਦੀ ਗਰਾਊਂਡ ਵਿਖੇ ਬਾਲਾ ਜੀ ਦੀ ਚੌਂਕੀ ਵਿੱਚ ਮੱਥਾ ਟੇਕਿਆ।

ਭਗਤ ਤੇ ਬਾਲੀ ਨੇ ਭਾਈਚਾਰਕ ਸਾਂਝ ਅਤੇ ਪੰਜਾਬ ਦੀ ਚੜ੍ਹਦੀ ਕਲਾ ਲਈ ਪ੍ਰਾਰਥਨਾ ਵੀ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਭ ਧਰਮਾਂ ਦਾ ਸਤਿਕਾਰ ਕਰਦੀ ਹੈ। ਉਨ੍ਹਾਂ ਕਿਹਾ ਕਿ ਇਹ ਪੰਜਾਬ ਹੀ ਹੈ, ਜਿੱਥੇ ਸੂਬਾ ਵਾਸੀ ਆਪਸੀ ਭਾਈਚਾਰੇ ਦੀ ਮਿਸਾਲ ਕਾਇਮ ਕਰਦਿਆਂ ਰਲ ਮਿਲ ਕੇ ਧਾਰਮਿਕ ਸਮਾਗਮ ਮਨਾਉਂਦੇ ਹਨ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਪਰਸ਼ੂਰਾਮ ਜਯੰਤੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪੰਜਾਬ ਸਰਕਾਰ ਦੇ ਕਾਰਜਕਾਲ ਵਿੱਚ ਮਨਾਈ ਗਈ। ਇਸ ਤੋਂ ਇਲਾਵਾ ਪਠਾਨਕੋਟ ਵਿਖੇ ਪਹਿਲੀ ਵਾਰੀ ਨਵ ਸੰਮਤ ਰਾਜ ਪੱਧਰੀ ਸਮਾਗਮ ਵੀ ਕਰਵਾਇਆ ਗਿਆ। ਪੰਜਾਬ ਸਰਕਾਰ ਵਲੋਂ ਸ੍ਰੀ ਰਾਮ ਤੀਰਥ ਵਿਖੇ ਕਰੀਬ 25 ਕਰੋੜ ਦੇ ਕਾਰਜ ਵੀ ਆਰੰਭੇ ਜਾ ਰਹੇ ਹਨ।ਇਸ ਮੌਕੇ ਸੀਨੀਅਰ ਆਪ ਆਗੂ ਦਿਨੇਸ਼ ਢੱਲ ਅਤੇ ਚੇਅਰਮੈਨ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਮੰਗਲ ਸਿੰਘ ਬੱਸੀ ਵੀ ਮੌਜੂਦ ਸਨ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਨਗਰ ਨਿਗਮ ਚੋਣਾਂ ਲਈ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ

**ਮੁਹਾਲੀ (ਗੁਰਜੀਤ ਬਿੱਲਾ)**- ਮੁਹਾਲੀ ਨਗਰ ਨਿਗਮ ਚੋਣਾਂ ਦਾ ਬਿਗਲ ਵਜਾਉਂਦੇ ਹੋਏ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਆਗੂ ਅਤੇ ਹਲਕਾ ਇੰਚਾਰਜ ਪਰਵਿੰਦਰ ਸਿੰਘ ਸੋਹਾਣਾ ਨੇ 37 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕਰ ਦਿੱਤੀ ਹੈ। ਸੋਹਾਣਾ ਨੇ ਕਿਹਾ ਕਿ ਪਾਰਟੀ ਹਾਈਕਮਾਂਡ, ਆਬਜ਼ਰਵਰ ਮਹੇਸ਼ਇੰਦਰ ਸਿੰਘ ਗਰੇਵਾਲ, ਕੋਰ ਕਮੇਟੀ ਦੀ ਮਨਜ਼ੂਰੀ ਅਤੇ ਸਥਾਨਕ ਲੀਡਰਸ਼ਿਪ ਨਾਲ ਲੰਬੀ ਸਲਾਹ-ਮਸ਼ਵਰੇ ਤੋਂ ਬਾਅਦ ਹੀ ਇਨ੍ਹਾਂ ਮਿਹਨਤੀ ਅਤੇ ਇਮਾਨਦਾਰ ਚਿਹਰਿਆਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਉਹਨਾਂ ਕਿਹਾ ਕਿ ਇਹ ਸਿਰਫ਼ ਉਮੀਦਵਾਰਾਂ ਦੀ ਸੂਚੀ ਨਹੀਂ, ਬਲਕਿ ਮੋਹਾਲੀ ਨੂੰ ਮੌਜੂਦਾ ਸਰਕਾਰ ਦੇ ਭ੍ਰਿਸ਼ਟਾਚਾਰ ਅਤੇ ਨਾਕਾਮੀਆਂ ਤੋਂ ਮੁਕਤ ਕਰਵਾਉਣ ਦਾ ਸਿੱਧਾ ਐਲਾਨਨਾਮਾ ਹੈ। ਪ੍ਰੈਸ ਨੋਟ ਜਾਰੀ ਕਰਦਿਆਂ ਪਰਵਿੰਦਰ ਸਿੰਘ ਸੋਹਾਣਾ ਨੇ ਦੱਸਿਆ ਕਿ ਇਸ ਸੂਚੀ ਵਿੱਚ ਮਹਿਲਾਵਾਂ, ਨੌਜਵਾਨਾਂ ਤੇ ਹਰ ਵਰਗ ਦੇ ਨੁਮਾਇੰਦਿਆਂ ਨੂੰ ਵਿਸ਼ੇਸ਼ ਤਰਜੀਹ ਦਿੱਤੀ ਗਈ ਹੈ ਤਾਂ ਜੋ ਮੋਹਾਲੀ ਦੇ ਹਰ ਵਾਰਡ ਦਾ ਸਰਵਪੱਖੀ ਵਿਕਾਸ ਯਕੀਨੀ ਬਣਾਇਆ ਜਾ ਸਕੇ। ਉਮੀਦਵਾਰਾਂ ਦੀ ਪਹਿਲੀ ਸੂਚੀ: ਵਾਰਡ 1 ਸੁਰਿੰਦਰ ਕੌਰ, ਵਾਰਡ 4 ਪ੍ਰੀਤਮ ਸਿੰਘ, ਵਾਰਡ 5 ਰਮਨਜੀਤ ਕੌਰ, ਵਾਰਡ 7 ਇੰਦਰਪ੍ਰੀਤ ਕੌਰ ਪ੍ਰਿੰਸ, ਵਾਰਡ 9 ਕੁਲਦੀਪ ਕੌਰ ਕੰਗ, ਵਾਰਡ 11 ਭੁਪਿੰਦਰ ਕੌਰ, ਵਾਰਡ 12 ਨਰਿੰਦਰ ਸਿੰਘ, ਵਾਰਡ 14 ਰਮਨਦੀਪ ਸਿੰਘ ਬਾਵਾ, ਵਾਰਡ 17 ਸੁਰਿੰਦਰ ਕੌਰ, ਵਾਰਡ 20 ਕੁਲਵਿੰਦਰ ਸਿੰਘ ਕੰਬਾਲੀ, ਵਾਰਡ 21 ਆਤਮਜੀਤ ਕੌਰ, ਵਾਰਡ 22 ਹਰਵਿੰਦਰ ਸਿੰਘ ਸਰਪੰਚ, ਵਾਰਡ 23 ਵਰਿੰਦਰ ਕੌਰ, ਵਾਰਡ 24 ਸੁਖਵਿੰਦਰ ਸਿੰਘ ਭਿੰਦਾ,ਵਾਰਡ 25 ਰਾਜਪ੍ਰੀਤ ਕੌਰ ਗਿੱਲ, ਵਾਰਡ 26 ਗੁਰਪ੍ਰੀਤ ਸਿੰਘ, ਵਾਰਡ 28 ਰਜਨੀ, ਵਾਰਡ 29 ਬਲਵਿੰਦਰ ਕੌਰ, ਵਾਰਡ 30 ਦਵਿੰਦਰਪਾਲ ਸਿੰਘ ਕੰਗ, ਵਾਰਡ 31 ਰੂਮਨ ਬੈਦਵਾਣ, ਵਾਰਡ 32 ਸੁਖਵਿੰਦਰ ਸਿੰਘ, ਵਾਰਡ 33 ਦਲਜੀਤ ਕੌਰ, ਵਾਰਡ 34 ਤਰਨਪ੍ਰੀਤ ਸਿੰਘ ਧਾਲੀਵਾਲ, ਵਾਰਡ 35 ਕੁਲਵਿੰਦਰ ਕੌਰ, ਵਾਰਡ 36 ਬਲਵਿੰਦਰ ਕੁਮਾਰ ਵਰਮਾ, ਵਾਰਡ 37 ਕੁਲਵਿੰਦਰ ਕੌਰ, ਵਾਰਡ 39 ਸਤਵੀਰ ਕੌਰ, ਵਾਰਡ 40 ਗੁਰਮੇਲ ਸਿੰਘ, ਵਾਰਡ 41 ਬਲਵਿੰਦਰ ਕੌਰ, ਵਾਰਡ 42 ਅਮਿਤ ਵਰਮਾ, ਵਾਰਡ 43 ਕੁਲਵਿੰਦਰ ਕੌਰ, ਵਾਰਡ 44 ਐਡਵੋਕੇਟ ਸੁਖਵੀਰ ਸਿੰਘ ਗਿੱਲ, ਵਾਰਡ 45 ਰਵਿੰਦਰ ਕੌਰ, ਵਾਰਡ 46 ਸੁਖਦਰਸ਼ਨ ਸਿੰਘ ਕਾਕਾ, ਵਾਰਡ 47 ਜਸਪ੍ਰੀਤ ਕੌਰ, ਵਾਰਡ 48 ਕੇਸਰ ਸਿੰਘ ਬਲੌਂਗੀ, ਵਾਰਡ 49 ਅਰਚਨਾ ਅੰਨੂ। ਪਰਵਿੰਦਰ ਸਿੰਘ ਸੋਹਾਣਾ ਨੇ ਕਿਹਾ ਸ਼ਰੋਮਣੀ ਅਕਾਲੀ ਦਲ ਇਹ ਚੋਣ ਵਿਕਾਸ ਦੇ ਨਾਂਅ ਤੇ ਲੜੇਗਾ।



## ਸਾਲਾਨਾ ਮੇਲਾ ਅੱਜ

**ਜਲੰਧਰ (ਲਖਵਿੰਦਰ ਸਿੰਘ ਆਧੀ)**-ਬਾਬਾ ਖੇਤਰਪਾਲ ਜੀ ਦਾ 14 ਵਾਂ ਸਾਲਾਨਾ ਮੇਲਾ ਸਮੂਹ ਨਗਰ ਨਿਵਾਸੀ ਤੇ ਮੇਲਾ ਪ੍ਰਬੰਧਕ ਕਮੇਟੀ ਤੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 17 ਮਈ ਨੂੰ ਪਿੰਡ ਸੰਢਾਵਾਲ ਜ਼ਿਲ੍ਹਾ ਜਲੰਧਰ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਕਰਵਾਇਆ ਜਾ ਰਿਹਾ ਹੈ। ਐਂਕਰ ਰਮੇਸ਼ ਘਈ ਨੇ ਦੱਸਿਆ ਕਿ 17 ਮਈ ਸਵੇਰੇ 10 ਵਜੇ ਝੰਡੇ ਦੀ ਰਸਮ ਅਦਾ ਕੀਤੀ ਜਾਵੇਗੀ ਤੇ ਸਟੇਜ ਸਵੇਰੇ 11 ਵਜੇ ਸ਼ੁਰੂ ਕੀਤਾ ਜਾਵੇਗੀ। ਇਸ ਮੌਕੇ ਤੇ ਪੰਜਾਬ ਦੇ ਮਸ਼ਹੂਰ ਗਾਇਕ ਕੁਲਜੀਤ ਬਾਈ, ਚਰਨਜੀਤ ਚੰਨੀ, ਸੁਖਚੈਨ ਸੱਤਾ, ਪਰਮਜੀਤ ਕੌਰ, ਬਲਦੇਵ ਹੰਸ, ਕਮਲਜੀਤ ਹੰਸ, ਅਤੇ ਪੰਮਾ ਸਾਹਾਲਾਪੁਰੀਆ ਆਦਿ ਬਾਬਾ ਜੀ ਦੇ ਦਰਬਾਰ ਤੇ ਹਾਜ਼ਰੀ ਲਵਾਉਣਗੇ। ਇਸ ਮੌਕੇ ਤੇ ਬਾਬਾ ਜੀ ਦਾ ਲੰਗਰ ਅਤੁੱਟ ਵਰਤਾਇਆ ਜਾਵੇਗਾ।

## ਡੇਂਗੂ ਵਿਰੁੱਧ ਜਾਗਰੂਕਤਾ ਰੈਲੀ ਕੱਢੀ

**ਮੋਹਾਲੀ (ਗੁਰਜੀਤ ਬਿੱਲਾ)**- 'ਹਰ ਸ਼ੁੱਕਰਵਾਰ, ਡੇਂਗੂ ਤੇ ਵਾਰ' ਮੁਹਿੰਮ ਤਹਿਤ ਜ਼ਿਲ੍ਹਾ ਸਿਹਤ ਵਿਭਾਗ ਵਲੋਂ ਡੇਂਗੂ ਵਿਰੁਧ ਹੋਕਾ ਦਿੰਦਿਆਂ ਜਾਗਰੂਕਤਾ ਰੈਲੀ ਕੱਢੀ ਗਈ।ਜ਼ਿਲ੍ਹਾ ਟੀਕਾਕਰਨ ਅਧਿਕਾਰੀ ਡਾ. ਗਿਰੀਸ਼ ਡੋਗਰਾ ਨੇ ਰੈਲੀ ਨੂੰ ਫ਼ੇਜ਼ 3ਬੀ1 ਦੇ ਸਰਕਾਰੀ ਸਕੂਲ ਤੋਂ ਹਰੀ ਝੰਡੀ ਵਿਖਾ ਕੇ ਰਵਾਨਾ ਕੀਤਾ, ਜਿਸ ਵਿਚ ਸਿਹਤ ਵਿਭਾਗ ਦੇ ਕਾਮਿਆਂ ਅਤੇ ਨਰਸਿੰਗ ਕਾਲਜਾਂ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ। ਰੈਲੀ ਦੌਰਾਨ ਜਿਥੇ ਲੋਕਾਂ ਨੂੰ ਡੇਂਗੂ ਬੁਖ਼ਾਰ ਤੋਂ ਬਚਣ ਦਾ ਹੋਕਾ ਦਿਤਾ ਗਿਆ, ਉਥੇ ਲੋਕਾਂ ਨੂੰ ਡੇਂਗੂ ਦੇ ਲੱਛਣਾਂ, ਕਾਰਨਾਂ, ਬਚਾਅ ਅਤੇ ਇਲਾਜ ਸਬੰਧੀ ਪੈਂਫ਼ਲੈਂਟ ਵੰਡੇ ਗਏ। ਰੈਲੀ ਦੌਰਾਨ ਗੱਲਬਾਤ ਕਰਦਿਆਂ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਅਨਾਮਿਕਾ ਸੋਨੀ ਨੇ ਕਿਹਾ ਕਿ ਸਿਵਲ ਸਰਜਨ ਡਾ. ਸੰਗੀਤਾ ਜੈਨ ਦੇ ਨਿਰਦੇਸ਼ਾਂ 'ਤੇ ਕੱਢੀ ਗਈ ਰੈਲੀ ਦਾ ਮਕਸਦ ਲੋਕਾਂ ਦੀ ਇਸ ਮਾਰੂ ਬੁਖ਼ਾਰ ਬਾਬਤ ਜਾਗਰੂਕਤਾ ਵਧਾਉਣਾ ਹੈ। ਉਨ੍ਹਾਂ ਕਿਹਾ ਕਿ ਡੇਂਗੂ ਬੁਖ਼ਾਰ ਤੋਂ ਬਚਾਅ ਦਾ ਇਕੋ-ਇਕ ਕਾਰਗਰ ਤਰੀਕਾ ਹੈ ਕਿ ਕਿਸੇ ਵੀ ਥਾਂ ਪਾਣੀ ਖੜ੍ਹਾ ਨਾ ਹੋਣ ਦਿਤਾ ਜਾਵੇ। ਇਸੇ ਦੌਰਾਨ ਸਿਹਤ ਟੀਮਾਂ ਨੇ ਘਰ-ਘਰ ਜਾ ਕੇ ਕੰਟੇਨਰ ਸਰਵੇ ਵੀ ਕੀਤਾ।



# ਨਕਾਬਪੋਸ਼ ਹਮਲਾਵਰਾਂ ਵੱਲੋਂ ਕੰਪਨੀ ਮੈਨੇਜਰ ਦੀ ਬੇਰਹਿਮੀ ਨਾਲ ਕੁੱਟਮਾਰ ਤੇ ਲੁੱਟ-ਖੋਹ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਸਨਅਤੀ ਸ਼ਹਿਰ ਡੇਰਾਬੱਸੀ ਦੇ ਬਰਵਾਲਾ ਰੋਡ 'ਤੇ ਅਮਨ-ਕਾਨੂੰਨ ਦੀ ਸਥਿਤੀ ਉਸ ਵੇਲੇ ਮੁੜ ਸਵਾਲਾਂ ਦੇ ਘੇਰੇ ਵਿੱਚ ਆ ਗਈ, ਜਦੋਂ ਦੇਰ ਰਾਤ ਇੱਕ ਨਾਮੀ ਕੰਪਨੀ ਦੇ ਪ੍ਰੋਡਕਸ਼ਨ ਮੈਨੇਜਰ 'ਤੇ 10-12 ਨਕਾਬਪੋਸ਼ ਨੌਜਵਾਨਾਂ ਵੱਲੋਂ ਜਾਨਲੇਵਾ ਹਮਲਾ ਕਰ ਦਿੱਤਾ ਗਿਆ। ਹਮਲਾਵਰਾਂ ਨੇ ਨਾ ਸਿਰਫ਼ ਮੈਨੇਜਰ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ, ਸਗੋਂ ਉਸ ਕੋਲੋਂ ਨਕਦੀ ਅਤੇ ਮੋਬਾਇਲ ਫੋਨ ਖੋਹ ਕੇ ਮੌਕੇ ਤੋਂ ਫ਼ਰਾਰ ਹੋ ਗਏ। ਜ਼ਖ਼ਮੀ ਮੈਨੇਜਰ ਨੂੰ ਲਹੂ-ਲੁਹਾਨ ਹਾਲਤ ਵਿੱਚ ਡੇਰਾਬੱਸੀ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ। ?ਪ੍ਰਾਪਤ ਜਾਣਕਾਰੀ ਅਨੁਸਾਰ ਪੀੜਤ ਦੀ ਪਛਾਣ ਰਣਜੀਤ ਕੁਮਾਰ ਪੁੱਤਰ ਰਾਮ ਚੰਦਰ ਵਜੋਂ ਹੋਈ ਹੈ, ਜੋ ਕਿ ਬਰਵਾਲਾ ਰੋਡ ਸਥਿਤ 'ਰਿਧੀ ਸਿੱਧੀ ਇੰਟਰਪ੍ਰਾਈਜਿਸ' ਵਿੱਚ ਬਤੌਰ ਪ੍ਰੋਡਕਸ਼ਨ ਮੈਨੇਜਰ ਸੇਵਾਵਾਂ ਨਿਭਾ ਰਿਹਾ ਹੈ। ਪੀੜਤ ਨੇ ਹਸਪਤਾਲ ਵਿੱਚ ਇਲਾਜ ਦੌਰਾਨ ਦੱਸਿਆ ਕਿ ਰਾਤ ਕਰੀਬ 9 ਵਜੇ ਉਹ ਆਪਣੇ ਦੋ ਸਾਥੀਆਂ, ਸਾਜਨ ਅਤੇ ਗੋਪੀ ਦੇਵਲ ਨਾਲ ਕੰਮ ਖ਼ਤਮ ਕਰਨ ਉਪਰੰਤ ਰਾਤ ਦਾ ਖਾਣਾ ਖਾ ਕੇ ਵਾਪਸ ਪਰਤ ਰਿਹਾ ਸੀ।ਜਿਵੇਂ ਹੀ ਉਹ ਨੈਕਟਰ ਲਾਈਫ ਕੰਪਨੀ ਦੇ ਨੇੜੇ ਪਹੁੰਚੇ, ਤਾਂ ਪਹਿਲਾਂ ਤੋਂ ਹੀ ਘਾਤ ਲਗਾ ਕੇ ਬੈਠੇ 10 ਤੋਂ 12 ਅਣਪਛਾਤੇ ਨੌਜਵਾਨਾਂ ਨੇ ਉਨ੍ਹਾਂ ਨੂੰ ਘੇਰ ਲਿਆ। ਇਨ੍ਹਾਂ ਸਾਰੇ ਹਮਲਾਵਰਾਂ ਨੇ ਆਪਣੇ ਮੂੰਹ ਕੱਪੜੇ ਨਾਲ ਢਕੇ ਹੋਏ ਸਨ ਅਤੇ ਉਨ੍ਹਾਂ ਦੇ ਹੱਥਾਂ ਵਿੱਚ ਮਾਰੂ ਹਥਿਆਰ ਤੇ ਡੰਡੇ ਸਨ। ?ਰਣਜੀਤ ਕੁਮਾਰ ਨੇ ਦੱਸਿਆ ਕਿ ਹਮਲਾਵਰਾਂ ਨੇ ਬਹੁਤ ਹੀ ਸੁਨੀਯੋਜਿਤ ਤਰੀਕੇ ਨਾਲ ਸਿਰਫ਼ ਉਸ ਨੂੰ ਹੀ ਨਿਸ਼ਾਨਾ ਬਣਾਇਆ। ਹੈਰਾਨੀ ਦੀ ਗੱਲ ਇਹ ਰਹੀ ਕਿ ਹਮਲਾਵਰਾਂ ਨੇ ਉਸ ਦੇ ਨਾਲ ਮੌਜੂਦ ਸਾਥੀਆਂ ਨੂੰ ਹੱਥ ਤੱਕ ਨਹੀਂ ਲਗਾਇਆ। ਹਮਲਾਵਰਾਂ ਨੇ ਰਣਜੀਤ 'ਤੇ ਡੰਡਿਆਂ ਨਾਲ ਅੰਨ੍ਹੇਵਾਹ ਵਾਰ ਕਰਨੇ ਸ਼ੁਰੂ ਕਰ ਦਿੱਤੇ। ਇਸ ਹਮਲੇ ਦੌਰਾਨ ਰਣਜੀਤ ਦੀਆਂ ਲੱਤਾਂ, ਬਾਹਾਂ ਅਤੇ ਪਿੱਠ 'ਤੇ ਗੰਭੀਰ ਸੱਟਾਂ ਲੱਗੀਆਂ ਹਨ। ਕੁੱਟਮਾਰ ਤੋਂ ਬਾਅਦ ਜਦੋਂ ਰਣਜੀਤ ਅਧਮੋਈ ਹਾਲਤ ਵਿੱਚ ਜ਼ਮੀਨ 'ਤੇ ਡਿੱਗ ਪਿਆ, ਤਾਂ ਹਮਲਾਵਰਾਂ ਨੇ ਉਸ ਦੀ ਜੇਬ ਵਿੱਚੋਂ ਮੋਬਾਇਲ ਫੋਨ ਅਤੇ ਨਕਦੀ ਕੱਢ ਲਈ ਅਤੇ ਚੀਕ-ਚਿਹਾੜਾ ਸੁਣ ਕੇ ਮੌਕੇ ਤੋਂ ਫ਼ਰਾਰ ਹੋ ਗਏ। ਪੀੜਤ ਰਣਜੀਤ ਕੁਮਾਰ ਨੇ ਹਸਪਤਾਲ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਖ਼ਦਸ਼ਾ ਜ਼ਾਹਿਰ ਕੀਤਾ ਹੈ ਕਿ ਇਹ ਹਮਲਾ ਲੁੱਟ-ਖੋਹ ਤੋਂ ਵੱਧ ਕਿਸੇ ਪੁਰਾਣੀ ਰੰਜਿਸ਼ ਦਾ ਨਤੀਜਾ ਲੱਗਦਾ ਹੈ। ?ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਡੇਰਾਬੱਸੀ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਹ ਘਟਨਾ ਵਾਲੀ ਥਾਂ ਦੇ ਆਲੇ-ਦੁਆਲੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਖੰਗਾਲ ਰਹੇ ਹਨ ਤਾਂ ਜੋ ਹਮਲਾਵਰਾਂ ਦੀ ਪਛਾਣ ਕੀਤੀ ਜਾ ਸਕੇ।



# ਜੀ ਟੀ ਯੂ ਵੱਲੋਂ ਰੋਸ ਮੁਜ਼ਾਹਰਾ ਤੇ ਰੈਲੀ 2 ਨੂੰ

**ਜਲੰਧਰ (ਰਾਜੇਸ਼ ਥਾਪਾ)**- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਸੂਬਾ ਪੱਧਰੀ ਮੀਟਿੰਗ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ ਇਸ ਵਿੱਚ ਪੁਰਾਣੀ ਪੈਨਸ਼ਨ ਦੀ ਬਹਾਲੀ, ਪੁਰਾਣੇ ਸਕੇਲ ਅਤੇ ਭੱਤੇਆ ਦੀ ਬਹਾਲੀ, ਅਧਿਆਪਕਾ ਨੂੰ ਗੈਰ ਵਿੱਦਿਅਕ ਕੰਮਾਂ ਵਿੱਚ ਉਲਜਾਉਣਾ ,ਵੱਖ ਵੱਖ ਕੈਟਾਗਿਰੀ ਦੇ ਅਧਿਆਪਕਾ ਦੀਆਂ ਪਰਮੋਸ਼ਨਾ ,ਮੈਰਿਟ ਦੇ ਅਧਾਰ ਤੇ ਬਦਲੀਆਂ, ਬਾਡਰ ਏਰੀਆ ਭੱਤਾ ਅਤੇ ਪੇਂਡੂ ਏਰੀਆਂ ਭੱਤਾ ਦੀ ਬਹਾਲੀ, ਛੇਵਾਂ ਪੇ ਕਮਿਸ਼ਨ ਲਾਗੂ ਹੋਣ ਸਮੇਂ ਬਣੀ ਜਿਲਾ ਪ੍ਰੀਸ਼ਦਾਂ ਤੋਂ ਆਏ ਅਧਿਆਪਕਾਂ ਦੀ ਆਪਸੀ ਸੀਨੀਅਰ ਜੂਨੀਅਰ ਪੇਅ ਅਨਾਮਲੀ ਦੂਰ ਕੀਤੀ ਜਾਵੇਸਕੂਲਾਂ ਚ ਪਈਆਂ ਖਾਲੀ ਅਸਾਮੀਆਂ ਨੂੰ ਭਰਨ ਲਈ, ਨਵੀਂ ਸਿੱਖਿਆ ਨੀਤੀ ਰੱਦ ਕਰਾਉਣ ਲਈ ਤੇ ਪੰਜਾਬ ਦੀ ਆਪਣੀ ਸਿੱਖਿਆ ਨੀਤੀ ਬਣਾਉਣ ਲਈ, ਸਿੱਖਿਆ ਪ੍ਰੋਵਾਈਡਰ, ਈ ਜੀ ਐੱਸ ਵਲੰਟੀਅਰ, ਐੱਸ ਟੀ ਆਰ ਅਧਿਆਪਕਾ ਨੂੰ ਸਿੱਖਿਆ ਵਿਭਾਗ 'ਚ ਲਿਆ ਕੇ ਰੈਗੂਲਰ ਕਰਾਉਣ ਲਈ ਲੰਬਾ ਸਮਾਂ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਸਰਬ ਸੰਮਤੀ ਨਾਲ ਪਾਸ ਕੀਤਾ ਗਿਆ ਕਿ ਪੰਜਾਬ ਸਰਕਾਰ ਦੀਆਂ ਅਧਿਆਪਕ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਖਾਸ ਕਰ ਮਹਿੰਗਾਈ ਭੱਤੇ ਦੇ ਮਸਲੇ ਤੇ ਸਰਕਾਰ ਦੀ ਨਾ ਪੱਖੀ ਨੀਤੀ ਦੀ ਨਿਖੇਧੀ ਕੀਤੀ ਗਈ ਜਥੇਬੰਦੀ ਵੱਲੋਂ ਫੈਸਲਾ ਕੀਤਾ ਗਿਆ ਕਿ 2 ਜੂਨ ਨੂੰ ਮੋਹਾਲੀ ਵਿੱਦਿਆ ਭਵਨ ਵਿਖੇ ਰੋਸ ਪ੍ਰਦਰਸ਼ਨ ਤੇ ਰੋਸ ਰੈਲੀ ਕੀਤੀ ਜਾਵੇਗੀ। ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ, ਵਿੱਤ ਸਕੱਤਰ ਮਨੋਹਰ ਲਾਲ ਸ਼ਰਮਾ, ਸਹਾਇਕ ਪ੍ਰੈੱਸ ਗਣੇਸ਼ ਭਗਤ, ਸੀਨੀਅਰ ਮੀਤ ਪ੍ਰਧਾਨ ਤੀਰਥ ਸਿੰਘ ਬਾਸੀ ਨੇ ਕਿਹਾ ਕਿ ਇਸ ਮਈ ਮਹੀਨੇ ਵਿੱਚ ਪ੍ਰੋਗਰਾਮਾਂ ਦੀ ਤਿਆਰੀ ਲਈ ਜੀ ਟੀ ਯੂ ਪੰਜਾਬ ਵੱਲੋਂ ਜ਼ਿਲ੍ਹਾ ਪੱਧਰੀ ਤਿਆਰੀ ਮੀਟਿੰਗ ਕੀਤੀਆਂ ਜਾਣਗੀਆਂ। 27 ਸਤੰਬਰ ਨੂੰ ਅੰਮ੍ਰਿਤਸਰ ਵਿਖੇ ਜਨਰਲ ਕੌਂਸਿਲ ਇਜਲਾਸ ਕਰਨ ਦਾ ਫੈਸਲਾ ਕੀਤਾ ਗਿਆ। ਇਸ ਸਮੇਂ ਫਿਰੋਜ਼ਪੁਰ ਤੋਂ ਬਲਵਿੰਦਰ ਸਿੰਘ ਭੁੱਟੋ, ਮੋਗਾ ਤੋਂ ਜੱਜ ਪਾਲ ਸਿੰਘ ਬਾਜੇਕੇ, ਕਪੂਰਥਲਾ ਤੋਂ ਰਛਪਾਲ ਸਿੰਘ ਵੜੈਚ ਪਟਿਆਲਾ ਤੋਂ ਜਸਵਿੰਦਰ ਸਮਾਣਾ,ਸੰਗਰੂਰ ਤੋਂ ਦੇਵੀ ਦਿਆਲ ਅਤੇ ਸਰਬਜੀਤ ਸਿੰਘ,ਬਰਨਾਲਾ ਤੋਂ ਹਰਿੰਦਰ ਮੱਲੀਆਂ,ਮਾਨਸਾ ਤੋਂ ਨਰਿੰਦਰ ਮਾਖਾ ਅਤੇ ਗੁਰਦਾਸ ਸਿੰਘ, ਰੋਪੜ ਤੋਂ ਧਰਮਿੰਦਰ ਭੰਗੂ, ਫਤਿਹਗੜ੍ਹ ਸਾਹਿਬ ਤੋਂ ਰਜੇਸ਼ ਕੁਮਾਰ, ਮੋਹਾਲੀ ਤੋਂ ਰਵਿੰਦਰ ਸਿੰਘ ਪੱਪੀ, ਹੁਸ਼ਿਆਰਪੁਰ ਤੋਂ ਪ੍ਰਿਤਪਾਲ ਚੱਟਾਲਾ ਅਤੇ ਅਮਨਦੀਪ ਸ਼ਰਮਾ ਸ਼੍ਰੀ ਅੰਮ੍ਰਿਤਸਰ ਸਾਹਿਬ ਤੋਂ ਸੁੱਚਾ ਸਿੰਘ ਟਰਪਈ, ਗੁਰਦਾਸਪੁਰ ਤੋਂ ਦਿਲਦਾਰ ਭੰਡਾਲ, ਕੁਲਦੀਪ ਪੁਰੋਵਾਲ, ਪਠਾਨਕੋਟ ਤੋਂ ਸੁਭਾਸ਼ ਚੰਦਰ ਅਤੇ ਜੀਟੀਯੂ ਪੰਜਾਬ ਦੇ ਸਾਬਕਾ ਜਨਰਲ ਸਕੱਤਰ ਕੁਲਦੀਪ ਸਿੰਘ ਦੌੜਕਾ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਐੱਮ ਆਰ ਸਿਟੀ ਪਬਲਿਕ ਸਕੂਲ ਦੀ ਵਿਦਿਆਰਥਣ ਅਰਪਣ ਤੇ ਸਿਮਰਨਪ੍ਰੀਤ ਕੌਰ ਰਹੀਆਂ ਟੌਪਰ

**ਬਲਾਚੌਰ (ਜਸਵਿੰਦਰ ਬੈਂਸ)**- ਸੀ ਬੀ ਐਸ ਈ ਵੱਲੋਂ ਐਲਾਨੇ ਗਏ ਨਤੀਜਿਆਂ ਦੌਰਾਨ ਇਲਾਕੇ ਦੀ ਨਾਮਵਰ ਸੰਸਥਾ ਐਮ. ਆਰ. ਸਿਟੀ ਪਬਲਿਕ ਸਕੂਲ ਬਲਾਚੌਰ ਦਾ ਬਾਰ੍ਹਵੀਂ ਦਾ ਨਤੀਜਾ 100 ਫੀਸਦੀ ਰਿਹਾ। ਸਕੂਲ ਦੇ ਚੇਅਰਮੈਨ ਬਾਬੂ ਰਾਮਜੀ ਦਾਸ ਅਤੇ ਪ੍ਰਿੰਸੀਪਲ ਰਿਤੂ ਬਤਰਾ ਨੇ ਦੱਸਿਆ ਕਿ ਇਸ ਵਾਰ ਕੁੱਲ 236 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਅਤੇ ਸਾਰੇ ਹੀ ਵਿਦਿਆਰਥੀ ਸਫਲ ਰਹੇ। ਨਤੀਜਿਆਂ ਦੌਰਾਨ ਜਿੱਥੇ ਬਾਕੀ ਸਮੁੱਚੇ ਵਿਦਿਆਰਥੀਆਂ ਨੇ ਚੰਗੀਆਂ ਪੁਜੀਸ਼ਨਾਂ ਹਾਸਲ ਕੀਤੀਆਂ ਉੱਥੇ ਹਿਊਮੈਨਿਟੀਜ਼ ਸਟ੍ਰੀਮ ਵਿੱਚੋਂ ਅਰਪਣ ਅਤੇ ਸਿਮਰਨਪ੍ਰੀਤ ਕੌਰ ਨੇ 98.2% ਅੰਕ ਹਾਸਲ ਕਰਕੇ ਪਹਿਲਾ ਸਥਾਨ, ਲਵਪ੍ਰੀਤ ਕੌਰ ਨੇ 96.6% ਨਾਲ ਦੂਜਾ ਅਤੇ ਭਾਰਤੀ ਖੇਪੜ ਨੇ 96.2% ਨਾਲ ਤੀਜਾ ਸਥਾਨ ਹਾਸਲ ਕੀਤਾ। ਕਾਮਰਸ ਸਟਰੀਮ ਵਿੱਚੋਂ ਜੀਨਲ ਸ਼ਰਮਾ ਨੇ 96.4% ਅੰਕ ਪਹਿਲਾ, ਜੈਸਮੀਨ ਮੇਨਕਾ ਅਤੇ ਪ੍ਰਭਜੋਤ ਸੈਣੀ ਨੇ 95.4% ਨਾਲ ਦੂਜਾ ਅਤੇ ਵਿਸ਼ਾਲੀ ਨੇ 94.2% ਨਾਲ ਤੀਜਾ ਸਥਾਨ ਹਾਸਲ ਕੀਤਾ। ਸਾਇੰਸ ਸਟਰੀਮ (ਮੈਡੀਕਲ ਸਟੀਮ) ਵਿੱਚੋਂ ਪਰਮਿੰਦਰ ਕੌਰ ਨੇ 92.2% ਅੰਕ ਹਾਸਲ ਕਰਕੇ ਪਹਿਲਾ, ਇਸ਼ਿਤਾ ਚੌਧਰੀ ਨੇ 92% ਨਾਲ ਦੂਜਾ ਅਤੇ ਵੰਸ਼ਿਕਾ ਚੇਚੀ ਨੇ 90.8% ਨਾਲ ਤੀਜਾ ਸਥਾਨ ਹਾਸਲ ਕੀਤਾ। ਸਾਇੰਸ ਸਟਰੀਮ (ਨਾਨ-ਮੈਡੀਕਲ ਸਟ੍ਰੀਮ) ਵਿੱਚੋਂ ਜਸ਼ਨਦੀਪ ਸਿੰਘ ਅਤੇ ਤਨਿਸ਼ ਸ਼ਰਮਾ ਨੇ 88.8% ਅੰਕ ਹਾਸਲ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਹਰਸ਼ਲ ਭਾਟੀਆ ਨੇ 88.6% ਨਾਲ ਦੂਜਾ ਅਤੇ ਦਿਕਸ਼ਾ ਕੁਮਾਰੀ ਨੇ 87.4% ਨਾਲ ਤੀਜਾ ਸਥਾਨ ਹਾਸਲ ਕੀਤਾ। ਅੰਗਰੇਜ਼ੀ ਵਿਸ਼ੇ ਵਿੱਚ ਗੁਰਲੀਨ ਕੌਰ, ਰਿਧਿਮਾ ਚੌਧਰੀ, ਤਵਲੀਨ ਕੌਰ, ਜੈਸਮੀਨ ਮੇਨਕਾ ਅਤੇ ਜੀਨਲ ਸ਼ਰਮਾ ਨੇ 100 ਵਿੱਚੋਂ 100 ਅੰਕ ਪ੍ਰਾਪਤ ਕੀਤੇ। ਬਾਇਓਲੋਜੀ ਵਿਸ਼ੇ ਵਿੱਚ ਗੁਰਲੀਨ ਕੌਰ ਨੇ 100 ਵਿੱਚੋਂ 100 ਅੰਕ ਹਾਸਲ ਕੀਤੇ। ਪੋਲਿਟੀਕਲ ਸਾਇੰਸ ਵਿਸ਼ੇ ਵਿੱਚ ਅਰਪਣ ਅਤੇ ਸਿਮਰਨਪ੍ਰੀਤ ਕੌਰ ਨੇ ਵੀ 100 ਵਿੱਚੋਂ 100 ਅੰਕ ਪ੍ਰਾਪਤ ਕੀਤੇ। ਇਸ ਮੌਕੇ ਪ੍ਰਿੰਸੀਪਲ ਰਿਤੂ ਬਤਰਾ ਅਤੇ ਚੇਅਰਮੈਨ ਰਾਮਜੀ ਦਾਸ ਨੇ ਸਾਰੇ ਵਿਦਿਆਰਥੀਆਂ, ਮਾਪਿਆਂ ਅਤੇ ਸਟਾਫ ਨੂੰ ਵਧਾਈ ਦਿੱਤੀ ।



## ਮੁੱਖ ਮੰਤਰੀ ਸਿਹਤ ਯੋਜਨਾ ਲੋਕਾਂ ਲਈ ਵਰਦਾਨ : ਚੱਬੇਵਾਲ

**ਫਗਵਾੜਾ (ਡਾ. ਰਮਨ)**- ਪੰਜਾਬ ਸਰਕਾਰ ਲੋਕਾਂ ਨੂੰ ਵਧੀਆ ਸਿਹਤ ਸਹੂਲਤਾਂ ਦੇਣ ਲਈ ਵਚਨਬੱਧ ਹੈ। ਸਰਕਾਰ ਦੀ ਕੋਸ਼ਿਸ਼ ਹੈ ਕਿ ਹਰ ਤਰਾਂ ਦੀ ਮਿਆਰੀ ਸਿਹਤ ਸਹੂਲਤਾਂ ਲੋਕਾਂ ਨੂੰ ਉਹਨਾਂ ਦੇ ਘਰਾਂ ਦੇ ਨੇੜੇ ਤਾਂ ਮਿਲੇ ਹੀ ਨਾਲ ਹੀ ਉਹਨਾਂ ਨੂੰ ਵਿੱਤੀ ਬੋਝ ਨਾ ਸਹਿਣਾ ਪਵੇ। ਇਨ੍ਹਾਂ



ਸ਼ਬਦਾਂ ਦਾ ਪ੍ਰਗਟਾਵਾ ਮੈਂਬਰ ਪਾਰਲੀਮੈਂਟ ਡਾਕਟਰ ਰਾਜਕੁਮਾਰ ਚੱਬੇਵਾਲ ਨੇ ਸਬ ਡਵੀਜ਼ਨਲ ਹਸਪਤਾਲ ਫਗਵਾੜਾ ਵਿਖੇ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਤਹਿਤ ਲਗਾਏ ਕੈਂਪ ਦੌਰਾਨ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕੀਤਾ। ਉਹਨਾਂ ਦਸਿਆ ਕਿ ਫਗਵਾੜਾ ਵਿਚ 44 ਹਜ਼ਾਰ ਤੋਂ ਵੱਧ ਮੁੱਖ ਮੰਤਰੀ ਸਿਹਤ ਯੋਜਨਾ ਕਾਰਡ ਬਣ ਚੁੱਕੇ ਹਨ। ਇਸਦਾ ਮੁੱਖ ਮਕਸਦ ਲੋਕਾਂ ਨੂੰ 10 ਲੱਖ ਰੁਪੈ ਦੀ ਕੈਸ਼ਲੈਸ ਇਲਾਜ ਦੀ ਸਹੂਲਤ ਸਰਕਾਰੀ ਤੇ ਸੂਚੀਬੱਧ ਹਸਪਤਾਲਾਂ ਵਿਚ ਮੁਹਈਆ ਕਰਵਾਉਣਾ ਹੈ।ਉਹਨਾਂ ਦਸਿਆ ਕਿ ਉਕਤ ਸਕੀਮ ਅਜਿਹੇ ਲੋਕਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ ਜਿਹੜੇ ਆਰਥਿਕ ਪੱਖ ਤੋਂ ਆਪਣਾ ਇਲਾਜ ਕਰਵਾਉਣ ਤੋਂ ਅਸਮਰਥ ਹਨ।ਡਾ. ਚੱਬੇਵਾਲ ਨੇ ਇਹ ਵੀ ਦਸਿਆ ਕਿ ਹੁਣ ਤਕ ਪੰਜਾਬ ਦੇ ਅਣਗਿਣਤ ਲੋਕ ਇਸ ਸਕੀਮ ਤਹਿਤ ਸਰਕਾਰੀ ਤੇ ਪ੍ਰਾਈਵੇਟ ਹਸਪਤਾਲਾਂ ਵਿਚ ਆਪਣਾ ਮੁਫ਼ਤ ਇਲਾਜ ਕਰਵਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅਜਿਹੇ ਕੈਂਪ ਸ਼ਹਿਰ ਦੇ ਹੋਰ ਹਿੱਸਿਆਂ ਵਿੱਚ ਵੀ ਲਗਾਏ ਜਾਣ ਤਾਂ ਜੋ ਲੋਕਾਂ ਲਈ ਬੀਮਾ ਕਾਰਡ ਬਣਵਾਉਣਾ ਹੋਰ ਅਸਾਨ ਹੋ ਸਕੇ। ਇਹੀ ਨਹੀਂ ਉਹਨਾਂ ਦਸਿਆ ਕਿ ਜਨਤਾ ਦੀ ਸਹੂਲਤ ਲਈ ਜ਼ਿਲ੍ਹਾ ਕਪੂਰਥਲਾ ਵਿੱਚ 5 ਨਵੇਂ ਆਮ ਆਦਮੀ ਕਲੀਨਿਕ (ਦੋ ਰੂਰਲ ਏਰੀਆ ਡੋਲੀ ਤੇ ਮੋਲੀ,ਤਿੰਨ ਅਰਬਨ ਏਰੀਆ ਪੀਪਾ ਰੰਗੀ,ਪਲਾਹੀ ਗੇਟ, ਓਂਕਾਰ ਨਗਰ) ਬਣਾਏ ਜਾ ਰਹੇ ਹਨ ਤੇ ਜਨਤਾ ਲਈ ਜਲਦ ਹੀ ਇਨ੍ਹਾਂ ਕਲੀਨਿਕਾਂ ਤੇ ਵੀ ਸਿਹਤ ਸੇਵਾਵਾਂ ਸ਼ੁਰੂ ਕਰ ਦਿੱਤੀਆਂ ਜਾਣਗੀਆਂ।

## ਰਾਈਸ ਮਿਲ ਐਸੋਸੀਏਸ਼ਨ ਵੱਲੋਂ ਐੱਫ ਸੀ ਆਈ ਵਿਰੁੱਧ ਰੋਸ ਧਰਨਾ

**ਮੋਰਿੰਡਾ (ਨਿਹਾਲ ਸਿੰਘ ਕਲਸੀ)**- ਮੋਰਿੰਡਾ ਸ਼ੈਲਰ ਅਸੋਸੀਏਸ਼ਨ ਵੱਲੋਂ ਸਥਾਨਕ ਐੱਫ ਸੀ ਆਈ ਦੇ ਗੁਦਾਮ ਵਿੱਚ ਜਮ੍ਹਾਂ ਸਟਾਕ ਦੀ ਮੂਵਮੈਂਟ ਨਾ ਕੀਤੇ ਜਾਣ ਦੇ ਰੋਸ ਵਜੋਂ ਸੂਬਾਈ ਆਗੂ ਬੰਤ ਸਿੰਘ ਕਲਾਰਾਂ ਦੀ ਅਗਵਾਈ ਵਿੱਚ ਐੱਫ ਸੀ ਆਈ ਦੇ ਗੋਦਾਮ ਸਥਿਤ ਦਫਤਰ ਅੱਗੇ ਰੋਸ ਧਰਨਾ ਦਿੱਤਾ ਗਿਆ ਤੇ ਸਥਾਨਕ ਅਧਿਕਾਰੀਆਂ ਦੇ ਖਿਲਾਫ ਜ਼ੋਰਦਾਰ ਨਾਅਰੇਬਾਜੀ ਕੀਤੀ ਗਈ। ਇਸ ਸਬੰਧੀ ਐਸੋਸੀਏਸ਼ਨ ਦੇ ਸੂਬਾਈ ਆਗੂ ਬੰਤ ਸਿੰਘ ਕਲਾਰਾ, ਰਣਦੀਪ ਸਿੰਘ ਰੌਣੀ ਅਤੇ



ਐਡਵੋਕੇਟ ਜਰਨੈਲ ਸਿੰਘ ਸੱਖੋ ਮਾਜਰਾ ਆਦਿ ਆਗੂਆਂ ਨੇ ਦੋਸ਼ ਲਗਾਇਆ ਕਿ ਸਥਾਨਕ ਐਫ ਸੀ ਆਈ ਅਧਿਕਾਰੀਆਂ ਵੱਲੋਂ ਐਫ ਸੀ ਆਈ ਦੇ ਗੁਦਾਮ ਵਿੱਚ ਜਮਾਂ ਪਿਛਲੇ ਸਾਲ ਦਾ ਸਟੋਕ ਮੂਵਮੈਂਟ ਕਰਵਾ ਕੇ ਗੋਦਾਮ ਖਾਲੀ ਨਹੀਂ ਕਰਵਾਇਆ ਗਿਆ ਜਿਸ ਦੇ ਚਲਦਿਆਂ ਸਥਾਨਕ ਰਾਈਸ ਮਿੱਲਰਜ ਨੂੰ ਆਪਣੀਆਂ ਰਾਈਸ ਮਿੱਲਾਂ ਦਾ ਮਿਲਿੰਗ ਕੀਤਾ ਸਟਾਕ ਐਫ ਸੀ ਆਈ ਦੇ ਗੋਦਾਮ ਵਿੱਚ ਉਤਾਰਨ ਵਿੱਚ ਦਿੱਕਤ ਆ ਰਹੀ ਹੈ। ਇਸੇ ਕਾਰਨ ਉਹਨਾਂ ਨੂੰ ਆਪਣੇ ਸ਼ੈਲਰ ਵਿਖੇ ਮਿਲਿੰਗ ਕਰਨ ਵਿੱਚ ਪਰੇਸ਼ਾਨੀ ਹੋ ਰਹੀ ਹੈ। ਉਕਤ ਆਗੂਆਂ ਨੇ ਕਿਹਾ ਕਿ ਸਥਾਨਕ ਸੈਲਰਾਂ ਵਿੱਚ ਪਏ ਸਟਾਕ ਕਾਰਨ ਉਨਾਂ ਦੀ ਮਿਲਿੰਗ 50-55% ਤੋਂ ਵੀ ਘੱਟ ਹੋ ਰਹੀ ਹੈ ਅਤੇ ਹੋਈ ਹੈ ਜਦ ਕਿ ਨੇੜਲੇ ਇਲਾਕੇ ਦੇ ਰਾਈਸ ਮਿੱਲਰਜ ਵੱਲੋਂ 70ਤੋਂ 80 ਫੀਸਦੀ ਤੱਕ ਮਿਲਿੰਗ ਕੀਤੀ ਜਾ ਚੁੱਕੀ ਹੈ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸ਼ੈਲਰ ਐਸੋਸੀਏਸ਼ਨ ਪੰਜਾਬ ਦੇ ਸੀਨੀਅਰ ਆਗੂ ਬੰਤ ਸਿੰਘ ਕਲਾਰਾਂ, ਰਣਦੀਪ ਸਿੰਘ ਰੌਣੀ, ਰੋਹਿਤ ਗੁਪਤਾ, ਅਮਨਪ੍ਰੀਤ ਸਿੰਘ ਸੱਖੋ ਮਾਜਰਾ, ਐਡਵੋਕੇਟ ਜਰਨੈਲ ਸਿੰਘ, ਰਣਜੀਤ ਸਿੰਘ, ਰਾਣਾ, ਵਿੱਕੀ ਚਾਵਲਾ, ਨਿਖਿਲ ਗੁਪਤਾ, ਹਾਕਮ ਸਿੰਘ, ਗੁਰਵਿੰਦਰ ਸਿੰਘ ਸੱਖੋ ਮਾਜਰਾ, ਬੰਟੀ ਦਿਨੇਸ਼, ਵਿਪਿਨ ਕੁਮਾਰ, ਸੰਦੀਪ ਸਿੰਘ, ਰਾਮ ਕੁਮਾਰ ਤੇ ਅਕਸ਼ੇ ਜੋਸ਼ੀ ਆਦਿ ਵੀ ਸ਼ਾਮਿਲ ਸਨ।

## ਵਾਈ ਐੱਫ ਸੀ ਨੇ ਸਟਰੀਟ ਚਾਈਲਡ ਵਰਲਡ ਕੱਪ 2026 ਦੇ ਸੈਮੀਫਾਈਨਲ 'ਚ ਬਣਾਈ ਜਗਾ

**ਗੁਰਾਇਆ (ਬਿੰਦਰ ਸੁੰਮਨ)**- ਮੈਕਸੀਕੋ ਵਿੱਚ ਹੋ ਰਹੇ ਸਟਰੀਟ ਚਾਈਲਡ ਵਰਲਡ ਕੱਪ 2026 ਵਿੱਚ ਭਾਰਤ ਦੀ ਨੁਮਾਇੰਦਗੀ ਕਰ ਰਹੀ ਵਾਈ ਐਫ ਸੀ ਰੁੜਕਾ ਕਲਾਂ ਦੀ ਟੀਮ ਨੇ ਲੀਗ ਦੌਰ ਦੇ ਸਾਰੇ ਮੁਕਾਬਲੇ ਜਿੱਤ ਕੇ ਸੈਮੀਫਾਈਨਲ ਵਿੱਚ ਸ਼ਾਨਦਾਰ ਢੰਗ ਨਾਲ ਆਪਣੀ ਜਗਾ ਪੱਕੀ ਕੀਤੀ ਹੈ। 2010 ਵਿੱਚ ਸਟਰੀਟ ਚਾਈਲਡ ਵਰਲਡ ਕੱਪ ਜਿੱਤ ਕੇ ਇਤਿਹਾਸ ਰਚਣ ਵਾਲੀ ਵਾਈ ਐਫ ਸੀ ਰੁੜਕਾ ਕਲਾਂ ਨੇ ਇੱਕ ਵਾਰ ਫਿਰ ਆਪਣੀ ਖੇਡ, ਜਜ਼ਬੇ ਅਤੇ ਮਿਹਨਤ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦਾ ਮਾਣ ਵਧਾਇਆ ਹੈ। ਟੀਮ ਇੰਡੀਆ ਨੇ ਆਪਣੇ ਪਹਿਲੇ ਮੈਚ ਵਿੱਚ ਬੋਰੂਸੀਆ ਐਕਨੂਰ ਨੂੰ 2-0 ਨਾਲ ਹਰਾਇਆ। ਇਸ ਤੋਂ ਬਾਅਦ ਮਲੇਸ਼ੀਆ ਖਿਲਾਫ਼ 7-0 ਦੀ ਵੱਡੀ ਜਿੱਤ ਦਰਜ ਕਰਦੇ ਹੋਏ ਟੀਮ ਨੇ ਆਪਣਾ ਦਬਦਬਾ ਬਣਾਇਆ। ਮੈਕਸੀਕੋ ਫੁੱਟਬਾਲ ਮਾਸ ਨੂੰ 6-0 ਨਾਲ ਹਰਾਕੇ ਭਾਰਤੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖਿਆ। ਅਗਲੇ ਮੁਕਾਬਲਿਆਂ ਵਿੱਚ ਟੀਮ ਨੇ ਅਰਜਨਟੀਨਾ ਨੂੰ 2-0 ਨਾਲ ਮਾਤ ਦਿੱਤੀ, ਇੰਡੋਨੇਸ਼ੀਆ ਨੂੰ 3-1 ਨਾਲ ਹਰਾਇਆ ਅਤੇ ਆਖਰੀ ਲੀਗ ਮੈਚ ਵਿੱਚ ਮਿਸਰ ਨੂੰ 1-0 ਨਾਲ ਹਰਾਕੇ ਲੀਗ ਦੌਰ ਦੇ ਸਾਰੇ ਛੇ ਮੈਚ ਆਪਣੇ ਨਾਮ ਕੀਤੇ। ਟੀਮ ਨੇ ਛੇ ਮੈਚਾਂ ਵਿੱਚ ਕੁੱਲ 21 ਗੋਲ ਕੀਤੇ ਜਦਕਿ ਵਿਰੋਧੀ ਟੀਮਾਂ ਨੂੰ ਸਿਰਫ਼ ਇੱਕ ਹੀ ਗੋਲ ਕਰਨ ਦਾ ਮੌਕਾ ਦਿੱਤਾ। ਇਹ ਪ੍ਰਦਰਸ਼ਨ ਟੀਮ ਦੀ ਮਜ਼ਬੂਤ ਰੱਖਿਆ, ਸੁਚੱਜੀ ਯੋਜਨਾ ਅਤੇ ਖਿਡਾਰੀਆਂ ਦੇ ਅਟੁੱਟ ਆਤਮਵਿਸ਼ਵਾਸ ਦਾ ਪ੍ਰਤੀਕ ਹੈ। ਭਾਰਤ ਦੀ ਨੁਮਾਇੰਦਗੀ ਕਰਨ ਵਾਲੇ ਖਿਡਾਰੀਆਂ ਵਿੱਚ ਸਿਲਾਸ ਸਿੱਧੂ, ਅਰਸ਼ਦੀਪ, ਜਸ਼ਨਪ੍ਰੀਤ, ਰਾਜਨ ਜਾਖੂ, ਸਮੀਰ, ਰਮਿੰਦਰ ਸਿੰਘ, ਸੈਮ ਮਸੀਹ,



ਸ਼ਮਸ਼ੇਰ ਸਿੰਘ ਆਕਾਸ਼ (ਗੋਲਕੀਪਰ) ਅਤੇ ਰੌਕੀ ਸ਼ਾਮਲ ਹਨ। ਟੀਮ ਨੂੰ ਅਨਵਰ ਅਲੀ (ਹੈੱਡ ਕੋਚ), ਹਰਸ਼ ਜੈਸੁੱਖ ਚੋਟਾਲੀਆ (ਟੀਮ ਲੀਡਰ) ਅਤੇ ਨੂਪੁਰ ਨਾਗ (ਟੀਮ ਮੈਨੇਜਰ) ਦੀ ਮਜ਼ਬੂਤ ਅਗਵਾਈ ਅਤੇ ਮਾਰਗਦਰਸ਼ਨ ਮਿਲ ਰਿਹਾ ਹੈ। ਕਲੱਬ ਦੇ ਪ੍ਰਧਾਨ ਗੁਰਮੰਗਲ ਦਾਸ ਸੋਨੀ ਨੇ ਟੀਮ ਦੀ ਇਸ ਇਤਿਹਾਸਕ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਵਾਈ ਐਫ ਸੀ ਰੁੜਕਾ ਕਲਾਂ ਸਿਰਫ਼ ਇੱਕ ਫੁੱਟਬਾਲ ਕਲੱਬ ਨਹੀਂ, ਸਗੋਂ ਇੱਕ ਅਜਿਹਾ ਅੰਦੋਲਨ ਹੈ ਜੋ ਪਿੰਡਾਂ ਦੇ ਬੱਚਿਆਂ ਨੂੰ ਸੁਪਨੇ ਦੇਖਣ ਅਤੇ ਉਹਨਾਂ ਨੂੰ ਸਾਕਾਰ ਕਰਨ ਦੀ ਹਿੰਮਤ ਦਿੰਦਾ ਹੈ।

## ਭਾਸ਼ਾ ਵਿਭਾਗ ਵੱਲੋਂ ਦਿੱਤੀਆਂ ਜਾਣਗੀਆਂ ਮੁਫ਼ਤ ਕਿਤਾਬਾਂ

**ਫਗਵਾੜਾ (ਜਸਵਿੰਦਰ ਢੱਡਾ)**- ਭਾਸ਼ਾ ਵਿਭਾਗ, ਪੰਜਾਬ ਸਮੇਂ-ਸਮੇਂ ਤੇ ਪੁਸਤਕ ਸਭਿਆਚਾਰ ਪ੍ਰਫੁੱਲਿਤ ਕਰਨ ਦੇ ਉਦੇਸ਼ ਨਾਲ ਵੰਨ-ਸੁਵੰਨੀਆਂ ਗਤੀਵਿਧੀਆਂ ਕਰਦਾ ਰਹਿੰਦਾ ਹੈ। ਇਸੇ ਤਹਿਤ ਪੰਜਾਬ ਸਰਕਾਰ ਦੀ ਰਹਿਨੁਮਾਈ ਹੇਠ ਭਾਸ਼ਾ ਵਿਭਾਗ, ਪੰਜਾਬ ਵੱਲੋਂ ਪੁਸਤਕ ਮੈਚਿੰਗ ਗ੍ਰਾਂਟ ਤਹਿਤ ਮੁਫ਼ਤ ਪੁਸਤਕਾਂ ਦਿੱਤੀਆਂ ਜਾਣਗੀਆਂ। ਨਿਰਦੇਸ਼ਕ ਭਾਸ਼ਾ ਵਿਭਾਗ, ਪੰਜਾਬ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਸ਼ੁਰੂ ਕੀਤੀ ਗਈ ਇਸ ਸਕੀਮ ਦਾ ਲਾਭ ਸਕੂਲ, ਕਾਲਜ ਅਤੇ ਪੇਂਡੂ ਲਾਇਬ੍ਰੇਰੀਆਂ ਉਠਾ ਸਕਦੇ ਹਨ। ਸਹਾਇਕ ਡਾਇਰੈਕਟਰ, ਤੇਜਿੰਦਰ ਸਿੰਘ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਿੰਨੀ ਰਾਸ਼ੀ ਦੀਆਂ ਪੁਸਤਕਾਂ ਕੋਈ ਸੰਸਥਾ ਖਰੀਦੇਗੀ ਓਨੀ ਰਾਸ਼ੀ ਦੀ ਹੀ ਪੁਸਤਕਾਂ ਸੰਬੰਧਤ ਸੰਸਥਾ ਨੂੰ ਮੁਫ਼ਤ ਦਿੱਤੀਆਂ ਜਾਣਗੀਆਂ। ਜ਼ਿਲ੍ਹਾ ਭਾਸ਼ਾ ਅਫ਼ਸਰ ਕਪੂਰਥਲਾ ਜਸਪ੍ਰੀਤ ਕੌਰ ਨੇ ਸਮੂਹ ਸਕੂਲਾਂ, ਕਾਲਜਾਂ ਅਤੇ ਪੇਂਡੂ ਲਾਇਬ੍ਰੇਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਸਰਕਾਰ ਦੀ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਉਠਾਉਣ। ਪੁਸਤਕਾਂ ਖਰੀਦਣ ਦੀਆਂ ਚਾਹਵਾਨ ਸੰਸਥਾਵਾਂ ਆਪਣੇ ਲੈਟਰ-ਪੈਡ 'ਤੇ ਸੰਸਥਾ ਦੇ ਮੁੱਖੀ ਵੱਲੋਂ ਬੇਨਤੀ ਪੱਤਰ ਜ਼ਿਲ੍ਹਾ ਭਾਸ਼ਾ ਦਫ਼ਤਰ ਕਪੂਰਥਲਾ ਵਿਖੇ ਦੇ ਸਕਦੇ ਹਨ। ਜ਼ਿਲ੍ਹਾ ਭਾਸ਼ਾ ਅਫ਼ਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹਨਾਂ ਪੁਸਤਕਾਂ 'ਤੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਵਿਸ਼ੇਸ਼ ਛੋਟ ਵੀ ਦਿੱਤੀ ਜਾਂਦੀ ਹੈ। ਇਹ ਇੱਕ ਲਾਹੇਵੰਦ ਯੋਜਨਾ ਹੈ ਜੋ ਕਿ ਸੀਮਤ ਸਮੇਂ ਤੱਕ ਹੈ।

## ਨਨਕਾਣਾ ਸਾਹਿਬ ਖਾਲਸਾ ਸਕੂਲ ਦੇ ਸਾਰੇ ਵਿਦਿਆਰਥੀ ਪਹਿਲੇ ਦਰਜੇ 'ਚ ਪਾਸ

**ਸੁਲਤਾਨਪੁਰ ਲੋਧੀ (ਹਨੀ)**- ਨਨਕਾਣਾ ਸਾਹਿਬ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਘੋਸ਼ਿਤ ਬਾਰ੍ਹਵੀਂ ਆਰਟਸ ਦੇ ਨਤੀਜੇ 'ਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਇਕ ਵਾਰ ਫਿਰ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਪ੍ਰੀਖਿਆ ਵਿੱਚ ਕੁੱਲ 52 ਵਿਦਿਆਰਥੀਆਂ ਨੇ ਭਾਗ ਲਿਆ ਅਤੇ ਸਭ ਨੇ ਫਸਟ ਡਵੀਜ਼ਨ ਨਾਲ ਪ੍ਰੀਖਿਆ ਪਾਸ ਕੀਤੀ। ਇੰਗਲਿਸ਼ ਮੀਡੀਅਮ ਦੇ ਵਿਦਿਆਰਥੀਆਂ ਨੇ ਸਕੂਲ ਵਿੱਚ ਪਹਿਲੀਆਂ ਤਿੰਨ ਪੋਜ਼ੀਸ਼ਨਾਂ ਹਾਸਲ ਕੀਤੀਆਂ। ਮੁਨੀਸ਼ਾ ਭੱਟੀ ਨੇ 90.2 ਫੀਸਦੀ ਅੰਕਾਂ ਨਾਲ ਪਹਿਲੇ, ਮਾਨਸੀ ਅਤੇ ਇੰਦਰਪ੍ਰੀਤ ਨੇ 90 ਫੀਸਦੀ ਅੰਕਾਂ ਨਾਲ ਦੂਜੇ ਅਤੇ ਮਨਪ੍ਰੀਤ ਕੌਰ 89.4 ਫੀਸਦੀ ਅੰਕਾਂ ਨਾਲ ਤੀਜੇ ਸਥਾਨ 'ਤੇ ਰਹੀ। ਸਿਮਰਨਜੀਤ ਕੌਰ 88.2 ਫੀਸਦੀ ਅੰਕਾਂ ਨਾਲ ਚੌਥੇ ਅਤੇ ਸਿਮਰਨ 87.2 ਫੀਸਦੀ ਅੰਕਾਂ ਨਾਲ ਪੰਜਵੇਂ ਸਥਾਨ 'ਤੇ ਰਹੀ। ਪ੍ਰਿੰਸੀਪਲ ਮਿਸਿਜ਼ ਨਿਧੀ ਸੰਗੋਤਰਾ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਦੱਸਿਆ ਕਿ 14 ਵਿਦਿਆਰਥੀਆਂ ਨੇ 80 ਫੀਸਦੀ ਤੋਂ ਵੱਧ ਅੰਕ, 16 ਵਿਦਿਆਰਥੀਆਂ ਨੇ 70 ਤੋਂ 80 ਫੀਸਦੀ, ਜਦਕਿ 22 ਵਿਦਿਆਰਥੀਆਂ ਨੇ 60 ਤੋਂ 70 ਫੀਸਦੀ ਅੰਕ ਪ੍ਰਾਪਤ ਕੀਤੇ।ਇੰਜੀ. ਸਵਰਨ ਸਿੰਘ, ਪ੍ਰਧਾਨ ਗਵਰਨਿੰਗ ਕੌਂਸਲ ਗੁਰੂ ਨਾਨਕ ਕਾਲਜ ਸੁਲਤਾਨਪੁਰ ਲੋਧੀ, ਬੀਬੀ ਗੁਰਪ੍ਰੀਤ ਕੌਰ ਮੈਂਬਰ ਐਸ.ਜੀ.ਪੀ.ਸੀ. ਅੰਮ੍ਰਿਤਸਰ, ਡਾਇਰੈਕਟਰ ਇੰਜੀ.ਹਰਨਿਆਮਤ ਕੌਰ ਅਤੇ ਪ੍ਰਸ਼ਾਸ਼ਕ ਇੰਜੀ. ਨਿਮਰਤਾ ਕੌਰ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉਜਲੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ।ਇਸ ਮੌਕੇ 'ਤੇ ਮੈਡਮ ਪਰਵੀਨ ਕੁਮਾਰੀ, ਨੀਨਾ ਕੁਮਾਰੀ, ਮੋਨਿਕਾ, ਪਵਨਪ੍ਰੀਤ, ਅਮਨਪ੍ਰੀਤ, ਕੰਵਲਜੀਤ, ਕੋਮਲਪ੍ਰੀਤ, ਸਿਮਰਜੀਤ, ਮਨਦੀਪ, ਲਤਾ ਆਦਿ ਸਟਾਫ ਮੈਂਬਰ ਹਾਜ਼ਰ ਸਨ।



## ਐੱਸ ਟੀ ਐੱਸ ਵਰਲਡ ਸਕੂਲ ਦਾ ਬਾਰ੍ਹਵੀਂ ਦੇ ਨਤੀਜਿਆਂ 'ਚ ਸ਼ਾਨਦਾਰ ਪ੍ਰਦਰਸ਼ਨ

**ਗੁਰਾਇਆ (ਬਿੰਦਰ ਸੁੰਮਨ)**: ਐੱਸ.ਟੀ.ਐੱਸ. ਵਰਲਡ ਸਕੂਲ ਨੇ ਜਮਾਤ ਬਾਰ੍ਹਵੀਂ ਦੇ ਬੋਰਡ ਨਤੀਜਿਆਂ 2025-26 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇੱਕ ਵਾਰ ਫਿਰ ਅਕਾਦਮਿਕ ਮੈਦਾਨ ਵਿੱਚ ਆਪਣਾ ਲੋਹਾ ਮਨਵਾਇਆ ਹੈ। ਸਕੂਲ ਦੇ ਵਿਦਿਆਰਥੀਆਂ ਨੇ ਕਾਮਰਸ, ਮੈਡੀਕਲ ਅਤੇ ਆਰਟਸ ਤਿੰਨਾਂ ਹੀ ਸਟਰੀਮਾਂ ਵਿੱਚ ਉੱਤਮ ਨਤੀਜੇ ਹਾਸਲ ਕਰਕੇ ਸਕੂਲ, ਮਾਪਿਆਂ ਅਤੇ ਅਧਿਆਪਕਾਂ ਦਾ ਨਾਮ ਰੌਸ਼ਨ ਕੀਤਾ ਹੈ। ਕਾਮਰਸ ਸਟਰੀਮ ਵਿੱਚ ਜਸਕੀਨ ਨੇ ਸ਼ਾਨਦਾਰ 95.8% ਅੰਕ ਪ੍ਰਾਪਤ ਕਰਕੇ ਸਭ ਤੋਂ ਉੱਚਾ ਸਥਾਨ ਹਾਸਲ ਕੀਤਾ। ਇਸ ਤੋਂ ਬਾਅਦ ਹਿਮਾਂਸ਼ੀ ਨੇ 93%, ਸ਼ਕਸ਼ਮ ਨੇ 92.2%, ਅਚਿੰਤ ਕੌਰ ਅਤੇ ਦੀਪਕ ਰਾਏ ਨੇ 90.6% ਅਤੇ ਮਨਵੀਰ ਕੌਰ ਨੇ 90% ਅੰਕ ਪ੍ਰਾਪਤ ਕਰਕੇ ਕਾਮਯਾਬੀ ਦੀ ਨਵੀਂ ਮਿਸਾਲ ਕਾਇਮ ਕੀਤੀ। ਮੈਡੀਕਲ ਸਟਰੀਮ ਵਿੱਚ ਰਾਜਿੰਦਰਜੀਤ ਕੌਰ ਨੇ 94.8% ਅੰਕ ਹਾਸਲ ਕਰਕੇ ਸਭ ਨੂੰ ਮਾਣ ਮਹਿਸੂਸ ਕਰਵਾਇਆ। ਇਸ ਤੋਂ ਇਲਾਵਾ ਨਿਵੇਦਿਤਾ ਨੇ 88.8% ਅਤੇ ਨਿਮਰਤ ਕੌਰ ਨੇ 87.2% ਅੰਕ ਪ੍ਰਾਪਤ ਕਰਕੇ ਉੱਤਮ ਪ੍ਰਦਰਸ਼ਨ ਕੀਤਾ। ਆਰਟਸ ਸਟਰੀਮ ਵਿੱਚ ਤਨਵੀਰ ਕੌਰ ਨੇ 91.6% ਅੰਕ ਹਾਸਲ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਰਣਦੀਪ ਸਿੰਘ ਨੇ 89.4% ਅਤੇ ਸੁਖਮਨਜੀਤ ਸਿੰਘ ਨੇ 86.6% ਅੰਕ ਪ੍ਰਾਪਤ ਕਰਕੇ ਸਕੂਲ ਦੀ ਸ਼ਾਨ ਵਿੱਚ ਹੋਰ ਵਾਧਾ ਕੀਤਾ। ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਪ੍ਰਭਜੋਤ ਗਿੱਲ, ਪ੍ਰਬੰਧਕ ਕਮੇਟੀ ਅਤੇ ਅਧਿਆਪਕਾਂ ਨੇ ਸਾਰੇ ਵਿਦਿਆਰਥੀਆਂ ਨੂੰ ਇਸ ਵਿਸ਼ੇਸ਼ ਉਪਲਬਧੀ ਲਈ ਦਿਲੋਂ ਵਧਾਈ ਦਿੱਤੀ।



## ਸਰਕਾਰੀ ਹਸਪਤਾਲ 'ਚ ਡੇਂਗੂ ਦਾ ਟੈਸਟ ਤੇ ਇਲਾਜ ਬਿਲਕੁਲ ਮੁਫ਼ਤ : ਐੱਸ ਐੱਮ ਓ

**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ 'ਹਰ ਸ਼ੁੱਕਰਵਾਰ ਡੇਂਗੂ ਤੇ ਵਾਰ' ਮੁਹਿੰਮ ਤਹਿਤ ਸਿਵਲ ਸਰਜਨ ਡਾ. ਸੰਗੀਤਾ ਜੈਨ ਤੇ ਐੱਸ ਐੱਮ ਓ ਡਾ. ਧਰਮਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਡੇਂਗੂ ਪ੍ਰਤੀ ਜਾਗਰੂਕਤਾ ਪ੍ਰੋਗਰਾਮ ਅਤੇ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਡਾ. ਦੀਪਿੰਦਰ ਅਨੰਦ ਨੇ ਸਕੂਲੀ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਡੇਂਗੂ ਦੇ ਲੱਛਣਾਂ ਅਤੇ ਇਸ ਤੋਂ ਬਚਾਅ ਦੇ ਤਰੀਕਿਆਂ ਬਾਰੇ ਵਿਸਤਾਰਪੂਰਵਕ ਜਾਣਕਾਰੀ ਦਿੱਤੀ। ਸਕੂਲੀ ਵਿਦਿਆਰਥੀਆਂ, ਐੱਨ ਐੱਸ ਐੱਸ ਵਲੰਟੀਅਰਾਂ ਅਤੇ ਸਿਹਤ ਵਿਭਾਗ ਦੇ ਸਟਾਫ਼ ਵੱਲੋਂ ਸਾਂਝੇ ਤੌਰ 'ਤੇ ਇੱਕ ਵਿਸ਼ਾਲ ਜਾਗਰੂਕਤਾ ਰੈਲੀ ਕੱਢੀ ਗਈ। ਇਹ ਰੈਲੀ ਸਰਕਾਰੀ ਸਕੂਲ ਤੋਂ ਸ਼ੁਰੂ ਹੋ ਕੇ ਤਹਿਸੀਲ ਰੋਡ, ਮੇਨ ਬਾਜ਼ਾਰ ਡੇਰਾਬੱਸੀ ਅਤੇ ਮੇਨ ਰੋਡ ਤੋਂ ਹੁੰਦੀ ਹੋਈ ਵਾਪਸ ਸਕੂਲ ਵਿਖੇ ਸਮਾਪਤ ਹੋਈ। ਰੈਲੀ ਦੌਰਾਨ ਮਲਟੀਪਰਪਜ਼ ਹੈਲਥ ਸੁਪਰਵਾਈਜ਼ਰ ਰਜਿੰਦਰ ਸਿੰਘ ਅਤੇ ਗੁਰਜੀਤ ਸਿੰਘ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਆਲੇ-ਦੁਆਲੇ ਪਾਣੀ ਇਕੱਠਾ ਨਾ ਹੋਣ ਦੇਣ। ?ਇਸ ਮੁਹਿੰਮ ਦੌਰਾਨ ਵਿਸ਼ੇਸ਼ ਟੀਮਾਂ ਬਣਾ ਕੇ ਵੱਖ-ਵੱਖ ਇਲਾਕਿਆਂ ਵਿੱਚ ਸਰਵੇ ਵੀ ਕੀਤਾ ਗਿਆ ਤਾਂ ਜੋ ਮੱਛਰਾਂ ਦੇ ਲਾਰਵੇ (ਬਰੀਡਿੰਗ) ਦੀ ਜਾਂਚ ਕੀਤੀ ਜਾ ਸਕੇ। ਇਸ ਮੌਕੇ ਸਕੂਲ ਸਟਾਫ਼ ਸਮੇਤ ਗੁਰਦੀਪ ਸਿੰਘ, ਕੁਲਵਿੰਦਰ ਕੁਮਾਰ, ਮੇਜਰ ਸਾਹਿਬ, ਰਜਿੰਦਰ ਸਿੰਘ (ਮਲਟੀਪਰਪਜ਼ ਹੈਲਥ ਵਰਕਰ), ਆਸ਼ਾ ਵਰਕਰਾਂ, ਨਰਸਿੰਗ ਕਾਲਜ ਦੇ ਵਿਦਿਆਰਥੀ ਅਤੇ ਬਰੀਡਿੰਗ ਚੈੱਕਰ ਹਾਜ਼ਰ ਸਨ।



## ਬਲਾਚੌਰ ਪਬਲਿਕ ਸਕੂਲ ਦਾ ਬਾਰ੍ਹਵੀਂ ਦਾ ਨਤੀਜਾ ਰਿਹਾ ਸ਼ਾਨਦਾਰ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰਵੀਂ ਦੇ ਨਤੀਜੇ ਐਲਾਨੇ ਗਏ ਹਨ ਜਿਸ ਵਿੱਚ ਬਲਾਚੌਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ। ਪ੍ਰਿੰਸੀਪਲ ਹਰਮਨਿੰਦਰ ਕੌਰ ਅਤੇ ਚੇਅਰਮੈਨ ਐਚ ਪੀ ਸਿੰਘ ਨੇ ਜਾਣਕਾਰੀ ਦਿੰਦਿਆਂ ਹੋਇਆਂ ਦੱਸਿਆ ਕਿ ਜਿੱਥੇ ਸਮੁੱਚੇ ਵਿਦਿਆਰਥੀ ਚੰਗੀਆਂ ਪੁਜੀਸ਼ਨਾਂ ਪ੍ਰਾਪਤ ਕਰਕੇ ਪਾਸ ਹੋਏ ਹਨ ਉੱਥੇ ਸਾਇੰਸ ਗਰੁੱਪ ਵਿੱਚੋਂ ਪਲਵੀ ਸ਼ਰਮਾ ਪੁੱਤਰੀ ਮੁਕੇਸ਼ ਕੁਮਾਰ ਨੇ 90.6 ਫੀਸਦੀ ਅੰਕ ਲੈ ਕੇ ਪਹਿਲਾ ਸਥਾਨ, ਅਭਿਆਜੀਤ ਸਿੰਘ ਪੁੱਤਰ ਜੋਗਾ ਸਿੰਘ ਨੇ 90.2 ਫੀਸਦੀ ਅੰਕ ਲੈ ਕੇ ਦੂਜਾ ਸਥਾਨ, ਗੁਰਵਿੰਦਰ ਪੁੱਤਰ ਜਿੰਦਰ ਨੇ 88.6 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਹਿਊਮੈਨਿਟੀਜ਼ ਗਰੁੱਪ ਵਿੱਚੋਂ ਮਨਜੋਤ ਕੌਰ ਪੁੱਤਰੀ ਕਰਮ ਸਿੰਘ ਨੇ 89.8 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਦਿਲਪ੍ਰੀਤ ਕੌਰ ਪੁੱਤਰੀ ਦਿਲਾਵਰ ਸਿੰਘ ਨੇ 88.6 ਫੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਅਤੇ ਨਿਸ਼ਾਂਤ ਪੁੱਤਰ ਲਾਲ ਚੰਦ ਨੇ 88.4 ਫੀਸਦੀ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਚੇਅਰਮੈਨ ਐਚ ਪੀ ਸਿੰਘ ਅਤੇ ਪ੍ਰਿੰਸੀਪਲ ਹਰਮਨਿੰਦਰ ਕੌਰ ਨੇ ਸਕੂਲ ਸਟਾਫ ਵੱਲੋਂ ਕਰਵਾਈ ਗਈ ਸਖਤ ਮਿਹਨਤ ਦੀ ਭਰਪੂਰ ਪ੍ਰਸ਼ੰਸ਼ਾ ਕੀਤੀ।




## ਕਾਂਗਰਸ, ਅਕਾਲੀ ਤੇ ਬਸਪਾ ਪਰਵਾਰ 'ਆਪ' 'ਚ ਸ਼ਾਮਲ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਨਗਰ ਕੌਂਸਲ ਨਕੋਦਰ ਅਤੇ ਨੂਰਮਹਿਲ ਦੀ ਚੋਣ ਤੋਂ ਪਹਿਲਾਂ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਇਕ ਸਿਆਸੀ ਧਮਾਕਾ ਕਰਦਿਆਂ ਕਾਂਗਰਸ, ਅਕਾਲੀ ਅਤੇ ਬਸਪਾ ਨੂੰ ਵੱਡਾ ਝਟਕਾ ਦਿੰਦਿਆਂ ਸਿਆਸੀ ਪਰਵਾਰਾਂ ਨੂੰ ਆਪਣੇ ਨਾਲ ਜੋੜਨ ਵਿੱਚ ਕਾਮਯਾਬੀ ਹਾਸਲ ਕੀਤੀ ਹੈ। ਜਿਹਨਾਂ ਵਿਚ ਨੂਰਮਹਿਲ ਤੋਂ ਸੁਰਿੰਦਰ ਕੁਮਾਰ ਸ਼ਰਮਾ ਸਾਬਕਾ ਐਮ. ਸੀ ਅਤੇ ਸਾਬਕਾ ਡਾਇਰੈਕਟਰ ਵੇਅਰਹਾਊਸ ਪੰਜਾਬ, ਸੰਜੀਵ ਸ਼ਰਮਾ ਵਾਇਸ ਪ੍ਰਧਾਨ ਯੂਥ ਅਕਾਲੀ ਦਲ ਪੰਜਾਬ, ਰਾਜੀਵ ਸ਼ਰਮਾ ਵਾਇਸ ਪ੍ਰਧਾਨ ਯੂਥ ਅਕਾਲੀ ਦਲ ਜਲੰਧਰ, ਅਕਾਲੀ ਦਲ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਅਤੇ ਬਸਪਾ ਦੇ ਵਾਰਡ ਨੰਬਰ 12 ਤੋਂ ਕੇਵਲ ਕ੍ਰਿਸ਼ਨ, ਵਾਰਡ ਨੰਬਰ 13 ਤੋਂ ਮੁਕੇਸ਼ ਕੁਮਾਰ ਸਾਥੀਆਂ ਸਮੇਤ ਅਤੇ ਨਕੋਦਰ ਤੋਂ ਅਸ਼ਵਨੀ ਭੱਲਾ, ਹਰਬੰਸ ਭੱਲਾ, ਕਰਨ ਗਾਬਾ, ਬਾਰਬੀ ਗਾਬਾ, ਸਵਿਤਾ ਕੋਹਲੀ, ਸੰਦੀਪ ਕੋਹਲੀ, ਰਾਜੇਸ਼ ਗਾਬਾ, ਸਤਪਾਲ ਸਿੰਘ, ਸੌਰਵ ਅਰੋੜਾ, ਧਰੁਵ ਅਰੋੜਾ ਸ਼ਾਮਲ ਹੋਏ। ਇਸ ਮੌਕੇ ਪਾਰਟੀ ਵਰਕਰ ਜਿਹਨਾਂ ਵਿੱਚ ਸੰਜੀਵ ਅਹੂਜਾ ਸੀਨੀਅਰ ਆਗੂ, ਅਮਿਤ ਅਹੂਜਾ ਸੀਨੀਅਰ ਆਗੂ, ਜਸਬੀਰ ਸਿੰਘ ਧੰਜਲ ਸੰਗਠਨ ਇੰਚਾਰਜ, ਹਿਮਾਂਸ਼ੂ ਜੈਨ ਸ਼ਹਿਰ ਪ੍ਰਧਾਨ, ਅਸ਼ਵਨੀ ਕੋਹਲੀ ਜ਼ਿਲ੍ਹਾ ਇੰਚਾਰਜ ਟਰੇਡਿੰਗ ਵਿੰਗ, ਸ਼ਾਂਤੀ ਸਰੂਪ, ਰਮੇਸ਼ ਸੋਂਧੀ, ਮੰਗਤ ਰਾਏ, ਜਗਰੂਪ ਸਿੰਘ, ਨਰਿੰਦਰ ਸ਼ਰਮਾ, ਸੌਰਵ ਗੌਤਮ, ਰਵਿੰਦਰ ਟੱਕਰ, ਅਭਿਨਵ ਕੋਹਲੀ, ਸੰਜੀਵ ਟੱਕਰ, ਅਸ਼ਵਨੀ ਭੱਲਾ, ਭਰਥ ਰਾਜ ਰਾਜਾ ਚੇਅਰਮੈਨ ਕਰਨੈਲ ਰਾਮ ਬਾਲੂ, ਚੇਅਰਮੈਨ ਲਖਵੀਰ ਸਿੰਘ ਉੱਪਲ ਆਦਿ ਵਰਕਰ ਹਾਜ਼ਰ ਸਨ।

## ਚੰਨੀ ਨੇ ਵਾਰਡ ਨੰ. 10 ਤੋਂ ਨਾਮਜ਼ਦਗੀ ਪੱਤਰ ਭਰੇ

**ਕਪੂਰਥਲਾ (ਮਨਜੀਤ ਮਾਨ)**-ਲਖਬੀਰ ਸਿੰਘ ਚੰਨੀ ਵਾਰਡ ਨੰਬਰ 10 ਤੋਂ ਨੌਜਵਾਨ ਆਜ਼ਾਦ ਉਮੀਦਵਾਰ ਤੇ ਤੌਰ ਤੇ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਵਾਰਡ ਨੰਬਰ 10 ਤੋਂ ਜੋ ਵੱਡੇ ਹੁੰਗਾਰੇ ਅਤੇ ਵਾਰਡ ਵਾਸੀਆਂ ਦੇ ਨਾਲ ਕਾਗਜ ਦਾਖਲ ਕੀਤੇ ਗਏ ਹਨ, ਉਨ੍ਹਾਂ ਵਾਰਡ ਵਾਸੀਆਂ ਦਾ ਧੰਨਵਾਦ ਕੀਤਾ ਹਾਂ ਜੋ ਇਨਾ ਮਾਣ ਬਖਸ਼ਿਆ ਹੈ। ਮੈਂ ਹਮੇਸ਼ਾ ਵਾਰਡ ਵਾਸੀਆਂ ਦਾ ਵਾਅਦਾ ਕਰਦਾ ਹਾਂ ਕਿ 24 ਘੰਟੇ 7 ਦਿਨ ਆਪ ਦੀ ਸੇਵਾ ਵਿੱਚ ਹਾਜ਼ਰ ਰਵਾਂਗਾ, ਜੋ ਪਿਛਲੇ ਸਮੇਂ ਵਾਰਡ ਦੇ ਵਿੱਚ ਸਿਆਸੀ ਬਦਲਾਖੋਰੀ ਕਰਕੇ ਵਾਰਡ ਦੇ ਕੰਮ ਜਾਂ ਵਾਰਡ ਵਾਸੀਆਂ ਦੇ ਬਾਰੇ ਨਹੀਂ ਸੋਚਿਆ ਗਿਆ, ਉਹ ਕੰਮ ਪਹਿਲ ਦੇ ਅਧਾਰ ਤੇ ਵਾਰਡ ਦੇ ਹਰ ਬੰਦੇ ਨੂੰ ਨਾਲ ਲੈ ਕੇ ਕਰਵਾਏ ਜਾਣਗੇ। ਉਹਨਾਂ ਸਮੂਹ ਵਾਰਡ ਵਾਸੀਆਂ ਨੂੰ ਬੇਨਤੀ ਕੀਤੀ ਕਿ ਵਾਰਡ ਨੰਬਰ 10 ਤੋਂ ਇੱਕ ਇੱਕ ਕੀਮਤੀ ਵੋਟ ਪਾ ਕੇ ਕਾਮਯਾਬ ਕਰੋ।



## ਕਿਸਾਨ-ਵਿਗਿਆਨੀ ਗੋਸ਼ਟੀ ਤੇ ਬੀਜ ਮੇਲਾ ਕਰਵਾਇਆ

**ਨਵਾਂਸ਼ਹਿਰ (ਮਨੋਜ ਲਾਡੀ)**- ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਅਤੇ ਭਾਰਤੀ ਖੇਤੀ ਖੋਜ ਸੰਸਥਾ-ਅਟਾਰੀ, ਜੋਨ-1, ਲੁਧਿਆਣਾ ਦੀ ਅਗਵਾਈ ਹੇਠ, ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ, ਸ਼ਹੀਦ ਭਗਤ ਸਿੰਘ ਨਗਰ ਨੇ ਪਿੰਡ ਜੁਲਾਹ ਮਾਜਰਾ ਵਿਖੇ ਨਿਰਦੇਸ਼ਕ ਪਸਾਰ ਸਿਖਲਾਈ ਨੀਤੀ ਅਨੁਸਾਰ ਦੂਰ-ਦੁਰਾਡੇ ਪਿੰਡ ਤੱਕ ਪਹੁੰਚਣ ਲਈ ਪਿੰਡ ਵਿੱਚ ਲੋਨੇ ਦੇ ਮਧਰੇਪਣ ਦੇ ਰੋਗ ਅਤੇ ਖਾਦਾਂ ਦੀ ਸੰਤੁਲਿਤ ਵਰਤੋਂ ਸੰਬੰਧੀ ਕਿਸਾਨ-ਵਿਗਿਆਨੀ ਗੋਸ਼ਟੀ ਦੇ ਨਾਲ-ਨਾਲ ਪੀ ਏ ਯੂ ਦੀਆਂ ਸਿਫ਼ਾਰਸ਼ ਕੀਤੀਆਂ ਕਿਸਮਾਂ ਦੇ ਬੀਜ ਮੇਲੇ ਦਾ ਆਯੋਜਨ ਕੀਤਾ ਗਿਆ। ਪ੍ਰੋਗਰਾਮ ਵਿੱਚ 72 ਕਿਸਾਨਾਂ ਅਤੇ ਕਿਸਾਨ ਬੀਬੀਆਂ ਦੀ ਭਾਗੀਦਾਰੀ ਦੇਖੀ ਗਈ।ਡਾ. ਪ੍ਰਦੀਪ ਕੁਮਾਰ, ਸਹਿਯੋਗੀ ਨਿਰਦੇਸ਼ਕ (ਸਿਖਲਾਈ), ਕੇ.ਵੀ.ਕੇ ਲੰਗੜੋਆ ਨੇ ਪੀ.ਏ.ਯੂ ਦੇ ਮਾਹਿਰਾਂ ਡਾ. ਅਮਰਜੀਤ ਸਿੰਘ ਅਤੇ ਡਾ. ਅਮਿਤ ਕੌਲ ਅਤੇ ਕਿਸਾਨਾਂ ਦਾ ਸਵਾਗਤ ਕਰਕੇ ਸੈਸ਼ਨ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਵੱਧ ਪੈਦਾਵਾਰ ਨੂੰ ਬਰਕਰਾਰ ਰੱਖਣ ਲਈ ਜੈਵਿਕ ਖਾਦਾਂ ਅਤੇ ਜੀਵਾਣੂੰ ਖਾਦਾਂ ਨੂੰ ਉਤਸ਼ਾਹਿਤ ਕਰਦੇ ਹੋਏ ਸਰਵਪੱਖੀ ਖਾਦ ਪ੍ਰਬੰਧਨ ਦੁਆਰਾ ਸੰਤੁਲਿਤ ਖਾਦ ਦੀ ਵਰਤੋਂ 'ਤੇ ਜ਼ੋਰ ਦਿੱਤਾ। ਡਾ. ਅਮਰਜੀਤ ਸਿੰਘ, ਪ੍ਰਿੰਸੀਪਲ ਪਲਾਂਟ



ਪੈਥੋਲੋਜਿਸਟ, ਨੇ ਝੋਨੇ ਦੇ ਮਧਰੇਪਨ ਦੇ ਰੋਗ ਦੀ ਪਛਾਣ ਅਤੇ ਇਸਦੇ ਫੈਲਾਅ 'ਤੇ ਜਾਣਕਾਰੀ ਸਾਂਝੀ ਕੀਤੀ, ਪਨੀਰੀ ਅਤੇ ਟ੍ਰਾਂਸਪਲਾਂਟ ਕੀਤੇ ਖੇਤਾਂ ਵਿੱਚ ਇਸ ਦੇ ਵੈਕਟਰ, ਚਿੱਟੀ ਪਿੱਠ ਵਾਲੇ ਟਿੱਡੇ ਦੇ ਨਿਯੰਤਰਣ 'ਤੇ ਜ਼ੋਰ ਦਿੱਤਾ ਤਾਂ ਜੋ ਬਿਮਾਰੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਿਆ ਜਾ ਸਕੇ। ਡਾ. ਤੇਜਬੀਰ ਸਿੰਘ, ਸਹਾਇਕ ਪ੍ਰੋਫੈਸਰ (ਪਸ਼ੂ ਵਿਗਿਆਨ) ਨੇ ਗਰਮੀਆਂ ਦੇ ਮੌਸਮ ਦੌਰਾਨ ਡੇਅਰੀ ਪਸ਼ੂਆਂ ਦੀ ਦੇਖਭਾਲ 'ਤੇ ਜ਼ੋਰ ਦਿੱਤਾ। ਡਾ. ਅਮਿਤ ਕੌਲ, ਪਸਾਰ ਵਿਗਿਆਨੀ (ਫਸਲ ਵਿਗਿਆਨ) ਨੇ ਸਾਉਣੀ ਦੀਆਂ ਫਸਲਾਂ ਵਿੱਚ ਨਦੀਨਾਂ ਦੀ ਸਰਵਪੱਖੀ ਰੋਕਥਾਮ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਡਾ. ਰਾਜਿੰਦਰ ਕੌਰ, ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ) ਨੇ ਦੱਸਿਆ ਕਿ ਸੰਤੁਲਿਤ ਖੁਰਾਕ ਕਿਸ਼ੋਰ ਲੜਕੀਆਂ ਅਤੇ ਔਰਤਾਂ ਵਿੱਚ ਕੁਪੋਸ਼ਣ ਦੀ ਸਮੱਸਿਆ ਦਾ ਹੱਲ ਕਰ ਸਕਦੀ ਹੈ, ਨਾਲ ਪ੍ਰੋਗਰਾਮ ਦੌਰਾਨ ਸ੍ਰੀਮਤੀ ਰੇਣੂ ਬਾਲਾ, ਡਿਮਾਨਸਟ੍ਰੇਟਰ (ਗ੍ਰਹਿ ਵਿਗਿਆਨ) ਨੇ ਕੇ.ਵੀ.ਕੇ. ਵਿੱਚ ਪੇਂਡੂ ਕਿਸਾਨਾਂ ਅਤੇ ਔਰਤਾਂ ਲਈ ਚੱਲ ਰਹੀ ਸਿਖਲਾਈ 'ਤੇ ਚਾਨਣਾ ਪਾਇਆ।

## ਲਵਲੀ ਪਬਲਿਕ ਸਕੂਲ ਦਾ ਨਤੀਜਾ ਰਿਹਾ ਸ਼ਾਨਦਾਰ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਬਾਰਵੀਂ ਜਮਾਤ ਦੇ ਐਲਾਨੇ ਨਤੀਜੇ ਵਿੱਚੋਂ ਲਵਲੀ ਪਬਲਿਕ ਸਕੂਲ ਪਠਲਾਵਾ ਦਾ 10+2 ਆਰਟਸ ਦਾ ਨਤੀਜਾ ਬਹੁਤ ਵਧੀਆ ਰਿਹਾ ਜਿਸ ਵਿੱਚ ਜਮਾਤ ਦੇ ਸਾਰੇ ਬੱਚੇ ਪਹਿਲੇ ਦਰਜੇ ਵਿੱਚ ਪਾਸ ਹੋਏ। ਇਸ ਵਿੱਚ ਪਹਿਲਾ ਸਥਾਨ ਹਾਸਿਕਾ ਪੁੱਤਰੀ ਜਸਪਾਲ ਸਿੰਘ ਨੇ 414/5 00 ਨੰਬਰ ਪ੍ਰਾਪਤ ਕੀਤੇ, ਜਸਪ੍ਰੀਤ ਕੌਰ ਪੁੱਤਰੀ ਦਲਵਿੰਦਰ ਕੁਮਾਰ ਨੇ 479/500 ਨੰਬਰ ਪ੍ਰਾਪਤ ਕਰਕੇ ਦੂਸਰਾ ਸਥਾਨ ਹਾਸਿਲ ਕੀਤਾ। ਇਸੇ ਤਰ੍ਹਾਂ ਹਰਪ੍ਰੀਤ ਕੌਰ ਪੁੱਤਰੀ ਕਸ਼ਮੀਰ ਚੰਦ ਨੇ 379/500 ਨੰਬਰ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਿਲ ਕੀਤਾ ।ਇਸ ਸ਼ਾਨਦਾਰ ਨਤੀਜੇ ਲਈ ਸਕੂਲ ਦੇ ਸਾਰੇ ਸਟਾਫ ਮੈਂਬਰ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਸ਼ਾਹ ਮੁਹੰਮਦ ਨੇ ਕਿਹਾ ਕਿ ਬੱਚਿਆਂ ਵੱਲੋਂ ਕੀਤੀ ਗਈ ਮਿਹਨਤ ਰੰਗ ਲਿਆਈ ਹੈ। ਇਸ ਮੌਕੇ ਵਾਈਸ ਪ੍ਰਿੰਸੀਪਲ ਮਜੀਦਾ ਬੀਬੀ, ਸੁਖਜਿੰਦਰ ਕੌਰ, ਮਨਦੀਪ ਕੌਰ, ਜੋਤੀ, ਮਨਪ੍ਰੀਤ ਕੌਰ, ਮੋਨਿਕਾ, ਕਮਲਪ੍ਰੀਤ ਕੌਰ, ਸੰਦੀਪ ਕੁਮਾਰੀ, ਦਿਵਿਆ, ਮਮਤਾ ਆਦਿ ਹਾਜ਼ਰ ਸਨ।



## ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਵਿਦਿਆਰਥੀਆਂ ਦਾ 12ਵੀਂ ਦੇ ਨਤੀਜਿਆਂ 'ਚ ਸ਼ਾਨਦਾਰ ਪ੍ਰਦਰਸ਼ਨ

**ਗੁਰਾਇਆ (ਬਿੰਦਰ ਸੁੰਮਨ)**- ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ, ਗੋਰਾਇਆ ਦੇ ਵਿਦਿਆਰਥੀਆਂ ਨੇ ਸੀ ਬੀ ਐਸ ਈ ਵੱਲੋਂ ਐਲਾਨੇ



ਕਲਾਸ 12ਵੀਂ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਦੇ ਵਿਦਿਆਰਥੀਆਂ ਨੇ ਉੱਚ ਅੰਕ ਪ੍ਰਾਪਤ ਕਰਕੇ ਆਪਣੀ ਮਿਹਨਤ, ਲਗਨ ਅਤੇ ਅਨੁਸ਼ਾਸਨ ਦਾ ਪ੍ਰਮਾਣ ਦਿੱਤਾ। ਸਕੂਲ ਦੇ ਕਈ ਵਿਦਿਆਰਥੀਆਂ ਨੇ ਪਹਿਲੀ ਸ਼੍ਰੇਣੀ ਅਤੇ ਵਿਸ਼ੇਸ਼ ਯੋਗਤਾ ਨਾਲ ਪ੍ਰੀਖਿਆ ਪਾਸ ਕਰਕੇ ਅਭੂਤਪੂਰਵ ਸਫਲਤਾ ਹਾਸਲ ਕੀਤੀ। ਵਿਦਿਆਰਥੀਆਂ ਦੇ ਸ਼ਾਨਦਾਰ ਨਤੀਜਿਆਂ ਨਾਲ ਸਕੂਲ ਵਿੱਚ ਖੁਸ਼ੀ ਅਤੇ ਉਤਸ਼ਾਹ ਦਾ ਮਾਹੌਲ ਹੈ। ਕਾਮਰਸ ਸਟਰੀਮ ਦੇ ਤੁਸ਼ਾਂਸ਼ੂ ਅੱਗਰਵਾਲ ਨੇ 95.8 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਸਾਇੰਸ ਸਟਰੀਮ ਦੀ ਪ੍ਰਤਿਸ਼ਠਾ ਨੇ 95.6 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਕਾਮਰਸ ਦੇ ਕ੍ਰਿਸ਼ਨਾ ਨੇ 95.2 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਕਾਮਰਸ ਦੀ ਭੂਮਿਕਾ ਨੇ 94%, ਹਿਊਮੈਨਿਟੀਜ਼ ਦੀ ਪ੍ਰਾਚੀ ਨੇ 93.8%, ਕਾਮਰਸ ਦੀ ਜਸ਼ਨਦੀਪ ਨੇ 93.4%, ਕਾਮਰਸ ਦੀ ਵੰਸ਼ਿਕਾ ਨੇ 91.6% ਅਤੇ ਸਾਇੰਸ ਦੇ ਰਿਸ਼ਾਂਤ ਨੇ 91.2 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਸਕੂਲ ਪ੍ਰਬੰਧਕ ਕਮੇਟੀ ਅਤੇ ਪ੍ਰਿੰਸੀਪਲ ਨੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਇਸ ਸ਼ਾਨਦਾਰ ਉਪਲਬਧੀ ਲਈ ਦਿਲੋਂ ਵਧਾਈ ਦਿੱਤੀ। ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਵਿੱਚ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਇਹ ਸਾਬਤ ਕੀਤਾ ਕਿ ਲਗਾਤਾਰ ਮਿਹਨਤ ਅਤੇ ਸਹੀ ਮਾਰਗਦਰਸ਼ਨ ਨਾਲ ਸਫਲਤਾ ਜ਼ਰੂਰ ਮਿਲਦੀ ਹੈ।

## ਸੰਤ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਬਰਸੀ ਸੰਬੰਧੀ ਪੋਸਟਰ ਕੀਤਾ ਜਾਰੀ

**ਅੱਡਾ ਸਾਰਾ /ਟਾਂਡਾ-ਉੜਮੁੜ,(ਜਸਵੀਰ ਕਾਜਲ , ਉਂਕਾਰ ਸਿੰਘ)**- ਨਿਰੋਲ ਅਤੇ ਨਿਰਮਲ ਸੁਭਾਅ ਵਾਲੇ,ਦਰਵੇਸ਼ ਸਿਆਸਤਦਾਨ, ਵਿੱਦਿਆ ਦੇ ਚਾਨਣ ਮੁਨਾਰੇ, ਪਰਉਪਕਾਰੀ, ਧਰਮ ਪ੍ਰਚਾਰ ਦੇ ਸੋਮੇ ਅਤੇ ਮਹਾਨ ਸਮਾਜ ਸੁਧਾਰਕ 108 ਸੰਤ ਬਾਬਾ ਪ੍ਰੇਮ ਸਿੰਘ ਜੀ



ਮੁਰਾਲੇ ਵਾਲਿਆਂ ਦੀ 76ਵੀ ਸਾਲਾਨਾ ਬਰਸੀ ਲਖਿੰਦਰ (ਮਿਆਣੀ) ਵਿਖੇ ਸ਼ਰਧਾ ਅਤੇ ਉਤਸ਼ਾਹ ਨਾਲ ਦੋ ਅਤੇ ਤਿੰਨ ਜੂਨ ਨੂੰ ਮਨਾਈ ਜਾਵੇਗੀ। ਇਸ ਸੰਬੰਧ ਵਿੱਚ ਗੁਰਦੁਆਰਾ ਗੋਬਿੰਦ ਪ੍ਰਵੇਸ਼ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਸਤਿਨਾਮ ਵਾਹਿਗੁਰੂ ਦੇ ਜੈਕਾਰਿਆਂ ਦੇ ਗੂੰਜ ਵਿੱਚ ਆਰੰਭ ਕੀਤੀ ਗਈ।ਭਾਈ ਸਰਬਜੀਤ ਸਿੰਘ ਹੈਡ ਗ੍ਰੰਥੀ ਨੇ ਇਸ ਲੜੀ ਦੀ ਨਿਰਵਿਘਨਤਾ ਪੂਰਨ ਸੰਪੂਰਨਤਾ ਲਈ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।ਇਸ ਉਪਰੰਤ ਡਾ.ਲਖਮੀਰ ਸਿੰਘ ਚੌਧਰੀ,ਕੁਲਵੰਤ ਸਿੰਘ ਯੂ ਐੱਸ ਏ ਪੁਤਰ ਤੁਲਸਾ ਸਿੰਘ, ਕੁਲਦੀਪ ਕੌਰ ਪਤਨੀ ਚਰਨ ਸਿੰਘ ਯੂ ਐੱਸਏ, ਪ੍ਰਿੰਸੀਪਲ ਕੁਲਦੀਪ ਰਾਜ, ਪ੍ਰਿੰਸੀਪਲ ਵਿਨੋਦ ਕੁਮਾਰ, ਜਸਵਿੰਦਰ ਕੌਰ ਆਦਿ ਦੀ ਹਾਜ਼ਰੀ ਵਿੱਚ ਸਾਲਾਨਾ ਬਰਸੀ ਦਾ ਪੋਸਟਰ ਜਾਰੀ ਕਰਦੇ ਹੋਏ ਸਾਬਕਾ ਮੰਤਰੀ ਚੌਧਰੀ ਬਲਬੀਰ ਸਿੰਘ ਮਿਆਣੀ ਨੇ ਦੱਸਿਆ ਕਿ ਗੁਰਦੁਆਰਾ ਸ੍ਰੀ ਗੋਬਿੰਦ ਪ੍ਰਵੇਸ਼ ਵਿਖੇ ਰੱਖੀ ਗਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ ਦੇ ਭੋਗ 2 ਜੂਨ ਨੂੰ ਪਾਏ ਜਾਣਗੇ।3 ਜੂਨ ਨੂੰ ਸਜਾਏ ਜਾ ਰਹੇ ਕੀਰਤਨ ਦਰਬਾਰ ਦੌਰਾਨ ਭਾਈ ਬਖਸ਼ੀਸ਼ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਗੁਰਪ੍ਰੀਤ ਸਿੰਘ ਮਿਆਣੀ, ਭਾਈ ਜਗਦੀਪ ਸਿੰਘ ਜੀ ਬੁਰਜ ਵਾਚਕ, ਭਾਈ ਦਵਿੰਦਰ ਸਿੰਘ(ਦੋਨੋਂ ਪੁਲ ਪੁਖਤਾ ਸਾਹਿਬ), ਸੰਤ ਸੁਲੱਖਨ ਸਿੰਘ ਜਬੋ ਨਾਨਕਸਰ ਵਾਲੇ, ਕਵੀ ਚੈਨ ਸਿੰਘ ਚਕਰਵਤੀ ਦਸੂਹਾ ਤੋਂ ਇਲਾਵਾ ਭਾਈ ਸੁਰਿੰਦਰ ਸਿੰਘ ਜੀ, ਭਾਈ ਗੁਰਪ੍ਰੀਤ ਸਿੰਘ ਜੀ (ਦੋਨੋਂ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ), ਡਾ.ਗੁਰਪ੍ਰੀਤ ਸਿੰਘ ਜੀ ਕਥਾ ਵਾਚਕ, ਗਿਆਨੀ ਅਜੀਤ ਸਿੰਘ ਅਕਬਰਪੁਰ ਵਾਲੇ, ਭਾਈ ਸੁਖਵਿੰਦਰ ਸਿੰਘ ਜੀ ਮੁੰਡਾਲੀ ਆਦਿ ਗੁਰਬਾਣੀ ਕੀਰਤਨ ਕਥਾ ਵਿਚਾਰਾਂ ਆਦਿ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।3 ਜੂਨ ਨੂੰ ਪਹੁੰਚ ਰਹੇ ਸੰਤ-ਮਹਾਂਪੁਰਖਾਂ ਵਿੱਚੋਂ ਸੰਤ ਬਾਬਾ ਤੇਜਾ ਸਿੰਘ ਜੀ ਖੁਡਾ, ਸੰਤ ਬਾਬਾ ਜਗਤਾਰ ਸਿੰਘ ਜੀ ਤਰਨਤਾਰਨ ਸੰਤ ਤਰਲੋਕ ਸਿੰਘ ਜੀ ਮਕਸੂਦਪੁਰ, ਸੰਤ ਬਾਬਾ ਹਰਚਰਨ ਸਿੰਘ ਜੀ ਖ਼ਾਲਸਾ ਰਮਦਾਸਪੁਰ, ਸੰਤ ਬਾਬਾ ਮੱਖਣ ਸਿੰਘ ਜੀ ਦਰਿਆ, ਸੰਤ ਬਾਬਾ ਹੀਰਾ ਸਿੰਘ ਅਲਾਵਲਈਸਾ ਤੋਂ ਇਲਾਵਾ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਗ੍ਰੰਥੀ ਸ੍ਰੀ ਅੰਮ੍ਰਿਤਸਰ ਸਾਹਿਬ ਸੰਤ ਪ੍ਰੇਮ ਸਿੰਘ ਮੁਰਾਲਾ ਵਾਲਿਆਂ ਦੀ ਜੀਵਨੀ ਤੇ ਚਾਨਣਾ ਪਾ ਕੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ ਕਰਨਗੇ। ਪ੍ਰਬੰਧਕਾਂ ਵੱਲੋਂ ਨੌਜਵਾਨ ਪੀੜ੍ਹੀ ਵਿੱਚ ਸਿੱਖੀ ਨੂੰ ਪ੍ਰਫੁੱਲਿਤ ਕਰਨ ਦੇ ਉਦੇਸ਼ ਨਾਲ 8 ਤੋਂ 14 ਸਾਲ ਅਤੇ 14 ਤੋਂ 18 ਸਾਲ ਉਮਰ ਵਰਗ ਦੇ ਲੜਕੇ ਅਤੇ ਲੜਕੀਆਂ ਦੇ ਗੁਰਬਾਣੀ ਕੰਠ, ਦਸਤਾਰਬੰਦੀ ਅਤੇ ਸ਼ਬਦ ਕੀਰਤਨ ਮੁਕਾਬਲੇ ਵੀ ਕਰਵਾਏ ਜਾ ਰਹੇ ਹਨ, ਜਿਨ੍ਹਾਂ ਦੇ ਜੇਤੂਆਂ ਨੂੰ ਨਗਦ ਇਨਾਮ ਨਾਲ ਸਨਮਾਨਿਤ ਕੀਤਾ ਜਾਏਗਾ।ਸਟੇਜ ਸਕੱਤਰ ਦੀ ਭੂਮਿਕਾ ਸੁਰਿੰਦਰ ਸਿੰਘ ਅਤੇ ਮਾ.ਦਵਿੰਦਰ ਸਿੰਘ ਨਿਭਾਉਣਗੇ।

## ਨੂਰਮਹਿਲ ਸਫ਼ਾਈ ਕਰਮਚਾਰੀਆ ਦੀ ਹੜਤਾਲ ਜਾਰੀ

**ਨੂਰਮਹਿਲ (ਰਜੇਸ਼ ਥਾਪਾ)**-ਮਜ਼ਦੂਰਾਂ ਮੁਲਾਜ਼ਮਾ ਦੀਆਂ ਮੰਗਾਂ ਨਾਂ ਮੰਨਣ ਤੇ ਨੂਰਮਹਿਲ ਦੇ ਸਫ਼ਾਈ ਕਰਮਚਾਰੀਆਂ ਦੀ ਹੜਤਾਲ ਤੀਜੇ ਦਿਨ ਵੀ ਜਾਰੀ ਰਹੀ। ਇਸ ਸਮੇਂ ਪੱਤਰਕਾਰ ਬਾਲ ਕ੍ਰਿਸ਼ਨ ਬਾਲੀ, ਬਲਵੀਰ ਸੌਂਧੀ ਨੇ ਕਿਹਾ ਕਿ ਮੁਲਾਜ਼ਮਾਂ ਦੀਆਂ ਮੰਗਾਂ ਬਹੁਤ ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਹਨ,ਜਿਵੇਂ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ,ਕੱਚੇ ਮੁਲਾਜ਼ਮਾਂ ਨੂੰ ਪੱਕੇ ਕੀਤਾ ਜਾਵੇ। ਮੁਲਾਜ਼ਮਾਂ ਦੇ ਕੱਟੇ ਹੋਏ 37 ਮਹਿੰਗਾਈ ਭੱਤੇ ਬਹਾਲ ਕੀਤੇ ਜਾਣ । ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇ ਆਦਿ ਮੰਗਾਂ ਪੂਰੀਆਂ ਕਰੋ। ਬਾਲ ਕ੍ਰਿਸ਼ਨ ਬਾਲੀ ਪੱਤਰਕਾਰ ਨੂਰਮਹਿਲ, ਮੁਨੀਸ਼ ਗਿੱਲ ਕਾਲੀ, ਅਨਿਲ ਕਲਿਆਣ, ਸਚਿਨ ਸੌਂਧੀ, ਵਿਸ਼ਾਲ, ਰਿਤਿਕ ਗਿੱਲ, ਸੋਨੂੰ ਸੌਂਧੀ, ਖੰਨਾ ਗਿੱਲ, ਰਵੀ ਕੁਮਾਰ ਸਹੋਤਾ, ਸੁਭਾਸ਼ ਸੌਂਧੀ, ਲੱਕੀ, ਬੁੱਧ ਨਾਥ, ਤਰਸੇਮ ਲਾਲ ਸੌਂਧੀ, ਅਜੇ ਕਲਿਆਣ, ਮਨਦੀਪ ਸੌਂਧੀ, ਰੋਹਿਤ ਸੌਂਧੀ, ਸ਼ੇਖਰ ਸਹੋਤਾ ਅਤੇ ਹੋਰ ਕਰਮਚਾਰੀ ਹਾਜ਼ਰ ਸਨ।




## ਖਾਲਸਾ ਹਾਈ ਸਕੂਲ ਕਾਲੇਵਾਲ ਲੱਲੀਆਂ ਦੇ ਵਿਦਿਆਰਥੀਆਂ ਕੀਤਾ ਸ਼ਾਨਦਾਰ ਪ੍ਰਦਰਸ਼ਨ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਸੈਸ਼ਨ ਮਾਰਚ 2026 ਦਸਵੀਂ ਜਮਾਤ ਬੋਰਡ ਦੇ ਨਤੀਜੇ ਵਿੱਚ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਹਾਈ ਸਕੂਲ ਕਾਲੇਵਾਲ ਲੱਲੀਆਂ ਦੇ ਸਾਰੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਸਕੂਲ ਦੇ ਵਿਦਿਆਰਥੀ ਹਰੁਣ ਹਾਂਸ ਪਿੰਡ ਮੋਹਨਵਾਲ ਨੇ 483 /650 ਅੰਕ ਹਾਸਲ ਕਰਕੇ ਸਕੂਲ਼ ਵਿੱਚੋ ਪਹਿਲਾ , ਜਸਪ੍ਰੀਤ ਸਿੰਘ ਪਿੰਡ ਖਾਬੜਾ ਨੇ 462/650 ਅੰਕ ਹਾਸਲ ਕਰਕੇ ਦੂਜਾ ਅਤੇ ਗੁਰਜੰਟ ਸਿੰਘ ਸੰਧੂ ਪਿੰਡ ਅਕਾਲਗੜ੍ਹ 409/650 ਅੰਕ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ।ਸਕੂਲ ਦੇ ਸਾਰੇ ਵਿਦਿਆਰਥੀ ਵਧੀਆ ਅੰਕ ਲੈ ਕੇ ਪਾਸ ਹੋਏ।ਇਸ ਮੌਕੇ ਸਕੂਲ ਪ੍ਰਿੰਸੀਪਲ ਲਖਵੀਰ ਚੰਦ ਨੇ ਸਾਰੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਮੁਬਾਰਕਾਂ ਦਿੱਤੀਆਂ ।



## ਸਫਾਈ ਕਰਮਚਾਰੀਆਂ ਦੀਆਂ ਮੰਗਾਂ ਪ੍ਰਵਾਨ ਨਾ ਕੀਤੀਆਂ ਤਾਂ ਹੜਤਾਲ ਜਾਰੀ ਰਹੇਗੀ : ਤਰਸੇਮ ਲਾਲ

**ਟਾਂਡਾ ਉੜਮੁੜ (ਮਿਥਲੇਸ ਗਰਗ, ਜਸਵਿੰਦਰ ਸੰਧੂ)**- ਸਫ਼ਾਈ ਯੂਨੀਅਨ ਅਤੇ ਨਗਰ ਕੌਂਸਲ ਕਰਮਚਾਰੀ ਆਪਣੀਆਂ ਮੰਗਾਂ ਸਰਕਾਰ ਵੱਲੋਂ ਪ੍ਰਵਾਨ ਨਾ ਕਰਨ ਦੇ ਰੋਸ ਵਜੋਂ ਹੜਤਾਲ ਤੇ ਬੈਠੇ 10ਵੇਂ ਦਿਨ ਸਫ਼ਾਈ ਸੇਵਕਾਂ ਦੀ ਪ੍ਰਧਾਨ ਮਾਇਆ, ਚੇਅਰਮੈਨ ਜਸਪਾਲ ਅਤੇ ਵਾਈਸ ਪ੍ਰਧਾਨ ਜਤਿੰਦਰ ਹੰਸ ਦੀ ਦੇਖਰੇਖ ਵਿੱਚ ਕੌਂਸਲ ਕਰਮਚਾਰੀ ਯੂਨੀਅਨ ਟਾਂਡਾ ਦੇ ਪ੍ਰਧਾਨ ਤਰਸੇਮ ਲਾਲ ਦੀ ਅਗਵਾਈ ਵਿੱਚ ਸਫ਼ਾਈ ਸੇਵਕਾਂ ਅਤੇ ਕਰਮਚਾਰੀਆਂ ਨੇ ਨਗਰ ਕੌਂਸਲ ਟਾਂਡਾ ਦਫ਼ਤਰ ਵਿਖੇ ਮਾਨ ਸਰਕਾਰ ਖਿਲਾਫ਼ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਨਾਅਰੇਬਾਜ਼ੀ ਕੀਤੀ।ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਤਰਸੇਮ ਲਾਲ ਨੇ ਕਿਹਾ ਕਿ ਕਾਫ਼ੀ ਸਮੇਂ ਤੋਂ ਘੱਟ ਤਨਖ਼ਾਹਾਂ ਤੇ ਕੰਮ ਕਰ ਰਹੇ ਕਰਮਚਾਰੀਆਂ ਦੀ ਤਨਖ਼ਾਹ ਅਜੇ ਤੱਕ ਨਹੀਂ ਵਧਾਈ ਗਈ ਜਿਸ ਕਾਰਨ ਮਹਿੰਗਾਈ ਭਰੇ ਦੌਰ ਵਿੱਚ ਪਰਿਵਾਰ ਦਾ ਗੁਜ਼ਾਰਾ ਕਰਨਾ ਬੜਾ ਹੀ ਔਖਾ ਹੋਇਆ ਪਿਆ ਹੈ।ਉਨ੍ਹਾਂ ਕਿਹਾ ਕਿ ਮਾਨ ਸਰਕਾਰ ਜਦੋਂ ਤੱਕ ਸਾਡੀ ਯੂਨੀਅਨ ਦੀਆਂ ਜਾਇਜ ਮੰਗਾਂ



ਜਿਵੇਂ ਕਿ 3 ਸਾਲਾਂ ਵਿੱਚ ਹਰ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਠੇਕੇਦਾਰੀ ਸਿਸਟਮ ਨੂੰ ਖ਼ਤਮ ਕਰਨ, ਪੁਰਾਣੀ ਪੈਨਸ਼ਨ ਬਹਾਲ ਕਰਨ, ਡੀ.ਏ ਦੀਆਂ ਬਕਾਇਆ ਕਿਸ਼ਤਾਂ ਰਿਲੀਜ਼ ਕਰਨ ਅਤੇ ਪੇ ਸਕੇਲ ਦਾ ਬਣਦਾ ਬਕਾਇਆ ਦੇਣ ਤੋਂ ਇਲਾਵਾ ਯੂਨੀਅਨ ਦੀਆਂ ਸਾਰੀਆਂ ਜਾਇਜ਼ ਮੰਗਾ ਪ੍ਰਵਾਨ ਨਹੀਂ ਕਰੇਗੀ ਉਦੋਂ ਤੱਕ ਸਾਡੀ ਇਹ ਹੜਤਾਲ ਜਾਰੀ ਰਹੇਗੀ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਹ ਹੜਤਾਲ ਖ਼ਤਮ ਨਹੀਂ ਹੁੰਦੀ ਉਦੋਂ ਤੱਕ ਗਲੀਆਂ ਨਾਲੀਆਂ ਦੀ ਸਫਾਈ ਤੋਂ ਇਲਾਵਾ ਇਹ ਕੂੜਾ ਕਰਕਟ ਨਾ ਤਾਂ ਸਾਡੀ ਯੂਨੀਅਨ ਦਾ ਕੋਈ ਮੁਲਾਜ਼ਮ ਚੁੱਕੇਗਾ ਅਤੇ ਨਾ ਹੀ ਕਿਸੇ ਹੋਰ ਨੂੰ ਚੁੱਕਣ ਦੇਵੇਗਾ। ਇਸ ਮੌਕੇ ਤੇ ਹਾਜ਼ਰ ਮੋਹਨ ਸਭਰਵਾਲ, ਨੀਰਜ ਭੱਟੀ, ਜਸਪਾਲ ਪਾਂਡੀ, ਅਜੇ, ਵਿਜੇ, ਵਿਪਨ, ਨੀਰਜ ਮੱਟੂ, ਗੁਲਸ਼ਨ, ਦੀਪਕ ਹੰਸ, ਅਵਿਨਾਸ਼ ਹੰਸ, ਭੋਲੀ, ਪ੍ਰਵੀਨ, ਮਮਤਾ, ਸੁਖਵਿੰਦਰ ਕੌਰ, ਪਰਮਜੀਤ ਪੰਮਾ, ਅਵਿਨਾਸ਼, ਕਰਨ, ਸ਼ੇਖਰ, ਅਮਰਜੀਤ, ਸੰਦੀਪ, ਰੇਨੂੰ, ਸ਼ੀਤਲ ਕੁਮਾਰ, ਪਰਮਜੀਤ ਸਿੰਘ, ਰਵੀ ਪਾਲ, ਪੂਨਮ, ਜਾਨਵੀ, ਰਜਨੀ, ਪਿੰਕੀ, ਨਵਨੀਤ, ਵਿਜੇ, ਪੱਪੂ, ਰਾਧਾ ਰਾਣੀ, ਰਮਨ, ਨਿਸ਼ਾਨ, ਬ੍ਰਿਜ, ਬੰਟੀ, ਰੋਕੀ ਅਤੇ ਮੰਜੂ ਤੋਂ ਇਲਾਵਾ ਹੋਰ ਮੁਲਾਜ਼ਮਾਂ ਨੇ ਸਰਕਾਰ ਖਿਲਾਫ਼ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਨਾਅਰੇਬਾਜੀ ਕੀਤੀ।

## ਵਿਦਿਆਰਥੀਆਂ ਲਈ ਟੈਲੈਂਟ ਹੰਟ ਮੁਕਾਬਲੇ ਕਰਵਾਏ

**ਜਲੰਧਰ (ਸ਼ੈਲੀ ਐਲਬਰਟ)**- ਇੰਨੋਸੈਂਟ ਹਾਰਟਸ ਸਕੂਲ ਦੇ ਗ੍ਰੀਨ ਮਾਡਲ ਟਾਊਨ, ਲੋਹਾਰਾਂ ਅਤੇ ਨੂਰਪੁਰ ਰੋਡ ਬ੍ਰਾਂਚਾਂ ਵਿੱਚ ਗਿਆਰਵੀਂ ਜਮਾਤ ਦੇ ਵਿਦਿਆਰਥੀਆਂ ਲਈ ਰੰਗਾਰੰਗ ਟੈਲੈਂਟ ਹੰਟ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਵਿਦਿਆਰਥੀਆਂ ਨੂੰ ਆਪਣਾ ਆਤਮਵਿਸ਼ਵਾਸ, ਰਚਨਾਤਮਕਤਾ ਅਤੇ ਕਲਾ-ਪ੍ਰਤਿਭਾ ਵੱਖ-ਵੱਖ ਸੱਭਿਆਚਾਰਕ ਪ੍ਰਦਰਸ਼ਨਾਂ ਰਾਹੀਂ ਪ੍ਰਗਟ ਕਰਨ ਲਈ ਪ੍ਰੇਰਿਤ ਕਰਨਾ ਸੀ। ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਆਪਣੇ ਜੋਸ਼ੀਲੇ ਨ੍ਰਿਤ ਪ੍ਰਦਰਸ਼ਨਾਂ, ਭਾਵਪੂਰਨ ਕਵਿਤਾ ਪਾਠ ਅਤੇ ਆਤਮਵਿਸ਼ਵਾਸ ਭਰੇ ਭਾਸ਼ਣਾਂ ਨਾਲ ਦਰਸ਼ਕਾਂ ਨੂੰ ਮੋਹ ਲਿਆ। ਪ੍ਰਦਰਸ਼ਨਾਂ ਦਾ ਮੁਲਾਂਕਣ ਰਚਨਾਤਮਕਤਾ, ਪ੍ਰਸਤੁਤੀਕਰਨ, ਆਤਮਵਿਸ਼ਵਾਸ, ਅਭਿਵਿਅਕਤੀ, ਮੰਚ ਪ੍ਰਸਤੁਤੀ ਅਤੇ ਕੁੱਲ ਪ੍ਰਭਾਵ ਦੇ ਆਧਾਰ 'ਤੇ ਮਾਣਯੋਗ ਜੱਜਾਂ ਦੇ ਪੈਨਲ ਵੱਲੋਂ ਕੀਤਾ ਗਿਆ, ਜਿਨ੍ਹਾਂ ਨੇ ਵਿਦਿਆਰਥੀਆਂ ਦੀ ਲਗਨ ਅਤੇ ਵਿਲੱਖਣ ਪ੍ਰਤਿਭਾ ਦੀ ਸਰਾਹਨਾ ਕੀਤੀ। ਗ੍ਰੀਨ ਮਾਡਲ ਟਾਊਨ ਬ੍ਰਾਂਚ ਵਿੱਚ ਸੋਲੋ ਡਾਂਸ ਸ਼੍ਰੇਣੀ ਵਿੱਚ ਰੀਤ ਅਤੇ ਮਿਤਾਲੀ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਆਰਾਧਿਆ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਭਾਵਨੀ ਅਤੇ ਕ੍ਰਿਤਿਕਾ ਨੂੰ ਕੋਨਸੋਲੇਸ਼ਨ ਇਨਾਮ ਦਿੱਤੇ ਗਏ। ਭੰਗੜਾ ਸ਼੍ਰੇਣੀ ਵਿੱਚ ਭਾਵਨੀ, ਕਵਿਸ਼, ਸਨਤ, ਹਿਰਦੈ, ਨਯੋਨਿਕਾ ਅਤੇ ਯਤੀ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਐਸ਼ਮਿਨ ਅਤੇ ਰੂਹਾਨੀ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਲੋਹਾਰਾਂ ਬ੍ਰਾਂਚ ਵਿੱਚ ਸੋਲੋ ਡਾਂਸ ਵਿੱਚ ਨਿਸ਼ਠਾ ਨੇ ਪਹਿਲਾ ਅਤੇ ਅੰਕਿਤਾ ਨੇ ਦੂਜਾ ਸਥਾਨ ਹਾਸਲ ਕੀਤਾ। ਗਰੁੱਪ ਡਾਂਸ ਵਿੱਚ ਨਿਸ਼ਠਾ ਅਤੇ ਗਰੁੱਪ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕਵਿਤਾ ਪਾਠ ਸ਼੍ਰੇਣੀ ਵਿੱਚ ਵੀ ਨਿਸ਼ਠਾ ਨੇ ਆਪਣੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਨਾਲ ਪਹਿਲਾ ਸਥਾਨ ਹਾਸਲ ਕੀਤਾ। ਨਾਟਕ ਸ਼੍ਰੇਣੀ ਵਿੱਚ ਗੁਨਰੀਤ ਅਤੇ ਗਰੁੱਪ ਨੇ ਸ਼ਾਨਦਾਰ ਮੰਚ ਪ੍ਰਸਤੁਤੀ ਲਈ ਪਹਿਲਾ ਸਥਾਨ ਪ੍ਰਾਪਤ ਕੀਤਾ। ਨੂਰਪੁਰ ਰੋਡ ਬ੍ਰਾਂਚ ਵਿੱਚ ਸੁਹਾਨੀ ਨੇ ਹਿੰਦੀ ਕਵਿਤਾ ਪਾਠ ਵਿੱਚ ਪਹਿਲਾ ਸਥਾਨ ਹਾਸਲ ਕੀਤਾ। ਹੁਮਾ ਪਰਵੀਨ ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਜਦਕਿ ਹੀਨਾ ਬੰਗਰ ਨੇ ਅੰਗਰੇਜ਼ੀ ਕਵਿਤਾ ਪਾਠ ਵਿੱਚ ਸੁੰਦਰ ਪ੍ਰਸਤੁਤੀ ਨਾਲ ਤੀਜਾ ਸਥਾਨ ਹਾਸਲ ਕੀਤਾ। ਸਾਰੇ ਜੇਤੂਆਂ ਨੂੰ ਸਰਟੀਫਿਕੇਟ ਪ੍ਰਦਾਨ ਕੀਤੇ ਗਏ।





ਆਦਮਪੁਰ ਦੇ ਨਜਦੀਕੀ ਪਿੰਡ ਖੋਜਕੀਪੁਰ ਸਲਾਲਾ ਦੇ ਗੁਰਦੁਆਰਾ ਬਾਬਾ ਟਾਹਲੀ ਸਾਹਿਬ ਦੇ ਸਥਾਨ ਤੇ ਐਨ ਆਰ ਆਈ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬਾਬਾ ਜਵਾਹਰ ਦਾਸ ਜੀ ਸੂਸਾ ਵਾਲਿਆਂ ਦੇ ਸਾਲਾਨਾ ਜੋੜ ਮੇਲੇ ਤੇ ਹਰ ਸਾਲ ਦੀ ਤਰਾਂ ਗੁਰੂ ਕਾ ਲੰਗਰ, ਫਰੂਟ ਤੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ! ਇਸ ਮੌਕੇ ਹਰਬੰਸ ਸਿੰਘ ਨੰਬਰਦਾਰ, ਇੰਦਰਜੀਤ ਸਿੰਘ ਨੰਬਰਦਾਰ, ਬਲਰਾਜ ਸਿੰਘ, ਗੁਰਦਿਆਲ ਸਿੰਘ, ਕੇਵਲ ਸਿੰਘ ਕੇਬਾ,ਗੁਰਜੀਤ ਸਿੰਘ,ਜਗਵਿੰਦਰ ਸਿੰਘ ਸਿੱਧੂ ਸਾਧੂ ਸਿੰਘ, ਲਖਵੀਰ ਸਿੰਘ ਤੇ ਨਗਰ ਨਿਵਾਸੀ ਹਾਜ਼ਰ ਸਨ। **(ਫੋਟੋ ਤੇ ਵੇਰਵਾ : ਪਰਮਜੀਤ ਸਿੰਘ, ਆਦਮਪੁਰ)**

# ਵਾਰਡ ਨੰਬਰ 8 ਤੋਂ 'ਆਪ' ਦੇ ਉਮੀਦਵਾਰ ਅਜੈ ਕੁਮਾਰ ਨੇ ਦਾਖ਼ਲ ਕੀਤਾ ਨਾਮਜ਼ਦਗੀ ਪੱਤਰ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**

ਡੇਰਾਬੱਸੀ ਨਗਰ ਕੌਂਸਲ ਚੋਣਾਂ ਦੇ ਤਹਿਤ ਵਾਰਡ ਨੰਬਰ 8 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਜੈ ਕੁਮਾਰ ਨੇ ਸਥਾਨਕ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀ ਹਾਜ਼ਰੀ ਵਿੱਚ ਡੇਰਾਬੱਸੀ ਦੇ ਐੱਸ ਡੀ ਐੱਮ ਅਮਿਤ ਗੁਪਤਾ ਦੇ ਦਫ਼ਤਰ ਵਿਖੇ ਆਪਣਾ ਨਾਮਜ਼ਦਗੀ ਪੱਤਰ ਦਾਖ਼ਲ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਹਜ਼ਾਰਾਂ ਅਹੁਦੇਦਾਰਾਂ, ਵਰਕਰਾਂ, ਮਹਿਲਾ ਵਿੰਗ, ਨੌਜਵਾਨ ਸਾਥੀਆਂ ਅਤੇ ਇਲਾਕਾ ਨਿਵਾਸੀਆਂ ਦੀ ਭਾਰੀ ਮੌਜੂਦਗੀ ਨੇ ਪੂਰੇ ਮਾਹੌਲ ਨੂੰ ਚੋਣ ਜੋਸ਼ ਤੇ ਉਤਸ਼ਾਹ ਨਾਲ ਭਰ ਦਿੱਤਾ। ਸਮਰਥਕਾਂ ਵੱਲੋਂ ਕੰਮ ਤੇ ਇਮਾਨਦਾਰੀ ਦੀ ਰਾਜਨੀਤੀ ਜ਼ਿੰਦਾਬਾਦ ਅਤੇ ਵਾਰਡ ਨੰਬਰ 8 ਵਿੱਚ ਬਦਲਾਅ ਤੈਅ ਹੈ ਵਰਗੇ ਨਾਰਿਆਂ ਨਾਲ ਪੂਰੇ ਇਲਾਕੇ ਵਿੱਚ ਜੋਸ਼ੀਲਾ ਮਾਹੌਲ ਬਣਿਆ ਰਿਹਾ।ਨਾਮਜ਼ਦਗੀ ਪੱਤਰ ਦਾਖ਼ਲ ਕਰਨ ਤੋਂ ਪਹਿਲਾਂ ਇੱਕ ਵਿਸ਼ਾਲ ਜਨਸਮਰਥਨ ਰੈਲੀ ਵੀ ਕੱਢੀ ਗਈ, ਜਿਸ ਵਿੱਚ ਵਾਰਡ ਨੰਬਰ 8 ਸਮੇਤ ਨੇੜੇ ਤੇੜੇ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਲੋਕ ਸ਼ਾਮਲ ਹੋਏ। ਇਹ ਰੈਲੀ ਸਿਰਫ਼ ਰਾਜਨੀਤਿਕ ਸ਼ਕਤੀ ਪ੍ਰਦਰਸ਼ਨ ਨਹੀਂ ਸੀ, ਸਗੋਂ ਲੋਕਾਂ ਦੇ ਵਿਕਾਸ, ਪਾਰਦਰਸ਼ਤਾ ਅਤੇ



ਜਵਾਬਦੇਹ ਰਾਜਨੀਤੀ ਪ੍ਰਤੀ ਵੱਧ ਰਹੇ ਵਿਸ਼ਵਾਸ ਦਾ ਪ੍ਰਤੀਕ ਵੀ ਬਣੀ।ਇਸ ਮੌਕੇ ਆਯੋਜਿਤ ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦੇ ਹੋਏ ਵਿਧਾਇਕ ਸ.ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਪੰਜਾਬ ਦੀ ਜਨਤਾ ਹੁਣ ਰਵਾਇਤੀ ਰਾਜਨੀਤੀ ਤੋਂ ਅੱਗੇ ਵੱਧ ਕੇ ਕੰਮ ਅਤੇ ਲੋਕ ਸੇਵਾ ਦੀ ਰਾਜਨੀਤੀ ਨੂੰ ਤਰਜੀਹ ਦੇ ਰਹੀ ਹੈ।

# ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਧਾ ਕੇ ਸਰਕਾਰ ਨੇ ਦਿੱਤਾ ਜਨਤਾ ਨੂੰ ਮਹਿੰਗਾਈ ਦਾ ਝਟਕਾ : ਧਾਲੀਵਾਲ

**ਫਗਵਾੜਾ (ਡਾ. ਰਮਨ, ਜਸਵਿੰਦ ਢੱਡਾ)**-ਸੇਵਾਮੁਕਤ ਆਈ ਏ ਐੱਸ ਅਧਿਕਾਰੀ ਅਤੇ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਪੈਟਰੋਲ ਅਤੇ ਡੀਜ਼ਲ ਦੀਆਂ ਲਗਾਤਾਰ ਵਧਦੀਆਂ ਕੀਮਤਾਂ ਤੇ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਇਸ ਦਾ ਸਿੱਧਾ ਅਸਰ ਆਮ ਲੋਕਾਂ ਦੇ ਰੋਜ਼ਾਨਾ ਜੀਵਨ 'ਤੇ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਬਾਲਣ ਦੀਆਂ ਕੀਮਤਾਂ ਵਿੱਚ ਵਾਧੇ ਨੇ ਸਮਾਜ ਦੇ ਹਰ ਵਰਗ ਦੀ ਆਰਥਿਕ ਸਥਿਤੀ 'ਤੇ ਦਬਾਅ ਪਾਇਆ ਹੈ ਅਤੇ ਮਹਿੰਗਾਈ ਲੋਕਾਂ ਲਈ ਅਸਮਰੱਥ ਹੁੰਦੀ ਜਾ ਰਹੀ ਹੈ।ਉਨ੍ਹਾਂ ਦੋਸ਼ ਲਗਾਇਆ ਕਿ ਹੁਣ, ਜਿਵੇਂ-ਜਿਵੇਂ ਪੱਛਮੀ ਏਸ਼ੀਆ ਵਿੱਚ ਤਣਾਅ ਵਧਦਾ ਜਾ ਰਿਹਾ ਹੈ, ਸਰਕਾਰ ਨੇ ਚੋਣਾਂ ਤੋਂ ਬਾਅਦ ਐੱਲ ਪੀ ਜੀ, ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਧਾ ਦਿੱਤੀਆਂ ਹਨ, ਜਿਸ ਨਾਲ ਜਨਤਾ 'ਤੇ ਮਹਿੰਗਾਈ ਦਾ ਬੋਝ ਪੈ ਰਿਹਾ ਹੈ। ਜਦੋਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਲਗਾਤਾਰ ਘੱਟ ਸਨ, ਉਦੋਂ ਵੀ ਕੇਂਦਰ ਸਰਕਾਰ ਨੇ ਜਨਤਾ ਨੂੰ ਕੋਈ ਰਾਹਤ ਨਹੀਂ ਦਿੱਤੀ ਅਤੇ ਭਾਰੀ ਟੈਕਸ ਲਗਾਉਣਾ ਜਾਰੀ ਰੱਖਿਆ। ਇਹ ਸਰਕਾਰ 12 ਸਾਲਾਂ ਤੋਂ ਆਮ ਲੋਕਾਂ ਨੂੰ ਪ੍ਰੇਸ਼ਾਨ ਕਰ ਰਹੀ ਹੈ।ਧਾਲੀਵਾਲ ਨੇ ਕਿਹਾ ਕਿ ਮਹਿੰਗਾਈ, ਬੇਰੁਜ਼ਗਾਰੀ ਅਤੇ ਟੈਕਸ ਬੋਝ ਤੋਂ ਪੀੜਤ ਲੋਕਾਂ ਨੂੰ ਰਾਹਤ ਦੇਣ ਲਈ, ਪੰਜਾਬ ਸਰਕਾਰ ਨੂੰ ਪੈਟਰੋਲ ਅਤੇ ਡੀਜ਼ਲ ਦੀਆਂ ਵਧੀਆਂ ਕੀਮਤਾਂ ਨੂੰ ਘਟਾ ਕੇ ਵੈਟ ਟੈਕਸ ਵੀ ਘਟਾਉਣਾ ਚਾਹੀਦਾ ਹੈ। ਕਈ ਰਾਜ ਪਹਿਲਾਂ ਹੀ ਅਜਿਹਾ ਕਰ ਚੁੱਕੇ ਹਨ।

# ਐੱਲ ਪੀ ਯੂ ਵਿਦਿਆਰਥਣ ਨੇ ਸ਼ਾਰਕ ਟੈਂਕ ਇੰਡੀਆ 5 ਕੈਂਪਸ ਸਪੈਸ਼ਲ 'ਚ 1 ਕਰੋੜ ਦਾ ਨਿਵੇਸ਼ ਪ੍ਰਾਪਤ ਕੀਤਾ

**ਜਲੰਧਰ (ਸ਼ੈਲੀ ਐਲਬਰਟ)**

ਇੱਕ ਰਾਸ਼ਟਰੀ ਪਲੇਟਫਾਰਮ 'ਤੇ ਇੱਕ ਨੌਜਵਾਨ ਉੱਦਮੀ ਵਜੋਂ ਉੱਭਰ ਰਹੀ, ਵੰਸ਼ਿਕਾ ਮਿੱਤਲ, ਜੋ ਕਿ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਯੂਜੀਸੀ-ਮਾਨਤਾ ਪ੍ਰਾਪਤ ਔਨਲਾਈਨ ਬੀਬੀਏ ਪ੍ਰੋਗਰਾਮ ਦੀ ਵਿਦਿਆਰਥਣ ਹੈ, ਨੇ ਸ਼ਾਰਕ ਟੈਂਕ ਇੰਡੀਆ ਸੀਜ਼ਨ 5 ਕੈਂਪਸ ਸਪੈਸ਼ਲ ਵਿਖੇ ਦੋ-ਸ਼ਾਰਕ ਸੌਦਾ ਪ੍ਰਾਪਤ ਕੀਤਾ। ਉਸਨੇ ਵਿਦਿਆਰਥੀਆਂ ਨਾਲ ਸਿਰਫ਼ 1,000 ਦੇ ਸ਼ੁਰੂਆਤੀ ਨਿਵੇਸ਼ ਤੋਂ 5.28 ਕਰੋੜ ਦੀ ਆਮਦਨ ਨਾਲ ਕਾਰੋਬਾਰ ਬਣਾਉਣ ਦੇ ਆਪਣੇ ਸਫ਼ਰ ਨੂੰ ਸਾਂਝਾ ਕੀਤਾ, ਉਸ ਨੇ ਇਸਦੇ ਪਿੱਛੇ ਦੇ ਦ੍ਰਿਸ਼ਟੀਕੋਣ ਤੇ ਸਮਰਪਣ ਬਾਰੇ ਵੀ ਗੱਲ ਕੀਤੀ।ਉਸ ਦਾ ਕਰੋਸ਼ੀਆ-ਅਧਾਰਤ ਤੋਹਫ਼ੇ ਦੇਣ ਵਾਲਾ ਬ੍ਰਾਂਡ, ਜੋ ਹੱਥ ਨਾਲ ਬਣੇ ਫੁੱਲਾਂ ਦੇ ਗੁਲਦਸਤੇ ਵਿੱਚ ਮਾਹਰ ਹੈ, ਤੇਜ਼ੀ ਨਾਲ ਇੱਕ ਬਹੁ-ਕਰੋੜੀ ਉੱਦਮ ਵਿੱਚ ਵਿਕਸਤ ਹੋਇਆ ਹੈ। ਇਹ ਮਹਿਲਾ ਕਾਰੀਗਰਾਂ ਦੇ ਇੱਕ ਵੱਡੇ ਨੈਟਵਰਕ ਲਈ ਰੋਜ਼ੀ-ਰੋਟੀ ਵੀ ਪ੍ਰਦਾਨ ਕਰਦਾ ਹੈ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਘਰੋਂ ਕੰਮ ਕਰਦੀਆਂ ਹਨ।ਆਪਣੀ ਪਿਚ ਦੌਰਾਨ, ਉਸਨੇ ਸ਼ਾਰਕਾਂ ਨੂੰ ਆਪਣੇ ਮਜ਼ਬੂਤ ?ਕਾਰੋਬਾਰੀ ਬੁਨਿਆਦੀ ਸਿਧਾਂਤਾਂ ਅਤੇ ਪੈਮਾਨੇ ਅਤੇ ਸਥਿਰਤਾ ਦੀ ਸਪਸ਼ਟ ਸਮਝ ਨਾਲ ਪ੍ਰਭਾਵਿਤ ਕੀਤਾ। ਨਤੀਜੇ ਵਜੋਂ, ਉਸਨੂੰ 8 ਪ੍ਰਤੀਸ਼ਤ ਇਕੁਇਟੀ ਦੇ ਬਦਲੇ ਪ੍ਰਥਮ ਮਿੱਤਲ ਅਤੇ ਮੋਹਿਤ ਯਾਦਵ ਤੋਂ 1 ਕਰੋੜ ਦਾ ਨਿਵੇਸ਼ ਪ੍ਰਾਪਤ ਹੋਇਆ। ਇਹ ਸੌਦਾ ਉਸਦੇ ਕਾਰੋਬਾਰ ਨੂੰ ਲਗਭਗ ?12 ਕਰੋੜ ਦਾ ਮੁੱਲ ਦਿੰਦਾ ਹੈ। ਇਸ ਸੌਦੇ ਨੇ ਨਾ ਸਿਰਫ ਫੰਡਿੰਗ ਪ੍ਰਦਾਨ ਕੀਤੀ ਬਲਕਿ ਰਣਨੀਤਕ ਸਹਾਇਤਾ ਵੀ ਪ੍ਰਦਾਨ ਕੀਤੀ, ਉਸਦੇ ਬ੍ਰਾਂਡ ਦੇ ਵਿਕਾਸ ਨੂੰ ਹੋਰ ਤੇਜ਼ ਕੀਤਾ।ਡਾ. ਅਸ਼ੋਕ ਕੁਮਾਰ ਮਿੱਤਲ ਮਾਨਯੋਗ ਸੰਸਦ ਮੈਂਬਰ (ਰਾਜ ਸਭਾ) ਅਤੇ ਐੱਲ ਪੀ ਯੂ ਦੇ ਸੰਸਥਾਪਕ ਚਾਂਸਲਰ, ਡਾ. ਕਰਨਲ ਰਸ਼ਮੀ ਮਿੱਤਲ, ਐੱਲ ਪੀ ਯੂ ਦੀ ਪ੍ਰੋ-ਚਾਂਸਲਰ, ਨੇ ਵੰਸ਼ਿਕਾ ਮਿੱਤਲ ਨੂੰ ਉਸਦੀ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੱਤੀ। ਡਾ. ਅਸ਼ੋਕ ਕੁਮਾਰ ਮਿੱਤਲ ਨੇ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਮੌਕਿਆਂ ਨੂੰ ਪਛਾਣਨ ਅਤੇ ਕਿਸੇ ਦੇ ਦ੍ਰਿਸ਼ਟੀਕੋਣ ਨੂੰ ਇੱਕ ਸਫਲ ਕਾਰੋਬਾਰ ਵਿੱਚ ਬਦਲਣ ਦੀ ਯੋਗਤਾ ਨੂੰ ਦਰਸਾਉਂਦੀਆਂ ਹਨ।



# ਕਿਸਾਨਾਂ 'ਤੇ ਕੀਤੇ ਤਸ਼ੱਦਦ ਵਿਰੁੱਧ ਰਾਜਪਾਲ ਦਾ ਪੁਤਲਾ ਫੂਕਿਆ

**ਬੰਗਾ (ਅਵਤਾਰ ਕਲੇਰ)**-ਸੰਯੁਕਤ ਕਿਸਾਨ ਮੋਰਚੇ ਦੇ ਸੂਬਾ ਪੱਧਰੀ ਸ਼ਾਂਤਮਈ ਰੋਸ ਪ੍ਰਦਰਸ਼ਨ ਸਮੇਂ ਚੰਡੀਗੜ੍ਹ ਪੁਲਿਸ ਵੱਲੋਂ ਕਿਸਾਨਾਂ ਤੇ ਕੀਤੇ ਗਏ ਅੰਨ੍ਹੇਵਾਹ ਲਾਠੀ ਚਾਰਜ, ਅਥਰੂ ਗੈਸ ਅਤੇ ਪਾਣੀ ਦੀਆਂ ਤੋਪਾਂ ਦੀ ਵਰਤੋਂ ਦੇ ਤਸ਼ੱਦਦ ਵਿਰੁੱਧ ਨਵਾਂ ਸ਼ਹਿਰ ਵਿਖੇ ਕੁਲਦੀਪ ਸਿੰਘ ਸੁੱਜੋਂ ਅਤੇ ਜਸਵਿੰਦਰ ਸਿੰਘ ਭੰਗਲ ਦੀ ਅਗਵਾਈ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ ਅਤੇ ਕਿਸਾਨ ਵਿਰੋਧੀ ਕੇਂਦਰ ਅਤੇ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ ਗਈ। ਇਸ ਉਪਰੰਤ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਦਾ ਪੁੱਤਲਾ ਫੂਕਿਆ ਗਿਆ। ਇਸ ਸਮੇਂ ਕੁਲਦੀਪ ਸਿੰਘ ਦੌੜਕਾ, ਸਤਨਾਮ ਸਿੰਘ ਗੁਲਾਟੀ, ਸਤਨਾਮ ਸਿੰਘ ਸੁੱਜੋਂ, ਦਸੌਂਦਾ ਸਿੰਘ, ਜਸਵਿੰਦਰ ਲਾਲ ਰਾਹੋਂ, ਜਸਵੀਰ ਸਿੰਘ ਮੋਰੋਂ, ਸੁਰਿੰਦਰ ਭੱਟੀ, ਗੁਰਨਾਮ ਸਿੰਘ ਭਾਨ ਮਜਾਰਾ, ਗੁਰਿੰਦਰ ਲਾਲ, ਜਰਨੈਲ ਸਿੰਘ ਪਨਾਮ, ਸੋਹਨ ਲਾਲ ਭੱਟੀ, ਤਰਸੇਮ ਭਾਨ ਮਜਾਰਾ, ਬਲਜਿੰਦਰ ਸਿੰਘ, ਗੁਰਮੇਲ ਚੰਦ, ਨਰਿੰਦਰ ਕਾਲੀਆ, ਬਲਵੀਰ ਸਿੰਘ ਮਹਾਲੋਂ, ਮਿੱਠੂ ਗੁਜਰਪੁਰ, ਬਲਜਿੰਦਰ ਸਿੰਘ ਉਸਮਾਨ ਪੁਰ, ਸੰਤੋਖ ਪਾਲ, ਕ੍ਰਿਸ਼ਨ ਲਾਲ ਘੱਕੇਵਾਲ, ਗੁਰਮੀਤ ਸਿੰਘ ਭੀਣ, ਅਰਜਨ ਸਿੰਘ ਸਨਾਵਾ, ਗੁਰਦਿਆਲ ਸਿੰਘ ਆਦਿ ਹਾਜ਼ਰ ਸਨ।



# ਇਕਬਾਲ ਸਿੰਘ ਬਾਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ

**ਅੱਡਾ ਸਰਾਂ (ਜਸਵੀਰ ਕਾਜਲ)**-ਗੁਰਦੁਆਰਾ ਬਾਬਾ ਬਿਸ਼ਨ ਸਿੰਘ ਜੀ ਚੜ੍ਹਦੀ ਪੱਤੀ ਕੰਧਾਲਾ ਜੱਟਾਂ ਦੀ ਸਮੂਹ ਕਮੇਟੀ ਅਤੇ ਸੰਗਤ ਦੀ ਇੱਕ ਵਿਸ਼ੇਸ਼ ਇਕੱਤਰਤਾ ਗੁਰਦੁਆਰਾ ਸਾਹਿਬ ਵਿਖੇ ਹੋਈ।ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਸਰਬੱਤ ਦੇ ਭਲੇ ਦੀ ਅਰਦਾਸ ਬੇਨਤੀ ਕਰਨ ਉਪਰੰਤ ਸ਼ੁਰੂ ਹੋਈ ਮੀਟਿੰਗ ਵਿੱਚ ਇਕਬਾਲ ਸਿੰਘ ਬਾਲੀ ਨੂੰ ਸਰਬਸੰਮਤੀ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ , ਸੈਕਟਰੀ ਮਨਜੀਤ ਸਿੰਘ ਨੂੰ ਸਕੱਤਰ ਅਤੇ ਸ ਮਨਜੀਤ ਸਿੰਘ ਧਾਲੀਵਾਲ ਨੂੰ ਉਪ ਪ੍ਰਧਾਨ ਚੁਣਿਆ ਗਿਆ।ਇਸ ਮੌਕੇ ਹੈੱਡ ਗ੍ਰੰਥੀ ਬਾਬਾ ਅਵਤਾਰ ਸਿੰਘ ਤੇ ਸਮੂਹ ਸੰਗਤ ਵੱਲੋਂ ਨਵ ਨਿਯੁਕਤ ਪ੍ਰਧਾਨ ਇਕਬਾਲ ਸਿੰਘ ਬਾਲੀ ਨੂੰ ਸਿਰੋਪਾਉ ਭੇਟ ਕਰਕੇ ਸਨਮਾਨਤ ਕੀਤਾ ਗਿਆ ।ਇਸ ਮੌਕੇ ਇਸ ਮੌਕੇ ਹੈੱਡ ਗ੍ਰੰਥੀ ਬਾਬਾ ਅਵਤਾਰ ਸਿੰਘ, ਮਨਜੀਤ ਸਿੰਘ ਧਾਲੀਵਾਲ , ਸੈਕਟਰੀ ਮਨਜੀਤ ਸਿੰਘ, ਇੰਦਰਜੀਤ ਸਿੰਘ ਧਾਲੀਵਾਲ, ਜਸਵੀਰ ਸਿੰਘ ਧਾਲੀਵਾਲ, ਸਤਵਿੰਦਰ ਸਿੰਘ ਧਾਲੀਵਾਲ, ਸੁੱਚਾ ਸਿੰਘ ਲੰਬੜਦਾਰ, ਗੁਰਵਿੰਦਰ ਸਿੰਘ, ਹਰਵਿੰਦਰਪਾਲ ਸਿੰਘ, ਕੁਲਵਿੰਦਰ ਸਿੰਘ, ਸਰਵਣ ਸਿੰਘ ਪੰਚ, ਵਿਕਰਮਜੀਤ ਵਿੱਕੀ, ਸ਼ੌਕੀਨ ਸਿੰਘ, ਡਾਕਟਰ ਜਗਤਾਰ ਸਿੰਘ, ਜਸਪਾਲ ਸਿੰਘ ਭੱਟੀ, ਰੇਸ਼ਮ ਸਿੰਘ , ਹਰਪ੍ਰੀਤ ਸਿੰਘ ਧਾਲੀਵਾਲ, ਅਵਤਾਰ ਸਿੰਘ, ਦੀਦਾਰ ਸਿੰਘ, ਅਮਰੀਕ ਸਿੰਘ ਬੱਬੀ, ਮਨਰਾਜ ਸਿੰਘ, ਹਰਨੂਰ ਕੌਰ, ਬੀਬੀ ਮਹਿੰਦਰ ਕੌਰ, ਮਹਿੰਦਰ ਸਿੰਘ ਬਿੱਲਾ ਮੌਜੂਦ ਸਨ।



# ਬੀ.ਵੌਕ ਸਮੈਸਟਰ-9 'ਚ 'ਵਰਸਿਟੀ ਕਾਲਜ ਦੇ ਵਿਦਿਆਰਥੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ



**ਜਲੰਧਰ (ਕਮਲਜੀਤ ਥਾਬਲਕੇ)**

ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਲਾਡੋਵਾਲੀ ਰੋਡ ਜਲੰਧਰ ਦੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਆਪਣੇ ਅਕਾਦਮਿਕ ਪੱਧਰ ਨੂੰ ਸਾਬਤ ਕਰਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਕਰਵਾਈਆਂ ਗਈਆਂ ਬੀ.ਵੌਕ (ਈ-ਕਾਮਰਸ ਅਤੇ ਡਿਜ਼ਿਟਲ ਮਾਰਕੀਟਿੰਗ) ਸਮੈਸਟਰ-9 ਦੀਆਂ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਸਥਾਨ ਹਾਸਲ ਕੀਤੇ ਹਨ। ਵਿਦਿਆਰਥੀਆਂ ਦੇ ਇਸ ਉੱਤਮ ਪ੍ਰਦਰਸ਼ਨ ਨੇ ਸੰਸਥਾ ਦੀ ਗੁਣਵੱਤਾ ਭਰਪੂਰ ਸਿੱਖਿਆ ਅਤੇ ਸਰਵਪੱਖੀ ਵਿਕਾਸ ਪ੍ਰਤੀ ਵਚਨਬੱਧਤਾ ਨੂੰ ਦਰਸਾਇਆ ਹੈ।ਉਪਲਬਧੀ ਹਾਸਲ ਕਰਨ ਵਾਲੇ ਵਿਦਿਆਰਥੀਆਂ ਵਿੱਚ ਮਹਿਕ ਨੇ ਯੂਨੀਵਰਸਿਟੀ ਵਿੱਚ ਤੀਜਾ ਅਤੇ ਕਾਲਜ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਕਾਲਜ ਦਾ ਮਾਣ ਵਧਾਇਆ। ਉਸ ਨੇ 8.15 ਐੱਸ ਜੀ ਪੀ ਏ ਪ੍ਰਾਪਤ ਕੀਤਾ। ਇਸੇ ਤਰ੍ਹਾਂ ਮਨਦੀਪ ਕੌਰ ਨੇ 7.85 ਐੱਸ ਜੀ ਪੀ ਏ ਨਾਲ ਯੂਨੀਵਰਸਿਟੀ ਵਿੱਚ ਪੰਜਵਾਂ ਅਤੇ ਕਾਲਜ ਵਿੱਚ ਦੂਜਾ ਸਥਾਨ ਹਾਸਲ ਕੀਤਾ।ਇਨ੍ਹਾਂ ਪ੍ਰਾਪਤੀਆਂ ਵਿੱਚ ਹੋਰ ਵਾਧਾ ਕਰਦਿਆਂ ਨੰਦਿਨੀ ਅਤੇ ਅਰਮਾਨਪ੍ਰੀਤ ਨੇ ਸਾਂਝੇ ਤੌਰ 'ਤੇ 7.54 ਐੱਸ ਜੀ ਪੀ ਏ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚ ਅੱਠਵਾਂ ਅਤੇ ਕਾਲਜ ਵਿੱਚ ਤੀਜਾ ਸਥਾਨ ਸਾਂਝੇ ਤੌਰ 'ਤੇ ਹਾਸਲ ਕੀਤਾ। ਉਨ੍ਹਾਂ ਦੀ ਮਿਹਨਤ, ਸਮਰਪਣ ਅਤੇ ਨਿਰੰਤਰ ਯਤਨਾਂ ਦੀ ਅਧਿਆਪਕਾਂ ਅਤੇ ਸਾਥੀ ਵਿਦਿਆਰਥੀਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ।ਕਾਲਜ ਦੇ ਓ.ਐਸ.ਡੀ. ਪ੍ਰੋ. (ਡਾ.) ਨਵਜੋਤ ਨੇ ਮੈਰਿਟ ਵਿਚ ਆਉਣ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਪੂਰੀ ਕਲਾਸ ਦੇ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚ ਕੀਤੇ ਸ਼ਾਨਦਾਰ ਪ੍ਰਦਰਸ਼ਨ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਵਿਦਿਆਰਥੀਆਂ ਦੀ ਲਗਨ, ਇਮਾਨਦਾਰੀ ਅਤੇ ਸੰਸਥਾ ਵੱਲੋਂ ਪ੍ਰਦਾਨ ਕੀਤੇ ਜਾ ਰਹੇ ਸਿਹਤਮੰਦ ਅਕਾਦਮਿਕ ਮਾਹੌਲ ਦਾ ਨਤੀਜਾ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਇਸੇ ਉਤਸ਼ਾਹ ਅਤੇ ਦ੍ਰਿੜ੍ਹ ਨਿਸ਼ਚੇ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ।ਵਿਭਾਗ ਦੇ ਅਧਿਆਪਕਾਂ ਨੇ ਵੀ ਸ਼ਾਨਦਾਰ ਨਤੀਜਿਆਂ 'ਤੇ ਖੁਸ਼ੀ ਪ੍ਰਗਟ ਕਰਦਿਆਂ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਬੇਹਤਰੀਨ ਅਕਾਦਮਿਕ ਅਤੇ ਪੇਸ਼ੇਵਰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਪ੍ਰਾਪਤੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ ਜਲੰਧਰ ਦੇ ਸ਼ਾਨਦਾਰ ਅਕਾਦਮਿਕ ਰਿਕਾਰਡ ਵਿੱਚ ਇੱਕ ਹੋਰ ਮੀਲ ਪੱਥਰ ਜੋੜ ਦਿੱਤਾ ਹੈ।

# ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ 'ਤੇ ਰਾਜਪਾਲ ਤੇ ਭਾਜਪਾ ਦਾ ਫੂਕਿਆ ਪੁਤਲਾ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਇੱਥੇ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ ਤੇ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਪੰਜਾਬ ਦੇ ਰਾਜਪਾਲ ਅਤੇ ਭਾਜਪਾ ਦਾ ਪੁਤਲਾ ਫੂਕ ਕੇ ਰੋਸ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਤੇ ਕਾਮਰੇਡ ਸੁਰਜੀਤ ਸਿੰਘ ਢੇਰ, ਗੁਰਨਾਮ ਸਿੰਘ ਔਲਖ, ਜੈਮਲ ਸਿੰਘ ਭੜੀ, ਦਰਸ਼ਨ ਸਿੰਘ ਬੜਵਾ ਨੇ ਕਿਹਾ ਕਿ ਪੰਜਾਬ ਦੇ ਰਾਜਪਾਲ ਨੂੰ ਕੇਂਦਰ ਨਾਲ ਸੰਬੰਧਿਤ ਮੰਗਾਂ ਦਾ ਮੰਗ ਪੱਤਰ ਦੇਣ ਲਈ ਜਦੋਂ ਕਿਸਾਨ ਚੰਡੀਗੜ੍ਹ ਬਰੂਹਾਂ ਤੇ ਪੁੱਜੇ ਤਾਂ ਪੁਲਿਸ ਨੇ ਕਿਸਾਨਾਂ ਤੇ ਅੰਨਾ ਤਸ਼ੱਦਦ ਕੀਤਾ।ਇਹ ਪਹਿਲੀ ਵਾਰ ਹੋਇਆ ਕਿ ਰਾਜਪਾਲ ਦਾ ਕੋਈ ਵੀ ਨੁਮਾਇੰਦਾ ਕਿਸਾਨਾਂ ਨਾਲ ਗੱਲਬਾਤ ਕਰਨ ਜਾਂ ਮੰਗ ਪੱਤਰ ਲੈਣ ਲਈ ਨਹੀਂ ਆਇਆ। ਜਦੋਂ ਕਿਸਾਨ ਮੰਗ ਪੱਤਰ ਦੇਣ ਲਈ ਚੱਲੇ ਤਾਂ ਪੁਲਿਸ ਨੇ ਬੈਰੀਕੇਡ ਲਾ ਕੇ ਕਿਸਾਨਾਂ ਤੇ ਅੰਨਾ ਤਸ਼ੱਦਦ ਕੀਤਾ ਜਿਸ ਦੇ ਰੋਸ ਵਜੋਂ ਸਾਰੇ ਪੰਜਾਬ ਦੇ ਵਿੱਚ ਰਾਜਪਾਲ ਅਤੇ ਭਾਜਪਾ ਦੇ ਪੁਤਲੇ ਫੂਕੇ ਗਏ। ਕਿਸਾਨ ਆਗੂਆਂ ਨੇ ਕਿਹਾ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਪੰਜਾਬ ਦੀ ਸਥਾਈ ਮੈਂਬਰੀ ਖਤਮ ਕਰਨ ਲਈ ਜਾਰੀ ਨੋਟੀਫਿਕੇਸ਼ਨ ਨੂੰ ਰੱਦ ਕੀਤਾ ਜਾਵੇ। ਕੇਂਦਰ ਸਰਕਾਰ ਨੂੰ ਪੰਜਾਬ ਦੇ ਪਾਣੀਆਂ ਦੀ ਸਥਿਤੀ ਤੇ ਕੇਂਦਰੀ ਗਰਾਊਂਡ ਵਾਟਰ ਕਮਿਸ਼ਨ ਅਤੇ ਸੰਸਦ ਵਿੱਚ ਪੇਸ਼ ਰਿਪੋਰਟਾਂ ਨੇ ਦੱਸ ਦਿੱਤਾ ਹੈ ਕਿ ਸੂਬੇ ਵਿੱਚ ਪਾਣੀ ਦਾ ਸੰਕਟ ਦਿਨੋਂ ਦਿਨ ਗੰਭੀਰ ਹੁੰਦਾ ਜਾ ਰਿਹਾ ਹੈ। ਧਰਤੀ ਦਾ ਹੇਠਲਾ ਪਾਣੀ ਮੁੱਕਣ ਕਿਨਾਰੇ ਹੈ। ਸੰਯੁਕਤ ਕਿਸਾਨ ਮੋਰਚਾ ਲੰਬੇ ਸਮੇਂ ਤੋਂ ਮੰਗ ਕਰਦਾ ਆ ਰਿਹਾ ਹੈ ਕਿ ਹਰ ਖੇਤ ਨੂੰ ਨਹਿਰੀ ਪਾਣੀ ਤੇ ਹਰ ਘਰ ਨੂੰ ਪੀਣ ਵਾਸਤੇ ਸਾਫ ਨਹਿਰੀ ਪਾਣੀ ਦਿੱਤਾ ਜਾਵੇ। ਇਸ ਮੌਕੇ ਤੇ ਕਿਸਾਨ ਪਹਿਲਾਂ ਬੱਸ ਸਟੈਂਡ ਤੇ ਇਕੱਠੇ ਹੋਏ, ਇਥੋਂ ਸ਼ਹਿਰ ਵਿੱਚ ਮਾਰਚ ਕਰਦੇ ਹੋਏ ਕਲਗੀਧਰ ਮਾਰਕੀਟ, ਰਵੀਦਾਸ ਚੌਂਕ ਹੁੰਦੇ ਹੋਏ ਪੰਜਾਬ ਨੈਸ਼ਨਲ ਬੈਂਕ ਮੂਹਰੇ ਪੁਤਲਾ ਫੂਕ ਕੇ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਸ ਮੌਕੇ ਤੇ ਬਲਵੰਤ ਸਿੰਘ ਲੋਧੀਪੁਰ, ਮਾਸਟਰ ਕਿਰਪਾਲ ਸਿੰਘ ਭੱਟੋਂ, ਸੋਮਨਾਥ ਲਮਲੈਹੜੀ, ਕਰਮ ਚੰਦ ਘਨਾਰੂ, ਦਵਿੰਦਰ ਨੰਗਲੀ, ਪ੍ਰਿੰਸ ਬੱਢਲ, ਅਮਰਜੀਤ ਸਿੰਘ ਹੋਲਗੜ੍ਹ, ਬਜਿੰਦਰ ਪੰਡਤ, ਰਾਮਪਾਲ, ਤਾਰਾਪੁਰ ਪਰੋਮਿਲਾ ਦੇਵੀ,ਦੇਵੀ, ਸੁਨੀਲ ਗੰਗੂਵਾਲ, ਬਿੱਕਰ ਸਿੰਘ ਗਿੱਲ ਮੋਠਾਪੁਰ, ਬਰਜਿੰਦਰ ਸਿੰਘ ਡੋਡ, ਮਨੀ ਅਟਵਾਲ, ਸ਼ਰਨਜੀਤ ਸਿੰਘ ਅਟਵਾਲ, ਪਰਮਜੀਤ ਸਿੰਘ ਕਾਕੂ,ਹਰਵੀਰ ਸਿੰਘ ਡੋਡ, ਗੁਲਜ਼ਾਰ ਸਿੰਘ, ਸੁਖਵਿੰਦਰ ਸਿੰਘ ਲਾਡੀ ਸਮੇਤ ਹੋਰ ਕਿਸਾਨ ਹਾਜ਼ਰ ਸਨ। ਕਿਸਾਨਾਂ ਨੇ ਚੰਡੀਗੜ੍ਹ ਪੁਲਿਸ ਪ੍ਰਸ਼ਾਸਨ ਵਲੋਂ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਕੀਤੇ ਤਸ਼ੱਦਦ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ।

# ਠੰਡੇ-ਮਿਠੇ ਜਲ ਦੀ ਛਬੀਲ ਲਗਾਈ

**ਅੱਡਾ ਸਰਾਂ (ਜਸਵੀਰ ਕਾਜਲ)**-ਪਿੰਡ ਕੰਧਾਲਾ ਜੱਟਾਂ ਵਿਖੇ ਬਾਬਾ ਬਿਸਨ ਸਿੰਘ ਜੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਦੇ ਸਰਬਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਨਗਰ ਨਿਵਾਸੀਆਂ ਸੰਗਤਾਂ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਸਾਲਾਨਾ ਦੀ ਤਰ੍ਹਾਂ ਬਾਬਾ ਜਵਾਹਰ ਦਾਸ ਦੇ ਮੇਲੇ ਦੌਰਾਨ ਦਰਸ਼ਨਾਂ ਨੂੰ ਜਾ ਰਹੀਆਂ ਸੰਗਤਾ ਵਾਸਤੇ ਸਲਾਨਾ ਦੀਆਂ ਤਰਾਂ ਠੰਡੇ ਮਿਠੇ ਜਲ ਦੀ ਛਬੀਲ ਅਤੇ ਛੋਲਿਆਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਕਮੇਟੀ ਪ੍ਰਧਾਨ ਅੰਮ੍ਰਿਤਪਾਲ ਸਿੰਘ, ਕੈਪਟਨ ਸੁਰਿੰਦਰ ਸਿੰਘ ਸੀ ਏ, ਮਨਜੀਤ ਸਿੰਘ ਖਜ਼ਾਨਚੀ, ਤਜਿੰਦਰ ਸਿੰਘ ਬਿੱਲਾ ਉਪੱ ਖਜਾਨਚੀ, ਗੁਰਮੇਲ ਸਿੰਘ, ਦਰਸ਼ਨ ਸਿੰਘ, ਇੰਦਰਜੀਤ ਸਿੰਘ, ਸੁਖਨਿੰਦਰ ਸਿੰਘ, ਬਲਸਾਹਿਬ ਸਿੰਘ, ਤਨਵਪ੍ਰੀਤ ਸਿੰਘ, ਇੰਦਰਜੀਤ ਸਿੰਘ ਕਨੇਡਾ, ਹਰਵਿੰਦਰ ਸਿੰਘ ਬਿੱਟਾ, ਗੁਰਕਿਰਪਾਲ ਸਿੰਘ,ਜਸਕਰਨ ਸਿੰਘ,ਬਿੰਦਾ,ਕਮਲ,ਸੋਨੂੰ,ਹੈਰੀ,ਪ੍ਰਵ, ਸਹਿਜਪਾਲ ਸਿੰਘ, ਜਪਮਨ ਸਿੰਘ, ਪਰਮਜੀਤ ਸਿੰਘ, ਮਨਵੀਰ ਸਿੰਘ, ਹੈਡ ਗ੍ਰੰਥੀ ਬਾਬਾ ਰਣਜੀਤ ਸਿੰਘ, ਗ੍ਰੰਥੀ ਦਾਨ ਸਿੰਘ ਹਾਜ਼ਰ ਸਨ।



# ਖੇਤੀਬਾੜੀ ਵਿਕਾਸ ਅਫਸਰ ਵਿਭਾਗੀ ਤਰੱਕੀ ਤੋਂ ਵਾਂਝੇ

**ਬਲਾਚੌਰ/ਪੋਜੇਵਾਲ (ਜਸਵਿੰਦਰ ਬੈਂਸ/ਰਾਮ ਲਾਲ)**

ਪਲਾਂਟ ਡਾਕਟਰ ਸਰਵਿਸਜ਼ ਐਸੋਸੀਏਸ਼ਨ ਪੰਜਾਬ ਦੇ ਖੇਤੀਬਾੜੀ ਵਿਭਾਗ ਦੇ ਸਾਰੇ ਖੇਤੀਬਾੜੀ ਵਿਕਾਸ ਅਫਸਰ ਆਪਣੀਆਂ ਹੱਕੀ ਅਤੇ ਜਾਇਜ਼ ਮੰਗਾ ਨਾ ਮੰਨੇ ਜਾਣ ਕਾਰਣ ਰੋਸ ਕਰਦੇ ਨਜ਼ਰ ਆਏ ।ਪਲਾਂਟ ਡਾਕਟਰ ਸਰਵਿਸਜ਼ ਐਸੋਸੀਏਸ਼ਨ ਦੇ ਪ੍ਰਧਾਨ ਡਾ. ਹਰਮਨਦੀਪ ਸਿੰਘ, ਸੀਨੀਅਰ ਮੀਤ ਪ੍ਰਧਾਨ ਡਾ. ਸਤਵਿੰਦਰਬੀਰ ਸਿੰਘ ਨੇ ਜਾਰੀ ਬਿਆਨ ਰਾਹੀ ਦੱਸਿਆ ਕਿ ਸਾਰੇ ਸਾਥੀ ਅੱਜ ਕਾਲੇ ਬਿੱਲੇ ਅਤੇ ਟੈਗ ਲਗਾ ਕੇ ਆਪਣੇ ਦਫਤਰਾਂ ,ਫੀਲਡ ਜਾਂ ਡਿਊਟੀ ਸਥਾਨਾ ਤੇ ਜਾਂ ਕੇ ਦਫਤਰੀ ਕੰਮਕਾਜ ਕਰਦੇ ਰਹੇ।ਇਸ ਰੋਸ ਦੌਰਾਨ ਆਉਣ ਵਾਲੇ ਕਿਸਾਨਾਂ ਨੂੰ ਰੋਸ ਦੇ ਕਾਰਨਾ ਬਾਰੇ ਦੱਸਿਆ ਗਿਆ ਅਤੇ ਹਰ ਅਧਿਕਾਰੀ ਫੀਲਡ ਵਰਕ ਦੌਰਾਨ ਲਗਾਏ ਜਾਂ ਰਹੇ ਕੈਂਪਾਂ ਵਿਚ ਕਿਸਾਨਾਂ ਨੂੰ ਮਿਲਣੀ ਦੌਰਾਨ ਕਾਲੇ ਬਿੱਲੇ ਲਗਾ ਕੇ ਜਾਣਕਾਰੀ ਦਿੰਦੇ ਨਜ਼ਰ ਆਏ। ਆਗੂਆਂ ਦਾ ਕਹਿਣਾ ਹੈ ਕਿ ਵਿਭਾਗ ਵਿਚ ਕੰਮ ਕਰ ਰਹੇ ਖੇਤੀਬਾੜੀ ਵਿਕਾਸ ਅਫਸਰ 14 ਸਾਲ ਤੋਂ ਤਰੱਕੀ ਦੀ ਉਡੀਕ ਕਰ ਰਹੇ ਹਨ। ਇਸ ਸਭ ਕਾਰੇ ਵਿਚ ਮੁੱਖ ਦੋਸ਼ੀ ਸੋਸ਼ਲ ਵੈਲਫੇਅਰ ਵਿਭਾਗ ਬਣਿਆ ਹੈ ਜੋ ਕਿ ਇਕ ਸਾਲ ਤੋਂ ਫਾਈਲ ਦੱਬੀ ਬੈਠਾ ਹੈ। ਇਥੇ ਇਹ ਦੱਸਣਾ ਬਣਦਾ ਹੈ ਕਿ ਖੇਤੀਬਾੜੀ ਵਿਕਾਸ ਅਫਸਰਾਂ ਦੀ ਪਦਉੱਨਤੀ ਲਈ ਸੋਸ਼ਲ ਵੈਲਫੇਅਰ ਵਿਭਾਗ ਕੋਲ ਗਈ ਰੋਸਟਰ ਫਾਈਲ ਪਿਛਲੇ ਇਕ ਸਾਲ ਤੋਂ ਪੈਂਡਿੰਗ ਪਈ ਹੈ ਅਤੇ ਹੁਣ ਇਹ ਫਾਈਲ ਸਮਾਜਿਕ ਨਿਆ ਅਤੇ ਘੱਟ ਗਿਣਤੀ ਵਿਭਾਗ ਮੰਤਰੀ ਡਾ. ਬਲਜੀਤ ਕੌਰ ਨੇ ਆਪਣੇ ਕੋਲ 22 ਦਿਨਾਂ ਤੋਂ ਰੱਖੀ ਹੈ ।ਇਸ ਸੰਬੰਧੀ ਡਾਇਰੈਕਟਰ ਖੇਤੀਬਾੜੀ ਵਿਭਾਗ ਦੇ ਦਫਤਰ, ਖੇਤੀਬਾੜੀ ਵਿਕਾਸ ਅਫਸਰ ਅਤੇ ਵੱਖ ਵੱਖ ਰਾਜਨੀਤਿਕ ਆਗੂਆਂ ਵੱਲੋਂ ਵੀ ਮੰਤਰੀ ਨੂੰ ਫਾਈਲ ਕਲੀਅਰ ਕਰਨ ਲਈ ਕਈ ਵਾਰ ਬੇਨਤੀ ਕਰਨ ਦੇ ਬਾਵਜੂਦ ਉਹਨਾਂ ਵੱਲੋਂ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ ਹੈ ।ਜੇਕਰ ਭਲਾਈ ਵਿਭਾਗ ਵੱਲੋਂ ਫਾਈਲ ਜਲਦੀ ਕਲੀਅਰ ਨਹੀਂ ਕੀਤੀ ਜਾਂਦੀ ਹੈ ਤਾਂ ਆਉਣ ਵਾਲੇ ਸਮੇਂ ਵਿੱਚ ਖੇਤੀਬਾੜੀ ਵਿਕਾਸ ਅਫਸਰਾਂ ਵੱਲੋਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

# ਵਿਦਿਆਰਥੀਆਂ ਦਾ ਨਗਦ ਰਾਸ਼ੀ, ਟਰਾਫ਼ੀਆਂ ਤੇ ਸਟੇਸ਼ਨਰੀ ਨਾਲ ਸਨਮਾਨ

**ਗੜ੍ਹਸ਼ੰਕਰ, (ਫੂਲਾ ਸਿੰਘ ਬੀਰਮਪੁਰ)**

ਸਰਕਾਰੀ ਪ੍ਰਾਈਮਰੀ ਤੇ ਹਾਈ ਸਮਾਰਟ ਸਕੂਲ ਡਘਾਮ ਦਾ ਹਰ ਸਾਲ ਦੀ ਤਰ੍ਹਾਂ ਪੰਜਵੀਂ, ਅੱਠਵੀਂ ਅਤੇ ਦਸਵੀਂ ਦਾ ਨਤੀਜਾ ਸੌ ਫੀਸਦੀ ਰਿਹਾ ਅਤੇ ਸਾਰੇ ਬੱਚੇ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਪਾਸ ਹੋਏ। ਪੰਜਵੀਂ ਜਮਾਤ ਵਿੱਚੋਂ ਮਹਿਮਾ ਤਿਵਾੜੀ ਨੇ ਪਹਿਲਾ, ਸੁਨੈਨਾ ਕੌਰ ਨੇ ਦੂਸਰਾ ਅਤੇ ਰਿਤਿਕਾ ਰਾਣੀ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਅੱਠਵੀਂ ਜਮਾਤ ਵਿੱਚੋਂ ਸੰਜਨਾ ਪੁੱਤਰੀ ਮਨਜੀਤ ਸਿੰਘ ਨੇ ਪਹਿਲਾ, ਸੰਜਨਾ ਪੁੱਤਰੀ ਅਜੇ ਕੁਮਾਰ ਨੇ ਦੂਸਰਾ ਅਤੇ ਗੈਵੀ ਸਿੱਧੂ ਪੁੱਤਰ ਦੀਦਾਰ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ ਅਤੇ ਦਸਵੀਂ ਦੇ ਨਤੀਜੇ ਵਿੱਚੋਂ ਵਿਦਿਆਰਥਣ ਸੁਖਮਨੀ ਪੁੱਤਰੀ ਅਵਤਾਰ ਨੇ ਪਹਿਲਾ, ਕੋਮਲ ਕੁਮਾਰੀ ਪੁੱਤਰੀ ਭੋਲੀ ਰਾਏ ਨੇ ਦੂਸਰਾ ਤੇ ਪ੍ਰਿੰਸ ਸਿੱਧੂ ਪੁੱਤਰ ਸ਼ਿੰਗਾਰਾ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਸਰਕਾਰੀ ਹਾਈ ਸਕੂਲ ਡਘਾਮ ਵਿਖੇ ਪੰਜਵੀਂ, ਅੱਠਵੀਂ ਅਤੇ ਦਸਵੀਂ ਦੀਆਂ ਬੋਰਡ ਦੀਆਂ ਜਮਾਤਾਂ ਵਿੱਚੋਂ ਪਹਿਲੇ ਤਿੰਨ ਸਥਾਨਾਂ ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਨਗਦ ਰਾਸ਼ੀ, ਟਰਾਫ਼ੀਆਂ ਅਤੇ ਸਟੇਸ਼ਨਰੀ ਦੇ ਕੇ ਸਨਮਾਨਿਤ ਕੀਤਾ ਗਿਆ। ਸਟੇਸ਼ਨਰੀ ਅਤੇ ਨਗਦ ਰਾਸ਼ੀ ਦਾਨੀ ਸੱਜਣ ਹਰਨੇਕ ਸਿੰਘ ਵੱਲੋਂ ਬਾਬਾ ਗੁਰਦੀਪ ਸਿੰਘ ਨੇ ਭੇਟ ਕੀਤੀ। ਵਰਨਣਯੋਗ ਹੈ ਕਿ ਟਰਾਫ਼ੀਆਂ ਤੇ ਸਟੇਸ਼ਨਰੀ ਪਰਮਿੰਦਰ ਪਾਲ ਸਿੰਘ ਯੂ ਐੱਸ ਏ ਅਤੇ ਮਾਤਾ ਮਹਿੰਦਰ ਕੌਰ ਵੱਲੋਂ ਸਾਰੀਆਂ ਹੀ ਜਮਾਤਾਂ ਦੇ ਵਿਦਿਆਰਥੀਆਂ ਨੂੰ ਪਹਿਲਾਂ ਹੀ ਭੇਟ ਕੀਤੀ ਗਈ ਸੀ। ਇਸ ਮੌਕੇ ਸਕੂਲ ਮੁੱਖ ਅਧਿਆਪਕਾ ਨਵਦੀਪ ਸਹਿਗਲ ਪ੍ਰਾਈਮਰੀ ਸਕੂਲ ਮੁਖੀ ਬਲਜੀਤ ਸਿੰਘ ਨੇ ਦਾਨੀ ਸੱਜਣਾਂ ਦਾ ਸਵਾਗਤ ਕਰਦੇ ਵਿਦਿਆਰਥੀਆਂ ਨੂੰ ਸਖਤ ਮਿਹਨਤ ਕਰਕੇ ਆਪਣਾ ਤੇ ਪਰਿਵਾਰ ਦਾ ਨਾਮ ਰੋਸ਼ਨ ਕਰਨ ਲਈ ਪ੍ਰੇਰਿਤ ਕੀਤਾ। ਅੰਤ ਵਿੱਚ ਮਾਸਟਰ ਹਰਦੀਪ ਕੁਮਾਰ ਦੁਆਰਾ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਹੋਰਨਾ ਤੋਂ ਇਲਾਵਾ ਹਰਨੇਕ ਸਿੰਘ, ਬਾਬਾ ਜੀਵਨ ਸਿੰਘ, ਸਰਪੰਚ ਬਲਵੀਰ ਸਿੰਘ ਜੱਸੀ, ਕਮਲਜੀਤ ਰਾਮ, ਗੋਲਡੀ ਕੂਨਰ, ਅਧਿਆਪਕਾਂ ਵਿੱਚ ਜੋਤੀਕਾ ਲੱਧੜ, ਵਰਿੰਦਰ ਕੌਰ, ਜਤਿੰਦਰ ਕੁਮਾਰ, ਅੰਸ਼ੂ ਰਾਣਾ, ਮੈਡਮ ਗੀਨਾ, ਰਵਨੀਤ ਕੌਰ, ਦੀਕਸ਼ਾ, ਹਰਜੋਤ ਕੌਰ ਅਮਨਦੀਪ ਕੌਰ, ਆਦਿ ਹਾਜ਼ਰ ਸਨ।

# ਮਨੀਸ਼ ਤਿਵਾੜੀ ਨੇ ਮੋਹਾਲੀ ਦੇ ਵੱਖ-ਵੱਖ ਵਾਰਡਾਂ ਵਿੱਚ ਕੀਤਾ ਚੋਣ ਪ੍ਰਚਾਰ

**ਮੋਹਾਲੀ/ਚੰਡੀਗੜ੍ਹ (ਗੁਰਜੀਤ ਬਿੱਲਾ)**-ਚੰਡੀਗੜ੍ਹ ਤੋਂ ਸੰਸਦ ਮੈਂਬਰ ਤੇ ਸਾਬਕਾ ਕੇਂਦਰੀ ਮਨੀਸ਼ ਤਿਵਾੜੀ ਵੱਲੋਂ ਮਿਉਂਸੀਪਲ ਕਾਰਪੋਰੇਸ਼ਨ ਮੋਹਾਲੀ ਦੀ ਚੋਣ ਲਈ ਕਾਂਗਰਸ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ ਗਿਆ।ਵਾਰਡ ਨੰਬਰ 3 ਵਿੱਚ ਪਾਰਟੀ ਉਮੀਦਵਾਰ ਜਸਪ੍ਰੀਤ ਕੌਰ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦਿਆਂ ਸੰਸਦ ਮੈਂਬਰ ਤਿਵਾੜੀ ਨੇ ਕਿਹਾ ਕਿ ਕਾਂਗਰਸ ਪਾਰਟੀ ਇਸ ਇਲਾਕੇ ਅਤੇ ਸ਼ਹਿਰ ਦੇ ਰੁਕੇ ਹੋਏ ਕੰਮ ਕਰਵਾ ਸਕਦੀ ਹੈ। ਉਹਨਾਂ ਨੇ ਜ਼ਿਕਰ ਕੀਤਾ ਕਿ ਬਤੌਰ ਸ੍ਰੀ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਰਹਿੰਦੇ ਹੋਏ, ਉਹਨਾਂ ਨੇ ਮੋਹਾਲੀ ਦੇ ਵਿਕਾਸ ਵਾਸਤੇ ਬਹੁਤ ਸਾਰੇ ਫੰਡ ਦਿੱਤੇ ਸਨ। ਤਿਵਾੜੀ ਨੇ ਕਿਹਾ ਕਿ ਜੇਕਰ ਨਗਰ ਨਿਗਮ ਵਿੱਚ ਵੀ ਕਾਂਗਰਸ ਸੱਤਾ 'ਚ ਆਉਂਦੀ ਹੈ, ਤਾਂ ਤੇਜ਼ੀ ਨਾਲ ਸ਼ਹਿਰ ਵਿਕਾਸ ਹੋਵੇਗਾ।ਇਸੇ ਤਰ੍ਹਾਂ, ਵਾਰਡ ਨੰਬਰ 44 ਵਿੱਚ ਪਾਰਟੀ ਉਮੀਦਵਾਰ ਅਮਨਦੀਪ ਸਿੰਘ ਸਲੈਚ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਦੇ ਹੋਏ, ਤਿਵਾੜੀ ਨੇ ਕਿਹਾ ਕਿ ਸਲੈਚ ਇੱਕ ਇਮਾਨਦਾਰ ਅਤੇ ਮਿਹਨਤੀ ਆਗੂ ਹਨ, ਜਿਹੜੇ ਇਲਾਕੇ ਦੇ ਵਿਕਾਸ ਸਬੰਧੀ ਲੋੜਾਂ ਨੂੰ ਤੇ ਜਿਨਾਂ ਦਾ ਪੂਰਾ ਕਰਨਗੇ। ਉਹਨਾਂ ਨੇ ਲੋਕਾਂ ਨੂੰ ਕਾਂਗਰਸ ਉਮੀਦਵਾਰਾਂ ਨੇ ਵੋਟ ਪਾਉਣ ਦੀ ਅਪੀਲ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ, ਮਨਜੀਤ ਸਿੰਘ ਮਾਨਸਾ, ਰਾਜਾ ਕੰਵਰਜੋਤ ਸਿੰਘ, ਹਰਪ੍ਰੀਤ ਬੰਟੀ, ਸ਼ੇਖਇੰਦਰ ਸਿੰਘ ਲਾਡੀ ਵੀ ਮੌਜੂਦ ਰਹੇ।



# ਵਿਸ਼ਵ ਡੇਂਗੂ ਦਿਵਸ ਮਨਾਇਆ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**-ਸਿਵਲ ਸਰਜਨ ਹੁਸ਼ਿਆਰਪੁਰ ਡਾਕਟਰ ਮਨਦੀਪ ਕਮਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਐਸ ਐਮ ਓ ਡਾਕਟਰ ਮਨਪ੍ਰੀਤ ਸਿੰਘ ਬੈਂਸ ਦੀ ਯੋਗ ਅਗਵਾਈ ਹੇਠ ਗੌਰਮਿੰਟ ਹਾਈ ਸਕੂਲ ਫੁਗਲਾਣਾ ਵਿਖੇ ਵਿਸ਼ਵ ਡੇਂਗੂ ਦਿਵਸ ਮਨਾਇਆ ਗਿਆ । ਇਸ ਮੌਕੇ ਵਿਦਿਆਰਥੀਆਂ ਨੂੰ ਡੇਂਗੂ ਬੁਖ਼ਾਰ ਸੰਬੰਧੀ ਜਾਣਕਾਰੀ ਦਿੱਤੀ ਗਈ, ਅਤੇ ਵਿਦਿਆਰਥੀਆਂ ਨੂੰ ਡੇਂਗੂ ਬੁਖਾਰ ਦੇ ਲੱਛਣ ਅਤੇ ਬਚਾਅ ਦੇ ਤਰੀਕਿਆਂ ਸੰਬੰਧੀ ਰਣਜੀਤ ਸਿੰਘ ਹੈਲਥ ਇੰਸਪੈਕਟਰ ਵੱਲੋਂ ਵਿਸਥਾਰ ਨਾਲ ਜਣਕਾਰੀ ਦਿੰਦਿਆਂ ਦੱਸਿਆ ਕਿ ਡੇਂਗੂ ਅਤੇ ਮੱਛਰ ਤੋਂ ਬਚਾਅ ਲਈ ਸਾਨੂੰ ਆਪਣੇ ਘਰ ਅਤੇ ਆਲੇ-ਦੁਆਲੇ ਦੀ ਸਾਫਸਫਾਈ ਰੱਖਣੀ ਚਾਹੀਦੀ ਹੈ। ਕੱਪੜੇ ਅਜਿਹੇ ਪਹਿਨੋ ਕਿ ਸਰੀਰ ਢਕਿਆ ਰਹੇ ਤਾਂ ਜੋ ਮੱਛਰ ਨਾ ਕੱਟ ਸਕੇ। ਰਾਤ ਦੇ ਸਮੇਂ ਮੱਛਰਦਾਨੀ ਜਾਂ ਮੱਛਰ ਭਜਾਉਣ ਵਾਲੀਆਂ ਕਰੀਮਾਂ ਜਾਂ ਤੇਲ ਆਦਿ ਦਾ ਇਸਤੇਮਾਲ ਕਰੋ।ਖੜ੍ਹੇ ਪਾਣੀ ਵਿੱਚ ਸੜਿਆ ਤੇਲ ਪਾਇਆ ਜਾਵੇ ਤਾਂ ਜੋ ਮੱਛਰਾਂ ਦੀ ਪਦਾਇਸ਼ ਨੂੰ ਖਤਮ ਕੀਤਾ ਜਾ ਸਕੇ। ਸਿਹਤ ਕਰਮਚਾਰੀ ਹਰਜੀਤ ਸਿੰਘ ਵੱਲੋਂਦੱਸਿਆ ਗਿਆ ਕਿ ਸਿਹਤ ਵਿਭਾਗ ਵੱਲੋਂ ਚਲਾਈ ਮੁਹਿਮ ਹਰ ਵਾਰ ਸ਼ੁੱਕਰਵਾਰ ਵਿੱਚ ਸਾਨੂੰ ਸਭ ਨੂੰ ਯੋਗਦਾਨ ਪਾਉਣ ਜਾਹੀਦਾ ਹੈ। ਜਿਸ ਬਾਰੇ ਸਭ ਨੂੰ ਡੇਂਗੂ ਵਾਰੇ ਜਾਗਰੂਕ ਕੀਤਾ ਜਾ ਸਕੇ। ਪੰਜਾਬ ਸਰਕਾਰ ਦੇ ਸਲੋਗਨ ਪਾਣੀ ਖੜੇਗਾ ਜਿੱਥੇ, ਮੱਛਰ ਪੈਦਾ ਹੋਵੇਗਾ ਉੱਥੇ ਦਾ ਵਿਦਿਆਰੀਆਂ ਦੇ ਵੱਲੋਂ ਬੁਲਾਇਆ ਗਿਆ।



# ਜੇਲ੍ਹ ਮੰਤਰੀ ਨੇ ਬੋਰਵੈੱਲ ਵਿੱਚੋਂ ਸੁਰੱਖਿਅਤ ਕੱਢੇ ਬੱਚੇ ਦਾ ਹਾਲਚਾਲ ਜਾਣਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**-ਪੰਜਾਬ ਦੇ ਜੇਲ੍ਹਾਂ ਅਤੇ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਡਾ. ਰਵਜੋਤ ਸਿੰਘ ਨੇ ਬੀਤੀ ਰਾਤ ਨੇੜਲੇ ਪਿੰਡ ਚੱਕ ਸਮਾਨਾ ਵਿਚ ਬੋਰਵੇਲ ਵਿਚੋਂ ਸੁਰੱਖਿਅਤ ਕੱਢੇ ਗਏ ਬੱਚੇ ਗੁਰਕਰਨ ਸਿੰਘ ਦੀ ਸਿਹਤ ਦੀ ਮੌਜੂਦਾ ਸਥਿਤੀ ਬਾਰੇ ਸਿਵਲ ਹਸਪਤਾਲ ਪਹੁੰਚ ਕੇ ਜਾਣਕਾਰੀ ਲਈ । ਇਸ ਦੌਰਾਨ ਉਨ੍ਹਾਂ ਨੇ ਬੱਚੇ ਦਾ ਇਲਾਜ ਕਰ ਰਹੇ ਡਾਕਟਰਾਂ ਨਾਲ ਗੱਲਬਾਤ ਕੀਤੀ ਅਤੇ ਖੁਦ ਵੀ ਬੱਚੇ ਦਾ ਚੈੱਕਅਪ ਕੀਤਾ।ਡਾ. ਰਵਜੋਤ ਸਿੰਘ ਨੇ ਬੱਚੇ ਨੂੰ ਫ਼ਲ ਅਤੇ ਖਿਡੌਣੇ ਦਿੰਦਿਆਂ ਬੱਚੇ ਦੇ ਪਰਵਾਰਕ ਮੈਂਬਰਾਂ ਨਾਲ ਗੱਲਬਾਤ ਕੀਤੀ।ਪਰਵਾਰ ਨੇ ਬੱਚੇ ਦੀ ਸਿਹਤ ਵਿਚ ਲਗਾਤਾਰ ਹੋ ਰਹੇ ਸੁਧਾਰ 'ਤੇ ਤਸੱਲੀ ਪ੍ਰਗਟ ਕਰਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ ਕੀਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਗੁਰਕਰਨ ਸਿੰਘ ਦੀ ਹਾਲਤ ਪਹਿਲੇ ਤੋਂ ਕਾਫ਼ੀ ਬਿਹਤਰ ਹੈ ਤੇ ਡਾਕਟਰਾਂ ਦੀ ਟੀਮ ਲਗਾਤਾਰ ਉਸ ਦੀ ਨਿਗਰਾਨੀ ਅਤੇ ਇਲਾਜ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਬੱਚੇ ਨੂੰ ਸਵੇਰੇ ਤਰਲ ਪਦਾਰਥ ਵੀ ਦਿੱਤੇ ਗਏ ਅਤੇ ਉਸ ਦੀ ਸਿਹਤ ਤੇਜ਼ੀ ਨਾਲ ਸੁਧਰ ਰਹੀ ਹੈ।ਡਾ. ਰਵਜੋਤ ਸਿੰਘ ਨੇ ਇਸ ਸਫ਼ਲ ਰੈਸਕਿਊ ਉਪਰੇਸ਼ਨ ਵਿਚ ਯੋਗਦਾਨ ਦੇਣ ਵਾਲੇ ਜ਼ਿਲ੍ਹਾ ਪ੍ਰਸ਼ਾਸਨ, ਬਾਬਾ ਦੀਪ ਸਿੰਘ ਸੇਵਾ ਦਲ, ਸਿਵਲ ਡਿਫੈਂਸ, ਮੈਡੀਕਲ ਟੀਮਾਂ ਅਤੇ ਸਾਰੇ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਾਰੀਆਂ ਟੀਮਾਂ ਦੀ ਮਿਹਨਤ, ਸਮਰਪਣ ਅਤੇ ਸਮੂਹਿਕ ਯਤਨਾਂ ਸਦਕਾ ਬੱਚੇ ਨੂੰ ਸੁਰੱਖਿਅਤ ਬਾਹਰ ਕੱਢਣਾ ਸੰਭਵ ਹੋ ਸਕਿਆ ਹੈ।

# ਸੰਤ ਸਤਵਿੰਦਰ ਹੀਰਾ ਦੀ ਅਗਵਾਈ ਹੇਠ ਵਫਦ ਐੱਸ ਸੀ ਕਮਿਸ਼ਨ ਨੂੰ ਮਿਲਿਆ

**ਹੁਸ਼ਿਆਰਪੁਰ (ਓ ਪੀ ਰਾਣਾ, ਬੀ ਐੱਸ ਸੈਣੀ)**-ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਚਰਨਛੋਹ ਧਰਤੀ ਸ੍ਰੀ ਖੁਰਾਲਗੜ੍ਹ ਸਾਹਿਬ ਦੀਆਂ ਖਰਾਬ ਅਤੇ ਦੁਘਟਨਾਵਾਂ ਦੇ ਕਾਰਨ ਬਣ ਰਹੀਆਂ ਸੜਕਾਂ, ਬਰਸਾਤੀ ਪਾਣੀ ਨਾਲ ਹੜਾਂ ਨਾਲ ਹੁੰਦੇ ਭਾਰੀ ਨੁਕਸਾਨ ਅਤੇ ਹੋਰ ਸਮੱਸਿਆਵਾਂ ਨੂੰ ਲੈ ਕੇ ਆਲ ਇੰਡੀਆ ਆਦਿ ਧਰਮ ਰਜਿ.ਭਾਰਤ ਦਾ ਇਕ ਵਫਦ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਦੀ ਅਗਵਾਈ ਹੇਠ ਐਸ ਕਮਿਸ਼ਨ ਚੇਅਰਮੈਨ ਪੰਜਾਬ ਜਸਵੀਰ ਸਿੰਘ ਗੜ੍ਹੀ ਨੂੰ ਮਿਲਿਆ, ਇਸ ਮੌਕੇ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਕੈਸ਼ੀਅਰ ਅਮਿਤ ਕੁਮਾਰ ਪਾਲ ਅਤੇ ਗੁਰਲਾਲ ਸੈਲਾ ਵੀ ਹਾਜ਼ਰ ਸਨ।ਸੰਤ ਸਤਵਿੰਦਰ ਹੀਰਾ ਨੇ ਮੁਲਾਕਾਤ ਦੌਰਾਨ ਦੱਸਿਆ ਕਿ ਇਤਿਹਾਸਕ ਧਰਮ ਅਸਥਾਨ ਸ੍ਰੀ ਚਰਨਛੋਹ ਗੰਗਾ ਅਤੇ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਬੇਗਮਪੁਰਾ ਸ੍ਰੀ ਖੁਰਾਲਗੜ੍ਹ ਸਾਹਿਬ ਵਿਖੇ ਉਹ 2009 ਤੋਂ ਮੁੱਖ ਸੇਵਾਦਾਰ ਸੇਵਾ ਨਿਭਾਅ ਰਹੇ ਹਨ, ਇਥੇ ਹਰ ਸਾਲ ਚਾਰ ਵੱਡੇ ਸਮਾਗਮ ਹੁੰਦੇ ਹਨ ਅਤੇ ਦਰਸ਼ਨਾਂ ਲਈ ਹਰ ਸਾਲ ਲੱਖਾਂ ਸ਼ਰਧਾਲੂ ਆਉਂਦੇ ਹਨ। ਉਹਨਾਂ ਕਿਹਾ ਇਥੋਂ ਦੀਆਂ ਸੜਕਾਂ ਜੋ ਰੋਜ਼ਾਨਾ ਆਉਣ ਵਾਲੀਆਂ ਸੰਗਤਾਂ ਲਈ ਵੱਡੀ ਪ੍ਰੇਸ਼ਾਨੀ ਪੈਦਾ ਕਰ ਰਹੀਆਂ ਹਨ ਬਲਕਿ ਆਏ ਦਿਨ ਦੁਰਘਟਨਾਵਾਂ ਨੂੰ ਜਨਮ ਦੇ ਕੇ ਅਜਾਈਂ ਮੌਤਾਂ ਦਾ ਕਾਰਨ ਵੀ ਬਣ ਰਹੀਆਂ ਹਨ।ਉਹਨਾਂ ਦੱਸਿਆ ਕਿ ਪਿਛਲੇ ਸਮੇਂ ਦੌਰਾਨ ਵਾਪਰੇ ਹਾਦਸਿਆਂ ਵਿੱਚ ਇਥੇ 20 ਦੇ ਕਰੀਬ ਮੌਤਾਂ ਹੋ ਚੁੱਕੀਆਂ ਹਨ ਅਤੇ ਜ਼ਖ਼ਮੀਆਂ ਦਾ ਇਲਾਜ ਪੀ ਜੀ ਆਈ ਤੱਕ ਕਰਵਾਇਆ ਗਿਆ ਸੀ।ਉਹਨਾਂ ਕਿਹਾ ਕਿ ਪੰਜਾਬ ਸਰਕਾਰ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੀਂ ਜਨਮ ਸ਼ਤਾਬਦੀ ਪ੍ਰੋਗਰਾਮ ਵੱਡੇ ਪੱਧਰ ਤੇ ਮਨਾ ਰਹੀ ਹੈ ਜੋ ਕਿ ਪੰਜਾਬ ਵਾਸੀਆਂ ਅਤੇ ਸਤਿਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਲਈ ਬਹੁਤ ਮਾਣ ਵਾਲੀ ਗੱਲ ਹੈ। ਸੰਤ ਸਤਵਿੰਦਰ ਹੀਰਾ ਹੈ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 650ਵੇਂ ਪ੍ਰਕਾਸ਼ ਉਤਸਵ ਮਨਾਉਣ ਤੋਂ ਪਹਿਲਾਂ ਸੰਗਤਾਂ ਦੀ ਸੁਰੱਖਿਆ ਲਈ ਸਰਕਾਰ ਸਬੰਧਿਤ ਮਹਿਕਮੇ ਨੂੰ ਨਿਰਦੇਸ਼ ਜਾਰੀ ਕਰਕੇ ਸ੍ਰੀ ਖੁਰਾਲਗੜ੍ਹ ਸਾਹਿਬ ਦੀਆਂ ਸੜਕਾਂ ਬਣਾਏ। ਉਨਾਂ ਕਿਹਾ ਕਿ ਸ੍ਰੀ ਬੇਗਮਪੁਰਾ ਚੌਂਕ ਤੋਂ ਮੀਨਾਰ ਏ ਬੇਗਮਪੁਰਾ ਤੱਕ ਸੜਕ ਨੂੰ ਘਟੋ ਘਟ 60 ਫੁੱਟ ਚੌੜਾ ਕੀਤਾ ਜਾਵੇ ਤੇ ਉਤਰਾਈ ਉਤਰਦੇ ਉੱਚੀ ਚੜਾਈ ਨੂੰ ਘੱਟ ਕਰਕੇ ਸਹੀ ਲੈਬਲ ਤੇ ਕੀਤਾ ਜਾਵੇ ਅਤੇ ਦੋਨੋਂ ਪਾਸੇ 20 ਫੁੱਟ ਉੱਚੇ ਗਾਡਰ ਲਗਾਏ ਜਾਣ। ਸੰਤ ਹੀਰਾ ਨੇ ਕਿਹਾ ਜਦੋਂ ਤੱਕ ਕੰਮ ਮੁਕੰਮਲ ਨਹੀਂ ਹੁੰਦਾ ਓਦੋਂ ਤੱਕ ਹੁਸ਼ਿਆਰਪੁਰ ਪ੍ਰਸ਼ਾਸਨ ਨੂੰ ਨਿਰਦੇਸ਼ ਜਾਰੀ ਕਰਕੇ ਬੇਗਮਪੁਰਾ ਚੌਂਕ ਤੋਂ ਮੀਨਾਰ ਏ ਬੇਗਮਪੁਰਾ ਤੱਕ ਟ੍ਰੈਫਿਕ ਕੰਟਰੋਲ ਰੂਮ ਸਥਾਪਿਤ ਕੀਤੇ ਜਾਣ ਤਾਂ ਕਿ ਭਾਰੀ ਵਾਹਨਾਂ ਤੇ ਪੱਕੇ ਤੌਰ ਤੇ ਪਬੰਧੀ ਲਗਾਕੇ ਦੁਰਘਟਨਾਵਾਂ ਨੂੰ ਰੋਕਿਆ ਜਾ ਸਕੇ। ਇਕ ਹੋਰ ਮਾਮਲੇ ਸਬੰਧੀ ਸੰਤ ਸਤਵਿੰਦਰ ਹੀਰਾ ਨੇ ਐੱਸ ਸੀ ਕਮਿਸ਼ਨ ਦੇ ਧਿਆਨ ਵਿੱਚ ਲਿਆਂਦਾ ਕਿ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਤੱਕ ਕੱਚਾ ਰਸਤਾ ਕਰੀਬ 150 ਮੀਟਰ ਹੈ ਜਿਸ ਨਾਲ ਬਰਸਾਤੀ ਪਾਣੀ ਦੀ ਮਾਰ ਪੈ ਸਕਦੀ ਹੈ। ਇਥੇ ਹੜਾਂ ਤੋਂ ਬਚਾਅ ਲਈ ਸਬੰਧਿਤ ਮਹਿਕਮੇ ਨੂੰ ਨਿਰਦੇਸ਼ ਦੇ ਕੇ ਡੰਗੇ ਲਗਾਏ ਜਾਣ।ਇਸ ਮੌਕੇ ਐੱਸ ਕਮਿਸ਼ਨ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਵਲੋਂ ਵਫਦ ਨੂੰ ਵਿਸ਼ਵਾਸ ਦਿਵਾਇਆ ਕਿ ਉਪਰੋਕਤ ਮੰਗਾਂ ਦੀ ਪੂਰਤੀ ਲਈ ਜਲਦ ਹੀ ਕੰਮ ਸ਼ੁਰੂ ਕਰਵਾਉਣ ਲਈ ਸਰਕਾਰ ਦੇ ਧਿਆਨ ਵਿਚ ਲਿਆ ਕੇ ਤੇ ਸਬੰਧਿਤ ਮਹਿਕਮਿਆਂ ਨਾਲ ਰਾਬਤਾ ਕਰਕੇ ਦਿਸ਼ਾ ਨਿਰਦੇਸ਼ ਜਾਰੀ ਕਰਾਏ ਜਾਣਗੇ ਤੇ ਸ੍ਰੀ ਖੁਰਾਲਗੜ੍ਹ ਸਾਹਿਬ ਨੂੰ ਸਾਰੀਆਂ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।



# ਪੈਨਸ਼ਨਰਜ਼ ਜੁਆਇੰਟ ਫਰੰਟ ਦੀ ਡਾਇਰੈਕਟਰ ਪੈਨਸ਼ਨ ਵੰਡ ਤੇ ਵਿੱਤ ਨਾਲ ਮੀਟਿੰਗ

**ਹੁਸ਼ਿਆਰਪੁਰ/ਜਲੰਧਰ (ਬਲਵੀਰ ਸਿੰਘ ਸੈਣੀ, ਰਾਜੇਸ਼ ਥਾਪਾ)**

ਪੰਜਾਬ ਗੌਰਮਿੰਟ ਪੈਨਸ਼ਨਰਜ਼ ਜੁਆਇੰਟ ਫਰੰਟ ਦੀ ਮੀਟਿੰਗ ਡਾਇਰੈਕਟਰ ਪੈਨਸ਼ਨ ਵੰਡ ਅਤੇ ਖਜਾਨਾ ਅਰਵਿੰਦ ਕੁਮਾਰ ਐਮ ਕੇ ਆਈ ਏ ਐਸ ਨਾਲ ਹੋਈ ਜਿਸ ਵਿੱਚ ਪੈਨਸ਼ਨਰਜ਼ ਕਨਫੈਡਰੇਸ਼ਨ, ਪੀ ਐੱਸ ਪੀ ਸੀ ਐੱਲ ਪੈਨਸ਼ਨਰਜ਼ ਐਸੋਸੀਏਸ਼ਨ, ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ (ਰਜਿ:) ਪੰਜਾਬ ਅਤੇ ਪੰਜਾਬ ਪੁਲੀਸ ਵੈਲਫੇਅਰ ਪੈਨਸ਼ਨ ਐਸੋਸੀਏਸ਼ਨ ਦੇ ਆਗੂ ਸਰਬ ਕਰਮ ਸਿੰਘ ਧਨੋਆ, ਕੁਲਵਰਨ ਸਿੰਘ, ਰਾਮ ਕ੍ਰਿਸ਼ਨ ਧੁਨਕੀਆ, ਧਨਵੰਤ ਸਿੰਘ ਭੱਠਲ, ਕਰਨੈਲ ਸਿੰਘ, ਭਜਨ ਸਿੰਘ ਗਿੱਲ, ਸੁਰਿੰਦਰ ਰਾਮ ਕੁੱਸਾ, ਲੈਕ ਸੁਖਮੰਦਰ ਸਿੰਘ, ਸੁਖਵਿੰਦਰ ਸਿੰਘ ਸੈਣੀ, ਪ੍ਰੇਮ ਚੰਦ ਪੰਜੋਲਾ, ਨਾਹਰ ਸਿੰਘ ਸ਼ਾਮਲ ਹੋਏ। ਜੁਆਇੰਟ ਫਰੰਟ ਦੇ ਆਗੂਆਂ ਨੇ ਡਾਇਰੈਕਟਰ ਸਾਹਿਬ ਦੇ ਧਿਆਨ ਚ ਲਿਆਂਦਾ ਕਿ ਪੰਜਾਬ ਦੇ ਬਹੁਤ ਸਾਰੇ ਪੈਨਸ਼ਨਰਾਂ ਦੀਆਂ ਪੈਨਸ਼ਨਾਂ ਅਜੇ ਤੱਕ ਨਹੀਂ ਪਈਆਂ। ਖਾਸ ਕਰਕੇ ਪੰਜਾਬ ਨੈਸ਼ਨਲ ਬੈਂਕ ਦੇ ਪੈਨਸ਼ਨਰਾਂ ਦੀਆਂ ਜਦੋਂ ਕਿ ਪੈਨਸ਼ਨਰਾਂ ਨੇ ਵਾਰ ਵਾਰ ਆਪਣੇ ਲਾਈਵ ਸਾਰਟੀਫਿਕੇਟ ਆਨ ਲਾਈਨ ਕਰਵਾ ਦਿੱਤੇ ਹਨ। ਉਨ੍ਹਾਂ ਵਿਸ਼ਵਾਸ਼ ਦਵਾਇਆ ਕਿ ਜਿਨ੍ਹਾਂ ਦੇ ਲਾਈਵ ਸਰਟੀਫਿਕੇਟ ਡਿਜੀਟਲ ਹੋ ਗਏ ਹਨ ਉਹਨਾਂ ਦੀਆਂ ਪੈਨਸ਼ਨਾਂ ਜਲਦੀ ਪਾ ਦਿੱਤੀਆਂ ਜਾਣਗੀਆਂ। ਜੁਆਇੰਟ ਫਰੰਟ ਦੇ ਆਗੂਆਂ ਨੇ ਪੈਨਸ਼ਨ ਸੇਵਾ ਪੋਰਟਲ ਨੂੰ ਰੱਦ ਕਰਨ ਦੀ ਮੰਗ ਕੀਤੀ ਜਾਂ ਫਿਰ ਇਸ ਨੂੰ ਆਪਸ਼ਨਲ ਕਰਨ ਦੀ ਮੰਗ ਕੀਤੀ ਤਾਂ ਕਿ ਪੈਨਸ਼ਨਾਂ ਲਗਾਤਾਰ ਹਰ ਮਹੀਨੇ ਦੇ ਅਖੀਰ ਵਿੱਚ ਬੈਂਕ ਖਾਤਿਆਂ ਵਿੱਚ ਪੈ ਜਾਣ। ਡਾਇਰੈਕਟਰ ਨੇ ਕਿਹਾ ਕਿ ਡੀ ਐੱਲ ਸੀ ਦਾ ਪੈਨਸ਼ਨ ਪੋਰਟਲ ਨਾਲ ਕੋਈ ਸਬੰਧ ਨਹੀਂ, ਡੀ ਐੱਲ ਸੀ ਦਾ ਸਬੰਧ ਕੇਂਦਰ ਨਾਲ ਹੈ। ਉਹਨਾਂ ਕਿਹਾ ਕਿ ਜਿੰਨ੍ਹਾਂ ਦੀਆਂ ਪੈਨਸ਼ਨਾਂ ਅਜੇ ਤੱਕ ਨਹੀਂ ਪਈਆਂ ਉਹ ਜਿਲਾ ਵਾਈਜ ਲਿਸਟਾਂ ਬਣਾ ਕੇ ਡਾਇਰੈਕਟਰ ਦੇ ਦਫ਼ਤਰ ਪਹੁੰਚਦੀਆਂ ਕੀਤੀਆਂ ਜਾਣ।



# ਪੰਜਾਬ ਸਰਕਾਰ ਕੰਟਰੈਕਟ ਤੇ ਆਊਟ ਸੋਰਸ ਸਫ਼ਾਈ ਸੇਵਕ ਮੁਲਾਜ਼ਮ ਪੱਕੇ ਕਰੇ

**ਗੁਰਾਇਆ (ਬਿੰਦਰ ਸੁਮਨ)**-ਮਿਉਂਸਿਪਲ ਪੈਨਸ਼ਨਰਜ਼ ਯੂਨੀਅਨ ਗੁਰਾਇਆ ਦੀ ਮਹੀਨਾਵਾਰ ਮੀਟਿੰਗ ਪ੍ਰੇਮ ਨਾਥ ਪ੍ਰਧਾਨ ਦੀ ਪ੍ਰਧਾਨਗੀ ਹੇਠ ਸ੍ਰੀ ਭਗਵਾਨ ਵਾਲਮੀਕਿ ਆਸ਼ਰਮ ਗੁਰਾਇਆ ਵਿਖੇ ਹੋਈ। ਮੀਟਿੰਗ ਵਿੱਚ ਪੰਜਾਬ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਫਿਲੌਰ ਦੇ ਪ੍ਰਧਾਨ ਡਾਕਟਰ ਵਲਵਿਦਰ ਪ੍ਰਧਾਨ ਕੁਮਾਰ ਜੀ ਨੇ ਪੰਜਾਬ ਪੈਨਸ਼ਨਰਾਂ ਅਤੇ ਮੁਲਾਜ਼ਮਾਂ ਦੀਆਂ ਮੰਗਾਂ ਬਾਰੇ ਚੁੱਪ ਧਾਰਨ ਬਾਰੇ ਪੰਜਾਬ ਸਰਕਾਰ ਦੀ ਨਿਖੇਧੀ ਕੀਤੀ। ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਆਪਣੇ ਹੱਕ ਲੈਣ ਲਈ ਇਕਠੇ ਹੋ ਕੇ ਸੰਘਰਸ਼ ਕਰਨ ਦਾ ਸੱਦਾ ਦਿੱਤਾ। ਤਾਰਾ ਸਿੰਘ ਨੇ ਕਿਹਾ ਕਿ ਸਫ਼ਾਈ ਸੇਵਕ ਪੰਦਰਾਂ, ਵੀਹਾਂ ਸਾਲਾਂ ਤੋਂ ਨਿਗੁਣੀ ਤਨਖਾਹਾਂ ਤੇ ਕੰਮ ਕਰਦੇ ਹਨ। ਸਫ਼ਾਈ ਸੇਵਕਾਂ ਨੂੰ ਗੰਦਗੀ ਵਿੱਚ ਕੰਮ ਕਰਦਿਆਂ ਨੂੰ ਗੰਭੀਰ ਬੀਮਾਰੀਆਂ ਲਗ ਜਾਂਦੀਆਂ ਹਨ। ਜਿਨ੍ਹਾਂ ਦੇ ਮਹਿੰਗੇ ਇਲਾਜ ਲਈ ਉਨ੍ਹਾਂ ਕੋਲ ਪੈਸੇ ਨਹੀਂ ਹੁੰਦੇ। ਠੇਕੇਦਾਰੀ ਸਿਸਟਮ ਬੰਦ ਕੀਤਾ ਜਾਵੇ, ਕੰਟਰੈਕਟ ਤੇ ਆਊਟ ਸੋਰਸ ਮੁਲਾਜ਼ਮ ਪੱਕੇ ਕੀਤੇ ਜਾਣ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ, ਪਰਖ਼ ਸਮਾਂ ਇਕ ਸਾਲ ਕੀਤਾ ਜਾਵੇ ਅਤੇ ਉਸ ਸਮੇਂ ਦੁਰਾਨ ਪੂਰੀ ਤਨਖਾਹ ਦਿੱਤੀ ਜਾਵੇ ਅਤੇ ਪੈਨਸ਼ਨਰਾਂ ਤੇ 2.59 ਦਾ ਗੁਣਾਕ ਲਾਗੂ ਕੀਤਾ ਜਾਵੇ। ਮੀਟਿੰਗ ਵਿੱਚ ਸਤਪਾਲ ਮਹਿਮੀ, ਪ੍ਰੇਮ ਨਾਥ, ਸੁਨੀਤਾ, ਬਿਮਲਾ ਪੁੰਜ, ਇੰਦਰਜੀਤ, ਜਮਨਾ, ਸ਼ਿਵ ਦਾਸ, ਕ੍ਰਿਸ਼ਨ ਪਾਲ, ਸੰਤੋਖ ਸਿੰਘ, ਸਤਪਾਲ ਯਾਦਵ, ਰਾਮ ਲੁਭਾਇਆ, ਚਰਨ ਦਾਸ, ਵਿਨੋਦ ਕੁਮਾਰ, ਬਲਵਿੰਦਰ ਕੁਮਾਰ ਤੇ ਤਾਰਾ ਸਿੰਘ ਆਦਿ ਹਾਜ਼ਰ ਸਨ।



# 12ਵੀਂ ਦੀ ਪ੍ਰੀਖਿਆ ਪਾਸ ਕਰਨ ਵਾਲੇ ਸਮੂਹ ਵਿਦਿਆਰਥੀਆਂ ਨੂੰ ਦਿਤੀਆਂ ਸ਼ੁੱਭ ਇੱਛਾਵਾਂ

**ਗੁਰਾਇਆ (ਬਿੰਦਰ ਸੁਮਨ)**

ਸ਼੍ਰੀ ਹਨੂਮਤ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨੋਲੋਜੀ ਪ੍ਰਬੰਧਕਾਂ ਨੇ 12ਵੀਂ ਦੀਆਂ ਬੋਰਡ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਸਾਰੇ ਵਿਦਿਆਰਥੀਆਂ ਨੂੰ ਸੁਨਹਿਰੀ ਭਵਿੱਖ ਲਈ ਸ਼ੁੱਭ ਇੱਛਾਵਾਂ ਦਿਤੀਆਂ ਹਨ। ਸੰਸਥਾ ਦੇ ਪ੍ਰਬੰਧਨ, ਫੈਕਲਟੀ ਮੈਂਬਰਾਂ ਅਤੇ ਸਟਾਫ ਨੇ ਵਿਦਿਆਰਥੀਆਂ ਦੀ ਮਿਹਨਤ, ਲਗਨ ਅਤੇ ਸਮਰਪਣ 'ਤੇ ਖੁਸ਼ੀ ਅਤੇ ਮਾਣ ਦਾ ਪ੍ਰਗਟਾਵਾ ਕੀਤਾ। ਪ੍ਰਿੰਸੀਪਲ ਡਾ. ਪਲਵਿੰਦਰ ਕੁਮਾਰ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਇਸ ਮਹੱਤਵਪੂਰਨ ਮੀਲ ਪੱਥਰ ਦੀ ਪ੍ਰਾਪਤੀ ਨੂੰ ਲੈ ਕੇ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ 12ਵੀਂ ਦਾ ਨਤੀਜਾ ਸਿਰਫ਼ ਇਕ ਇਮਤਿਹਾਨ ਵਿਚ ਹਾਸਲ ਹੋਈ ਸਫਲਤਾ ਨਹੀਂ, ਸਗੋਂ ਹਰ ਵਿਦਿਆਰਥੀ ਦੀ ਜ਼ਿੰਦਗੀ ਵਿੱਚ ਨਵੇਂ ਚੈਪਟਰ ਦੀ ਸ਼ੁਰੂਆਤ ਹੁੰਦੀ ਹੈ, ਜਿੱਥੋਂ ਉਹ ਆਪਣੇ ਭਵਿੱਖ ਅਤੇ ਕਰੀਅਰ ਦੀ ਦਿਸ਼ਾ ਤੈਅ ਕਰਦੇ ਹਨ। ਇਸ ਦੌਰਾਨ ਅਦਾਰੇ ਵੱਲੋਂ ਸਰਕਾਰੀ ਕਨਿਆ ਸੀਨੀਅਰ ਸੈਕੰਡਰੀ ਸਕੂਲ ਬੜਾ ਪਿੰਡ (ਜਲੰਧਰ) ਦੀ ਵਿਦਿਆਰਥਣ ਤੀਰਥ ਕੌਰ ਪੁੱਤਰੀ ਚੰਦਰ ਮੋਹਨ ਨੂੰ 97.40% ਅੰਕਾਂ ਦੇ ਨਾਲ ਜ਼ਿਲ੍ਹਾ ਜਲੰਧਰ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ 'ਤੇ ਸਨਮਾਨਿਤ ਕੀਤਾ ਗਿਆ। ਕਾਲਜ ਪ੍ਰਬੰਧਕਾਂ ਨੇ ਇਸ ਹੋਣਹਾਰ ਵਿਦਿਆਰਥਣ ਨੂੰ ਸ਼ੁੱਭ ਇੱਛਾਵਾਂ ਦਿੰਦਿਆਂ ਕਿਹਾ ਕਿ ਉਸ ਦੀ ਇਸ ਉਪਲਬਧੀ ਨਾਲ ਪਰਵਾਰ ਹੀ ਨਹੀਂ ਸਗੋਂ ਉਸਦੇ ਸਕੂਲ ਅਤੇ ਪੂਰੇ ਜ਼ਿਲ੍ਹੇ ਦਾ ਮਾਣ ਵਧਿਆ ਹੈ। ਸੰਸਥਾ ਵੱਲੋਂ ਜ਼ਿਲ੍ਹਾ ਟਾਪਰ ਵਿਦਿਆਰਥਣ ਨੂੰ ਟਰਾਫੀ ਦੇ ਕੇ ਸਨਮਾਨਤ ਕੀਤਾ ਗਿਆ ਅਤੇ ਸਮੂਹ ਵਿਦਿਆਰਥੀ ਵਰਗ ਨੂੰ ਉਸ ਤੋਂ ਸੇਧ ਲੈਣ ਲਈ ਪ੍ਰੇਰਿਤ ਕੀਤਾ ਤਾਂ ਜੋ ਹੋਰ ਵਿਦਿਆਰਥੀ ਵੀ ਆਪਣੀ ਮਿਹਨਤ ਸਦਕਾ ਪੜ੍ਹਾਈ ਵਿਚ ਟਾਪ ਪੋਜੀਸ਼ਨਾ ਹਾਸਲ ਕਰਨ ਦੇ ਯੋਗ ਬਣ ਸਕਣ। ਅਖੀਰ ਵਿੱਚ ਸ਼ਿਮਟ ਇੰਸਟੀਟਿਊਟ ਵੱਲੋਂ ਵਿਦਿਆਰਥੀਆਂ ਨੂੰ ਗੁਣਵੱਤਾ ਵਾਲੀ ਸਿੱਖਿਆ, ਪ੍ਰੈਕਟੀਕਲ ਟ੍ਰੇਨਿੰਗ, ਇੰਡਸਟਰੀ ਐਕਸਪੋਜ਼ਰ, ਇੰਟਰਨਸ਼ਿਪ ਅਤੇ ਪਲੇਸਮੈਂਟ ਮੌਕਿਆਂ ਦਾ ਲਾਭ ਲੈ ਕੇ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਰਹਿਣ ਦੀ ਅਪੀਲ ਕੀਤੀ ਗਈ।



# ਐੱਸ ਪੀ ਸਿੰਘ ਉਬਰਾਏ ਨੇ ਲੈਬ ਦਾ ਕੀਤਾ ਉਦਘਾਟਨ

**ਬੰਗਾ (ਅਵਤਾਰ ਕਲੇਰ)**

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਪਟਿਆਲਾ ਵੱਲੋਂ ਦੁਸਾਂਝ ਕਲਾਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਹਸਪਤਾਲ ਵਿਖੇ ਸਨੀ ਉਬਰਾਏ ਕਲੀਨਿਕ ਲੈਬ ਅਤੇ ਡਾਇਗਨੋਸਟਿਕ ਸੈਂਟਰ ਦਾ ਉਦਘਾਟਨ ਐੱਸ ਪੀ ਸਿੰਘ ਉਬਰਾਏ ਨੇ ਰੀਬਨ ਕੱਟ ਕੇ ਕੀਤਾ। ਇਸ ਮੌਕੇ ਪ੍ਰਿੰਸੀਪਲ ਗਿਆਨੀ ਸਿੰਘ ਨੇ ਐੱਸ ਪੀ ਸਿੰਘ ਉਬਰਾਏ ਅਤੇ ਹੋਰ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਆਖਿਆ। ਤੀਰਥ ਸਿੰਘ ਖਾਲਸਾ ਨੇ ਹਸਪਤਾਲ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਇਲਾਕਾ ਨਿਵਾਸੀਆਂ ਦੀ ਮੰਗ ਹਸਪਤਾਲ ਵਾਸਤੇ ਇੱਕ ਐਂਬੂਲੈਂਸ ਦੇਣ ਅਤੇ ਹਸਪਤਾਲ ਨੂੰ ਹੋਰ ਲੋੜੀਂਦਾ ਸਾਜ਼ੋ-ਸਾਮਾਨ ਦੇਣ ਲਈ ਕਿਹਾ। ਇਸ ਸਮੇਂ ਗਿਆਨ ਸਿੰਘ ਦੁਸਾਂਝ ਨੇ ਦੱਸਿਆ ਕਿ ਸ਼ਰਨਜੀਤ ਸਿੰਘ ਬੈਂਸ ਅਮਰੀਕਾ ਤੇ ਪਰਮਜੀਤ ਸਿੰਘ ਦੁਸਾਂਝ ਇਟਲੀ ਦੇ ਯਤਨਾਂ ਸਦਕਾ ਇਹ ਲੈਬ ਗੁਰੂ ਗੋਬਿੰਦ ਸਿੰਘ ਹਸਪਤਾਲ ਦੁਸਾਂਝ ਕਲਾਂ ਵਿਖੇ ਚਾਲੂ ਕੀਤਾ ਗਈ ਹੈ। ਇਸ ਦਾ ਸਾਡੇ ਇਲਾਕੇ ਦੇ 25 ਪਿੰਡਾਂ ਨੂੰ ਫਾਇਦਾ ਹੋਵੇਗਾ। ਐੱਸ ਪੀ ਸਿੰਘ ਉਬਰਾਏ ਨੇ ਦੱਸਿਆ ਕਿ ਇਸ ਲੈਬ ਦੇ ਟੈਸਟਾਂ ਦਾ ਰੇਟ ਬਹੁਤ ਹੀ ਘੱਟ ਹੈ ਜਿਵੇਂ ਕਿ ਪੂਰੇ ਸਰੀਰ ਦੇ ਸਾਰੇ ਟੈਸਟਾਂ ਦਾ ਕੁਲ ਖ਼ਰਚਾ ਮਾਤਰ 400 ਰੁਪਏ ਹੋਵੇਗਾ ਤੇ ਏ ਸੀ ਜੀ ਸਿਰਫ਼ 20 ਰੁਪਏ ਵਿਚ ਕੀਤੀ ਜਾਵੇਗੀ। ਇਸ ਲੈਬ ਦੇ ਖੁੱਲਣ ਨਾਲ ਗਰੀਬ ਲੋਕਾਂ ਨੂੰ ਵੱਧ ਤੋਂ ਵੱਧ ਫਾਇਦਾ ਉਠਾਉਣ ਚਾਹੀਦਾ ਹੈ। ਇਸ ਸਮੇਂ ਤੀਰਥ ਸਿੰਘ ਗਰੇਵਾਲ ਨੇ ਐੱਸ ਪੀ ਸਿੰਘ ਉਬਰਾਏ ਦਾ ਹਸਪਤਾਲ ਪਹੁੰਚਣ ਤੇ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਇਨ੍ਹਾਂ ਦੇ ਕਾਰਜਾਂ ਦੀ ਪ੍ਰਸ਼ੰਸਾ ਕੀਤੀ। ਪਿੰਡ ਦੁਸਾਂਝ ਕਲਾਂ ਦੇ ਸਰਪੰਚ ਨਿਰਮਲ ਕੁਮਾਰ ਵਲੋਂ ਵੀ ਉਬਰਾਏ ਸਾਹਿਬ ਨੂੰ ਇਲਾਕੇ ਦੀਆਂ ਮੰਗਾਂ ਦਾ ਮੰਗ ਪੱਤਰ ਦਿੱਤਾ ਗਿਆ। ਐੱਸ ਪੀ ਸਿੰਘ ਉਬਰਾਏ ਨੇ ਕਮੇਟੀ ਦੀ ਪ੍ਰਸ਼ੰਸਾ ਕੀਤੀ ਅਤੇ ਕਮੇਟੀ ਵੱਲੋਂ ਅਤੇ ਪਿੰਡ ਦੀ ਪੰਚਾਇਤ ਵਲੋਂ ਦਿੱਤੇ ਗਏ ਮੰਗ ਪੱਤਰਾਂ ਅਨੁਸਾਰ ਸਾਰੀਆਂ ਮੰਗਾਂ ਜਲਦੀ ਪੂਰੀਆਂ ਕਰ ਦਿੱਤੀਆ ਜਾਣਗੀਆਂ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾਂ ਆਗਮਨ ਪੁਰਬ ਨੂੰ ਸਮਰਪਿਤ 200 ਲੈਬਾਂ ਖੋਲ੍ਹਣੀਆਂ ਹਨ। ਜਿਨ੍ਹਾਂ ਚੋਂ ਇੱਕ ਲੈਬ ਦੁਸਾਂਝ ਕਲਾਂ ਦੀ ਹੈ ਅਸੀ ਦੁਸਾਂਝ ਕਲਾਂ 'ਚ ਲੈਬ ਖੋਲ੍ਹਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ। ਇਸ ਮੌਕੇ ਗੁਰੂ ਗੋਬਿੰਦ ਸਿੰਘ ਹਸਪਤਾਲ ਦੀ ਵੈਲਫੇਅਰ ਸੁਸਾਇਟੀ ਵੱਲੋਂ ਸਰਬੱਤ ਦਾ ਭਲਾ ਟਰੱਸਟ ਦੇ ਆਏ ਹੋਏ ਮਹਿਮਾਨਾਂ ਐੱਸ. ਪੀ. ਸਿੰਘ ਉਬਰਾਏ, ਸਲਾਹਕਾਰ ਸਿਹਤ ਸੇਵਾਵਾਂ ਡਾ. ਦਲਜੀਤ ਸਿੰਘ ਗਿੱਲ, ਪ੍ਰਧਾਨ ਦੁਆਬਾ ਇਕਾਈ ਅਮਰਜੋਤ ਸਿੰਘ, ਜੁਆਇੰਟ ਸਕੱਤਰ ਜਲੰਧਰ ਇਕਾਈ ਐਡਵੋਕੇਟ ਮਨਮੋਹਨ ਸਿੰਘ ਦੇ ਮੈਂਬਰਾਂ ਨੂੰ ਸਿਰਪਾਓ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਸਮੇਂ ਸੀਨੀਅਰ ਪ੍ਰਧਾਨ ਬਲਵਿੰਦਰ ਸਿੰਘ ਦੁਸਾਂਝ, ਪ੍ਰਿੰਸੀ. ਤੀਰਥ ਸਿੰਘ ਗਰੇਵਾਲ, ਗੁਰਬਖਸ਼ ਸਿੰਘ ਲੇਹਲ, ਬਲਾਕ ਸੰਮਤੀ ਮੈਂਬਰ ਗੁਰਪ੍ਰੀਤ ਕੌਰ, ਸਰਪੰਚ ਨਿਰਮਲ ਕੁਮਾਰ ਨਵੀ, ਰਣਜੀਤ ਸਿੰਘ ਨੰਬਰਦਾਰ, ਸੰਤੋਖ਼ ਸਿੰਘ, ਜੋਗਾ ਸਿੰਘ ਜੌਹਲ, ਗੁਰਦੀਪ ਸਿੰਘ ਕਾਕਾ, ਤਰਸੇਮ ਸਿੰਘ ਕੇਨੈਡਾ ਤੋਂ ਇਲਾਵਾਂ ਇਲਾਕੇ ਭਰ ਤੋਂ ਪਤਵੰਤੇ ਸੱਜਣ ਹਾਜ਼ਰ ਸਨ।




# ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਨੇ 12ਵੀਂ ਦੀ ਪ੍ਰੀਖਿਆ 'ਚ ਸ਼ਾਨਦਾਰ ਨਤੀਜੇ ਪ੍ਰਾਪਤ ਕੀਤੇ

**ਦਸੂਹਾ (ਕਰਨੈਲ ਮਾਂਗਟ)**-ਹਾਲ ਹੀ ਵਿੱਚ ਐਲਾਨੇ ਗਏ ਸੀ ਬੀ ਐੱਸ ਈ 12ਵੀਂ ਜਮਾਤ ਦੇ ਨਤੀਜਿਆਂ ਵਿੱਚ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਡੱਡੂ ਮਾਜਰਾ ਕਲੋਨੀ ਚੰਡੀਗੜ੍ਹ ਨੇ 2025-26 ਦੀ ਪ੍ਰੀਖਿਆ ਵਿੱਚ 75.53 ਫੀਸਦੀ ਪ੍ਰਭਾਵਸ਼ਾਲੀ ਪਾਸ ਫੀਸਦੀ ਪ੍ਰਾਪਤ ਕੀਤੀ ਹੈ। ਪ੍ਰਿੰਸੀਪਲ ਸ਼੍ਰੀਮਤੀ ਨੀਰਜਾ ਜੈਨ ਨੇ ਕਿਹਾ ਕਿ ਇਸ ਨਤੀਜੇ ਵਿੱਚ ਪਿਛਲੇ ਸਾਲ ਦੇ ਮੁਕਾਬਲੇ 24.18 ਫੀਸਦੀ ਦਾ ਮਹੱਤਵਪੂਰਨ ਵਾਧਾ ਹੋਇਆ ਹੈ। ਉਨ੍ਹਾਂ ਨੇ ਇਸ ਸ਼ਲਾਘਾਯੋਗ ਪ੍ਰਾਪਤੀ ਲਈ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਦੇ ਸਮਰਪਿਤ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਉਨ੍ਹਾਂ ਦੇ ਹੋਰ ਵਿਕਾਸ ਦੀ ਕਾਮਨਾ ਕੀਤੀ।

# ਰਾਸ਼ਟਰੀ ਡੇਂਗੂ ਦਿਵਸ ਮਨਾਇਆ

**ਗੁਰਾਇਆ (ਬਿੰਦਰ ਸੁਮਨ)**-ਸਮਾਜ ਵਿਚ ਡੇਂਗੂ ਬੁਖ਼ਾਰ ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵੱਲੋਂ ਰਾਸ਼ਟਰੀ ਡੇਂਗੂ ਦਿਵਸ ਸੀਨੀਅਰ ਮੈਡੀਕਲ ਅਫ਼ਸਰ ਡਾ ਪਰਮਜੀਤ ਸਿੰਘ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲੋਕਾਂ ਨੂੰ ਡੇਂਗੂ ਬੁਖਾਰ ਤੋਂ ਬਚਾਅ ਸਬੰਧੀ ਜਾਗਰੂਕ ਕੀਤਾ ਗਿਆ। ਸਿਹਤ ਕਰਮਚਾਰੀਆਂ ਨੇ ਪਿੰਡਾਂ ਵਿੱਚ ਘਰ-ਘਰ ਜਾ ਕੇ ਸਰਵੇ ਕੀਤਾ ਅਤੇ ਲੋਕਾਂ ਨੂੰ ਆਪਣੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦੇਣ, ਕੂਲਰਾਂ ਅਤੇ ਪਾਣੀ ਵਾਲੇ ਭਾਂਡਿਆਂ ਦੀ ਹਫ਼ਤੇ ਵਿੱਚ ਇੱਕ ਵਾਰ ਸਫਾਈ ਕਰਨ ਅਤੇ ਪੂਰੇ ਬਾਹਾਂ ਵਾਲੇ ਕੱਪੜੇ ਪਹਿਨਣ ਲਈ ਪ੍ਰੇਰਿਤ ਕੀਤਾ। ਮੈਡੀਕਲ ਅਫਸਰ ਡਾ. ਮਮਤਾ ਗੌਤਮ ਨੇ ਦੱਸਿਆ ਕਿ ਡੇਂਗੂ ਮੱਛਰ ਸਾਫ਼ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਇਸ ਤੋਂ ਬਚਾਅ ਲਈ ਲੋਕਾਂ ਦੀ ਭਾਗੀਦਾਰੀ ਬਹੁਤ ਜ਼ਰੂਰੀ ਹੈ। ਮੈਡੀਕਲ ਅਫਸਰ ਡਾ ਮਮਤਾ ਗੌਤਮ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਬੁਖ਼ਾਰ, ਸਰੀਰ ਦਰਦ, ਸਿਰ ਦਰਦ ਜਾਂ ਪਲੇਟਲੈਟ ਘਟਣ ਵਰਗੇ ਲੱਛਣ ਨਜ਼ਰ ਆਉਣ 'ਤੇ ਤੁਰੰਤ ਨਜ਼ਦੀਕੀ ਸਰਕਾਰੀ ਸਿਹਤ ਸੰਸਥਾ ਨਾਲ ਸੰਪਰਕ ਕੀਤਾ ਜਾਵੇ।

## ਸੀ ਬੀ ਐੱਸ ਈ ਦੇ ਨਤੀਜਿਆਂ 'ਚ ਬਾਬਾ ਸਾਹਿਬ ਦਾਸ ਪਬਲਿਕ ਸਕੂਲ ਫੱਗੂਵਾਲਾ ਦਾ ਸ਼ਾਨਦਾਰ ਪ੍ਰਦਰਸ਼ਨ



**ਭਵਾਨੀਗੜ੍ਹ (ਰਾਜ ਖੁਰਮੀ)**-ਸੀਬੀਐੱਸਈ ਬੋਰਡ ਵੱਲੋਂ ਐਲਾਨੇ ਗਏ 12ਵੀਂ ਜਮਾਤ ਦੇ ਨਤੀਜਿਆਂ ਵਿੱਚ ਬਾਬਾ ਸਾਹਿਬ ਦਾਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਫੱਗੂਵਾਲਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਦੇ ਵਿਦਿਆਰਥੀਆਂ ਨੇ ਮਿਹਨਤ ਤੇ ਅਧਿਆਪਕਾਂ ਦੀ ਯੋਗ ਰਹਿਨੁਮਾਈ ਸਦਕਾ ਉੱਚ ਅੰਕ ਪ੍ਰਾਪਤ ਕਰਕੇ ਕਾਮਯਾਬੀ ਹਾਸਲ ਕੀਤੀ।ਸਾਇੰਸ ਗਰੁੱਪ ਵਿੱਚ ਕੀਰਤੀ ਸ਼ਰਮਾ ਤੇ ਇਸ਼ਮਨਪ੍ਰੀਤ ਕੌਰ ਨੇ 91 ਫੀਸਦੀ ਅੰਕ ਪ੍ਰਾਪਤ ਕਰਕੇ ਸਾਂਝੇ ਤੌਰ 'ਤੇ ਪਹਿਲਾ ਸਥਾਨ ਹਾਸਲ ਕੀਤਾ।ਇਸ ਤੋਂ ਇਲਾਵਾ ਲਵਲੀਨ ਕੌਰ ਨੇ 87 ਫੀਸਦੀ, ਐਲਕ ਪਾਵਾ ਨੇ 79 ਫੀਸਦੀ, ਸੀਆ ਗੋਇਲ ਤੇ ਪ੍ਰਤੀਕ ਸਿੰਘ ਨੇ 76-76 ਫੀਸਦੀ ਅੰਕ ਹਾਸਲ ਕੀਤੇ।ਕਾਮਰਸ ਗਰੁੱਪ ਵਿੱਚ ਗੁਰਜੀਤ ਕੌਰ ਨੇ 79 ਫੀਸਦੀ ਅੰਕ ਲੈ ਕੇ ਸਭ ਤੋਂ ਵਧੀਆ ਪ੍ਰਦਰਸ਼ਨ ਕੀਤਾ।ਹਰਸ਼ਿਲ ਬਾਂਸਲ ਨੇ 76 ਫੀਸਦੀ, ਯੁਕਤ ਪ੍ਰੀਤ ਨੇ 71 ਫੀਸਦੀ ਅੰਕ ਪ੍ਰਾਪਤ ਕੀਤੇ।ਹਿਊਮੈਨਿਟੀਜ਼ ਗਰੁੱਪ ਵਿੱਚ ਜੋਬਨਪ੍ਰੀਤ ਕੌਰ ਨੇ 74 ਫੀਸਦੀ, ਸੁਖਮਨਜੋਤ ਸਿੰਘ ਨੇ 73 ਫੀਸਦੀ, ਸੰਦੀਪ ਕੌਰ ਨੇ 68 ਫੀਸਦੀ ਤੇ ਐਸ਼ਵੀਰ ਕੌਰ ਨੇ 65 ਫੀਸਦੀ ਅੰਕ ਹਾਸਲ ਕੀਤੇ।ਇਸ ਮੌਕੇ ਸਕੂਲ ਪ੍ਰਬੰਧਕਾਂ ਤੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਕਿੰਡਰ ਗਾਰਟਨ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ



**ਸਮਰਾਲਾ (ਸੁਰਜੀਤ ਸਿੰਘ)**-ਹਰ ਸਾਲ ਦੀ ਤਰਾਂ ਕਿੰਡਰ ਗਾਰਟਨ ਐਂਡ ਸੀ. ਸੈ. ਸਕੂਲ ਸਮਰਾਲਾ ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਦੇ ਡਾਇਰੈਕਟਰ ਮੈਡਮ ਸਰਬਜੀਤ ਕੌਰ ਦੱਸਿਆ ਕਿ ਸਾਰੇ ਹੀ ਵਿਦਿਆਰਥੀ ਬਹੁਤ ਵਧੀਆ ਅੰਕ ਪ੍ਰਾਪਤ ਕਰਕੇ ਪਾਸ ਹੋਏ।ਉਨ੍ਹਾਂ ਦੱਸਿਆ ਕਿ ਕਾਮਰਸ ਗਰੁੱਪ ਵਿੱਚੋਂ ਹਰਵੀਰ ਸਿੰਘ ਨੇ 93.8% ਅੰਕ ਲੈ ਕੇ ਜਮਾਤ ਵਿੱਚੋਂ ਪਹਿਲਾ, ਸਿਮਰਨਪ੍ਰੀਤ ਕੌਰ ਨੇ 91.6% ਅੰਕ ਲੈ ਕੇ ਦੂਜਾ, ਜਸਨੂਰ ਕੌਰ ਨੇ 90.4% ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ।ਆਰਟਸ ਗਰੁੱਪ ਵਿੱਚੋਂ ਸੁਖਮਨਪ੍ਰੀਤ ਕੌਰ ਸਪੁੱਤਰੀ ਨੇ 94.2% ਅੰਕ ਲੈ ਕੇ ਜਮਾਤ 'ਚੋਂ ਪਹਿਲਾ, ਗੁਰਮੀਨ ਕੌਰ ਨੇ 94% ਲੈ ਕੇ ਦੂਜਾ ਸਥਾਨ, ਐਸ਼ਲੀਨ ਕੌਰ ਨੇ 93.8% ਲੈ ਕੇ ਜਮਾਤ ਵਿੱਚੋਂ ਤੀਜਾ ਸਥਾਨ ਹਾਸਲ ਕੀਤਾ।ਸਕੂਲ ਦੇ ਚੇਅਰਮੈਨ ਦਲਜੀਤ ਸਿੰਘ ਸ਼ਾਹੀ, ਉੱਪ ਚੇਅਰਮੈਨ ਕਮਲਜੀਤ ਸਿੰਘ ਸ਼ਾਹੀ, ਡਾਇਰੈਕਟਰ ਮੈਡਮ ਸਰਬਜੀਤ ਕੌਰ, ਪ੍ਰਿੰਸੀਪਲ ਮੈਡਮ ਰਣਜੋਤ ਕੌਰ ਨੇ ਬੱਚਿਆਂ, ਉਨ੍ਹਾਂ ਦੇ ਮਾਪਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ।

## ਅਲਪਾਈਨ ਪਬਲਿਕ ਸਕੂਲ ਭਵਾਨੀਗੜ੍ਹ ਦੇ ਨਤੀਜੇ ਸ਼ਾਨਦਾਰ



**ਭਵਾਨੀਗੜ੍ਹ (ਰਾਜ ਖੁਰਮੀ)**-ਸੀ.ਬੀ.ਐੱਸ.ਈ. ਵੱਲੋਂ ਐਲਾਨੇ ਗਏ ਸੈਸ਼ਨ 2025-26 ਦੇ 12ਵੀਂ ਜਮਾਤ ਦੇ ਨਤੀਜਿਆਂ ਵਿੱਚ ਸਥਾਨਕ ਅਲਪਾਈਨ ਪਬਲਿਕ ਸਕੂਲ ਭਵਾਨੀਗੜ੍ਹ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਕੂਲ ਦਾ ਨਤੀਜਾ ਕਾਬਿਲੇ-ਤਾਰੀਫ਼ ਰਿਹਾ।ਕਾਮਰਸ ਗਰੁੱਪ ਵਿੱਚੋਂ ਰਵਲੀਨ ਕੌਰ ਨੇ 94.8 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ, ਹਰਨੂਰ ਕੌਰ ਨੇ 94 ਫੀਸਦੀ ਅੰਕਾਂ ਨਾਲ ਦੂਜਾ ਤੇ ਹੁਸਨਪ੍ਰੀਤ ਕੌਰ ਨੇ 93.2 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ।ਮੈਡੀਕਲ ਗਰੁੱਪ ਵਿੱਚ ਰਮਨਦੀਪ ਕੌਰ ਨੇ 84.4 ਫੀਸਦੀ ਅੰਕ ਹਾਸਲ ਕਰਕੇ ਪਹਿਲਾ, ਜਦਕਿ ਪਰਾਚੀ ਨੇ 83 ਫੀਸਦੀ ਅੰਕਾਂ ਨਾਲ ਦੂਜਾ ਤੇ ਤਮੰਨਾ ਸ਼ਰਮਾ ਨੇ 82 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਨਾਨ-ਮੈਡੀਕਲ ਗਰੁੱਪ ਵਿੱਚ ਗੁਰਸ਼ਾਨ ਸਿੰਘ ਨਾਗਰਾ ਨੇ 88.6 ਫੀਸਦੀ ਅੰਕ ਲੈ ਕੇ ਪਹਿਲਾ, ਸੰਦੀਪ ਜੋਸ਼ੀ ਨੇ 86.2 ਫੀਸਦੀ ਅੰਕਾਂ ਨਾਲ ਦੂਜਾ ਤੇ ਜੋਵਨਜੋਤ ਕੌਰ ਨੇ 85.6 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ।ਇਸ ਮੌਕੇ ਸਕੂਲ ਮੈਨੇਜਰ ਹਰਮੀਤ ਸਿੰਘ ਗਰੇਵਾਲ ਨੇ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਨੂੰ ਇਸ ਸ਼ਾਨਦਾਰ ਸਫਲਤਾ ਲਈ ਵਧਾਈ ਦਿੰਦਿਆਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਉੱਚੀਆਂ ਮੰਜ਼ਲਾਂ ਸਰ ਕਰਨ ਲਈ ਪ੍ਰੇਰਿਤ ਕੀਤਾ।ਸਕੂਲ ਪ੍ਰਿੰਸੀਪਲ ਰੋਮਾ ਅਰੋੜਾ ਨੇ ਵੀ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ।

## ਬਾਬਾ ਫਰੀਦ ਲਾਅ ਕਾਲਜ ਦੇ ਸਹਾਇਕ ਪ੍ਰੋਫੈਸਰ ਮਨਿੰਦਰ ਸਿੰਘ ਬਣੇ ਲੈਫਟੀਨੈਂਟ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਬਾਬਾ ਫਰੀਦ ਲਾਅ ਕਾਲਜ ਫਰੀਦਕੋਟ ਦੇ ਸਹਾਇਕ ਪ੍ਰੋਫੈਸਰ ਸ੍ਰੀ ਮਨਿੰਦਰ ਸਿੰਘ ਨੇ ਐੱਨ.ਸੀ.ਸੀ. ਅਫਸਰਜ਼ ਟ੍ਰੇਨਿੰਗ ਅਕੈਡਮੀ ਤੋਂ ਸਫਲਤਾਪੂਰਵਕ ਪ੍ਰੀ-ਕਮਿਸ਼ਨ ਟ੍ਰੇਨਿੰਗ ਕੋਰਸ ਪੂਰਾ ਕਰਕੇ ਸੰਸਥਾ ਦਾ ਨਾਮ ਰੌਸ਼ਨ ਕੀਤਾ ਹੈ।ਇਸ ਪ੍ਰਾਪਤੀ ਤੋਂ ਬਾਅਦ 13 ਪੰਜਾਬ ਬਟਾਲੀਅਨ ਐੱਨ.ਸੀ.ਸੀ. ਫਿਰੋਜ਼ਪੁਰ ਵਿਖੇ ਇੱਕ ਗੌਰਵਮਈ 'ਪਿੱਪਿੰਗ ਸੈਰੇਮਨੀ' ਕਰਵਾਈ ਗਈ, ਜਿਸ ਵਿੱਚ ਉਨ੍ਹਾਂ ਨੂੰ ਲੈਫਟੀਨੈਂਟ ਦੇ ਰੈਂਕ ਨਾਲ ਨਿਵਾਜਿਆ ਗਿਆ।13 ਪੰਜਾਬ ਬਟਾਲੀਅਨ ਐੱਨ.ਸੀ.ਸੀ. ਦੇ ਕਮਾਂਡਿੰਗ ਅਫਸਰ ਕਰਨਲ ਸੀ. ਐੱਸ. ਸ਼ਰਮਾ ਨੇ ਸ੍ਰੀ ਮਨਿੰਦਰ ਸਿੰਘ ਦੇ ਮੋਢਿਆਂ 'ਤੇ ਲੈਫਟੀਨੈਂਟ ਦੇ ਰੈਂਕ ਲਗਾ ਕੇ ਇਹ ਰਸਮ ਅਦਾ ਕੀਤੀ।ਇਸ ਯਾਦਗਾਰੀ ਪਲ ਮੌਕੇ ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਰਵਿੰਦਰ ਕੌਰ ਵੀ ਹਾਜ਼ਰ ਰਹੇ, ਜਿਨ੍ਹਾਂ ਨੇ ਰੈਂਕ ਲਗਾਉਣ ਦੀ ਰਸਮ ਵਿੱਚ ਹਿੱਸਾ ਲਿਆ।ਸਮਾਗਮ ਦੌਰਾਨ ਐਸ.ਐਮ. ਨਰਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਕਾਲਜ ਦੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਨੇ ਲੈਫਟੀਨੈਂਟ ਮਨਿੰਦਰ ਸਿੰਘ ਨੂੰ ਇਸ ਮਾਣਮੱਤੀ ਪ੍ਰਾਪਤੀ 'ਤੇ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਇਹ ਸਫਲਤਾ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਬਣੇਗੀ।

## ਸਨਮਤੀ ਵਿਮਲ ਜੈਨ ਸਕੂਲ ਦਾ ਨਤੀਜਾ ਸ਼ਾਨਦਾਰ



**ਜਗਰਾਉਂ (ਸੰਜੀਵ ਅਰੋੜਾ)**-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਉਂ ਦੇ ਸਾਇੰਸ ਗਰੁੱਪ ਦੇ ਵਿਦਿਆਰਥੀਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਬਾਰਵੀਂ ਜਮਾਤ ਦੇ ਨਤੀਜਿਆਂ ਵਿੱਚ ਜਗਰਾਉਂ ਵਿੱਚ ਚੰਗੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ ਹਨ। ਇਸ ਸੰਸਥਾ ਨੂੰ ਇਲਾਕੇ ਦੀ ਮੋਹਰੀ ਸੰਸਥਾ ਹੋਣ ਦਾ ਮਾਣ ਮਿਲਿਆ ਹੈ। ਇਸ ਸਬੰਧੀ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਨਾ ਨੇ ਇਸ ਖੁਸ਼ੀ ਨੂੰ ਜਾਹਿਰ ਕਰਦੇ ਦੱਸਿਆ ਕਿ ਸਾਡੇ ਸਕੂਲ ਦੇ ਸਾਇੰਸ ਗਰੁੱਪ ਦੇ ਵਿਦਿਆਰਥੀ ਤਨਵੇ ਵਰਮਾ ਨੇ 94.6 ਪ੍ਰਤੀਸ਼ਤ ਅੰਕ ਲੈ ਕੇ ਜਗਰਾਉਂ ਤੇ ਸਕੂਲ 'ਚੋਂ ਦੂਸਰਾ, ਜਸਲੀਨ ਕੌਰ 91.8 ਪ੍ਰਤੀਸ਼ਤ ਅੰਕ ਲੈ ਕੇ ਤੀਸਰਾ ਤੇ ਕਿਰਨਜੋਤ ਸਿੰਘ ਰਾਏ ਨੇ 91.2 ਪ੍ਰਤੀਸ਼ਤ ਅੰਕ ਲੈ ਕੇ ਚੌਥਾ ਸਥਾਨ ਪ੍ਰਾਪਤ ਕੀਤਾ। ਕਾਮਰਸ ਗਰੁੱਪ ਵਿੱਚ ਪ੍ਰੀਆ ਨੇ 94.4 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ, ਧਰੁਵੀ ਗੁਪਤਾ ਨੇ 94.2 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਸਰਾ, ਗੀਤਾਂਸੂ ਸਿੰਗਲਾ ਨੇ 93.8 ਪ੍ਰਤੀਸ਼ਤ ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ। ਆਰਟਸ ਗਰੁੱਪ 'ਚੋਂ ਕ੍ਰਿਸ਼ ਨੇ 92.2 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ, ਹਰਸ਼ ਨੇ 91.6 ਪ੍ਰਤੀਸ਼ਤ ਅੰਕ ਲੈ ਕੇ ਦੂਸਰਾ, ਪ੍ਰਿਯੰਕਾ ਮਲਹੋਤਰਾ ਨੇ 87.6 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਪ੍ਰਧਾਨ ਰਮੇਸ਼ ਜੈਨ, ਉਪ ਪ੍ਰਧਾਨ ਕਾਂਤਾ ਸਿੰਗਲਾ, ਸੈਕਟਰੀ ਮਹਾਵੀਰ ਜੈਨ ਤੇ ਪ੍ਰਿੰਸੀਪਲ ਮੈਡਮ ਸੁਪ੍ਰਿਆ ਖੁਰਾਨਾ ਨੇ ਵਿਦਿਆਰਥੀਆਂ ਨੂੰ ਸਕੂਲ ਪਹੁੰਚਣ 'ਤੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਤੇ ਸ਼ੁੱਭ-ਕਾਮਨਾਵਾਂ ਦਿੱਤੀਆਂ। ਇਸ ਮੌਕੇ ਸਨੀ ਪਾਸੀ, ਸਰਬਜੀਤ ਸਿੰਘ ਧਾਲੀਵਾਲ, ਮੈਡਮ ਨਰਿੰਦਰ ਕੌਰ, ਮੈਡਮ ਕੁਲਵਿੰਦਰ ਕੌਰ, ਮੈਡਮ ਕੁਲਦੀਪ ਕੌਰ, ਮੈਡਮ ਹਰਮੀਤ ਕੌਰ ਤੇ ਮੈਡਮ ਨਵਜੀਤ ਸ਼ਰਮਾ ਆਦਿ ਹਾਜ਼ਰ ਸਨ।

## ਸਕੂਲ ਆਫ ਐਮੀਨੈਂਸ ਦਾ ਬਾਰ੍ਹਵੀਂ ਦਾ ਨਤੀਜਾ 100 ਪ੍ਰਤੀਸ਼ਤ ਰਿਹਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਬਾਰ੍ਹਵੀਂ ਸ਼੍ਰੇਣੀ ਦੇ ਨਤੀਜਿਆਂ 'ਚ ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੌ ਪ੍ਰਤੀਸ਼ਤ ਨਤੀਜਾ ਹਾਸਲ ਕੀਤਾ ਹੈ।ਸਕੂਲ ਦੇ ਕੁੱਲ 81 ਵਿਦਿਆਰਥੀ ਪ੍ਰੀਖਿਆ ਵਿੱਚ ਸ਼ਾਮਲ ਹੋਏ।ਸਕੂਲ ਵਿੱਚ ਮੈਡੀਕਲ, ਨਾਨ-ਮੈਡੀਕਲ, ਕਾਮਰਸ ਅਤੇ ਆਰਟਸ ਧਾਰਾਵਾਂ ਦੇ ਵਿਦਿਆਰਥੀ ਪੜ੍ਹਦੇ ਹਨ। ਮੈਡੀਕਲ ਚ ਬੇਅੰਤ ਕੌਰ ਪੁੱਤਰੀ ਚਮਕੌਰ ਸਿੰਘ ਨੇ 420/500 ਅੰਕ ਲੈ ਕੇ ਪਹਿਲਾ ਸਥਾਨ ਹਾਸਲ ਕੀਤਾ, ਕਮਲਪ੍ਰੀਤ ਕੌਰ ਪੁੱਤਰੀ ਤਰਸੇਮ ਸਿੰਘ ਨੇ 392/500 ਅੰਕ ਨਾਲ ਦੂਜਾ ਅਤੇ ਮਨਪ੍ਰੀਤ ਕੌਰ ਪੁੱਤਰੀ ਸੁਖਪਾਲ ਸਿੰਘ ਨੇ 391/500 ਅੰਕ ਨਾਲ ਤੀਜਾ ਸਥਾਨ ਹਾਸਲ ਕੀਤਾ। ਨਾਨ-ਮੈਡੀਕਲ ਚ ਸੁਖਪ੍ਰੀਤ ਸਿੰਘ ਨੇ 414/500 ਅੰਕ ਲੈ ਕੇ ਪਹਿਲਾ, ਨਵਜੀਤ ਸਿੰਘ ਨੇ 392/500 ਅੰਕ ਨਾਲ ਦੂਜਾ ਅਤੇ ਗੁਰਵਿੰਦਰ ਸਿੰਘ ਨੇ 384/500 ਅੰਕ ਨਾਲ ਤੀਜਾ ਸਥਾਨ ਹਾਸਲ ਕੀਤਾ। ਕਾਮਰਸ ਵਿੱਚ ਸੁਖਵੰਤ ਕੌਰ ਨੇ 412/500 ਅੰਕ ਲੈ ਕੇ ਪਹਿਲਾ, ਗਗਨਪ੍ਰੀਤ ਕੌਰ ਨੇ 406/500 ਅੰਕ ਨਾਲ ਦੂਜਾ ਅਤੇ ਕਰਮਜੀਤ ਕੌਰ ਨੇ 395/500 ਅੰਕ ਨਾਲ ਤੀਜਾ ਸਥਾਨ ਹਾਸਲ ਕੀਤਾ। ਆਰਟਸ ਚ ਤਨਵੀਰ ਸਿੰਘ ਨੇ 431/500 ਅੰਕ ਲੈ ਕੇ ਪਹਿਲਾ, ਅਮਨਪ੍ਰੀਤ ਕੌਰ ਨੇ 405/500 ਅੰਕ ਨਾਲ ਦੂਜਾ ਅਤੇ ਅਰਸ਼ਪ੍ਰੀਤ ਕੌਰ ਚਾਹਲ ਨੇ 393/500 ਅੰਕ ਨਾਲ ਤੀਜਾ ਸਥਾਨ ਹਾਸਲ ਕੀਤਾ।ਸਕੂਲ ਦੇ ਪ੍ਰਿੰਸੀਪਲ ਰਾਜਿੰਦਰਪਾਲ ਸਿੰਘ ਤੇ ਸਕੂਲ ਮੈਨੇਜਮੈਂਟ ਕਮੇਟੀ ਪ੍ਰਧਾਨ ਅਮਨਦੀਪ ਸਿੰਘ ਵੱਲੋਂ ਵਿਦਿਆਰਥੀਆਂ, ਮਾਪਿਆਂ ਤੇ ਸਮੂਹ ਸਟਾਫ ਨੂੰ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ ਗਈ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਮਿਹਨਤ, ਅਧਿਆਪਕਾਂ ਦੀ ਲਗਨ ਤੇ ਮਾਪਿਆਂ ਦੇ ਸਹਿਯੋਗ ਨਾਲ ਇਹ ਮਾਣਮੱਤੀ ਪ੍ਰਾਪਤੀ ਹਾਸਲ ਹੋਈ ਹੈ।

# ਖੇਡਾਂ ਪੰਜਾਬ ਦੇ ਨੌਜਵਾਨਾਂ ਦਾ ਸਰਮਾਇਆ : ਗੌਰਵ ਸੰਧੂ

**ਸਨੌਰ/ਪਟਿਆਲਾ (ਰਾਜਿੰਦਰ ਸਿੰਘ)**- ਹਲਕਾ ਸਨੌਰ ਦੇ ਪਿੰਡ ਖੁੱਡਾ ਵਿੱਚ ਨੌਜਵਾਨਾਂ ਤੇ ਗ੍ਰਾਮ ਪੰਚਾਇਤ ਦੇ ਸਾਂਝੇ ਉਪਰਾਲੇ ਨਾਲ ਤਿੰਨ ਦਿਨਾ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ।ਇਸ ਖੇਡ ਮੇਲੇ ਵਿੱਚ ਇਲਾਕੇ ਦੀਆਂ ਕਈ ਟੀਮਾਂ ਨੇ ਭਾਗ ਲਿਆ ਤੇ ਆਪਣੇ ਖੇਡ ਹੁਨਰ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਹਲਕਾ ਸਨੌਰ ਤੋਂ ਸੀਨੀਅਰ ਕਾਂਗਰਸੀ ਆਗੂ ਗੁਰਵਿੰਦਰ ਸਿੰਘ ਗੌਰਵ ਸੰਧੂ ਮੁੱਖ ਮਹਿਮਾਨ ਵਜੋਂ ਆਪਣੇ ਸਾਥੀਆਂ ਸਮੇਤ ਪਹੁੰਚੇ।ਪਿੰਡ ਵਾਸੀਆਂ, ਟੂਰਨਾਮੈਂਟ ਪ੍ਰਬੰਧਕ ਕਮੇਟੀ ਤੇ ਨੌਜਵਾਨਾਂ ਵੱਲੋਂ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ।ਗੌਰਵ ਸੰਧੂ ਨੇ ਮੈਦਾਨ ਵਿੱਚ ਖਿਡਾਰੀਆਂ ਨਾਲ ਮੁਲਾਕਾਤ ਕੀਤੀ, ਉਨ੍ਹਾਂ ਦਾ ਹੌਸਲਾ ਵਧਾਇਆ ਤੇ ਟੂਰਨਾਮੈਂਟ ਦੇ ਆਯੋਜਨ ਲਈ ਪਿੰਡ ਦੇ ਨੌਜਵਾਨਾਂ ਤੇ ਪੰਚਾਇਤ ਦੀ ਖੂਬ ਪ੍ਰਸ਼ੰਸਾ ਕੀਤੀ। ਸੰਬੋਧਨ ਕਰਦੇ ਹੋਏ ਗੁਰਵਿੰਦਰ ਸਿੰਘ ਗੌਰਵ ਸੰਧੂ ਨੇ ਕਿਹਾ ਕਿ ਖੇਡਾਂ ਪੰਜਾਬ ਦੇ ਨੌਜਵਾਨਾਂ ਦਾ ਸਰਮਾਇਆ ਹਨ। ਇਹ ਨੌਜਵਾਨਾਂ ਨੂੰ ਨਸ਼ਿਆਂ ਤੇ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।ਅੱਜ ਦੇ ਸਮੇਂ ਵਿੱਚ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੋੜਨਾ ਸਮੇਂ ਦੀ ਲੋੜ ਹੈ, ਤਾਂ ਜੋ ਉਹ ਸਿਹਤਮੰਦ ਜੀਵਨ ਜੀ ਸਕਣ ਤੇ ਆਪਣੇ ਪਰਿਵਾਰ, ਪਿੰਡ ਤੇ ਦੇਸ਼ ਦਾ ਨਾਮ ਰੌਸ਼ਨ ਕਰ ਸਕਣ।ਉਨ੍ਹਾਂ ਖਿਡਾਰੀਆਂ ਨੂੰ ਅਨੁਸ਼ਾਸਨ, ਮਿਹਨਤ ਤੇ ਸਮਰਪਣ ਨਾਲ ਖੇਡਾਂ ਵਿੱਚ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ।ਫਾਈਨਲ ਮੈਚ ਵਿੱਚ ਦੋਵਾਂ ਟੀਮਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਦਰਸ਼ਕਾਂ ਵੱਲੋਂ ਤਾਲੀਆਂ ਨਾਲ ਖਿਡਾਰੀਆਂ ਦਾ ਹੌਸਲਾ ਵਧਾਇਆ ਗਿਆ।ਜੇਤੂ ਤੇ ਉਪ-ਜੇਤੂ ਟੀਮਾਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।ਪਿੰਡ ਦੇ ਮੋਹਤਬਰ ਵਿਅਕਤੀਆਂ ਤੇ ਟੂਰਨਾਮੈਂਟ ਪ੍ਰਬੰਧਕਾਂ ਨੇ ਗੁਰਵਿੰਦਰ ਸਿੰਘ ਗੌਰਵ ਸੰਧੂ ਦਾ ਧੰਨਵਾਦ ਕੀਤਾ।ਇਸ ਮੌਕੇ ਗੁਰਵਿੰਦਰ ਸਿੰਘ ਗੌਰਵ ਸੰਧੂ ਦੇ ਨਾਲ ਕਈ ਸਾਥੀ, ਕਾਂਗਰਸੀ ਵਰਕਰ, ਪਿੰਡ ਪੰਚਾਇਤ ਦੇ ਮੈਂਬਰ, ਨੌਜਵਾਨ ਖਿਡਾਰੀ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।



## ਗੁਰੂ ਰਵਿਦਾਸ ਦੇ ਜੀਵਨ ਤੇ ਬਾਣੀ 'ਤੇ ਸੈਮੀਨਾਰ ਅੱਜ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਬਾਣੀ ਵਿਚਾਰ ਚੇਤਨਾ ਮੰਚ ਪੰਜਾਬ (ਰਜਿ.) ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਰਲਡ ਪੰਜਾਬੀ ਸੈਂਟਰ ਦੇ ਸੈਮੀਨਾਰ ਹਾਲ ਵਿੱਚ ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਤੇ ਜੀਵਨ ਨਾਲ ਸਬੰਧਤ ਤੀਜਾ ਸੈਮੀਨਾਰ ਕਰਾਇਆ ਜਾ ਰਿਹਾ ਹੈ।ਇਸ ਬਾਰੇ ਜਾਣਕਾਰੀ ਦਿੰਦਿਆਂ ਇਸ ਸੈਮੀਨਾਰ ਦੇ ਕੋਆਰਡੀਨੇਟਰ ਪਰਮਿੰਦਰ ਸਿੰਘ ਰਾਏਪੁਰ ਨੇ ਦੱਸਿਆ ਕਿ ਇਸ ਸੈਮੀਨਾਰ 17 ਮਈ ਨੂੰ ਸਵੇਰੇ 10 ਵਜੇ ਤੋਂ 2 ਵਜੇ ਤੱਕ ਹੋਵੇਗਾ।ਸੈਮੀਨਾਰ ਦੇ ਮੁੱਖ ਵਕਤਾ ਡਾ. ਰੰਜੂ ਬਾਲਾ ਯੂਨੀਵਰਸਿਟੀ ਆਫ਼ ਦਿੱਲੀ ਤੋਂ ਆਉਣਗੇ।ਕੁੰਜੀਵਤ ਭਾਸ਼ਣ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਪ੍ਰਬੁੱਧ ਵਿਦਵਾਨ ਡਾ. ਰਾਜਿੰਦਰਪਾਲ ਸਿੰਘ ਬਰਾੜ ਦੇਣਗੇ।ਜਦ ਕਿ ਸਵਾਗਤੀ ਭਾਸ਼ਣ ਪੰਜਾਬੀ ਯੂਨੀਵਰਸਿਟੀ ਦੇ ਯੂਥ ਵੈੱਲਫੇਅਰ ਵਿਭਾਗ ਦੇ ਮੁਖੀ ਡਾ. ਭੀਮ ਇੰਦਰ ਸਿੰਘ ਦੇਣਗੇ।ਇਸ ਸੈਮੀਨਾਰ ਦੀ ਪ੍ਰਧਾਨ ਮਿਲਕਫੈੱਡ ਪੰਜਾਬ ਦੇ ਸਾਬਕਾ ਜੀ ਐੱਮ ਬਲਵਿੰਦਰ ਸਿੰਘ ਜਾਤੀਵਾਲ ਕਰਨਗੇ, ਜਦਕਿ ਬਾਣੀ ਵਿਚਾਰ ਚੇਤਨਾ ਮੰਚ ਦੇ ਸੂਬਾ ਪ੍ਰਧਾਨ ਤੇ ਸੈਮੀਨਾਰਾਂ ਦੇ ਮੁੱਖ ਕੋਆਰਡੀਨੇਟਰ ਗੁਰਨਾਮ ਸਿੰਘ ਅਕੀਦਾ ਕਰਨਗੇ। ਜ਼ਿਕਰਯੋਗ ਹੈ ਕਿ ਮੰਚ ਵੱਲੋਂ ਲੁਧਿਆਣਾ ਦੇ ਜਲੰਧਰ ਵਿੱਚ ਪਹਿਲਾਂ ਹੀ ਦੋ ਸੈਮੀਨਾਰ ਕਰਵਾਏ ਜਾ ਚੁੱਕੇ ਹਨ।

## ਲਾਲਾ ਕਸਤੂਰੀ ਲਾਲ ਵਿੱਦਿਆ ਮੰਦਰ ਦਾ ਨਤੀਜਾ ਸ਼ਾਨਦਾਰ




**ਰਾਮਪੁਰਾ ਫੂਲ (ਦਰਸ਼ਨ ਜਿੰਦਲ)**- ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਦਾ ਬਾਰਵੀਂ ਜਮਾਤ ਦਾ ਨਤੀਜਾ ਇਸ ਸਾਲ ਬਹੁਤ ਹੀ ਸ਼ਾਨਦਾਰ ਤੇ ਸਤ-ਪ੍ਰਤੀਸ਼ਤ ਰਿਹਾ।ਸਕੂਲ ਦੇ ਹੋਣਹਾਰ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਕੂਲ, ਅਧਿਆਪਕਾਂ ਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ।ਵਿਦਿਆਰਥਣ ਕ੍ਰਿਸ਼ਿਕਾ ਨੇ 95% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ, ਲਿਸ਼ਿਕਾ ਨੇ 92.2% ਅੰਕਾਂ ਨਾਲ ਦੂਜਾ ਤੇ ਜਸ਼ਨਪ੍ਰੀਤ ਕੌਰ ਨੇ 89.4% ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੋਸ਼ਨ ਕੀਤਾ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸੰਜੀਵ ਕੁਮਾਰ ਸ਼ਰਮਾ ਨੇ ਸਾਰੇ ਵਿਦਿਆਰਥੀਆਂ ਨੂੰ ਦਿਲੋਂ ਵਧਾਈ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਦੀ ਇਹ ਸਫਲਤਾ ਉਨ੍ਹਾਂ ਦੀ ਲਗਨ, ਮਿਹਨਤ ਤੇ ਅਧਿਆਪਕਾਂ ਦੇ ਮਾਰਗਦਰਸ਼ਨ ਦਾ ਨਤੀਜਾ ਹੈ।ਉਨ੍ਹਾਂ ਵਿਦਿਆਰਥੀਆਂ ਦੇ ਉੱਜਲੇ ਭਵਿੱਖ ਲਈ ਸ਼ੁੱਭ-ਕਾਮਨਾਵਾਂ ਵੀ ਦਿੱਤੀਆਂ।ਸਕੂਲ ਪ੍ਰਬੰਧਕ ਸੰਮਤੀ ਦੇ ਪ੍ਰਧਾਨ ਪ੍ਰੇਮ ਪ੍ਰਕਾਸ਼ ਤੇ ਮੈਨੇਜਰ ਗੁਰਪ੍ਰੀਤ ਸਿੰਘ ਨੇ ਵੀ ਸਾਰੇ ਵਿਦਿਆਰਥੀਆਂ, ਮਾਪਿਆਂ ਤੇ ਸਟਾਫ ਮੈਂਬਰਾਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਭੇਜੀ।ਇਸ ਮੌਕੇ ਵਾਈਸ ਪ੍ਰਿੰਸੀਪਲ ਵਿਕਰਮਜੀਤ ਸਿੰਘ, ਕੋਆਰਡੀਨੇਟਰ ਅਨਮੋਲ ਕੌਸ਼ਲ, ਨਿਰਮਲਜੀਤ ਕੌਰ ਜੋਤੀ ਖੁਰਾਨਾ, ਆਸ਼ਾ ਰਾਣੀ ਤੇ ਹੋਰ ਸਟਾਫ਼ ਹਾਜ਼ਰ ਸਨ।

## ਸ਼ਹੀਦ ਸੁਖਦੇਵ ਦਾ ਜਨਮ ਦਿਨ ਜੋਸ਼ੋ-ਖਰੋਸ਼ ਨਾਲ ਮਨਾਇਆ

**ਲੁਧਿਆਣਾ (ਸਤੀਸ਼ ਸਚਦੇਵਾ)**- 15 ਮਈ ਸ਼ਹੀਦ ਸੁਖਦੇਵ ਦਾ ਜਨਮ ਦਿਨ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ।ਇੱਥੇ ਸਥਾਪਤ ਸ਼ਹੀਦਾਂ ਦੇ ਬੁੱਤਾਂ ਨੂੰ ਹਾਰ ਪਹਿਨਾਉਂਦਿਆਂ ਉਹਨਾਂ ਦੇ ਵਿਚਾਰਾਂ ਦੀ ਆਜ਼ਾਦੀ ਦੇਸ਼ ਵਿੱਚ ਲਾਗੂ ਕਰਨ ਦਾ ਸੰਕਲਪ ਦੁਹਰਾਉਂਦਿਆਂ ਨੌਜਵਾਨ ਸਭਾ ਸਮੇਤ ਵੱਖ ਵੱਖ ਜੱਥੇਬੰਦੀਆਂ ਦੇ ਕਾਰਕੁੰਨਾਂ ਨੇ ਮੌਜੂਦਾ ਸਰਕਾਰਾਂ ਦੇ ਲੋਕ ਵਿਰੋਧੀ ਇਰਾਦਿਆਂ ਖ਼ਿਲਾਫ਼ ਜ਼ੋਰਦਾਰ ਨਾਹਰੇਬਾਜ਼ੀ ਕੀਤੀ।ਸਰਕਾਰ ਵੱਲੋਂ ਮਹਿੰਗਾਈ ਨੂੰ ਨੱਥ ਪਾਉਣ ਦੀ ਥਾਂ ਕਾਰਪੋਰੇਟਾਂ ਨੂੰ ਲੋਕਾਂ ਦੀ ਲੁੱਟ ਕਰਨ ਲਈ ਦਿੱਤੀਆਂ ਜਾ ਰਹੀਆਂ ਖੁੱਲ੍ਹਾਂ ਦਾ ਸਖ਼ਤ ਵਿਰੋਧ ਜ਼ਾਹਰ ਕੀਤਾ ਗਿਆ।ਕੇਂਦਰ ਸਰਕਾਰ ਦੀ ਸਰਪ੍ਰਸਤੀ ਹੇਠ ਬੰਗਾਲ ਵਿਖੇ ਲੋਕਾਂ ਉੱਪਰ ਧਰਮ ਅਧਾਰਤ ਵਿੱਢੇ ਫਾਸੀ ਹਮਲੇ ਤੇ ਕਾ ਲੈਨਿਨ ਦੇ ਬੁੱਤ ਤੋੜਨ ਦੀ ਵੀ ਘਟਨਾ ਦਾ ਸਖ਼ਤ ਵਿਰੋਧ ਦਰਜ ਕਰਵਾਇਆ ਗਿਆ।ਇਸ ਮੌਕੇ ਸ਼ਹੀਦ ਸੁਖਦੇਵ ਨੂੰ ਯਾਦ ਕਰਦਿਆਂ ਉਨ੍ਹਾਂ ਦੇ ਸਾਥੀਆਂ ਸ਼ਹੀਦ ਭਗਤ ਸਿੰਘ ਤੇ ਰਾਜਗੁਰੂ ਵੱਲੋਂ ਦੇਸ਼ ਵਿੱਚੋਂ ਸਾਮਰਾਜੀ ਲੁੱਟ ਖ਼ਿਲਾਫ਼ ਉਠਾਈ ਆਵਾਜ਼ ਨੂੰ ਅੱਗੇ ਤੋਰਦਿਆਂ ਉਹਨਾਂ ਵੱਲੋਂ ਚਿਤਵੇ ਮਨੁੱਖੀ ਬਰਾਬਰੀ ਤੇ ਆਤਮ ਸਨਮਾਨ ਵਾਲੇ ਸਮਾਜ ਦੀ ਸਥਾਪਤੀ ਵੱਲ ਅੱਗੇ ਆਣ ਦਾ ਸੱਦਾ ਦਿੱਤਾ।ਇਸ ਸਮੇਂ ਚੰਡੀਗੜ੍ਹ ਵਿਖੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਸੂਬੇ ਦੇ ਗਵਰਨਰ ਨੂੰ ਪੰਜਾਬ ਨਾਲ ਕੀਤੇ ਜਾ ਰਹੇ ਵਿਤਕਰਿਆਂ ਬਾਰੇ ਜਾਣੂ ਕਰਵਾਉਣ ਦਾ ਸਮਰਥਨ ਕੀਤਾ ਗਿਆ।ਇਸ ਮੌਕੇ ਨੌਜਵਾਨ ਸਭਾ ਵੱਲੋਂ ਕੀਤੇ ਇਸ ਸਮਾਗਮ ਵਿੱਚ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਟਰੱਸਟ ਦੇ ਜਨਰਲ ਸਕੱਤਰ ਜਸਵੰਤ ਜ਼ੀਰਖ ਨੇ ਸਮਰਥਨ ਕੀਤਾ ਅਤੇ ਪੱਤਰਕਾਰ ਸਤੀਸ਼ ਸੱਚਦੇਵਾ ਨੇ 'ਲਹਿਰਾਂ ਬਣ ਉੱਠੋ ਭੁੱਖਾਂ ਦੇ ਲੱਤਾੜਿਓ, ਧਰਤੀ ਦਾ ਸਾਰਾ ਦੁੱਖ ਪੀਣ ਵਾਲਿਓ' ਗੀਤ ਗਾ ਕੇ ਇਨਕਲਾਬੀ ਰੰਗ ਬੰਨ੍ਹਿਆ।ਇਸ ਵਿੱਚ ਨੌਜਵਾਨ ਸਭਾ ਦੇ ਪ੍ਰਧਾਨ ਹਰਪ੍ਰੀਤ ਜ਼ੀਰਖ, ਸਕੱਤਰ ਰਾਕੇਸ਼ ਆਜ਼ਾਦ, ਅਰੁਣ ਕੁਮਾਰ, ਜਗਜੀਤ ਸਿੰਘ, ਪ੍ਰਤਾਪ ਸਿੰਘ, ਰਜੀਵ ਕੁਮਾਰ, ਮਹੇਸ਼ ਕੁਮਾਰ ਤੇ ਹੋਰ ਸ਼ਾਮਲ ਸਨ।



## ਕੂੜੇ ਦੇ ਥਾਂ-ਥਾਂ ਢੇਰ ਲੱਗਣ ਕਾਰਨ ਲੋਕ ਪ੍ਰੇਸ਼ਾਨ, ਬਿਮਾਰੀਆਂ ਫੈਲਣ ਦਾ ਡਰ

**ਧੂਰੀ (ਮੋਹਿਤ ਗਰਗ, ਮਨੋਹਰ ਸੱਗੂ, ਬਿੰਨੀ ਗਰਗ)**- ਸਥਾਨਕ ਸ਼ਹਿਰ ਅੰਦਰ ਲੰਘੀ 6 ਮਈ ਤੋਂ ਪੰਜਾਬ ਸਫ਼ਾਈ ਸੇਵਕ ਮਜ਼ਦੂਰ ਯੂਨੀਅਨ ਦੇ ਸੱਦੇ 'ਤੇ ਧੂਰੀ ਨਗਰ ਕੌਂਸਲ ਦੇ ਸਫ਼ਾਈ ਸੇਵਕਾਂ ਵੱਲੋਂ ਸ਼ੁਰੂ ਕੀਤੀ ਗਈ ਅਣਮਿੱਥੇ ਸਮੇਂ ਦੀ ਕੰਮ ਛੋੜ ਹੜਤਾਲ ਕਾਰਨ ਸਥਿਤੀ ਬੇਹੱਦ ਗੰਭੀਰ ਬਣੀ ਹੋਈ ਹੈ।ਪਿਛਲੇ ਦਸ ਦਿਨਾਂ ਤੋਂ ਸ਼ਹਿਰ ਭਰ ਵਿੱਚ ਸਫ਼ਾਈ ਵਿਵਸਥਾ ਪੂਰੀ ਤਰ੍ਹਾਂ ਲੀਹੋਂ ਲੱਥ ਚੁੱਕੀ ਹੈ।ਨਗਰ ਕੌਂਸਲ ਦੇ ਮੁਲਾਜ਼ਮਾਂ ਵੱਲੋਂ ਕੂੜਾ ਨਾ ਚੁੱਕੇ ਜਾਣ ਕਾਰਨ ਸ਼ਹਿਰ ਦੇ ਮੁੱਖ ਬਾਜ਼ਾਰਾਂ, ਰਿਹਾਇਸ਼ੀ ਗਲੀਆਂ-ਮੁਹੱਲਿਆਂ, ਜਨਤਕ ਥਾਵਾਂ ਤੇ ਚੌਕਾਂ ਵਿੱਚ ਕੂੜੇ-ਕਰਕਟ ਦੇ ਵੱਡੇ-ਵੱਡੇ ਢੇਰ ਲੱਗ ਚੁੱਕੇ ਹਨ।ਤਪਦੀ ਗਰਮੀ ਦੇ ਇਸ ਮੌਸਮ ਵਿੱਚ ਕੂੜੇ ਦੇ ਇਨ੍ਹਾਂ ਢੇਰਾਂ ਵਿੱਚੋਂ ਨਿਕਲ ਰਹੀ ਅਸਹਿ ਬਦਬੂ ਨੇ ਲੋਕਾਂ ਦਾ ਜੀਣਾ ਮੁਹਾਲ ਕਰ ਦਿੱਤਾ ਹੈ ਤੇ ਸ਼ਹਿਰ ਵਾਸੀਆਂ ਦਾ ਇਨ੍ਹਾਂ ਰਸਤਿਆਂ ਤੋਂ ਲੰਘਣਾ ਵੀ ਦੁੱਭਰ ਹੋ ਚੁੱਕਾ ਹੈ। ਸਥਾਨਕ ਬਾਜ਼ਾਰਾਂ ਦੇ ਦੁਕਾਨਦਾਰਾਂ ਤੇ ਮੁਹੱਲਾ ਨਿਵਾਸੀਆਂ ਨੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਆਖਿਆ ਕਿ ਕੂੜਾ ਨਾ ਚੁੱਕੇ ਜਾਣ ਸਬੰਧੀ ਹਾਲਾਤ ਦਿਨ-ਬ-ਦਿਨ ਬਦਤਰ ਹੁੰਦੇ ਜਾ ਰਹੇ ਹਨ।ਗਲੀਆਂ ਤੇ ਸੜਕਾਂ ਦੇ ਕਿਨਾਰਿਆਂ 'ਤੇ ਸੜ ਰਹੇ ਕੂੜੇ ਕਾਰਨ ਮੱਖੀਆਂ, ਮੱਛਰਾਂ ਤੇ ਹੋਰ ਭਿਆਨਕ ਕੀਟ-ਪਤੰਗਿਆਂ ਦੀ ਭਰਮਾਰ ਹੋ ਗਈ ਹੈ, ਜਿਸ ਨਾਲ ਸ਼ਹਿਰ ਵਿੱਚ ਹੈਜ਼ਾ, ਡੇਂਗੂ, ਮਲੇਰੀਆ, ਉਲਟੀਆਂ-ਦਸਤ ਤੇ ਗੈਸਟ੍ਰੋ ਵਰਗੀਆਂ ਨਾਮੁਰਾਦ ਤੇ ਖ਼ਤਰਨਾਕ ਬਿਮਾਰੀਆਂ ਫੈਲਣ ਦਾ ਹਰ ਵੇਲੇ ਡਰ ਬਣਿਆ ਰਹਿੰਦਾ ਹੈ। ਦੁਕਾਨਦਾਰਾਂ ਦਾ ਕਹਿਣਾ ਹੈ ਕਿ ਗਾਹਕ ਬਦਬੂ ਤੇ ਗੰਦਗੀ ਕਾਰਨ ਬਾਜ਼ਾਰਾਂ ਵਿੱਚ ਆਉਣ ਤੋਂ ਗੁਰੇਜ਼ ਕਰ ਰਹੇ ਹਨ, ਜਿਸ ਨਾਲ ਉਨ੍ਹਾਂ ਦੇ ਵਪਾਰ 'ਤੇ ਵੀ ਬਹੁਤ ਬੁਰਾ ਅਸਰ ਪੈ ਰਿਹਾ ਹੈ ਤੇ ਆਰਥਿਕ ਨੁਕਸਾਨ ਝੱਲਣਾ ਪੈ ਰਿਹਾ ਹੈ।ਸ਼ਹਿਰ ਵਾਸੀਆਂ ਨੇ ਸਥਾਨਕ ਨਗਰ ਕੌਂਸਲ, ਉੱਚ ਪ੍ਰਸ਼ਾਸਨਕ ਅਧਿਕਾਰੀਆਂ ਤੇ ਸਰਕਾਰ ਦੇ ਢਿੱਲੇ ਰਵੱਈਏ ਖ਼ਿਲਾਫ਼ ਤਿੱਖੇ ਰੋਸ ਦਾ ਪ੍ਰਗਟਾਵਾ ਕੀਤਾ ਹੈ। ਸਥਾਨਕ ਆਗੂਆਂ ਤੇ ਮੋਹਤਬਰਾਂ ਨੇ ਮੰਗ ਕੀਤੀ ਹੈ ਕਿ ਜਦੋਂ ਤੱਕ ਹੜਤਾਲ ਖ਼ਤਮ ਨਹੀਂ ਹੁੰਦੀ, ਪ੍ਰਸ਼ਾਸਨ ਵੱਲੋਂ ਸ਼ਹਿਰ ਦੀ ਸਫ਼ਾਈ ਤੇ ਕੂੜਾ ਚੁੱਕਣ ਲਈ ਤੁਰੰਤ ਕੋਈ ਬਦਲਵਾਂ ਢਾਂਚਾ ਜਾਂ ਅਸਥਾਈ ਪ੍ਰਬੰਧ ਕੀਤਾ ਜਾਵੇ ਤਾਂ ਜੋ ਸ਼ਹਿਰ ਨੂੰ ਹੋਰ ਗੰਦਾ ਹੋਣ ਤੋਂ ਬਚਾਇਆ ਜਾ ਸਕੇ।ਲੋਕਾਂ ਨੇ ਚੇਤਾਵਨੀ ਭਰੇ ਲਹਿਜੇ ਵਿੱਚ ਆਖਿਆ ਕਿ ਜੇਕਰ ਪ੍ਰਸ਼ਾਸਨ ਨੇ ਅਗਲੇ ਇੱਕ-ਦੋ ਦਿਨਾਂ ਵਿੱਚ ਇਸ ਗੰਭੀਰ ਸਮੱਸਿਆ ਵੱਲ ਧਿਆਨ ਨਾ ਦਿੱਤਾ, ਤਾਂ ਸ਼ਹਿਰ ਵਾਸੀ ਤਿੱਖਾ ਸੰਘਰਸ਼ ਵਿੱਢਣ ਲਈ ਮਜਬੂਰ ਹੋਣਗੇ। ਉਨ੍ਹਾਂ ਸਾਫ਼ ਕਿਹਾ ਕਿ ਜੇਕਰ ਸ਼ਹਿਰ ਵਿੱਚ ਕੋਈ ਮਹਾਂਮਾਰੀ ਫੈਲਦੀ ਹੈ ਤਾਂ ਇਸ ਦੀ ਪੂਰੀ ਜ਼ਿੰਮੇਵਾਰੀ ਸਥਾਨਕ ਨਗਰ ਕੌਂਸਲ ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ।



## ਲੋਕ ਚੇਤਨਾ ਮੰਚ ਵੱਲੋਂ ਤੇਲ ਦੀਆਂ ਕੀਮਤਾਂ 'ਚ ਵਾਧੇ ਦਾ ਵਿਰੋਧ

### ਚੰਡੀਗੜ੍ਹ ਪੁਲਸ ਵੱਲੋਂ ਕਿਸਾਨਾਂ 'ਤੇ ਕੀਤੇ ਜਬਰ ਦੀ ਨਿੰਦਾ

**ਦਿੜ੍ਹਬਾ (ਜਸਵੀਰ ਲਾਡੀ)** : ਲੋਕ ਚੇਤਨਾ ਮੰਚ ਲਹਿਰਾਗਾਗਾ ਨੇ ਤੇਲ ਦੀਆਂ ਕੀਮਤਾਂ ਦੇ ਵਾਧੇ ਦਾ ਸਖ਼ਤ ਵਿਰੋਧ ਕੀਤਾ ਹੈ।ਮੰਚ ਦੇ ਪ੍ਰਧਾਨ ਗਿਆਨ ਚੰਦ ਸ਼ਰਮਾ, ਮੀਤ ਪ੍ਰਧਾਨ ਜਗਜੀਤ ਭੁਟਾਲ ਤੇ ਸਕੱਤਰ ਹਰਭਗਵਾਨ ਗੁਰਨੇ ਨੇ ਕਿਹਾ ਕਿ ਦੇਸ਼ ਭਰ ਵਿੱਚ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ।ਨਵੇਂ ਵਾਧੇ ਮੁਤਾਬਕ ਪੈਟਰੋਲ 2.97 ਲਗਭਗ ਤਿੰਨ ਰੁਪਏ ਪ੍ਰਤੀ ਲੀਟਰ ਤੇ ਡੀਜ਼ਲ 2.94 ਰੁਪਏ ਪ੍ਰਤੀ ਲੀਟਰ ਮਹਿੰਗਾ ਹੋ ਗਿਆ ਹੈ। ?ਤੇਲ ਦੀਆਂ ਕੀਮਤਾਂ ਵਿੱਚ ਹੋਏ ਭਾਰੀ ਵਾਧੇ ਦਾ ਸਿੱਧਾ ਤੇ ਮਾਰੂ ਅਸਰ ਆਮ ਆਦਮੀ ਦੀ ਜੇਬ ਤੇ ਘਰ ਦੀ ਰਸੋਈ 'ਤੇ ਪੈਣਾ ਤੈਅ ਹੈ।ਦੇਸ਼ ਭਰ ਵਿੱਚ ਸਪਲਾਈ ਚੇਨ ਦਾ ਵੱਡਾ ਹਿੱਸਾ ਡੀਜ਼ਲ ਨਾਲ ਚੱਲਣ ਵਾਲੇ ਟਰੱਕਾਂ ਤੇ ਟੈਂਪੂਆਂ 'ਤੇ ਨਿਰਭਰ ਹੈ।ਭਾੜਾ (ਕਿਰਾਇਆ) ਵਧਣ ਕਾਰਨ ਦੂਜੇ ਰਾਜਾਂ ਤੋਂ ਆਉਣ ਵਾਲੀਆਂ ਹਰੀਆਂ ਸਬਜ਼ੀਆਂ, ਫਲ, ਦਾਲਾਂ ਤੇ ਰੋਜ਼ਾਨਾ ਵਰਤੋਂ ਦਾ ਰਾਸ਼ਨ ਬਹੁਤ ਮਹਿੰਗਾ ਹੋ ਜਾਵੇਗਾ।ਪੰਜਾਬ ਤੇ ਹਰਿਆਣਾ ਵਰਗੇ ਖੇਤੀ ਪ੍ਰਧਾਨ ਸੂਬਿਆਂ ਵਿੱਚ ਕਿਸਾਨਾਂ ਨੂੰ ਟਰੈਕਟਰ ਚਲਾਉਣ ਲਈ ਡੀਜ਼ਲ ਦੀ ਵੱਡੀ ਲੋੜ ਹੁੰਦੀ ਹੈ।ਕੀਮਤਾਂ ਵਧਣ ਨਾਲ ਖੇਤੀ ਦੀ ਲਾਗਤ ਵਧੇਗੀ।ਉਨ੍ਹਾਂ ਇਹ ਵਾਧਾ ਵਾਪਸ ਲੈਣ ਦੀ ਮੰਗ ਕੀਤੀ ਹੈ।ਲੋਕ ਚੇਤਨਾ ਮੰਚ ਨੇ ਚੰਡੀਗੜ੍ਹ ਵਿੱਚ ਗਵਰਨਰ ਹਾਊਸ ਵੱਲ ਜਾ ਰਹੇ ਸੰਯੁਕਤ ਕਿਸਾਨ ਮੋਰਚੇ ਦੇ ਕਾਫ਼ਲਿਆਂ ਉੱਪਰ ਵਹਿਸ਼ੀ ਤਸ਼ੱਦਦ ਕਰਨ, ਪਾਣੀ ਦੀਆਂ ਬੌਛਾੜਾਂ ਤੇ ਬੈਰੀਕੇਡ ਨਾਲ ਕਿਸਾਨ ਮਾਰਚ ਨੂੰ ਰੋਕਣ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

## ਕੁੱਲ ਹਿੰਦ ਕਿਸਾਨ ਸਭਾ ਤੇ ਸਬਜ਼ੀ ਉਤਪਾਦਕ ਕਿਸਾਨ ਜਥੇਬੰਦੀ ਵੱਲੋਂ ਰੋਸ ਪ੍ਰਦਰਸ਼ਨ

**ਜੰਡਿਆਲਾ ਗੁਰੂ (ਨਜ਼ਸ)**- ਜ਼ਿਲ੍ਹਾ ਅੰਮ੍ਰਿਤਸਰ ਨੇ ਜੰਡਿਆਲਾ ਗੁਰੂ ਦੇ ਇਲਾਕੇ ਨਵਾਂ ਪਿੰਡ ਵਿਖੇ ਚੰਡੀਗੜ੍ਹ ਵਿਖੇ ਕਿਸਾਨਾਂ ਵੱਲੋਂ ਪੰਜਾਬ ਦੀਆਂ ਮੰਗਾਂ ਸਬੰਧੀ ਗਵਰਨਰ ਹਾਊਸ ਵੱਲ ਕੀਤੇ ਜਾ ਰਹੇ ਮਾਰਚ ਉਪਰ ਕੀਤੇ ਗਏ ਜਬਰ ਖਿਲਾਫ ਬੀਜੇਪੀ ਦੇ ਆਗੂਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗਵਰਨਰ ਪੰਜਾਬ ਗੁਲਾਬ ਚੰਦ ਕਟਾਰੀਆ ਦਾ ਪੁਤਲਾ ਫੂਕਿਆ ਗਿਆ।ਇਸ ਮੌਕੇ ਕਿਸਾਨਾਂ, ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਲਖਬੀਰ ਸਿੰਘ ਨਿਜ਼ਾਮਪੁਰ ਨੇ ਦੋਸ਼ ਲਾਇਆ ਕਿ ਕੇਂਦਰ ਦੀ ਸ਼ਹਿ ਉਪਰ ਚੰਡੀਗੜ੍ਹ ਦੇ ਪ੍ਰਸ਼ਾਸਨ ਨੇ ਕਿਸਾਨਾਂ ਉੱਪਰ ਜਿਥੇ ਪਾਣੀ ਦੀਆਂ ਬੁਛਾੜਾਂ ਮਾਰੀਆਂ ਉਥੇ ਅੱਥਰੂ ਗੈਸ ਦੀ ਵਰਤੋਂ ਕਰਕੇ ਸੰਘਰਸ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ।ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਜਿਵੇਂ ਦਰਿਆਈ ਪਾਣੀਆਂ ਦੀ ਰਿਪੇਰੀਆਨ ਸਿਧਾਂਤ ਅਨੁਸਾਰ ਵੰਡ, ਭਾਖੜਾ ਬਿਆਸ ਮੈਨਜਮੈਂਟ ਬੋਰਡ ਦੀ ਪ੍ਰਬੰਧਕੀ ਕਮੇਟੀ ਵਿੱਚ ਪੰਜਾਬ ਦੀ ਮੈਂਬਰੀ ਦੀ ਬਹਾਲੀ, ਚੰਡੀਗੜ੍ਹ ਪੰਜਾਬ ਨੂੰ ਦੇਣ ਅਤੇ ਪੰਜਾਬ ਪੁਨਰਗਠਨ ਐਕਟ ਦੀ ਧਾਰਾ 78,79, 80 ਨੂੰ ਰੱਦ ਕਰਨ ਸਮੇਤ ਡੀਜ਼ਲ, ਪਟਰੋਲ ਅਤੇ ਗੈਸ ਦੀਆਂ ਕੀਮਤਾਂ ਵਿੱਚ ਕੀਤੇ ਵਾਧੇ ਨੂੰ ਵਾਪਿਸ ਕਰਵਾਉਣ ਵਾਸਤੇ ਗਵਰਨਰ ਪੰਜਾਬ ਨੂੰ ਮੰਗ ਪੱਤਰ ਦੇਣ ਜਾ ਰਿਹਾ ਸੀ ਜਿਸ 'ਤੇ ਜਬਰ ਕਰਕੇ ਕੇਂਦਰ ਸਰਕਾਰ ਵੱਲੋਂ ਗਵਰਨਰ ਪੰਜਾਬ ਰਾਹੀਂ ਚੰਡੀਗੜ੍ਹ ਅੰਦਰ ਪੁਲਸ ਪ੍ਰਸ਼ਾਸਨ ਰਾਹੀਂ ਦਾਖਲ ਹੋਣ ਤੋਂ ਰੋਕਿਆ ਗਿਆ।ਉਨ੍ਹਾਂ ਕਿਹਾ ਕਿ ਚੰਡੀਗੜ੍ਹ ਪੰਜਾਬ ਦਾ ਹੈ।ਇਥੇ ਪ੍ਰਦਰਸ਼ਨ ਕਰਨਾ ਸਾਡਾ ਜਮਹੂਰੀ ਹੱਕ ਹੈ।ਇਸ ਸਮੇਂ ਪ੍ਰਧਾਨ ਭੁਪਿੰਦਰ ਸਿੰਘ, ਬਲਵੰਤ ਸਿੰਘ ਤੀਰਥਪੁਰਾ, ਕਰਨੈਲ ਸਿੰਘ, ਜਰਨੈਲ ਸਿੰਘ ਨਵਾਂ ਪਿੰਡ, ਤਰਸੇਮ ਸਿੰਘ ਨੰਗਲ, ਜਸਵਿੰਦਰ ਸਿੰਘ, ਜਸਪਾਲ ਸਿੰਘ ਨਬੀਪੁਰ, ਮਹਿਲ ਸਿੰਘ, ਪ੍ਰਤਾਪ ਸਿੰਘ ਛਾਪਾ, ਗੁਰਮੇਜ ਸਿੰਘ ਮੱਖਣਵਿੰਡੀ ਆਦਿ ਹਾਜ਼ਰ ਸਨ।



## ਸਫਾਈ ਸੇਵਕ ਯੂਨੀਅਨ ਵੱਲੋਂ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ

**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**- ਪੰਜਾਬ ਸਰਕਾਰ ਵੱਲੋਂ ਸਫਾਈ ਸੇਵਕ ਯੂਨੀਅਨ ਦੀਆਂ ਮੰਗਾਂ ਨੂੰ ਅਣਡਿੱਠਾ ਕੀਤੇ ਜਾਣ ਦੇ ਵਿਰੋਧ ਵਿੱਚ ਨਿਹਾਲ ਸਿੰਘ ਵਾਲਾ ਵਿਖੇ ਸਫਾਈ ਸੇਵਕ ਯੂਨੀਅਨ ਵੱਲੋਂ ਤਿੱਖਾ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਸਫਾਈ ਕਰਮਚਾਰੀਆਂ ਨੇ ਪੰਜਾਬ ਸਰਕਾਰ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਆਪਣਾ ਗੁੱਸਾ ਪ੍ਰਗਟਾਇਆ।ਯੂਨੀਅਨ ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਕਈ ਵਾਰ ਭਰੋਸੇ ਦਿੱਤੇ ਜਾਣ ਦੇ ਬਾਵਜੂਦ ਸਫਾਈ ਸੇਵਕਾਂ ਦੀਆਂ ਜਾਇਜ਼ ਮੰਗਾਂ ਨੂੰ ਲਾਗੂ ਨਹੀਂ ਕੀਤਾ ਜਾ ਰਿਹਾ।ਉਨ੍ਹਾਂ ਦੋਸ਼ ਲਗਾਇਆ ਕਿ ਕੱਚੇ ਕਰਮਚਾਰੀਆਂ ਨੂੰ ਪੱਕਾ ਕਰਨ, ਤਨਖ਼ਾਹਾਂ ਵਿੱਚ ਵਾਧਾ ਕਰਨ ਤੇ ਹੋਰ ਸਹੂਲਤਾਂ ਦੇਣ ਸਬੰਧੀ ਮੰਗਾਂ ਲੰਮੇ ਸਮੇਂ ਤੋਂ ਲਟਕ ਰਹੀਆਂ ਹਨ।ਰੋਸ ਪ੍ਰਦਰਸ਼ਨ ਦੌਰਾਨ ਯੂਨੀਅਨ ਆਗੂਆਂ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਜਲਦ ਮੰਗਾਂ ਦਾ ਹੱਲ ਨਾ ਕੀਤਾ ਤਾਂ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਸਫਾਈ ਸੇਵਕ ਆਪਣੀਆਂ ਹੱਕੀ ਮੰਗਾਂ ਲਈ ਆਖ਼ਰੀ ਸਾਹ ਤੱਕ ਲੜਾਈ ਜਾਰੀ ਰੱਖਣਗੇ।ਇਸ ਮੌਕੇ ਬਹੁਜਨ ਸਮਾਜ ਪਾਰਟੀ ਵੱਲੋਂ ਪੂਰਨ ਸਮਰਥਨ ਦਿੱਤਾ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸਫਾਈ ਸੇਵਕ, ਯੂਨੀਅਨ ਆਗੂ ਤੇ ਕਰਮਚਾਰੀ ਹਾਜ਼ਰ ਸਨ।




# ਪਾਤੜਾਂ 'ਚ 17 ਵਾਰਡਾਂ ਲਈ 84 ਉਮੀਦਵਾਰ ਚੋਣ ਮੈਦਾਨ 'ਚ

**ਕਾਂਗਰਸੀ ਉਮੀਦਵਾਰ ਵੱਲੋਂ ਕਾਗਜ਼ ਖੋਹ ਕੇ ਭੱਜਣ ਦੇ ਦੋਸ਼**

**ਪੁਲਸ ਨੇ ਕੀਤਾ ਹਲਕਾ ਲਾਠੀਚਾਰਜ, ਕਾਂਗਰਸੀ ਸਮਰਥਕ ਦੇ ਸੱਟਾਂ ਲੱਗੀਆਂ**

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** : ਨਗਰ ਕੌਂਸਲ ਪਾਤੜਾਂ ਦੀਆਂ ਹੋਣ ਜਾ ਰਹੀਆਂ ਚੋਣਾਂ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਦਾ ਕੰਮ ਸੰਪੰਨ ਹੋ ਗਿਆ।ਨਾਮਜ਼ਦਗੀ ਪੱਤਰ ਦਾਖਲ ਕਰਨ ਦੇ ਅਖੀਰਲੇ ਦਿਨ ਕੁੱਲ 17 ਵਾਰਡਾਂ ਲਈ 84 ਉਮੀਦਵਾਰ ਚੋਣ ਮੈਦਾਨ ਵਿੱਚ ਸਾਹਮਣੇ ਆ ਗਏ ਹਨ। ਸ਼ਨੀਵਾਰ ਨੂੰ ਨਾਮਜ਼ਦਗੀ ਪੱਤਰ ਦਾਖਲ ਕਰਨ ਸਮੇਂ ਕਾਗਜ਼ ਦਾਖਲ ਕਰਨ ਆਏ ਉਮੀਦਵਾਰਾਂ ਵਿੱਚ ਉਸ ਸਮੇਂ ਤਕਰਾਰਬਾਜ਼ੀ ਹੋ ਗਈ, ਜਦੋਂ ਐੱਸਡੀਐੱਮ ਦਫਤਰ ਪਾਤੜਾਂ ਵਿਖੇ ਵਾਰਡ ਨੰਬਰ ਪੰਜ ਤੋਂ ਕਾਂਗਰਸੀ ਉਮੀਦਵਾਰ ਦੇ ਤੌਰ 'ਤੇ ਕਾਗਜ਼ ਦਾਖਲ ਕਰਨ ਆਈ ਉਮੀਦਵਾਰ ਸੁਖਵਿੰਦਰ ਕੌਰ ਪਤਨੀ ਜਗਦੇਵ ਸਿੰਘ ਸੰਧੂ ਤੇ ਇਸੇ ਵਾਰਡ ਤੋਂ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਪਰਮਜੀਤ ਕੌਰ ਦੇ ਪਤੀ ਵਿਚਕਾਰ ਤਕਰਾਰਬਾਜ਼ੀ ਹੋ ਗਈ।ਕਾਂਗਰਸੀ ਉਮੀਦਵਾਰ ਸੁਖਵਿੰਦਰ ਕੌਰ ਨੇ ਆਪ ਆਗੂ ਉੱਤੇ ਕਾਗਜ਼ ਖੋਹ ਕੇ ਭੱਜਣ ਦੇ ਦੋਸ਼ ਲਗਾਏ ਹਨ।ਉਮੀਦਵਾਰ ਦੇ ਪਤੀ ਜਗਦੇਵ ਸਿੰਘ ਸੰਧੂ ਨੇ ਦੱਸਿਆ ਕਿ ਉਨ੍ਹਾਂ ਨੂੰ ਪਹਿਲਾਂ ਹੀ ਕਾਗਜ਼ ਖੋਹੇ ਜਾਣ ਦਾ ਖਦਸ਼ਾ ਸੀ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਦੋ ਫਾਈਲਾਂ ਤਿਆਰ ਕੀਤੀਆਂ ਸੀ।ਇੱਕ ਫਾਈਲ ਉਨ੍ਹਾਂ ਦੀ ਪਤਨੀ ਕੋਲ ਤੇ ਇੱਕ ਉਨ੍ਹਾਂ ਦੇ ਹੱਥ ਵਿੱਚ ਸੀ। ਉਨ੍ਹਾਂ ਦੱਸਿਆ ਕਿ ਆਪ ਉਮੀਦਵਾਰ ਉਨ੍ਹਾਂ ਦੀ ਫਾਈਲ ਖੋਹ ਕੇ ਭੱਜ ਗਿਆ, ਜਦੋਂ ਕਿ ਉਨ੍ਹਾ ਦੂਜੀ ਫਾਈਲ ਜਮ੍ਹਾਂ ਕਰਵਾ ਦਿੱਤੀ ਹੈ।

ਇਸ ਵਾਪਰੀ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਗਈ।ਘਟਨਾ ਦਾ ਰੌਲਾ ਪੈਣ 'ਤੇ ਕਾਂਗਰਸ ਦੇ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਐਸਡੀਐਮ ਦਫਤਰ ਵਿਖੇ ਪਹੁੰਚ ਕੇ ਨਾਅਰੇਬਾਜ਼ੀ ਕੀਤੀ, ਜਿਸ ਦੇ ਚਲਦਿਆਂ ਪੁਲਸ ਨੇ ਹਲਕਾ ਲਾਠੀਚਾਰਜ ਕੀਤਾ।ਇਸ ਦੌਰਾਨ ਕਾਂਗਰਸ ਦੇ ਨੌਜਵਾਨ ਆਗੂ ਸਿਕੰਦਰ ਸਿੰਘ ਦੁਤਾਲ ਦੇ ਹੱਥ ਉੱਤੇ ਸੱਟ ਲੱਗ ਗਈ, ਜਿਸ ਨੂੰ ਹਸਪਤਾਲ ਭਰਤੀ ਕਰਵਾਉਣਾ ਪਿਆ।

ਜਾਣਕਾਰੀ ਦਿੰਦਿਆਂ ਐਸਡੀਐਮ ਪਾਤੜਾਂ ਕਮ ਚੋਣ ਅਧਿਕਾਰੀ ਕਾਲਾ ਰਾਮ ਕਾਂਸਲ ਨੇ ਦੱਸਿਆ ਕਿ ਨਾਮਜ਼ਦਗੀਆਂ ਦਾ ਕੰਮ ਸ਼ਾਂਤੀਪੂਰਵਕ ਨੇਪਰੇ ਚੜ੍ਹ ਗਿਆ ਹੈ।ਉਨ੍ਹਾਂ ਕਿਹਾ ਕਿ ਨਗਰ ਕੌਂਸਲ ਦੀਆਂ ਚੋਣਾਂ ਨੂੰ ਨਿਰਵਿਘਨ ਨੇਪਰੇ ਚੜ੍ਹਾਉਣ ਲਈ ਪ੍ਰਸ਼ਾਸਨ ਪੂਰੀ ਤਰ੍ਹਾਂ ਵਚਨਬੱਧ ਹੈ।ਡੀਐਸਪੀ ਗੁਰਦੀਪ ਸਿੰਘ ਸੰਧੂ ਨੇ ਦੱਸਿਆ ਕਿ ਚੋਣਾਂ ਲਈ ਨਾਮਜ਼ਦਗੀਆਂ ਦਾ ਕੰਮ ਛੋਟੀਆਂ ਮੋਟੀਆਂ ਘਟਨਾਵਾਂ ਨੂੰ ਛੱਡ ਕੇ ਬਿਲਕੁਲ ਸ਼ਾਂਤੀਪੂਰਵਕ ਰਿਹਾ ਹੈ।



## ਸੰਤ ਕਬੀਰ ਸਕੂਲ ਦਾ 12ਵੀਂ ਦਾ ਨਤੀਜਾ ਸੌ ਫ਼ੀਸਦੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਸਫਲਤਾ ਦਾ ਇਤਿਹਾਸ ਰਚਦਿਆਂ ਇਸ ਸਾਲ 12ਵੀਂ ਬੋਰਡ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸਕੂਲ ਦਾ ਨਤੀਜਾ 100 ਫੀਸਦੀ ਦਰਜ ਕਰਾਇਆ। ਵਿਸ਼ੇਸ਼ ਗੱਲ ਇਹ ਰਹੀ ਕਿ ਸ਼ਾਨਦਾਰ ਨਤੀਜਾ ਦੇਣ ਵਾਲੇ ਬਹੁਤੇ ਵਿਦਿਆਰਥੀ ਉਹ ਰਹੇ, ਜੋ ਪੂਰਾ ਸਾਲ ਨਿਯਮਤ ਰੂਪ ਵਿੱਚ ਸਕੂਲ ਆਉਂਦੇ ਰਹੇ ਤੇ ਅਨੁਸ਼ਾਸਨ ਨਾਲ ਆਪਣੀ ਪੜ੍ਹਾਈ ਕਰਦੇ ਰਹੇ। ਸਕੂਲ ਦੇ ਅਧਿਆਪਕਾਂ ਅਨੁਸਾਰ ਵਿਦਿਆਰਥੀਆਂ ਦੀ ਨਿਯਮਤ ਹਾਜ਼ਰੀ, ਨਿਰੰਤਰ ਅਭਿਆਸ ਅਤੇ ਅਧਿਆਪਕਾਂ ਦੀ ਅਗਵਾਈ ਨੇ ਇਸ ਸਫਲਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਨ੍ਹਾਂ ਹੋਣਹਾਰ ਵਿਦਿਆਰਥੀਆਂ ਨੇ ਸਾਬਤ ਕਰ ਦਿੱਤਾ ਕਿ ਨਿਯਮਤ ਪੜ੍ਹਾਈ ਤੇ ਮਿਹਨਤ ਹੀ ਸਫਲਤਾ ਦੀ ਅਸਲ ਕੁੰਜੀ ਹੈ। ਵਿਸ਼ੇ ਅਨੁਸਾਰ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 'ਕਾਮਰਸ ਸਟ੍ਰੀਮ' 'ਚ ਸਿਮਰਦੀਪ ਕੌਰ ਨੇ 97%, ਰਿਦਮ ਨੇ 94.8% ਤੇ ਅਰਸ਼ ਕੁਮਾਰ ਨੇ 92.2%, 'ਆਰਟਸ ਸਟ੍ਰੀਮ' 'ਚ ਦਿਲਜੋਤ ਨੇ 95.2%, ਹਰਮਨਦੀਪ ਕੌਰ ਨੇ 95%, ਅਮਨਦੀਪ ਕੌਰ ਨੇ 95%, ਸੁਖਮਨਪ੍ਰੀਤ ਨੇ 92.6% ਤੇ ਖੁਸ਼ਨੂਰ ਨੇ 90%, 'ਮੈਡੀਕਲ ਸਟ੍ਰੀਮ' 'ਚ ਐਂਜਲੀਨਾ ਸਿੰਘ ਨੇ 95.4% ਤੇ ਧਰੁਵ ਨਾਂਬੀਆਰ ਨੇ 92.2% ਅਤੇ 'ਨਾਨ-ਮੈਡੀਕਲ ਸਟ੍ਰੀਮ' 'ਚ ਤਵਲੀਨ ਕੌਰ ਨੇ 93% ਤੇ ਜੈਸਮੀਨ ਨੇ 92.8% ਅੰਕਾਂ ਨਾਲ ਪਹਿਲੀਆਂ ਪੁਜੀਸ਼ਨਾਂ ਪ੍ਰਾਪਤ ਕੀਤੀਆਂ। ਸਕੂਲ ਦੇ ਐਮ. ਡੀ. ਪ੍ਰੋ. ਐਮ.ਐਲ.ਅਰੋੜਾ, ਡਾਇਰੈਕਟਰ ਡਾ. ਨੰਦਿਤਾ ਅਰੋੜਾ ਤੇ ਪ੍ਰਿੰਸੀਪਲ ਸ੍ਰੀਮਤੀ ਕੰਚਨ ਨੇ ਵਿਦਿਆਰਥੀਆਂ, ਮਾਪਿਆਂ ਤੇ ਸਮੂਹ ਸਟਾਫ਼ ਨੂੰ ਇਸ ਸ਼ਾਨਦਾਰ ਪ੍ਰਾਪਤੀ 'ਤੇ ਵਧਾਈ ਦਿੰਦਿਆਂ ਕਿਹਾ ਕਿ ਵਿਦਿਆਰਥੀਆਂ ਦੀ ਨਿਯਮਿਤਤਾ, ਅਨੁਸ਼ਾਸਨ ਤੇ ਅਧਿਆਪਕਾਂ ਦੀ ਮਿਹਨਤ ਨੇ ਇਹ ਮਾਣਮੱਤਾ ਨਤੀਜਾ ਸੰਭਵ ਬਣਾਇਆ ਹੈ।

## ਸਿਟੀ ਹਾਰਟ ਦਾ ਨਤੀਜਾ ਰਿਹਾ ਸ਼ਾਨਦਾਰ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਸਿਟੀ ਹਾਰਟ ਸਕੂਲ ਮਮਦੋਟ ਦਾ ਇਸ ਸਾਲ ਵੀ ਬਾਰਵੀਂ ਕਲਾਸ (ਸੀ ਬੀ ਐੱਸ ਈ) ਦਾ ਨਤੀਜਾ ਬਹੁਤ ਸ਼ਾਨਦਾਰ ਰਿਹਾ।ਸਕੂਲ ਵਿੱਚ ਕੁੱਲ 88 ਵਿਦਿਆਰਥੀਆਂ ਨੇ ਆਪਣੀ ਬਾਰਵੀਂ ਕਲਾਸ ਦੀ ਪ੍ਰੀਖਿਆ ਦਿੱਤੀ ਸੀ, ਜਿਸ ਵਿੱਚੋਂ ਸਾਰੇ ਵਿਦਿਆਰਥੀਆਂ ਨੇ ਹੀ ਚੰਗੇ ਅੰਕ ਪ੍ਰਾਪਤ ਕੀਤੇ ਹਨ।ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਰਜਨੀ ਸ਼ਰਮਾ ਨੇ ਦੱਸਿਆ ਕਿ ਕਾਮਰਸ ਗਰੁੱਪ ਵਿੱਚੋਂ ਅੰਸ਼ਿਕ ਨੇ 95 ਪ੍ਰਤੀਸ਼ਤ ਨੰਬਰ ਲੈ ਕੇ ਪਹਿਲਾ ਸਥਾਨ, ਜਸ਼ਨਦੀਪ ਕੌਰ ਨੇ 94.2 ਪ੍ਰਤੀਸਤ ਨੰਬਰ ਲੈਕੇ ਦੂਜਾ ਸਥਾਨ ਤੇ ਖੁਸ਼ਪ੍ਰੀਤ ਕੌਰ ਨੇ 80 ਪ੍ਰਤੀਸਤ ਨੰਬਰ ਲੈਕੇ ਤੀਜਾ ਸਥਾਨ ਪ੍ਰਾਪਤ ਕੀਤਾ।ਸਾਇੰਸ ਗਰੁੱਪ ਵਿੱਚੋਂ ਚੇਤਨਾ ਨੇ 94 ਪ੍ਰਤੀਸਤ ਨੰਬਰ ਲੈ ਕੇ ਪਹਿਲਾ ਸਥਾਨ, ਨਵਸੀਰਤ ਕੌਰ ਤੇ ਕੌਮਲਪ੍ਰੀਤ ਕੌਰ ਨੇ 93 ਪ੍ਰਤੀਸ਼ਤ ਨੰਬਰ ਲੈ ਕੇ ਦੂਜਾ ਸਥਾਨ ਅਤੇ ਗਿਆਨਦੀਪ ਸਿੰਘ ਬਰਾੜ ਨੇ 92 ਪ੍ਰਤੀਸਤ ਨੰਬਰ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ। ਆਰਟਸ ਗਰੁੱਪ 'ਚੋਂ ਨਵਜੋਤ ਕੌਰ ਨੇ 86 ਪ੍ਰਤੀਸਤ ਨੰਬਰ ਲੈ ਕੇ ਪਹਿਲਾਂ ਸਥਾਨ ਅਮਨਦੀਪ ਕੌਰ ਤੇ ਐਸ਼ਵੀਰ ਸਿੰਘ ਨੇ 76.8 ਪ੍ਰਤੀਸਤ ਨੰਬਰ ਲੈ ਕੇ ਦੂਜਾ ਸਥਾਨ ਤੇ ਰਮਨਦੀਪ ਕੌਰ ਨੇ 74 ਪ੍ਰਤੀਸਤ ਨੰਬਰ ਲੈ ਕੇ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੇ ਸਕੂਲ ਅਤੇ ਆਪਣੇ ਮਾਪਿਆ ਦਾ ਨਾਂਅ ਰੌਸ਼ਨ ਕੀਤਾ ਹੈ।ਸਕੂਲ ਦੇ ਪ੍ਰਿੰਸੀਪਲ ਮੈਡਮ ਰਜਨੀ ਸ਼ਰਮਾ ਵੱਲੋਂ ਬੱਚਿਆਂ ਦਾ ਮਠਿਆਈ ਨਾਲ ਮੂੰਹ ਮਿੱਠਾ ਕਰਾਇਆ।

## ਡਾ. ਦੇਵ ਰਾਜ ਡੀ ਏ ਵੀ ਸਕੂਲ ਦਾ ਨਤੀਜਾ ਸ਼ਾਨਦਾਰ



**ਲਹਿਰਾਗਾਗਾ (ਪਵਨ ਸ਼ਰਮਾ)**-ਡਾ. ਦੇਵ ਰਾਜ ਡੀ.ਏ.ਵੀ. ਸੀਨੀ. ਸੈਕੰ. ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਸਾਲ ਵੀ ਸਰਵੋਤਮ ਪੁਜ਼ੀਸ਼ਨਾਂ ਹਾਸਲ ਕਰਨ ਵਿੱਚ ਕਾਮਯਾਬੀ ਪ੍ਰਾਪਤ ਕੀਤੀ।ਸਕੂਲ ਦੇ ਪ੍ਰਧਾਨ ਲੱਕੀ ਖੋਖਰ, ਐਮ.ਡੀ. ਪ੍ਰਵੀਨ ਖੋਖਰ ਅਤੇ ਪ੍ਰਿੰਸੀਪਲ ਦੇਵ ਪਰਾਸ਼ਰ ਨੇ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਪ੍ਰਾਪਤੀ ਨੇ 96.4%, ਅਨੰਤਰਜੋਤ ਕੌਰ ਸੰਧੂ ਨੇ 94.6%, ਸੁਨੀਤੀ ਨੇ 94%, ਗੁਰਪ੍ਰੀਤ ਸਿੰਘ ਨੇ 91.2%, ਰਾਜਵੀਰ ਕੌਰ ਨੇ 91%, ਸਾਕਸ਼ੀ ਨੇ 88%, ਅਰਸ਼ਦੀਪ ਕੌਰ ਨੇ 87.6%, ਤਨੂਸ਼੍ਰੀ ਨੇ 87.4%, ਜਸਮਨ ਸਿੰਘ ਨੇ 86.4%, ਆਰਜ਼ੂ ਅਗਰਵਾਲ ਨੇ 85.8%, ਯਸ਼ੀਕਾ ਨੇ 84.4%, ਨਵਦੀਪ ਸਿੰਘ ਨੇ 83.4%, ਝਿਲਮੀਲ ਪ੍ਰੀਤ ਕੌਰ ਨੇ 82.2%, ਨੀਕੀਤਾ ਅਗਰਵਾਲ ਨੇ 81.8%, ਹਰਸ਼ਪ੍ਰੀਤ ਕੌਰ ਨੇ 81.8%, ਕਰਮਪ੍ਰੀਤ ਕੌਰ ਨੇ 81.2%, ਕੁਨਿਕਾ ਨੇ 81.2%, ਅੰਮ੍ਰਿਤਪਾਲ ਸ਼ਰਮਾਂ ਨੇ 80.2% ਅਤੇ ਏਕਨੂਰ ਕੌਰ ਨੇ 80% ਅੰਕ ਪ੍ਰਾਪਤ ਕਰਕੇ ਪ੍ਰੀਖਿਆ ਪਾਸ ਕੀਤੀ।ਉਨ੍ਹਾਂ ਇਹ ਵੀ ਦੱਸਿਆ ਕਿ ਸਕੂਲ ਦਾ ਬਾਕੀ ਨਤੀਜਾ ਵੀ ਬਹੁਤ ਸ਼ਾਨਦਾਰ ਰਿਹਾ।ਸਕੂਲ ਪ੍ਰਬੰਧਕ ਕਮੇਟੀ ਨੇ ਸਕੂਲ ਦੇ ਇਸ ਸ਼ਾਨਦਾਰ ਨਤੀਜੇ ਦੀ ਮੁਬਾਰਕਬਾਦ ਦਿੰਦਿਆ ਕਿਹਾ ਕਿ ਇਹ ਸਾਰਾ ਕੁੱਝ ਸਕੂਲ ਦੇ ਮਿਹਨਤੀ ਸਟਾਫ਼ ਵੱਲੋਂ ਕਰਾਈ ਸਖਤ ਮਿਹਨਤ, ਵਿਦਿਆਰਥੀਆਂ ਵੱਲੋਂ ਕੀਤੀ ਅਥਾਹ ਮਿਹਨਤ ਅਤੇ ਮਾਪਿਆਂ ਦੇ ਭਰਵੇਂ ਸਹਿਯੋਗ ਦਾ ਨਤੀਜਾ ਹੈ।

## ਕਾਮਾਗਾਟਾਮਾਰੂ ਯਾਦਗਾਰ ਕਮੇਟੀ ਦੀ ਅਹਿਮ ਮੀਟਿੰਗ



**ਲੁਧਿਆਣਾ (ਸਤੀਸ਼ ਸਚਦੇਵਾ)**-ਕਾਮਾਗਾਟਾਮਾਰੂ ਯਾਦਗਾਰ ਕਮੇਟੀ ਦੀ ਮੀਟਿੰਗ ਸਾਥੀ ਗੁਰਦੇਵ ਸਿੰਘ ਮੁੱਲਾਂਪੁਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਉਜਾਗਰ ਸਿੰਘ ਬੱਦੋਵਾਲ, ਜਸਦੇਵ ਸਿੰਘ ਲਲਤੋਂ, ਜੋਗਿੰਦਰ ਸਿੰਘ ਸ਼ਹਿਜਾਦ ਤੇ ਚਰਨਜੀਤ ਸਿੰਘ ਹਿਮਾਂਯੂਪੁਰਾ ਨੇ ਮਹਾਨ ਗ਼ਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜਨਮ ਦਿਵਸ ਦੀ 130ਵੀਂ ਵਰ੍ਹੇਗੰਢ ਮੌਕੇ ਰਚਾਏ ਜਾਣ ਵਾਲੇ ਜਨਮ ਦਿਵਸ ਸਮਾਗਮ ਸਬੰਧੀ ਵੱਖ-ਵੱਖ ਪਹਿਲੂਆਂ ਬਾਰੇ ਡੂੰਘੇ ਵਿਚਾਰ ਪੇਸ਼ ਕੀਤੇ।ਸਰਬਸੰਮਤੀ ਨਾਲ ਪਾਸ ਵਿਸ਼ੇਸ਼ ਮਤੇ ਰਾਹੀਂ ਵਰਨਣ ਕੀਤਾ ਗਿਆ ਕਿ 24 ਮਈ ਨੂੰ ਠੀਕ 9 ਵਜੇ ਸਵੇਰੇ ਤੋਂ ਆਰੰਭ ਕਰਕੇ ਲਾਲ ਝੰਡਾ ਪੰਜਾਬ ਭੱਠਾ ਮਜ਼ਦੂਰ ਯੂਨੀਅਨ ਦੇ ਹੈਡਕੁਆਰਟਰ ਦਾਦ (ਨੇੜੇ ਭਾਈ ਬਾਲਾ ਗੁਰਦੁਆਰਾ ਸਾਹਿਬ) ਦੇਸ਼ ਭਗਤ ਯਾਦਗਾਰ ਕਮੇਟੀ ਦੀ ਸਰਪ੍ਰਸਤੀ ਹੇਠ ਕਾਮਾਗਾਟਾਮਾਰੂ ਯਾਦਗਾਰ ਕਮੇਟੀ ਜ਼ਿਲ੍ਹਾ ਲੁਧਿਆਣਾ ਦੀ ਪਹਿਲਕਦਮੀ ਤੇ ਉੱਦਮ ਨਾਲ ਵਿਸ਼ਾਲ ਜਨਮ ਦਿਵਸ ਸਮਾਗਮ ਰਚਾਇਆ ਜਾਵੇਗਾ।ਸਮਾਗਮ 'ਚ ਜ਼ਿਲ੍ਹੇ ਭਰ 'ਚੋਂ ਕਿਸਾਨ, ਮਜ਼ਦੂਰ, ਮੁਲਾਜ਼ਮ ਤੇ ਹੋਰ ਦੇਸ਼ ਪ੍ਰੇਮੀ ਵਰਕਰ ਜੋਸ਼ੋ-ਖਰੋਸ਼ ਨਾਲ ਵਧ-ਚੜ੍ਹ ਕੇ ਭਰਵੀਂ ਸ਼ਮੂਲੀਅਤ ਕਰਨਗੇ।ਸਮਾਗਮ ਦੀ ਤਿਆਰੀ ਮੁਹਿੰਮ ਵਜੋਂ ਜ਼ਿਲ੍ਹੇ 'ਚ ਕਾਮਾਗਾਟਾਮਾਰੂ ਯਾਦਗਾਰ ਕਮੇਟੀ ਦੀਆਂ ਇਕਾਈਆਂ ਦੀਆਂ ਜਨਤਕ ਮੀਟਿੰਗਾਂ ਦਾ ਸਿਲਸਿਲਾ ਆਰੰਭ ਕੀਤਾ ਜਾਵੇਗਾ।ਦੂਜੇ ਮਤੇ ਰਾਹੀਂ ਪ੍ਰਸਿੱਧ ਦੇਸ਼ ਪ੍ਰੇਮੀ ਇਤਿਹਾਸਕਾਰ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਦੇ ਅਚਾਨਕ ਸਦੀਵੀ ਵਿਛੋੜੇ ਕਾਰਨ ਦੋ ਮਿੰਟ ਖੜੇ ਹੋ ਕੇ ਤੇ ਮੌਨ ਧਾਰ ਕੇ ਨਿੱਘੀ ਤੇ ਭਾਵ ਭਿੰਨੀ ਸ਼ਰਧਾਂਜਲੀ ਅਰਪਤ ਕੀਤੀ ਗਈ।

## ਕੇਂਦਰ ਸਰਕਾਰ ਵੱਲੋਂ ਝੋਨੇ ਦੇ ਭਾਅ 'ਚ ਕੀਤਾ ਵਾਧਾ ਕਿਸਾਨਾਂ ਨਾਲ ਕੋਝਾ ਮਜ਼ਾਕ : ਪ੍ਰਧਾਨ ਸ਼ੰਮੀ ਠੁੱਲੀਵਾਲ




**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਕੇਂਦਰ ਸਰਕਾਰ ਨੇ ਹਮੇਸ਼ਾ ਹੀ ਪੰਜਾਬ ਦੇ ਲੋਕਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਹੈ। ਹੁਣ ਝੋਨੇ ਦੇ ਭਾਅ ਚ 72 ਰੁਪਏ ਪ੍ਰਤੀ ਕੁਇੰਟਲ ਕੀਤਾ ਵਾਧਾ ਕਿਸਾਨਾਂ ਕੋਝਾ ਮਜ਼ਾਕ ਹੈ।ਇਹ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਬਲਾਕ ਪ੍ਰਧਾਨ ਪਰਮਿੰਦਰ ਸਿੰਘ ਸ਼ੰਮੀ ਠੁੱਲੀਵਾਲ ਨੇ ਕੀਤਾ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ, ਮਜ਼ਦੂਰਾਂ ਪ੍ਰਤੀ ਸੁਹਿਰਦ ਨਹੀਂ ਹੈ।ਇਸ ਸਰਕਾਰ ਨੇ ਆਰਥਿਕ ਤੌਰ 'ਤੇ ਟੁੱਟ ਚੁੱਕੇ ਕਿਸਾਨਾਂ, ਮਜ਼ਦੂਰਾਂ ਲਈ ਕੋਈ ਰਾਹਤ ਪੈਕੇਜ ਦੇਣ ਤੋਂ ਹਮੇਸ਼ਾ ਪਾਸਾ ਵੱਟ ਕੇ ਗੱਲੀ ਬਾਤੀ ਡੰਗ ਟਪਾਉਣ ਦੀ ਨੀਤੀ ਅਪਣਾਈ ਹੋਈ ਹੈ।ਆਗੂ ਨੇ ਕਿਹਾ ਕਿ ਖੇਤੀਬਾੜੀ ਉਪਰ ਲਾਗਤ ਖਰਚੇ 'ਚ ਭਾਰੀ ਵਾਧਾ ਹੋਣ ਉਪਰੰਤ ਖੇਤੀ ਹੁਣ ਲਾਹੇਵੰਦ ਧੰਦਾ ਨਹੀਂ ਰਹੀ।ਹੁਣ ਸਰਕਾਰਾਂ ਨੂੰ ਕਰਜ਼ੇ ਦੇ ਤੰਦੂਆਂ ਜਾਲ ਫਸੇ ਆਰਥਿਕ ਤੌਰ 'ਤੇ ਬੁਰੀ ਟੁੱਟ ਚੁਕੇ ਕਿਸਾਨਾਂ ਦੀ ਬਾਂਹ ਫੜਨ ਦੀ ਲੋੜ ਹੈ। ਨਿਰਾਸ਼ਤਾ ਦੇ ਆਲਮ 'ਚ ਦੇਸ਼ ਦਾ ਅੰਨਦਾਤਾ ਦੁਖੀ ਹੋ ਕੇ ਖੁਦਕਸ਼ੀਆਂ ਦੇ ਰਾਹ ਪੈ ਰਿਹਾ ਹੈ।ਇਸ ਖਤਰਨਾਕ ਰੁਝਾਨ ਨੂੰ ਤੁਰੰਤ ਠੱਲ੍ਹ ਪਾਉਣ ਦੀ ਲੋੜ ਹੈ।ਕਾਂਗਰਸੀ ਆਗੂ ਸ਼ੰਮੀ ਠੁੱਲੀਵਾਲ ਨੇ ਸਮੂਹ ਲੋਕਾਂ ਕਾਂਗਰਸ ਦੀ ਅਗਵਾਈ ਹੇਠ ਲਾਮਬੰਦ ਹੋਣ ਦੀ ਪੁਰਜ਼ੋਰ ਅਪੀਲ ਕੀਤੀ, ਤਾਂ ਜੁ ਮੁਸ਼ਕਲਾਂ 'ਚ ਘਿਰੇ ਕਿਸਾਨਾਂ, ਮਜ਼ਦੂਰਾਂ ਦਾ ਭਵਿੱਖ ਸੁਨਹਿਰੀ ਬਣਾਇਆ ਜਾ ਸਕੇ।

## 'ਵਿਭਿੰਨਤਾ ਦਾ ਸਤਿਕਾਰ, ਮਨੁੱਖਤਾ ਦੀ ਸੇਵਾ' ਵਿਸ਼ੇ 'ਤੇ ਪੋਸਟਰ ਤਿਆਰ ਮੁਕਾਬਲਾ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਘੱਟਗਿਣਤੀ ਸੈੱਲ ਵੱਲੋਂ ਵਿਭਿੰਨਤਾ ਦਾ ਸਤਿਕਾਰ, ਮਨੁੱਖਤਾ ਦੀ ਸੇਵਾ ਵਿਸ਼ੇ 'ਤੇ ਪੋਸਟਰ ਤਿਆਰ ਕਰਨ ਦਾ ਮੁਕਾਬਲਾ ਕਰਾਇਆ ਗਿਆ।ਇਸ ਮੁਕਾਬਲੇ ਦਾ ਉਦੇਸ਼ ਵਿਭਿੰਨਤਾ, ਸਰਬਸਾਂਝੀ ਸੋਚ ਤੇ ਮਨੁੱਖਤਾ ਦੀ ਭਾਵਨਾ ਪ੍ਰਤੀ ਸਚੇਤਤਾ ਪੈਦਾ ਕਰਨਾ ਅਤੇ ਵਿਦਿਆਰਥੀਆਂ ਨੂੰ ਆਪਣੀਆਂ ਸਿਰਜਣਾਤਮਕ ਸੋਚਾਂ ਨੂੰ ਪ੍ਰਗਟ ਕਰਨ ਲਈ ਪ੍ਰੇਰਿਤ ਕਰਨਾ ਸੀ।ਵਿਦਿਆਰਥੀਆਂ ਨੇ ਸੋਚ ਜਗਾਉਣ ਵਾਲੇ ਪੋਸਟਰ ਪੇਸ਼ ਕੀਤੇ।ਪ੍ਰਵਿਸ਼ਟੀਆਂ ਦਾ ਮੁਲਾਂਕਣ ਗਣਿਤ ਵਿਭਾਗ ਦੀ ਸਹਾਇਕ ਪ੍ਰੋਫੈਸਰ ਡਾ. ਬ੍ਰਹਿਮਿਤ ਕੌਰ ਤੇ ਪੰਜਾਬੀ ਵਿਭਾਗ ਦੀ ਸਹਾਇਕ ਪ੍ਰੋਫੈਸਰ ਡਾ. ਹਰਪ੍ਰੀਤ ਕੌਰ ਵੱਲੋਂ ਕੀਤਾ ਗਿਆ। ਬੀ.ਏ.-ਬੀ.ਐਡ ਦੀ ਵਿਦਿਆਰਥਣ ਨਵਜੋਤ ਕੌਰ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ ਇੰਦਰਜੀਤ ਸਿੰਘ ਅਤੇ ਹਰਮਨਜੋਤ ਕੌਰ ਨੇ ਕ੍ਰਮਵਾਰ ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ।ਸਮਾਗਮ ਦੀ ਅਗਵਾਈ ਭੌਤਿਕ ਵਿਗਿਆਨ ਵਿਭਾਗ ਦੇ ਮੁਖੀ ਡਾ. ਪ੍ਰੀਤ ਕੌਰ ਵੱਲੋਂ ਕੀਤੀ ਗਈ।ਵਪਾਰ ਤੇ ਪ੍ਰਬੰਧਨ ਵਿਭਾਗ ਦੀ ਸਹਾਇਕ ਪ੍ਰੋਫੈਸਰ ਡਾ. ਰੁਚੀ ਮਲਹੋਤਰਾ ਅਤੇ ਲੋਕ ਪ੍ਰਸ਼ਾਸਨ ਵਿਭਾਗ ਦੀ ਸਹਾਇਕ ਪ੍ਰੋਫੈਸਰ ਸ੍ਰੀਮਤੀ ਨਰਿੰਦਰ ਕੌਰ ਨੇ ਸਮਾਗਮ ਦੇ ਸੰਯੋਜਕ ਵਜੋਂ ਜ਼ਿੰਮੇਵਾਰੀ ਨਿਭਾਈ।ਪ੍ਰੋ. (ਡਾ.) ਪ੍ਰਿਤਪਾਲ ਸਿੰਘ, ਯੂਨੀਵਰਸਿਟੀ ਦੇ ਉਪ-ਕੁਲਪਤੀ ਨੇ ਜੇਤੂਆਂ ਅਤੇ ਭਾਗੀਦਾਰਾਂ ਨੂੰ ਉਨ੍ਹਾਂ ਦੇ ਸ਼ਲਾਘਾਯੋਗ ਯਤਨਾਂ ਲਈ ਵਧਾਈ ਦਿੱਤੀ।


ਬੁੰਦੇਲਖੰਡੀ ਇਮਾਰਤ ਕਲਾ ਦੇ ਦਰਸ਼ਨ
(ਆਖਰੀ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਬੜੇ ਔਖੇ ਜਿਹੜੇ ਪੈਂਡੇਂ ਜਿਨ੍ਹਾਂ ਥੀਂ
ਵਹਿ ਕੇ ਆਈ ਹੈ।
ਨਦੀ ਆਪਣੇ ਸਮੁੰਦਰ ਕੋਲ
ਪੀੜਾਂ ਸਹਿ ਕੇ ਆਈ ਹੈ।
- ਅਮਨਦੀਪ ਸਿੰਘ ਅਮਨ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 17 ਮਈ 2026

www.nawanzamana.in

ਕੀਮਤ 5.00 ਰੁਪਏ


# ਬੰਗਾਲ-26 ਰਾਹੀਂ ਪੰਜਾਬ-27 ਨੂੰ ਤੱਕਦਿਆਂ

ਹਾਲੀਆ ਵਿਧਾਨ ਸਭਾ ਚੋਣਾਂ ਵਿੱਚੋਂ ਸਭ ਤੋਂ ਵੱਧ ਚਰਚਾ ਬੰਗਾਲ ਦੀਆਂ ਚੋਣਾਂ ਦੀ ਹੀ ਹੋ ਰਹੀ ਹੈ, ਜਿਸ ਵਿੱਚ ਭਾਰਤੀ ਜਨਤਾ ਪਾਰਟੀ ਨੇ ਬਾਜ਼ੀ ਮਾਰੀ ਹੈ। ਚੋਣ ਨਤੀਜਿਆਂ ਦੇ ਬਾਅਦ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਲਲਕਾਰਾ ਮਾਰਿਆ ਹੈ ਕਿ ਉਹ ਭਾਜਪਾ ਨੂੰ 2027 ਵਿੱਚ ਪੰਜਾਬ ਵਿੱਚ ਸੱਤਾ ਵਿੱਚ ਨਹੀਂ ਆਉਣ ਦੇਣਗੇ। ਸ਼ਾਇਦ ਉਹਨਾਂ ਨੂੰ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ 6.6 ਫੀਸਦੀ ਵੋਟਾਂ ਹਾਸਲ ਕਰਕੇ ਭਾਜਪਾ ਵੱਲੋਂ ਜਿੱਤੀਆਂ ਸਿਰਫ਼ ਦੋ ਸੀਟਾਂ ਯਾਦ ਹੋਣ, ਪਰ ਉਹ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਵੱਲੋਂ ਪੰਜਾਬ ਵਿੱਚੋਂ ਪ੍ਰਾਪਤ ਕੀਤੀਆਂ 28.6 ਫੀਸਦੀ ਵੋਟਾਂ ਦਾ ਅੰਕੜਾ ਭੁੱਲ ਗਏ ਹੋਣ, ਜਿਸ ਦੇ ਬਲਬੂਤੇ ਤੇਈ ਵਿਧਾਨ ਸਭਾ ਹਲਕਿਆਂ ਵਿੱਚ ਭਾਜਪਾ ਨੇ ਲੀਡ ਕੀਤਾ ਸੀ। ਭਾਜਪਾ ਹਮੇਸ਼ਾ ਲੰਮੇ ਸਮੇਂ ਦੀ ਰਾਜਨੀਤੀ ਨਾਲ ਚੱਲਦੀ ਹੈ। ਪੱਛਮੀ ਬੰਗਾਲ ਵਿੱਚ ਇਸ ਨੇ 2011 ਵਿੱਚ 6.07 ਫੀਸਦੀ, 2016 ਵਿੱਚ


## ਡਾ. ਜਸਬੀਰ ਸਿੰਘ ਔਲਖ


10.16 ਫੀਸਦੀ ਅਤੇ 2021 ਵਿੱਚ 38 ਫੀਸਦੀ ਵੋਟਾਂ ਲੈ ਕੇ ਵਿਰੋਧ ਧਿਰ ਦਾ ਅਹੁਦਾ ਹਾਸਲ ਕੀਤਾ ਸੀ, ਜਿਵੇਂ ਆਪ ਨੇ ਪੰਜਾਬ ਵਿੱਚ 2017 ਵਿੱਚ। 'ਦੀਵਾਰ' ਫਿਲਮ ਦਾ ਉਹ ਡਾਇਲਾਗ ਭਾਵੇਂ ਭੁਲਾਇਆ ਜਾ ਚੁੱਕਿਆ ਹੈ ਕਿ 'ਮੇਰੇ ਪਾਸ ਮਾਂ ਹੈ', ਪਰ ਰਾਘਵ ਚੱਢਾ ਦਾ ਡਾਇਲਾਗ ਜ਼ਰੂਰ ਯਾਦ ਹੈ ਕਿ 'ਮੇਰੇ ਪਾਸ ਇੱਕੀਸ ਰਾਜੋਂ ਕੀ ਪੁਲਸ ਹੈ'। ਈ ਡੀ, ਸੀ ਬੀ ਆਈ, ਇਨਕਮ ਟੈਕਸ ਵੱਖਰੇ ਹਨ। ਉਹ ਇੱਕ ਹੋਰ ਇਤਿਹਾਸਕ ਤੱਥ ਭੁੱਲ ਰਹੇ ਹਨ ਕਿ 1937 ਦੀ ਪੰਜਾਬ ਵਿਧਾਨ ਸਭਾ ਵਿੱਚ ਮੁਸਲਿਮ ਲੀਗ ਦੀਆਂ ਵੀ ਦੋ ਸੀਟਾਂ ਸਨ, ਪਰ 1947 ਤੱਕ ਲੀਗ ਪੰਜਾਬ ਦੀ ਕਰਤਾ-ਧਰਤਾ ਬਣ ਗਈ ਸੀ ਅਤੇ ਸਾਂਝੇ ਪੰਜਾਬ ਦੇ ਮੁਦਈ ਉਸ ਵੇਲੇ ਦੇ ਪ੍ਰੀਮੀਅਰ ਹਿਜਰ ਹਿਯਾਤ ਟਿਵਾਣਾ ਨੂੰ ਲੀਗੀਆਂ ਨੇ ਪਾਕਿਸਤਾਨ ਛੱਡਣ ਲਈ ਵੀ ਮਜਬੂਰ ਕਰ ਦਿੱਤਾ ਸੀ।

### ਮਮਤਾ ਦਾ ਬੰਗਾਲ

ਤਵਾਰੀਖ ਦੇ ਹਰ ਮਰਹੱਲੇ ਤੇ ਹਰ ਵੱਡੀ ਸੱਤਾ ਕਮਜ਼ੋਰ ਸੱਤਾ ਨੂੰ ਖਤਮ ਕਰਦੀ ਰਹੀ ਹੈ। ਸ਼ਿਵ ਸੈਨਾ, ਅਕਾਲੀ ਦਲ, ਜਨਤਾ ਦਲ (ਯੂਨਾਈਟਿਡ, ਸੈਕੂਲਰ ਅਤੇ ਬੀਜੂ), ਇਨੈਲੋ, ਪੀ ਡੀ ਪੀ, ਅਸਾਮ ਗਣ ਪ੍ਰੀਸ਼ਦ ਆਦਿ ਕੁੱਝ ਉਦਾਹਰਣਾਂ ਹਨ, ਜਿਹਨਾਂ ਦੇ ਬਲਬੂਤੇ ਭਾਜਪਾ ਨੇ ਆਪਣੇ ਆਰੰਭਿਕ ਸਮੇਂ ਵਿੱਚ ਸਫਲਤਾਵਾਂ ਹਾਸਲ ਕੀਤੀਆਂ। ਕਾਂਗਰਸ ਨਾਲ ਇਹਨਾਂ ਸਿਆਸੀ ਪਾਰਟੀਆਂ ਦੀ ਵਿਰੋਧਤਾ ਨੂੰ ਕਾਂਗਰਸ-ਮੁਕਤ ਭਾਰਤ ਦੇ ਨਾਅਰੇ ਨਾਲ ਪ੍ਰਚਾਰਿਆ ਗਿਆ। ਕਾਂਗਰਸ ਤਾਂ ਹਾਲੇ ਵੀ ਚਾਰ ਰਾਜਾਂ ਵਿੱਚ ਸੱਤਾ ਕਾਇਮ ਰੱਖਣ ਵਿੱਚ ਕਾਮਯਾਬ ਹੈ, ਪਰ ਨੈਸ਼ਨਲ ਕਾਨਫਰੰਸ ਤੋਂ ਇਲਾਵਾ ਬਾਕੀ ਖੇਤਰੀ ਪਾਰਟੀਆਂ ਇੱਕ-ਇੱਕ ਕਰਕੇ ਹਾਸ਼ੀਏ 'ਤੇ ਚਲੀਆਂ ਗਈਆਂ।

ਗੋਲਵਲਕਰ ਨੇ ਆਪਣੀ ਕਿਤਾਬ 'ਬੰਚ ਆਫ਼ ਥਾਟ' ਵਿੱਚ ਮੁਸਲਮਾਨਾਂ ਅਤੇ ਈਸਾਈਆਂ ਦੇ ਨਾਲ ਕਮਿਊਨਿਸਟਾਂ ਨੂੰ ਭਾਰਤ ਦੇ ਸਭ ਤੋਂ ਵੱਡੇ ਅੰਦਰੂਨੀ ਦੁਸ਼ਮਣ ਗਰਦਾਨਿਆ ਸੀ। ਚੋਣ ਰਾਜਨੀਤੀ ਵਿੱਚ ਬੰਗਾਲ ਲਗਾਤਾਰ ਕਮਿਊਨਿਸਟਾਂ ਦਾ ਕਿਲ੍ਹਾ ਬਣਿਆ ਹੋਇਆ ਸੀ, ਜਿਸ ਨੂੰ ਢਾਹੁਣ ਲਈ ਮਮਤਾ ਬੈਨਰਜੀ ਨੂੰ ਵਰਤਿਆ ਗਿਆ। ਮਮਤਾ ਦੀ ਬੰਗਾਲ ਕਾਂਗਰਸ ਵਿੱਚ ਹੋਈ ਅਣਬਣ ਤੋਂ ਬਾਅਦ ਉਸ ਨੂੰ ਕੇਂਦਰੀ ਮੰਤਰੀ ਬਣਾਇਆ ਗਿਆ, ਜਿਸ ਨਾਲ ਉਸ ਦਾ ਸਿਆਸੀ ਕੱਦ ਕੌਮੀ ਪੱਧਰ 'ਤੇ ਉੱਚਾ ਹੋ ਗਿਆ। ਤਹਿਲਕਾ ਮਸਲੇ 'ਤੇ ਕੇਂਦਰ ਸਰਕਾਰ ਵਿੱਚੋਂ ਬਾਹਰ ਹੋਣ ਤੇ ਫਿਰ ਉਸ ਨੂੰ ਦੁਬਾਰਾ ਮੰਤਰੀ ਮੰਡਲ ਵਿੱਚ ਲੈ ਲਿਆ ਗਿਆ। ਬੰਗਾਲ ਦੀ ਸੀ ਪੀ ਐੱਮ ਸਰਕਾਰ ਨੇ ਜਦੋਂ ਸਿੰਗੂਰ ਅਤੇ ਨੰਦੀਗ੍ਰਾਮ ਵਿੱਚ ਜਾ ਕੇ ਕਾਰਪੋਰੇਟਾਂ ਨੂੰ ਜ਼ਮੀਨ ਦੇਣ ਲਈ ਕਿਸਾਨਾਂ ਨਾਲ ਵਿਰੋਧ ਸਹੇੜ ਲਿਆ ਜਿਸ ਦੇ ਵਿਰੋਧ ਵਿੱਚ ਮਮਤਾ ਬੈਨਰਜੀ ਇੱਕ ਪ੍ਰਮੁੱਖ ਚਿਹਰੇ ਦੇ ਤੌਰ 'ਤੇ ਉੱਭਰੀ। ਭਾਜਪਾ ਨਾਲ ਵਿਰੋਧ ਦੇ ਬਾਵਜੂਦ ਉਸ ਵੇਲੇ ਦੇ ਭਾਜਪਾ ਪ੍ਰਧਾਨ ਰਾਜਨਾਥ ਸਿੰਘ ਬੰਗਾਲ ਜਾ ਕੇ ਉਸ ਨੂੰ ਥਾਪੜਾ ਦਿੰਦੇ ਰਹੇ ਅਤੇ ਸਥਾਨਕ ਭਾਜਪਾ ਵਰਕਰ ਵੀ ਮਮਤਾ ਦੇ ਅੰਦੋਲਨ ਦਾ ਹਿੱਸਾ ਬਣਦੇ ਰਹੇ। 'ਮਿਸ਼ਨ ਬੰਗਾਲ' ਦੇ ਲੇਖਕ ਸਨਿਗਧੇਂਦੂ ਭੱਟਾਚਾਰੀਆ ਬਿਆਨਦੇ ਹਨ ਕਿ ਕਿਵੇਂ ਭਾਜਪਾ ਨੇ ਮਮਤਾ ਬੈਨਰਜੀ ਨੂੰ ਬੰਗਾਲ ਵਿੱਚ ਖੱਬੀ ਧਿਰ ਅਤੇ ਕਾਂਗਰਸ ਨੂੰ ਸਮੇਟਣ ਲਈ ਵਰਤਿਆ।

ਸਿੰਗੂਰ ਅਤੇ ਨੰਦੀਗ੍ਰਾਮ ਦੇ ਪ੍ਰੋਜੈਕਟ ਬਤੌਰ ਮੁੱਖ ਮੰਤਰੀ ਨਰਿੰਦਰ ਮੋਦੀ ਗੁਜਰਾਤ ਲੈ ਜਾਂਦਾ ਹੈ। ਇਸ ਸਮੇਂ ਹੀ ਮਨਮੋਹਨ ਸਰਕਾਰ ਜ਼ਮੀਨ ਗ੍ਰਹਿਣ ਕਾਨੂੰਨ ਨਾਲ ਕੁੱਝ ਕਿਸਾਨ ਪੱਖੀ ਧਾਰਾਵਾਂ ਲੈ ਆਉਂਦੀ ਹੈ। ਇਹਨਾਂ ਦੋਵਾਂ ਘਟਨਾਵਾਂ ਨੇ ਮਨਮੋਹਨ ਸਰਕਾਰ ਤੋਂ ਕਾਰਪੋਰੇਟ ਜਗਤ ਦਾ ਮੋਹ ਭੰਗ ਕਰ ਦਿੱਤਾ ਅਤੇ ਇਸ ਨੇ ਆਪਣਾ ਦਾਅ ਨਰਿੰਦਰ ਮੋਦੀ 'ਤੇ ਲਾਉਣ ਦਾ ਫੈਸਲਾ ਕੀਤਾ। ਸਿੱਟਾ 2014 ਵਿੱਚ ਭਾਜਪਾ ਪਹਿਲੀ ਵਾਰ ਆਪਣੇ ਬਲਬੂਤੇ ਸਰਕਾਰ ਬਣਾਉਣ ਵਿੱਚ ਕਾਮਯਾਬ ਰਹੀ। ਭਾਜਪਾ ਦੀ ਵਿਚਾਰਧਾਰਾ ਵਿੱਚ ਖੇਤਰੀ ਪਾਰਟੀਆਂ ਅਤੇ ਇਲਾਕਾਈ ਪਛਾਣਾਂ ਲਈ ਕੋਈ ਸਤਿਕਾਰ ਹੀ ਨਹੀਂ ਹੈ। ਉਪਰੋਂ ਲੋਕ ਸਭਾ ਚੋਣਾਂ ਵਿੱਚ ਮਿਲੀ ਕਾਮਯਾਬੀ ਨੇ ਉਸ ਨੂੰ ਆਪਣੇ ਦਮ 'ਤੇ ਖੇਡਣ ਦਾ ਮੌਕਾ ਦੇ ਦਿੱਤਾ।

### ਬੰਗਾਲ ਵਿੱਚ ਹਿੰਦੂਤਵ

ਹਿੰਦੂਤਵੀ ਵਿਚਾਰਧਾਰਾ ਦਾ ਮੋਢੀ ਸਾਵਰਕਰ ਨੂੰ ਮੰਨਿਆ ਜਾਂਦਾ ਹੈ ਪਰ ਚੰਦਰਨਾਥ ਬਾਸੂ (1844-1918) ਨੇ 1892 ਵਿੱਚ ਬੰਗਾਲੀ ਵਿੱਚ 'ਹਿੰਦੂਤਵਾ' ਹਿੰਦੂ ਪ੍ਰਾਕਿਤਾ ਇਤਿਹਾਸ ਨਾਂਅ ਦੀ ਕਿਤਾਬ ਲਿਖ ਕੇ ਇਸ ਦਾ ਮੁੱਢ ਬੰਨ੍ਹਿਆ ਸੀ। ਉਸ ਤੋਂ ਵੀ ਪਹਿਲਾਂ 1858 ਵਿੱਚ ਛਪੀ ਤਾਰਨੀਚਰਨ ਚੱਟੋਪਾਧਿਆਏ ਦੀ ਕਿਤਾਬ ਭਾਰਤਵਰਸ਼ਰ ਇਤਿਹਾਸ ਨੂੰ ਹਿੰਦੂਤਵੀ ਨਜ਼ਰੀਏ ਤੋਂ ਲਿਖਿਆ ਜਾ ਚੁੱਕਾ ਸੀ ਅਤੇ ਇਸ ਵਿੱਚ ਮੁਸਲਿਮ ਵਿਰੋਧ ਵੀ ਭਾਰੂ ਸੀ। ਬਹੁਤ ਲੰਮੇ ਸਮੇਂ ਤੱਕ ਕ੍ਰਾਂਤੀਕਾਰੀ ਅੰਦੋਲਨ, ਕਾਂਗਰਸ, ਕਮਿਊਨਿਸਟਾਂ ਅਤੇ ਫਿਰ ਟੀ ਐੱਮ ਸੀ ਨੇ ਧਰੁਵੀਕਰਨ ਨੂੰ ਬੰਗਾਲ ਦੀ ਸਿਆਸਤ ਤੋਂ ਪਰੇ ਰੱਖਿਆ। ਭਾਜਪਾ ਸ਼ਿਆਮਾ ਪ੍ਰਸ਼ਾਦ ਮੁਖਰਜੀ ਦੀ ਜਨਮ ਭੂਮੀ



'ਤੇ ਭਗਵਾਂ ਲਹਿਰਾਉਣ ਲਈ ਤਰਲੋਮੱਛੀ ਸੀ। ਇਸ ਲਈ ਇਸ ਨੇ ਨਾਂਅ ਸਿਰਫ਼ ਲੰਮੀ ਵਿਉਂਤਬੰਦੀ ਕੀਤੀ, ਬਲਕਿ ਸੰਵਿਧਾਨਕ ਸੰਸਥਾਵਾਂ ਦੀ ਵੀ ਰੱਜ ਕੇ ਦੁਰਵਰਤੋਂ ਕੀਤੀ। ਐੱਸ ਆਈ ਆਰ ਰਾਹੀਂ ਵੱਡੀ ਪੱਧਰ 'ਤੇ ਆਬਜ਼ਰਵਰ ਅਤੇ ਮਾਈਕਰੋ ਆਬਜ਼ਰਵਰ ਲਾ ਕੇ ਤਰਕਪੂਰਨ ਘਾਟ (Logical Discrepancy) ਦੇ ਬਹਾਨੇ ਥੱਲੇ ਸਤਾਈ ਲੱਖ ਵੋਟਾਂ ਕੱਟੀਆਂ ਗਈਆਂ। ਇਹ ਫਾਰਮੂਲਾ ਕਿਸੇ ਵੀ ਹੋਰ ਰਾਜ ਵਿੱਚ ਨਹੀਂ ਵਰਤਿਆ ਗਿਆ। ਉੱਪਰੋਂ ਸੁਪਰੀਮ ਕੋਰਟ ਦੀ ਲਾਚਾਰੀ ਵੀ ਪ੍ਰਤੱਖ ਹੋਈ, ਜਦੋਂ ਇਸ ਵੱਲੋਂ ਕਿਹਾ ਗਿਆ ਕਿ ਵੋਟ ਅਗਲੀ ਚੋਣ ਵਿੱਚ ਪਾ ਲੈਣੀ। ਚੋਣ ਅਮਲੇ ਦੇ ਕੁੱਝ ਮੈਂਬਰ ਵੀ ਇਸ ਮਾਰ ਥੱਲੇ ਆਏ। ਫਰੱਖਾ ਤੋਂ ਜੇਤੂ ਰਹੇ ਕਾਂਗਰਸੀ ਉਮੀਦਵਾਰ ਮੋਟਾਬ ਸ਼ੇਖ ਦਾ ਨਾਂਅ ਵੀ ਕੱਟ ਦਿੱਤਾ ਗਿਆ ਸੀ, ਪਰ ਉਹ ਨਾਮਜ਼ਦਗੀ ਭਰਨ ਦੇ ਦਿਨ ਸੁਪਰੀਮ ਕੋਰਟ ਤੋਂ ਰਾਹਤ ਲੈਣ ਵਿੱਚ ਕਾਮਯਾਬ ਰਿਹਾ।

ਬੰਗਾਲ ਵਿੱਚ ਸਤਾਈ ਲੱਖ ਵੋਟਰਾਂ ਨੂੰ ਵੋਟ ਪਾਉਣ ਤੋਂ ਵਾਂਝੇ ਕੀਤਾ ਗਿਆ ਅਤੇ ਮਮਤਾ ਬੈਨਰਜੀ 2024 ਦੀਆਂ ਲੋਕ ਸਭਾ ਚੋਣਾਂ (27674133) ਦੇ ਮੁਕਾਬਲੇ 2026 ਵਿਧਾਨ ਸਭਾ ਚੋਣਾਂ (26178733) ਵਿੱਚ 1495400 ਘੱਟ ਵੋਟਾਂ ਹਾਸਲ ਕਰਦੀ ਹੈ, ਸਿੱਟਾ ਟੀ ਐੱਮ ਸੀ ਲੋਕ ਸਭਾ ਚੋਣਾਂ ਵਿੱਚ 192 ਵਿਧਾਨ ਸਭਾ ਹਲਕਿਆਂ ਵਿੱਚ ਲੀਡ ਲੈਂਦੀ ਹੈ, ਉਹ ਵਿਧਾਨ ਸਭਾ ਚੋਣਾਂ ਵਿੱਚ 80 ਹਲਕਿਆਂ ਤੱਕ ਸਿਮਟ ਜਾਂਦੀ ਹੈ।

ਬੰਗਾਲੀ ਮੁਸਲਮਾਨਾਂ ਨੂੰ ਘੁਸਪੈਠੀਏ ਗਰਦਾਨ ਕੇ ਅਤੇ ਅਸਾਮ ਵਿੱਚ ਬੰਗਲਾਦੇਸ਼ੀ ਮੀਆਂ ਦਾ ਹਊਆ ਖੜ੍ਹਾ ਕਰਕੇ ਭਾਜਪਾ ਨੇ ਚੋਣ ਦ੍ਰਿਸ਼ ਨੂੰ ਪੂਰੀ ਤਰ੍ਹਾਂ ਫਿਰਕੂ ਰੰਗਤ ਦੇ ਦਿੱਤੀ ਅਤੇ ਬੰਗਾਲੀਆਂ ਦੇ ਇੱਕ ਹਿੱਸੇ ਦੇ ਮਨ ਵਿੱਚ ਜਚਾ ਦਿੱਤਾ ਗਿਆ ਕਿ 'ਬੰਗਲਾਦੇਸ਼ੀਆਂ' ਤੋਂ ਸਿਰਫ਼ ਭਾਜਪਾ ਹੀ ਰੱਖਿਆ ਕਰ ਸਕਦੀ ਹੈ। ਉਲਟਾ ਬੰਗਲਾਦੇਸ਼ ਵਿੱਚ ਵਾਪਰੀਆਂ ਕੁੱਝ ਘਟਨਾਵਾਂ ਨੇ ਵੀ ਬਲਦੀ 'ਤੇ ਤੇਲ ਪਾਇਆ। 'ਨਰਿੰਦਰ ਮੋਦੀ : ਦ ਮੈਨ, ਦ ਟਾਈਮਜ਼ ਐਂਡ ਦ ਆਰ ਐੱਸ ਐੱਸ; ਦ ਆਈਕੋਨਜ ਆਫ਼ ਇੰਡੀਅਨ ਰਾਈਟ' ਦੇ ਲੇਖਕ ਨਿਲੰਜਣ ਮੁਖੋਪਾਧਿਆਏ ਲਿਖਦੇ ਹਨ ਕਿ 'ਬੰਗਲਾਦੇਸ਼ੀ ਘੁਸਪੈਠੀਏ' ਦਾ ਬਿਰਤਾਂਤ ਭਾਜਪਾ ਦਾ ਪੁਰਾਣਾ ਹੱਥਕੰਡਾ ਹੈ। ਰਾਜ ਦਾ ਦਰਜਾ ਮਿਲਣ ਤੋਂ ਬਾਅਦ ਦਿੱਲੀ ਵਿਧਾਨ ਸਭਾ ਦੀਆਂ 1993 ਦੀਆਂ ਚੋਣਾਂ ਵਿੱਚ ਭਾਜਪਾ ਨੇ ਇਸ ਨੂੰ ਸਫਲਤਾਪੂਰਵਕ ਵਰਤਿਆ ਸੀ। ਅਸਾਮ ਅੰਦੋਲਨ ਦੌਰਾਨ ਉਸ ਵੇਲੇ ਦੇ ਆਰ ਐੱਸ ਐੱਸ ਦੇ ਪ੍ਰਮੁੱਖ ਬਾਲਾ ਸਾਹਿਬ ਦਿਓਰਸ ਨੇ ਮੰਗ ਕੀਤੀ ਸੀ ਕਿ ਬੰਗਲਾਦੇਸ਼ ਤੋਂ ਆਉਣ ਵਾਲੇ ਹਿੰਦੂਆਂ ਨੂੰ 'ਰਫਿਊਜੀ' ਐਲਾਨਿਆ ਜਾਵੇ, ਪਰ ਮੁਸਲਮਾਨਾਂ ਨੂੰ ਘੁਸਪੈਠੀਏ!

ਪੰਜਾਬ ਵਿੱਚ ਘੁਸਪੈਠੀਏ ਬਿਰਤਾਂਤ ਤਾਂ ਚੱਲ ਸਕਣਾ ਨਹੀਂ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੋਗਾ ਰੈਲੀ ਵਿੱਚ ਇੱਕ ਇਸ਼ਾਰਾ ਜ਼ਰੂਰ ਕਰ ਦਿੱਤਾ ਹੈ ਕਿ ਪੰਜਾਬ ਵਿੱਚ ਸੱਤਾ ਵਿੱਚ ਆਉਣ ਦੀ ਸੂਰਤ ਵਿੱਚ ਧਰਮ-ਪਰਿਵਰਤਨ 'ਤੇ ਰੋਕ ਲਗਾਉਣ ਲਈ ਕਾਨੂੰਨ ਬਣਾਇਆ ਜਾਵੇਗਾ ਕਿਉਂਕਿ ਬਹੁਤ ਜ਼ਿਆਦਾ ਸਿੱਖ ਬੰਧੂ 'ਗੁੰਮਰਾਹ' ਹੋ ਕੇ ਈਸਾਈ ਧਰਮ ਅਪਣਾ ਰਹੇ ਹਨ। ਇਸ ਦਾ ਮਤਲਬ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿੱਖਾਂ-ਇਸਾਈਆਂ ਵਿੱਚ ਟਕਰਾਅ ਕਰਵਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਸਕਦੀਆਂ ਹਨ। ਇਸ ਦੇ ਨਾਲ ਹੀ ਐੱਸ ਆਈ ਆਰ ਦੇ ਜ਼ਰੀਏ ਭਾਜਪਾ ਵਿਰੋਧੀ ਵੋਟਾਂ ਕੱਟੀਆਂ ਵੀ ਜਾ ਸਕਦੀਆਂ ਹਨ। ਬੰਗਾਲ ਵਿੱਚ ਕੋਈ ਛੇ ਲੱਖ ਵੋਟਾਂ ਨਵੀਆਂ ਬਣਾਈਆਂ ਗਈਆਂ। ਇਹ ਖੇਡ ਪੰਜਾਬ ਵਿੱਚ ਵੀ ਖੇਡੀ ਜਾ ਸਕਦੀ ਹੈ।

### ਜੈ ਬੰਗਲਾ ਦਾ ਨਾਅਰਾ

ਤ੍ਰਿਣਮੂਲ ਕਾਂਗਰਸ ਨੇ ਆਪਣੀ ਚੋਣ ਮੁਹਿੰਮ ਬੰਗਾਲੀ ਅਸਿਮਤਾ ਦੇ ਦੁਆਲੇ ਕੇਂਦਰਤ ਕੀਤੀ, ਜਿਸ ਦਾ ਕੇਂਦਰੀ ਬਿੰਦੂ ਸੀ, 'ਜੈ ਬੰਗਲਾ' ਦਾ ਨਾਅਰਾ। ਇਸ ਨਾਅਰੇ ਨੇ ਕਾਫ਼ੀ ਹੱਦ ਤੱਕ ਭਾਜਪਾ ਦੇ 'ਜੈ ਸ੍ਰੀ ਰਾਮ' ਦੇ ਨਾਅਰੇ ਦੀ ਫੂਕ ਕੱਢੀ ਰੱਖੀ। ਮਜਬੂਰ ਹੋ ਕੇ ਭਾਜਪਾਈਆਂ ਨੂੰ ਜੈ ਦੁਰਗਾ ਅਤੇ ਜੈ ਕਾਲੀ ਮਾਂ ਦੇ ਨਾਅਰਿਆਂ 'ਤੇ ਆਉਣਾ ਪਿਆ। ਇੱਥੇ ਇਹ ਵੀ ਵਰਣਨਯੋਗ ਹੈ ਕਿ ਬੰਗਾਲੀ ਸਮਾਜ ਵਿੱਚ ਦੁਰਗਾ ਪੂਜਾ ਦਾ ਤਿਉਹਾਰ ਧਾਰਮਿਕ ਤਿਉਹਾਰ ਦੇ ਤੌਰ 'ਤੇ ਨਹੀਂ, ਬਲਕਿ ਬੰਗਾਲੀ ਸੱਭਿਆਚਾਰ ਦੇ ਪ੍ਰਤੀਕ ਦੇ ਤੌਰ ਤੇ ਮਨਾਇਆ ਜਾਂਦਾ ਹੈ, ਜਿਸ ਵਿੱਚ ਸਾਰੇ ਭਾਈਚਾਰੇ ਸ਼ਾਮਲ ਹੁੰਦੇ ਹਨ। ਇੱਥੋਂ ਤੱਕ ਕਿ ਬੰਗਲਾਦੇਸ਼ ਵਿੱਚ ਵੀ ਦੁਰਗਾ ਪੂਜਾ ਦੀ ਸਰਕਾਰੀ ਛੁੱਟੀ ਹੁੰਦੀ ਹੈ। ਪਿਛਲੇ ਸਾਲ ਦੇ ਦੁਰਗਾ ਪੂਜਾ ਸਮਾਗਮ ਵਿੱਚ ਕਈ ਥਾਵਾਂ 'ਤੇ ਮੁਲਕ ਦੇ ਬਾਕੀ ਹਿੱਸਿਆਂ ਵਿੱਚੋਂ ਕੱਢੇ ਗਏ ਬੰਗਾਲੀ ਮੁਸਲਮਾਨਾਂ ਨੂੰ ਸਮਰਪਿਤ ਕੀਤੇ ਗਏ ਸਨ। ਦੁਰਗਾ ਪੂਜਾ 'ਤੇ ਚੌਲ ਅਤੇ ਮੱਛੀ ਦਾ ਸੇਵਨ ਆਮ ਹੁੰਦਾ ਹੈ। ਬਹੁਤ ਸਾਰੇ ਭਾਜਪਾਈ ਇਹਨਾਂ ਚੋਣਾਂ ਦੌਰਾਨ ਮੱਥੇ ਤੇ ਤਿਲਕ ਸਮੇਤ ਸਰੇਆਮ ਮੱਛੀ ਖਾਂਦੇ ਦਿਸੇ।



ਬਦਕਿਸਮਤੀ ਨਾਲ ਪੰਜਾਬ ਦੀ ਕੋਈ ਵੀ ਸਿਆਸੀ ਧਿਰ ਪੰਜਾਬੀਅਤ ਦੇ ਦੁਆਲੇ ਉਸਰੇ 'ਦੇਸ਼ ਪੰਜਾਬ' ਵਰਗੇ ਬਿਰਤਾਂਤ ਦੇ ਨੇੜੇ ਵੀ ਨਹੀਂ ਹੈ। ਉਲਟਾ ਬਹੁਤੀਆਂ ਧਿਰਾਂ ਧਾਰਮਿਕ ਪੱਤਿਆਂ ਦੀ ਖੁੱਲ੍ਹੀ ਖੇਡ ਵਿੱਚ ਹੀ ਉਲਝ ਕੇ ਮੈਦਾਨ ਵਿੱਚ ਆਉਣਗੀਆਂ, ਜਿਸ ਦਾ ਫਾਇਦਾ ਸਭ ਤੋਂ ਵੱਧ ਤਾਕਤਵਰ ਧਿਰ ਚੁੱਕ ਜਾਂਦੀ ਹੈ।

### ਹਮਾਯੂੰ ਕਬੀਰ ਦਾ ਖੇਲ

ਹਮਾਯੂੰ ਕਬੀਰ ਕਾਂਗਰਸ ਅਤੇ ਭਾਜਪਾ ਵਿੱਚੋਂ ਗੇੜੇ ਖਾਂਦਾ ਟੀ ਐੱਮ ਸੀ ਵਿੱਚ ਆਇਆ ਸੀ। ਪਿਛਲੇ ਸਾਲ ਉਸ ਨੂੰ ਬੰਗਾਲ ਵਿੱਚ ਬਾਬਰੀ ਮਸਜਿਦ ਉਸਾਰਨ ਦਾ ਅਚਾਨਕ ਫੁਰਨਾ ਫੁਰਦਾ ਹੈ। ਮੀਡੀਆ ਦਾ ਇੱਕ ਹਿੱਸਾ ਇਸ ਨੂੰ ਮਮਤਾ ਬੈਨਰਜੀ ਦੀ ਮੁਸਲਿਮ ਤੁਸ਼ਟੀਕਰਨ ਦਾ ਨਤੀਜਾ ਗਰਦਾਨਣ ਵਿੱਚ ਦੇਰ ਨਹੀਂ ਲਗਾਉਂਦਾ, ਭਾਵੇਂ ਕਿ ਹਮਾਯੂੰ ਕਬੀਰ ਨੂੰ ਟੀ ਐੱਮ ਸੀ ਨੇ ਪਾਰਟੀ ਵਿੱਚੋਂ ਬਾਹਰ ਦਾ ਰਸਤਾ ਵਿਖਾ ਦਿੰਦੀ ਹੈ। ਬਾਅਦ ਵਿੱਚ ਆਏ ਇੱਕ ਸਟਿੰਗ ਆਪ੍ਰੇਸ਼ਨ ਵਿੱਚ ਹਮਾਯੂੰ ਕਬੀਰ ਖੁਦ ਹੀ ਭਾਜਪਾ ਦੀ ਸਾਜ਼ਿਸ਼ ਦਾ ਪਰਦਾਫਾਸ਼ ਵੀ ਕਰ ਬੈਠਦਾ ਹੈ, ਪਰ ਫਿਰ ਵੀ ਉਹ ਤ੍ਰਿਣਮੂਲ ਕਾਂਗਰਸ ਦੇ ਵੋਟ ਬੈਂਕ ਵਿੱਚ ਸੰਨ੍ਹ ਲਾਉਣ ਵਿੱਚ ਕਾਮਯਾਬ ਹੋ ਗਿਆ। ਹਮਾਯੂੰ ਕਬੀਰ ਜਿੱਥੇ ਆਪ ਦੋ ਸੀਟਾਂ ਤੋਂ ਜਿੱਤ ਗਿਆ, ਉੱਥੇ ਉਸ ਦੀ ਪਾਰਟੀ ਨੇ ਤ੍ਰਿਣਮੂਲ ਕਾਂਗਰਸ ਦੀ ਗਿਆਰਾਂ ਵਿਧਾਨ ਸਭਾ ਹਲਕਿਆਂ ਵਿੱਚ ਹਾਰ ਯਕੀਨੀ ਬਣਾ ਦਿੱਤੀ।

ਮਮਤਾ ਬੈਨਰਜੀ ਦੀ ਇਕੱਲੇ ਹੀ ਭਾਜਪਾ ਦਾ ਟਾਕਰਾ ਕਰਨ ਦੀ ਨੀਤੀ ਵੀ ਪੁੱਠੀ ਪੈ ਗਈ। ਬਲਕਿ ਆਪਣੀ ਸੱਤਾ ਦੇ ਸ਼ੁਰੂਆਤੀ ਸਮੇਂ ਵਿੱਚ ਤਾਂ ਮਮਤਾ ਬੈਨਰਜੀ ਕਾਂਗਰਸ ਅਤੇ ਖੱਬੀ ਧਿਰ ਨੂੰ ਸਿਆਸੀ ਤੌਰ 'ਤੇ ਖਤਮ ਕਰਨ ਲਈ ਭਾਜਪਾ ਨਾਲ ਸਹਿਯੋਗ ਕਰਦੀ ਰਹੀ ਸੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਭਾਜਪਾ ਵਿਰੋਧੀ ਵੋਟ ਖਾਸ ਕਰਕੇ ਘੱਟ ਗਿਣਤੀ ਮੁਸਲਿਮ ਵੋਟ ਟੀ ਐੱਮ ਸੀ ਦੇ ਨਾਲ-ਨਾਲ ਦੂਸਰੀਆਂ ਧਿਰਾਂ ਵਿੱਚ ਵੀ ਵੰਡੀ ਗਈ, ਜਦਕਿ ਹਿੰਦੂ ਭਾਈਚਾਰਾ ਖਾਸ ਕਰਕੇ ਉੱਚ ਜਾਤੀ (ਜਿਹਨਾਂ ਨੂੰ ਬੰਗਾਲ ਵਿੱਚ 'ਭੱਦਰਲੋਕ' ਦੇ ਨਾਂਅ ਨਾਲ ਜਾਣਿਆ ਜਾਂਦਾ ਹੈ) ਨੇ ਇੱਕ-ਮੁੱਠ ਹੋ ਕੇ ਭਾਜਪਾ ਦੇ ਹੱਕ ਵਿੱਚ ਭੁਗਤ ਗਿਆ। ਵੋਟਾਂ ਦੇ ਧਰੁਵੀਕਰਨ ਲਈ ਭਾਜਪਾ ਕਿਸ ਹੱਦ ਤੱਕ ਸੂਖਮ ਤਰੀਕੇ ਨਾਲ ਅਧਿਐਨ ਕਰਦੀ ਹੈ, ਉਸ ਦੀ ਪ੍ਰਤੱਖ ਉਦਾਹਰਨ ਜੂਨ 2025 ਵਿੱਚ ਕਾਲੀਗੰਜ ਵਿਧਾਨ ਸਭਾ ਦੀ ਉਪ ਚੋਣ ਹੈ। ਇਸ ਵਿੱਚ ਟੀ ਐੱਮ ਸੀ ਉਮੀਦਵਾਰ ਅਲੀਫਾ ਅਹਿਮਦ 52710 ਵੋਟਾਂ ਨਾਲ ਜਿੱਤੀ ਸੀ। ਇਸ ਹਲਕੇ ਵਿੱਚ 57 ਫੀਸਦੀ ਮੁਸਲਿਮ ਅਤੇ 43 ਫੀਸਦੀ ਹਿੰਦੂ ਵੋਟਰ ਹਨ। 'ਬੈਟਲਫੀਲਡ ਬੰਗਾਲ' ਕਿਤਾਬ ਦੇ ਲੇਖਕ ਸਿਆਂਤਨ ਘੋਸ਼ ਲਿਖਦੇ ਹਨ ਕਿ ਇਸ ਹਲਕੇ ਦੇ 108 ਹਿੰਦੂ ਬਹੁਗਿਣਤੀ ਵਾਲੇ ਬੂਥਾਂ ਵਿੱਚੋਂ 107 ਬੂਥਾਂ 'ਤੇ 74 ਫੀਸਦੀ ਵੋਟਾਂ ਭਾਜਪਾ ਨੂੰ ਪਈਆਂ। ਹਾਲੀਆ ਵਿਧਾਨ ਸਭਾ ਚੋਣਾਂ ਵਿੱਚ ਸੀਟ ਭਾਵੇਂ ਟੀ ਐੱਮ ਸੀ ਨੇ ਹੀ ਜਿੱਤ ਲਈ, ਪਰ ਜਿੱਤ ਦਾ ਅੰਤਰ ਸਿਰਫ਼ 10172 ਸੀ, ਕਿਉਂਕਿ ਨਾ ਸਿਰਫ਼ ਸੀ ਪੀ ਐੱਮ ਅਤੇ ਕਾਂਗਰਸ ਨੇ ਅਲੱਗ-ਅਲੱਗ ਚੋਣ ਲੜੀ, ਬਲਕਿ ਹਮਾਯੂੰ ਕਬੀਰ ਦਾ ਉਮੀਦਵਾਰ ਵੀ ਖੜ੍ਹਾ ਸੀ।

ਸਿਆਂਤਨ ਘੋਸ਼ ਬੰਗਾਲ ਵਿੱਚ ਭਾਜਪਾ ਦੇ ਉਭਾਰ ਵਿੱਚ ਆਰ ਐੱਸ ਐੱਸ ਦੇ ਰੋਲ ਦਾ ਵੀ ਜ਼ਿਕਰ ਕਰਦੇ ਲਿਖਦੇ ਹਨ, 'ਭਾਜਪਾ ਦਾ ਉਭਾਰ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਹੈ, ਇਹ ਬਹੁਤ ਹੀ ਡੂੰਘੀ ਅਤੇ ਸੋਚੀ-ਸਮਝੀ ਸੰਘ ਦੀ ਰਣਨੀਤੀ ਦਾ ਸਿੱਟਾ ਹੈ। ਬੰਗਾਲ ਦੇ ਸੈਕੂਲਰ ਮਾਹੌਲ ਵਿੱਚ ਸੰਘ ਲੰਮੇ ਸਮੇਂ ਤੱਕ ਖੁੱਡੇ ਲਾਈਨ ਲੱਗਿਆ ਰਿਹਾ, ਪਰ 2014 ਤੱਕ ਜਿੱਥੇ ਸੰਘ ਦੀਆਂ 1200 ਸ਼ਾਖਾਵਾਂ ਸਨ, ਉੱਥੇ 2025 ਤੱਕ ਇਹ ਗਿਣਤੀ 4500 ਹੋ ਗਈ। ਪਹਿਲਾਂ-ਪਹਿਲਾਂ ਸੰਘ ਨੇ ਗੈਰ- ਬੰਗਾਲੀ ਭਾਈਚਾਰਿਆਂ ਜਿਵੇਂ ਮਾਰਵਾੜੀ ਅਤੇ ਹਿੰਦੀ ਭਾਸ਼ਾਈ ਵਰਗਾਂ ਵਿੱਚ ਪੈਰ ਧਰਿਆ ਅਤੇ ਉਸ ਤੋਂ ਬਾਅਦ ਬੰਗਾਲੀ ਨਾਇਕਾਂ ਜਿਵੇਂ ਸਵਾਮੀ ਵਿਵੇਕਾਨੰਦ ਅਤੇ ਰਵਿੰਦਰ ਨਾਥ ਟੈਗੋਰ ਦੁਆਲੇ ਜੱਫਾ ਮਾਰ ਕੇ ਬੰਗਾਲੀ ਪਹਿਚਾਣ ਨੂੰ ਹਿੰਦੂਤਵੀ ਰੰਗ ਚੜ੍ਹਾਉਣਾ ਸ਼ੁਰੂ ਕਰ ਦਿੱਤਾ। ਵਿਸ਼ਵ ਹਿੰਦੂ ਪ੍ਰੀਸ਼ਦ ਨੇ 2016 ਤੋਂ ਬਾਅਦ ਰਾਮ ਨੌਮੀ ਵਰਗੇ ਤਿਉਹਾਰ ਹਿੰਦੂਤਵੀ ਨਜ਼ਰੀਏ ਤੋਂ ਮਨਾ ਕੇ ਅਤੇ ਬੰਗਾਲੀ ਸੱਭਿਆਚਾਰ ਦਾ ਰੰਗ ਵਿੱਚ ਰੰਗ ਕੇ ਇਸ ਤਿਉਹਾਰ ਦਾ ਸਿਆਸੀਕਰਨ ਕਰਨਾ ਸ਼ੁਰੂ ਕਰ ਦਿੱਤਾ। ਸੰਘ ਦੇ ਪਿਛੋਕੜ ਵਾਲੇ ਭਾਜਪਾ ਪ੍ਰਧਾਨ ਦਿਲੀਪ ਘੋਸ਼ ਨੇ ਟੀ ਐੱਮ ਸੀ ਦੀ ਕੁਰੱਪਸ਼ਨ ਅਤੇ 'ਮੁਸਲਿਮ-ਤੁਸ਼ਟੀਕਰਨ' ਦੇ ਖਿਲਾਫ਼ ਮੁਹਿੰਮ ਛੇੜੀ ਰੱਖੀ। ਘੋਸ਼ ਨੂੰ ਟੀ ਐੱਮ ਸੀ ਦੇ ਦਲ-ਬਦਲੂਆਂ ਮੁਕਲ ਰਾਏ ਅਤੇ ਸੁਵੇਂਦੂ ਅਧਿਕਾਰੀ ਦਾ ਸਾਥ ਵੀ ਮਿਲ ਗਿਆ।' ਪੰਜਾਬ ਵਿੱਚ ਵੀ ਪਿਛਲੇ ਸਮਿਆਂ ਵਿੱਚ ਸੰਘ ਦੀਆਂ ਸ਼ਾਖਾਵਾਂ ਵਿੱਚ ਚੋਖਾ ਵਾਧਾ ਹੋਇਆ ਹੈ।

ਬੰਗਾਲ ਦੇ ਇਸ ਵਰਤਾਰੇ ਨੂੰ ਪੰਜਾਬ ਵਿੱਚ ਵੀ ਸਮਝਣ ਦੀ ਲੋੜ ਹੈ। ਸਭ ਤੋਂ ਪਹਿਲਾ ਸਵਾਲ ਤਾਂ ਇਹ ਹੈ ਕਿ ਪੰਜਾਬ ਵਿੱਚ ਹਮਾਯੂੰ ਕਬੀਰ ਦਾ ਰੋਲ ਕੌਣ ਨਿਭਾਏਗਾ? ਅੰਮ੍ਰਿਤਪਾਲ ਸਿੰਘ ਤੋਂ ਐੱਨ ਐੱਸ ਏ ਦਾ ਹਟਾਇਆ ਜਾਣਾ ਕੀ ਇਹ ਇਸ਼ਾਰਾ ਨਹੀਂ ਕਰਦਾ ਕਿ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਉਸ ਦੀ ਜ਼ਮਾਨਤ ਵੀ ਹੋ ਜਾਣੀ ਹੈ। ਹੇਮੰਤ ਵਿਸਵਾ ਸਰਮਾ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਉਸ ਦੀ ਰਾਜਨੀਤਕ ਸਮਝ ਪ੍ਰਤੀ ਕਿੰਨੀ ਕੁ 'ਕੰਡੀਸ਼ਨਿੰਗ' ਹੋਈ ਹੋਵੇਗੀ? ਕੀ ਜੇਲ੍ਹ ਤੋਂ ਬਾਹਰ ਆ ਕੇ ਗਰਮ ਨਾਅਰੇਬਾਜ਼ੀ ਵੀ ਕੀਤੀ ਜਾਵੇਗੀ। ਉਸ ਵੱਲੋਂ ਜੇਲ੍ਹ ਜਾਣ ਤੋਂ ਪਹਿਲਾਂ ਇਸਾਈ ਫਿਰਕੇ ਖਿਲਾਫ਼ ਮੁਹਿੰਮ ਵਿੱਢੀ ਗਈ ਸੀ, ਉਹ ਅਮਿਤ ਸ਼ਾਹ ਵੱਲੋਂ ਮੋਗਾ ਰੈਲੀ ਵਿੱਚ ਸਿਰਜੇ ਬਿਰਤਾਂਤ ਨਾਲ ਹੀ ਮਿਲਦੀ ਹੈ। ਡੌਰ ਭੌਰ ਹੋਈ ਅਕਾਲੀ ਸਿਆਸਤ ਦਾ ਕਿਹੜਾ ਹਿੱਸਾ ਉਸ ਨਾਲ ਤੁਰੇਗਾ? ਪੁਨਰ-ਸੁਰਜੀਤ ਅਕਾਲੀ ਦਲ ਆਪਣੀ ਹੋਂਦ ਦਰਸਾਉਣ ਲਈ ਵੀ ਅੰਮ੍ਰਿਤਪਾਲ ਸਿੰਘ ਦੀ ਧਿਰ ਨਾਲ ਜੋਟੀ ਪਾਉਣ ਲਈ ਤਰਲੋਮੱਛੀ ਹੋ ਰਿਹਾ ਹੈ। ਅਕਤੂਬਰ 2024 ਦੀਆਂ ਹਰਿਆਣਾ ਅਤੇ ਕਸ਼ਮੀਰ ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਅਤੇ ਇੰਜਨੀਅਰ ਰਸ਼ੀਦ ਵੀ ਜ਼ਮਾਨਤ 'ਤੇ ਬਾਹਰ ਆ ਗਏ ਸਨ। ਰਸ਼ੀਦ ਫੈਕਟਰ ਤਾਂ ਕੰਮ ਨਹੀਂ ਕਰ ਸਕਿਆ, ਪਰ ਹਰਿਆਣਾ ਵਿੱਚ ਆਮ ਆਦਮੀ ਪਾਰਟੀ ਨੂੰ ਪਈਆਂ 1.8 ਫੀਸਦੀ ਵੋਟਾਂ ਨੇ ਕਾਂਗਰਸ ਨੂੰ ਹਾਰ ਦਾ ਸੁਆਦ ਚਖਾ ਦਿੱਤਾ ਸੀ, ਕਿਉਂਕਿ ਉਸ ਚੋਣ ਵਿੱਚ ਭਾਜਪਾ ਨੂੰ 39.9 ਫੀਸਦੀ ਅਤੇ ਕਾਂਗਰਸ ਨੂੰ 39.3 ਫੀਸਦੀ ਵੋਟਾਂ ਹਾਸਲ ਹੋਈਆਂ ਸਨ ਅਤੇ ਦੋਵਾਂ ਦਾ ਵੋਟਾਂ ਦਾ ਅੰਤਰ ਸਿਰਫ਼ 0.6 ਫੀਸਦੀ ਹੀ ਸੀ।

ਪੰਜਾਬ ਦੀ ਭਾਜਪਾ ਵਿਰੋਧੀ ਸਿੱਖ ਕਿਸਾਨੀ ਨੂੰ ਵੀ ਕੀ ਐੱਸ ਆਈ ਆਰ ਵਰਗੇ ਵਰਤਾਰਿਆਂ ਨਾਲ ਨਿੱਸਲ ਕੀਤਾ ਜਾਵੇਗਾ? ਜਾਂ ਹਰਿਆਣਾ ਦੀ ਤਰਜ਼ 'ਤੇ ਕਿਸਾਨੀ ਬਨਾਮ ਬਾਕੀ ਵਰਗ ਦਾ ਤੀਰ ਚਲਾਇਆ ਜਾਵੇਗਾ?

ਇਸ ਦੇ ਨਾਲ ਹੀ ਇੱਕ ਸਵਾਲ ਪੰਜਾਬ ਕਾਂਗਰਸ ਦੀ ਰਣਨੀਤੀ ਦਾ ਵੀ ਹੈ। ਕੀ ਕਾਂਗਰਸ ਪੰਜਾਬ ਵਿੱਚ ਮਮਤਾ ਬੈਨਰਜੀ ਦੀ ਤਰਜ਼ 'ਤੇ ਭਾਜਪਾ ਅਤੇ ਆਪ ਦਾ ਮੁਕਾਬਲਾ ਇਕੱਲਿਆਂ ਕਰੇਗੀ ਜਾਂ ਖੱਬੀਆਂ ਧਿਰਾਂ ਨੂੰ ਵੀ ਨਾਲ ਲੈ ਕੇ ਤੁਰੇਗੀ।ਹਰ ਹਲਕੇ ਵਿੱਚ ਖੱਬੀਆਂ ਧਿਰਾਂ ਦੀ ਇੱਕ ਬੱਝਵੀਂ ਵੋਟ ਜ਼ਰੂਰ ਹੈ, ਜੋ ਫਸਵੇਂ ਮੁਕਾਬਲਿਆਂ ਵਿੱਚ ਮਹੱਤਵਪੂਰਨ ਹੁੰਦੀ ਹੈ। ਕਾਂਗਰਸ ਵੀ ਇਕੱਲੇ ਚੱਲਣ ਦੇ ਹੱਠ ਕਾਰਨ ਅਕਸਰ ਚੋਣ ਰਾਜਨੀਤੀ ਵਿੱਚ ਮਾਰ ਖਾ ਜਾਂਦੀ ਹੈ। ਭਾਜਪਾ ਪੰਜਾਬ ਵਿੱਚ ਕਾਂਗਰਸ ਦਾ ਰਾਹ ਰੋਕਣ ਲਈ ਆਪ ਨੂੰ ਮੁੜ ਸੱਤਾ ਵਿੱਚ ਲਿਆ ਜ਼ਰੂਰ ਚਾਹੇਗੀ ਅਤੇ ਆਪਣੀ ਕਾਰਗੁਜ਼ਾਰੀ ਵਿੱਚ ਸੁਧਾਰ ਕਰਕੇ ਅਸੈਂਬਲੀ ਵਿੱਚ ਬਤੌਰ ਇੱਕ ਮਹੱਤਵਪੂਰਨ ਧਿਰ ਦੇ ਤੌਰ 'ਤੇ ਹੀ ਮਨਜ਼ੂਰ ਕਰ ਲਵੇਗੀ।

### ਦਹਿਸ਼ਤ ਦਾ ਮਾਹੌਲ

ਬੰਗਾਲ ਵਿੱਚ ਟੀ ਐੱਮ ਸੀ ਦੇ ਰਾਜ ਦੌਰਾਨ ਨਾ ਸਿਰਫ਼ ਕਈ ਸਕੈਂਡਲ ਬੇਨਕਾਬ ਹੋਏ, ਬਲਕਿ ਵਿਰੋਧੀ ਧਿਰ ਖਿਲਾਫ਼ ਹਿੰਸਕ ਵਰਤਾਰਾ ਵੀ ਆਮ ਸੀ। 'ਬੈਟਲਗ੍ਰਾਉਂਡ ਬੰਗਾਲ' ਮੁਤਾਬਿਕ 'ਖੱਬੀ ਧਿਰ ਦਾ ਇੱਕ ਹਿੱਸਾ ਜਿਹੜਾ ਮਮਤਾ ਬੈਨਰਜੀ ਦੀ ਧੱਕੇਸ਼ਾਹੀ ਤੋਂ ਪੀੜਤ ਸੀ, ਉਹ ਕਿਸੇ ਵਿਚਾਰਧਾਰਕ ਕਾਰਨਾਂ ਕਰਕੇ ਨਹੀਂ, ਬਲਕਿ ਆਪਣੀ ਰੱਖਿਆ ਵਾਸਤੇ ਭਾਜਪਾ ਦੀ ਝੋਲੀ ਪੈ ਗਿਆ, ਕਿਉਂਕਿ ਉਸ ਨੂੰ ਲੱਗਦਾ ਸੀ ਕਿ ਟੀ ਐੱਮ ਸੀ ਦੀ ਗੁੰਡਾਗਰਦੀ ਤੋਂ ਭਾਜਪਾ ਇੱਕ ਮਜ਼ਬੂਤ ਦੀਵਾਰ ਹੈ।'

ਪੰਜਾਬ ਵਿੱਚ ਹੋ ਰਹੇ ਬੰਬ ਧਮਾਕੇ ਪੰਜਾਬ ਦੀ ਹਿੰਦੂ ਜਨਤਾ, ਖਾਸ ਕਰਕੇ ਉੱਚ ਅਤੇ ਮੱਧ ਵਰਗ ਦੇ ਮਨ ਵਿੱਚ ਸਹਿਮ ਪੈਦਾ ਕਰਨ ਲਈ ਕਾਫ਼ੀ ਹਨ। ਇਸ ਸਹਿਮ ਤੋਂ ਸੁਰੱਖਿਆ ਵਾਸਤੇ ਇਸ ਵਰਗ ਦਾ ਬੰਗਾਲ ਦੀ ਤਰ੍ਹਾਂ ਭਾਜਪਾ ਦੇ ਹੱਕ ਵਿੱਚ ਭੁਗਤ ਜਾਣਾ ਕੋਈ ਅਤਿਕਥਨੀ ਨਹੀਂ ਹੋਵੇਗੀ। ਇਹ ਵਰਗ ਦਾ ਇੱਕ ਹਿੱਸਾ ਪਹਿਲਾਂ ਵੀ ਪੰਜਾਬੀ ਬੋਲੀ ਤੋਂ ਮੁਨਕਰ ਹੋਣ ਵਰਗੇ ਵਰਤਾਰਿਆਂ ਨਾਲ ਸੰਘੀ ਸੋਚ ਦਾ ਸ਼ਿਕਾਰ ਹੁੰਦਾ ਰਿਹਾ ਹੈ।

ਬੰਗਾਲ 1757 ਵਿੱਚ ਪਲਾਸੀ ਦੀ ਲੜਾਈ ਤੋਂ ਬਾਅਦ ਅੰਗਰੇਜ਼ਾਂ ਦੇ ਕਬਜ਼ੇ 'ਚ ਆਇਆ ਸੀ ਅਤੇ ਪੰਜਾਬ 92 ਸਾਲ ਬਾਅਦ 1849 ਵਿੱਚ। ਕੀ ਗੰਗਾ ਸਾਗਰ ਤੋਂ ਗੰਗੋਤਰੀ ਤੱਕ ਸੱਤਾ 'ਤੇ ਕਬਜ਼ੇ ਦਾ ਜਸ਼ਨ ਮਨਾ ਰਹੀ ਭਾਜਪਾ ਸਤਲੁਜ ਜਲਦੀ ਪਾਰ ਕਰ ਲਵੇਗੀ? ਹਰ ਜਮਹੂਰੀ ਅਤੇ ਸੈਕੂਲਰ ਸੋਚ ਦੇ ਧਾਰਨੀ ਅਤੇ ਫੈਡਰਲ ਢਾਂਚੇ ਦੇ ਮੁਦਈ ਨੂੰ ਇਹ ਸਵਾਲ ਦੇ ਰੂਬਰੂ ਗੰਭੀਰਤਾ ਨਾਲ ਹੋਣਾ ਚਾਹੀਦਾ ਹੈ।

ਅਸੂਲ ਰਹਿਤ ਅਤੇ ਲੋਕ ਸਰੋਕਾਰਾਂ ਤੋਂ ਸੱਖਣੀ ਅਜੋਕੀ ਪਾਰਲੀਮਾਨੀ ਸਿਆਸਤ ਵਿੱਚ ਅੱਜ ਵੀ ਮੀਰ ਜਾਫਰਾਂ ਅਤੇ ਧਿਆਨ ਸਿੰਘ ਡੋਗਰਿਆਂ ਦੀ ਘਾਟ ਨਹੀਂ, ਜਿਹੜੇ ਪਾਲਾ ਬਦਲਣ ਲੱਗਿਆਂ ਇੱਕ ਮਿੰਟ ਨਹੀਂ ਲਗਾਉਂਦੇ।

ਮਿੰਦਰਪਾਲ ਭੱਠਲ ਨੇ ਆਪਣੀ ਕਵਿਤਾ 'ਦਿੱਲੀ ਦਾ ਰੰਗ' ਵਿੱਚ ਲਿਖਿਆ ਸੀ :

'ਮੋਗੇ ਤੋਂ ਕਲਕੱਤੇ ਤੱਕ,
ਕੰਧਾਂ ਹੀ ਕੰਧਾਂ।
ਕੰਧਾਂ, ਉੱਚੀਆਂ ਹੁੰਦੀਆਂ ਜਾਵਣ ਦਿਨ ਬ ਦਿਨ।'

ਕੀ ਹਿੰਦੁਸਤਾਨ ਦੇ ਅਵਾਮ ਦੇ ਦਿਲਾਂ ਵਿੱਚ ਕੰਧਾਂ ਉਸਾਰ ਰਹੀ ਦਿੱਲੀ ਦੀ ਫਿਰਕੂ ਸਿਆਸਤ ਨੂੰ ਪੰਜਾਬ ਦੀ ਧਰਤੀ ਦੇ ਬਾਸ਼ਿੰਦੇ ਰੋਕ ਪਾਉਣਗੇ?


ਸੰਪਰਕ -98728-44163


# ਵਿਸ਼ਵ ਪੱਧਰੀ ਉਥਲ-ਪੁਥਲ ਦੇ ਸਮੇਂ 'ਚ ਕਾਰਲ ਮਾਰਕਸ ਨੂੰ ਯਾਦ ਕਰਨਾ


## ਡਾ. ਅਰੁਣ ਮਿੱਤਰਾ


ਚੱਲ ਰਹੀ ਵਿਸ਼ਵ ਪੱਧਰੀ ਉਥਲ-ਪੁਥਲ ਸਾਨੂੰ ਕਾਰਲ ਮਾਰਕਸ ਦੇ ਵਿਚਾਰਾਂ ਨੂੰ ਮੁੜ ਵੇਖਣ ਲਈ ਮਜਬੂਰ ਕਰਦੀ ਹੈ, ਜਿਨ੍ਹਾਂ ਦੀ ਪੂੰਜੀਵਾਦ ਬਾਰੇ ਆਲੋਚਨਾ ਅੱਜ ਵੀ ਬਹੁਤ ਪ੍ਰਸੰਗਿਕ ਹੈ। ਹਾਲ ਹੀ ਵਿੱਚ ਸੰਯੁਕਤ ਰਾਜ ਅਮਰੀਕਾ ਅਤੇ ਇਸਰਾਈਲ ਵੱਲੋਂ ਈਰਾਨ ਖ਼ਿਲਾਫ਼ ਕੀਤੀ ਗਈ ਆਕਰਮਕ ਕਾਰਵਾਈ ਇਕ ਵਾਰ ਫਿਰ ਆਧੁਨਿਕ ਸਾਮਰਾਜਵਾਦ ਨੂੰ ਚਲਾਉਣ ਵਾਲੇ ਅਤਿ ਲਾਲਚ ਨੂੰ ਬੇਨਕਾਬ ਕਰਦੀ ਹੈ। ਇਸ ਦੇ ਪਿੱਛੇ ਲੁਕਿਆ ਮੁੱਖ ਮਕਸਦ ਸਪੱਸ਼ਟ ਹੈ: ਪੱਛਮੀ ਏਸ਼ੀਆ ਦੇ ਵਿਸ਼ਾਲ ਕੁਦਰਤੀ ਸਰੋਤਾਂ 'ਤੇ ਕਬਜ਼ਾ-ਇਹ ਖੇਤਰ ਦੁਨੀਆ ਦੇ ਅੱਧ ਤੋਂ ਵੱਧ ਰਵਾਇਤੀ ਤੇਲ ਦੇ ਭੰਡਾਰਾਂ ਦਾ ਕੇਂਦਰ ਹੈ, ਜੋ ਮੁੱਖ ਤੌਰ 'ਤੇ ਸਾਊਦੀ ਅਰਬ, ਈਰਾਨ, ਇਰਾਕ, ਯੂ ਏ ਈ ਅਤੇ ਕੁਵੈਤ ਵਿੱਚ ਸਿਮਟੇ ਹੋਏ ਹਨ।

ਜਦੋਂ ਦੁਨੀਆ ਮੌਸਮੀ ਤਬਦੀਲੀ ਨਾਲ ਨਜਿੱਠਣ ਲਈ ਨਵੀਨੀਕਰਣਯੋਗ ਊਰਜਾ ਵੱਲ ਵਧ ਰਹੀ ਹੈ, ਤਦ ਵੀ ਸ਼ਕਤੀਸ਼ਾਲੀ ਕੰਪਨੀਆਂ ਬਿਨਾਂ ਪਰਿਆਵਰਨਕ ਨੁਕਸਾਨ ਦੀ ਚਿੰਤਾ ਕੀਤੇ 'ਫੌਸਿਲ ਫਿਊਲਜ਼' ਦੀ ਵਰਤੋਂ ਵੱਡੇ ਪੈਮਾਨੇ 'ਤੇ ਜਾਰੀ ਰੱਖ ਰਹੀਆਂ ਹਨ। ਇਹ ਪੂੰਜੀਵਾਦ ਦੇ ਅੰਦਰੂਨੀ ਤਰਕ ਨੂੰ ਉਜਾਗਰ ਕਰਦਾ ਹੈ, ਜਿਸ ਵਿਚ ਮੁਨਾਫ਼ੇ ਦੀ ਵੱਧ ਤੋਂ ਵੱਧ ਪ੍ਰਾਪਤੀ ਪਰਿਆਵਰਨੀ ਸੰਤੁਲਨ ਅਤੇ ਮਨੁੱਖੀ ਭਲਾਈ ਤੋਂ ਉੱਪਰ ਰੱਖੀ ਜਾਂਦੀ ਹੈ।

ਗਾਜ਼ਾ ਵਿੱਚ ਮਨੁੱਖੀ ਸੰਕਟ ਇਸ ਹਕੀਕਤ ਨੂੰ ਹੋਰ ਸਪੱਸ਼ਟ ਕਰਦਾ ਹੈ। ਇਜ਼ਰਾਇਲ ਵੱਲੋਂ ਅਨੁਪਾਤਹੀਨ ਫੌਜੀ ਕਾਰਵਾਈਆਂ ਕਾਰਨ ਬਹੁਤ ਵੱਡੀ ਗਿਣਤੀ ਵਿੱਚ ਨਾਗਰਿਕ ਮਾਰੇ ਗਏ ਹਨ, ਜਿਨ੍ਹਾਂ ਵਿੱਚ 20,000 ਤੋਂ ਵੱਧ ਬੱਚੇ ਸ਼ਾਮਲ ਹਨ। ਇਹ ਹਿੰਸਾ ਵਿਸ਼ਵ ਰਾਜਨੀਤੀ ਵਿੱਚ ਇਕ ਵੱਡੇ ਪੈਟਰਨ ਨੂੰ ਦਰਸਾਉਂਦੀ ਹੈ-ਅਮਾਨਵੀਕਰਨ ਅਤੇ ਬੇਰੋਕਟੋਕ ਕਾਰਵਾਈ ਜਿੱਥੇ ਅੰਤਰਰਾਸ਼ਟਰੀ ਕਾਨੂੰਨ ਅਤੇ ਸੰਸਥਾਵਾਂ ਅਕਸਰ ਤਾਕਤਵਰ ਰਾਜਾਂ ਨੂੰ ਰੋਕਣ ਵਿੱਚ ਅਸਫਲ ਰਹਿੰਦੀਆਂ ਹਨ। ਖੇਤਰ ਵਿੱਚ ਲਗਾਤਾਰ ਟਕਰਾਅ ਅਤੇ ਗਾਜ਼ਾ ਤੋਂ ਪਰੇ ਹੋ ਰਹੀਆਂ ਹਮਲਾਵਰ ਕਾਰਵਾਈਆਂ ਇਹ ਦਰਸਾਉਂਦੀਆਂ ਹਨ ਕਿ ਅੰਤਰਰਾਸ਼ਟਰੀ ਕਾਨੂੰਨਾਂ ਦੀ ਪਰਵਾਹ ਕੀਤੇ ਬਿਨਾਂ ਤਾਕਤ ਦੀ ਭੁੱਖ ਅਸਥਿਰਤਾ ਨੂੰ ਜਨਮ ਦੇ ਰਹੀ ਹੈ। ਅੰਤਰਰਾਸ਼ਟਰੀ ਅਦਾਲਤਾਂ ਵੱਲੋਂ ਨੇਤਨਯਾਹੂ ਨੂੰ ਗਾਜ਼ਾ ਵਿੱਚ ਨਸਲਕੁਸ਼ੀ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ।

ਇਹ ਸਾਰੇ ਵਿਕਾਸ ਪੂੰਜੀਵਾਦ ਦੇ ਸਭ ਤੋਂ ਕਠੋਰ ਰੂਪ ਨੂੰ ਬੇਨਕਾਬ ਕਰਦੇ ਹਨ-ਇਕ ਐਸਾ ਤੰਤਰ, ਜੋ ਮਨੁੱਖੀ ਜੀਵਨ ਤੋਂ ਉੱਪਰ ਮੁਨਾਫ਼ੇ ਨੂੰ ਰੱਖਦਾ ਹੈ, ਪਰਿਆਵਰਨੀ ਸੰਤੁਲਨ ਨੂੰ ਖ਼ਤਰੇ ਵਿੱਚ ਪਾਉਂਦਾ ਹੈ ਅਤੇ ਲਗਾਤਾਰ ਟਕਰਾਅ ਨੂੰ ਜਨਮ ਦੇਂਦਾ ਹੈ। ਮਾਰਕਸ ਦੇ ਵਿਚਾਰਾਂ ਤੋਂ ਚੇਤਾਵਨੀ ਮਿਲਦੀ ਹੈ ਕਿ ਪੂੰਜੀਵਾਦ ਐਸੀਆਂ ਸੰਕਟਮਈ ਸਥਿਤੀਆਂ ਪੈਦਾ ਕਰੇਗਾ, ਜੋ ਸਮਾਜ ਅਤੇ ਕੁਦਰਤ ਦੋਵਾਂ ਲਈ ਖ਼ਤਰਾ ਬਣਨਗੀਆਂ। ਅੱਜ ਇਹ ਚੇਤਾਵਨੀ ਹੋਰ ਵੀ ਜ਼ਿਆਦਾ ਗੰਭੀਰ ਲੱਗਦੀ ਹੈ।

ਵਿਸ਼ਵ ਪੱਧਰੀ ਹਥਿਆਰਾਂ ਦੀ ਦੌੜ, ਜੋ ਭੂ-ਰਾਜਨੀਤਕ ਮੁਕਾਬਲੇ ਅਤੇ ਆਰਥਿਕ ਹਿੱਤਾਂ ਦਾ ਨਤੀਜਾ ਹੈ, ਪਰਿਆਵਰਨ ਨੂੰ ਵੀ ਵੱਡਾ ਨੁਕਸਾਨ ਪਹੁੰਚਾ ਰਹੀ ਹੈ। ਜਿਹੜੇ ਸਰੋਤ ਮਨੁੱਖੀ ਵਿਕਾਸ ਲਈ ਵਰਤੇ ਜਾ ਸਕਦੇ ਸਨ, ਉਹ ਸੈਨਿਕੀਕਰਨ 'ਤੇ ਖਰਚ ਹੋ ਰਹੇ ਹਨ। ਇਸ ਦਾ ਨਤੀਜਾ ਹੈ ਇਕ ਐਸੀ ਦੁਨੀਆ ਜੋ ਅਸਮਾਨਤਾ, ਅਸੁਰੱਖਿਆ ਅਤੇ ਪਰਿਆਵਰਨੀ ਸੰਕਟ ਨਾਲ ਘਿਰੀ ਹੋਈ ਹੈ।

ਇਸ ਮੋੜ 'ਤੇ ਮਨੁੱਖਤਾ ਦੇ ਸਾਹਮਣੇ ਚੁਣੌਤੀ ਜੀਵਨ ਦੀ



ਰੱਖਿਆ, ਨਾਗਰਿਕਾਂ, ਮਜ਼ਦੂਰਾਂ, ਕਿਸਾਨਾਂ, ਮਹਿਲਾਵਾਂ ਅਤੇ ਹੋਰ ਕਮਜ਼ੋਰ ਵਰਗਾਂ ਦੇ ਅਧਿਕਾਰਾਂ ਦੀ ਸੁਰੱਖਿਆ ਵੀ ਹੈ। ਇਸ ਲਈ ਲੋੜ ਹੈ ਇੱਕ ਐਸੀ ਪ੍ਰਣਾਲੀ ਵੱਲ ਮੋੜ ਦੀ, ਜੋ ਨਿਆਂ, ਸਮਾਨਤਾ ਅਤੇ ਟਿਕਾਊ ਵਿਕਾਸ 'ਤੇ ਅਧਾਰਿਤ ਹੋਵੇ, ਨਾ ਕਿ ਬੇਲਗਾਮ ਮੁਨਾਫ਼ੇ 'ਤੇ।

ਮਾਰਕਸਵਾਦ ਇਨ੍ਹਾਂ ਵਿਰੋਧਾਂ ਨੂੰ ਸਮਝਣ ਲਈ ਇਕ ਢਾਂਚਾ ਪ੍ਰਦਾਨ ਕਰਦਾ ਹੈ। ਇਹ ਦਰਸਾਉਂਦਾ ਹੈ ਕਿ ਸਮਾਜਿਕ ਅਸਮਾਨਤਾਵਾਂ ਵਰਗੀ ਸੰਬੰਧਾਂ ਵਿੱਚ ਸ਼ੋਸ਼ਣ ਦੀਆਂ ਪ੍ਰਕਿਰਿਆਵਾਂ ਤੋਂ ਪੈਦਾ ਹੁੰਦੀਆਂ ਹਨ। ਮਾਰਕਸਵਾਦ ਇਹ ਵੀ ਦੱਸਦਾ ਹੈ ਕਿ ਜਾਗਰੂਕ ਸਾਂਝੀ ਕਾਰਵਾਈ ਰਾਹੀਂ ਇਨ੍ਹਾਂ ਨੂੰ ਦੂਰ ਕੀਤਾ ਜਾ ਸਕਦਾ ਹੈ। ਇੱਕ ਗਤੀਸ਼ੀਲ ਅਤੇ ਵਿਕਾਸਸ਼ੀਲ ਸਿਧਾਂਤ ਵਜੋਂ, ਮਾਰਕਸਵਾਦ ਸਮਾਜਿਕ ਪ੍ਰਣਾਲੀਆਂ ਨੂੰ ਇਤਿਹਾਸਕ ਤੌਰ 'ਤੇ ਬਦਲਣਯੋਗ ਮੰਨਦਾ ਹੈ-ਜਿਵੇਂ ਗੁਲਾਮੀ ਅਤੇ ਜਗੀਰਦਾਰੀ ਦੀ ਥਾਂ ਪੂੰਜੀਵਾਦ ਨੇ ਲਈ, ਉਸੇ ਤਰ੍ਹਾਂ ਪੂੰਜੀਵਾਦ ਵੀ ਆਖ਼ਿਰਕਾਰ ਸਮਾਜਵਾਦ ਅਤੇ ਕਮਿਊਨਿਜ਼ਮ ਨਾਲ ਬਦਲਿਆ ਜਾਵੇਗਾ।

ਅੱਜ ਦੌਲਤ ਦੁਨੀਆ ਦੇ ਥੋੜ੍ਹੇ ਜਿਹੇ ਧਨੀ ਵਰਗ ਦੇ ਹੱਥਾਂ ਵਿੱਚ ਸਿਮਟਦੀ ਜਾ ਰਹੀ ਹੈ, ਜਦਕਿ ਵੱਡੀ ਅਬਾਦੀ ਆਪਣੇ ਬੁਨਿਆਦੀ ਅਧਿਕਾਰਾਂ ਅਤੇ ਇੱਜ਼ਤ ਲਈ ਸੰਘਰਸ਼ ਕਰ ਰਹੀ ਹੈ। ਵਿਕਸਿਤ ਪੂੰਜੀਵਾਦੀ ਸਮਾਜ ਵੀ ਅਸਮਾਨਤਾ ਅਤੇ ਸਮਾਜਿਕ ਨਿਆਂ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਅਸਫਲ ਰਹੇ ਹਨ। ਦੂਜੇ ਪਾਸੇ, ਵਿਕਾਸਸ਼ੀਲ ਦੇਸ਼ ਤਾਕਤਵਰ ਰਾਸ਼ਟਰਾਂ ਦੇ ਆਰਥਿਕ ਅਤੇ ਰਾਜਨੀਤਕ ਦਬਾਅ ਦੇ ਅਧੀਨ ਰਹਿੰਦੇ ਹਨ, ਜੋ ਅਕਸਰ ਸਰੋਤਾਂ 'ਤੇ ਟਕਰਾਅ ਦੇ ਰੂਪ ਵਿੱਚ ਸਾਹਮਣੇ ਆਉਂਦੇ ਹਨ। ਕੋਵਿਡ ਮਹਾਂਮਾਰੀ ਵਰਗੀਆਂ ਸੰਕਟਮਈ ਸਥਿਤੀਆਂ ਵਿੱਚ ਵੀ ਵੱਡੀਆਂ ਫਾਰਮਾ ਕੰਪਨੀਆਂ ਨੇ ਛੋਟੇ ਦੇਸ਼ਾਂ ਨਾਲ ਟੀਕਿਆਂ ਦੀ ਸਪਲਾਈ ਨੂੰ ਲੈ ਕੇ ਦਬਾਅ ਬਣਾਇਆ।

ਭਾਰਤ ਵਿੱਚ ਹਾਲੀਆ ਆਰਥਿਕ ਰੁਝਾਨ, ਜੋ ਬਾਜ਼ਾਰ-ਕੇਂਦਰਿਤ ਨੀਤੀਆਂ ਅਤੇ ਖ਼ਾਸ ਕਰਕੇ ਅਮਰੀਕਾ ਵਰਗੀਆਂ ਸਾਮਰਾਜਵਾਦੀ ਤਾਕਤਾਂ ਦੇ ਦਬਾਅ ਨਾਲ ਬਣੇ ਹਨ, ਬੇਰੁਜ਼ਗਾਰੀ ਵਿੱਚ ਵਾਧਾ, ਅਸਲ ਮਜ਼ਦੂਰੀਆਂ ਵਿੱਚ ਘਟਾਓ ਅਤੇ ਸਿੱਖਿਆ ਅਤੇ ਸਿਹਤ ਵਰਗੀਆਂ ਜ਼ਰੂਰੀ ਸੇਵਾਵਾਂ ਤੱਕ ਪਹੁੰਚ ਵਿੱਚ ਕਮੀ ਦਾ ਕਾਰਨ ਬਣੇ ਹਨ। ਅਮਰੀਕਾ ਨਾਲ ਹਾਲੀਆ ਵਪਾਰਕ ਸਮਝੌਤੇ ਨੇ ਭਾਰਤੀ ਸਰਕਾਰ ਦੀਆਂ ਕਮਜ਼ੋਰੀਆਂ ਨੂੰ ਵੀ ਬੇਨਕਾਬ ਕੀਤਾ ਹੈ।

ਇਹ ਹਾਲਾਤ ਵਿਆਪਕ ਅਸੰਤੋਸ਼ ਨੂੰ ਜਨਮ ਦੇ ਰਹੇ ਹਨ। ਇਸ ਦੇ ਜਵਾਬ ਵਿੱਚ ਸੱਤਾ ਵਿੱਚ ਬੈਠੇ ਲੋਕ ਦਬਾਅ, ਝੂਠੇ ਰਾਸ਼ਟਰਵਾਦ, ਇਤਿਹਾਸ ਦੀ ਤੋੜ-ਮਰੋੜ ਅਤੇ ਧਰਮ, ਜਾਤੀ ਜਾਂ ਪਛਾਣ ਦੇ ਆਧਾਰ 'ਤੇ ਵੰਡ ਨੂੰ ਵਧਾਵਾ ਦੇ ਸਕਦੇ ਹਨ ਤਾਂ ਜੋ ਆਪਣਾ ਰਾਜ ਕਾਇਮ ਰੱਖ ਸਕਣ।

ਇਸ ਪ੍ਰਸੰਗ ਵਿੱਚ ਵਰਗ ਰਾਜਨੀਤੀ ਦੀ ਪ੍ਰਮੁੱਖਤਾ ਨੂੰ ਦੁਬਾਰਾ ਸਥਾਪਤ ਕਰਨਾ ਬਹੁਤ ਜ਼ਰੂਰੀ ਹੈ, ਨਾਲ ਹੀ ਪਛਾਣ-ਆਧਾਰਤ ਸੰਘਰਸ਼ਾਂ ਨਾਲ ਆਲੋਚਨਾਤਮਕ ਤੌਰ 'ਤੇ ਜੁੜਨਾ। ਮਜ਼ਦੂਰਾਂ ਅਤੇ ਕਿਸਾਨਾਂ ਵਿੱਚ ਏਕਤਾ ਬਣਾਉਣਾ ਅਤੇ ਇੱਕ ਵਿਕਲਪਕ ਵਿਚਾਰਧਾਰਕ ਕਹਾਣੀ ਵਿਕਸਿਤ ਕਰਨਾ ਨਵ-ਉਦਾਰਵਾਦੀ ਪੂੰਜੀਵਾਦ ਦੀ ਹਕੂਮਤ ਨੂੰ ਚੁਣੌਤੀ ਦੇਣ ਲਈ ਅਹਿਮ ਕਦਮ ਹਨ।

ਅੱਜ ਮਾਰਕਸ ਨੂੰ ਯਾਦ ਕਰਨਾ ਸਿਰਫ਼ ਇੱਕ ਬੌਧਿਕ ਕਿਰਿਆ ਨਹੀਂ-ਇਹ ਇੱਕ ਸਮਾਜਿਕ ਤੇ ਰਾਜਨੀਤਕ ਲੋੜ ਹੈ। ਉਹਨਾਂ ਦੇ ਵਿਚਾਰ ਅਜੇ ਵੀ ਇੱਕ ਨਿਆਂਪੂਰਨ, ਸਮਾਨਤਾਪੂਰਨ ਅਤੇ ਟਿਕਾਊ ਦੁਨੀਆ ਵੱਲ ਰਾਹ ਦਰਸਾਉਂਦੇ ਹਨ।


ਸੰਪਰਕ : 94170-00360

# ਕਹਾਂ ਹੈਂ, ਕਹਾਂ ਹੈਂ, ਜਿਨਹੇਂ ਨਾਜ਼ ਹੈ ਹਿੰਦ ਪਰ, ਵੋ ਕਹਾਂ ਹੈਂ...

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਹੁਦੇ ਦੀ ਸਹੁੰ ਚੁੱਕਣ ਦੇ ਦਿਨ ਤੋਂ ਗਿਣੀਏ ਤਾਂ ਅਗਲੀ ਚੋਣ ਵਿੱਚ ਮਸਾਂ ਦਸ ਮਹੀਨੇ ਬਾਕੀ ਬਚਦੇ ਹਨ ਅਤੇ ਜੇ ਓਦੋਂ ਦੇ ਚੋਣ ਨਤੀਜਿਆਂ ਦਾ ਦਿਨ ਚੇਤੇ ਕੀਤਾ ਜਾਵੇ ਤਾਂ ਫਿਰ ਨੌਂ ਵੀ ਨਹੀਂ ਬਚਦੇ। ਗਰੀਬ ਆਦਮੀ ਪਿੰਡ ਕੋਲ ਜਾ ਕੇ ਜੁੱਤੀ ਚੁੱਕ ਕੇ ਭੱਜਣ ਦੀ ਕਹਾਵਤ ਵਾਂਗ ਇਹ ਵਕਤ ਸਿਆਸਤ ਦੀ ਹਰ ਇੱਕ ਧਿਰ ਵੱਲੋਂ ਜੁੱਤੀ ਚੁੱਕ ਕੇ ਧਮਕੜੇ ਭੱਜ ਉੱਠਣ ਦਾ ਹੈ ਤੇ ਏਦਾਂ ਪੰਜਾਬ ਵਿੱਚ ਹੁੰਦਾ ਵੀ ਦਿੱਸਦਾ ਹੈ। ਕੇਂਦਰ ਦੀ ਸਰਕਾਰ ਚਲਾ ਰਹੀ ਭਾਰਤੀ ਜਨਤਾ ਪਾਰਟੀ ਆਪਣੇ ਉਹ ਸਾਰੇ ਪੈਂਤੜੇ ਪੰਜਾਬ ਵਿੱਚ ਵਰਤਣ ਨਿਕਲ ਤੁਰੀ ਹੈ, ਜਿਹੜੇ ਬੀਤੇ ਸਮੇਂ ਵਿੱਚ ਉਹ ਪੱਛਮੀ ਬੰਗਾਲ ਵਿੱਚ ਵਰਤ ਕੇ ਆਪਣੀ ਇੱਛਾ ਮੁਤਾਬਕ ਨਤੀਜੇ ਨਿਕਲਦੇ ਵੇਖ ਚੁੱਕੀ ਅਤੇ ਕੁਝ ਹੋਰ ਥਾਂਈਂ ਵੀ ਵਰਤ ਚੁੱਕੀ ਹੈ। ਪੁਰਾਣਾ ਸਮਾਂ ਅੱਜ ਨਹੀਂ ਰਿਹਾ। ਓਦੋਂ ਭਾਜਪਾ ਦੇ ਆਗੂ ਜਿਸ ਰਾਜ ਵਿੱਚ ਕੋਈ ਰਾਜਸੀ ਭੇੜ ਭਿੜਦੇ ਸਨ, ਓਥੇ ਆਪਣੀ ਹਿੰਦੂਤਵੀ ਧਾਰਨਾ ਨੂੰ ਆਪਣੇ ਭਾਸ਼ਣਾਂ ਤੇ ਹੋਰ ਮੌਕਿਆਂ ਉੱਤੇ ਵੀ ਲੋਕਾਂ ਮੂਹਰੇ ਰੱਖਣ ਤੋਂ ਨਹੀਂ ਸਨ ਰਹਿੰਦੇ ਹੁੰਦੇ। ਸਮਝਿਆ ਇਹ ਜਾਂਦਾ ਸੀ ਕਿ ਉਨ੍ਹਾਂ ਲਈ ਕੋਈ ਚੋਣ ਜਿੱਤ ਓਨੀ ਅਹਿਮ ਨਹੀਂ, ਜਿੰਨਾ ਆਪਣੇ ਇੱਕ ਸਦੀ ਤੋਂ ਪ੍ਰਚਾਰੇ ਜਾ ਰਹੇ ਨਿਸ਼ਾਨੇ ਦੀ ਪ੍ਰਾਪਤੀ ਕਰਨੀ ਅਤੇ ਭਾਰਤ ਨੂੰ ਪੁਰਾਤਨ ਯੁੱਗ ਦੇ ਰਾਮ-ਰਾਮ ਦੇ ਅਕਸ ਜਾਂ ਹੋਰ ਹਿੰਦੂ ਧਾਰਨਾਵਾਂ ਦੇ ਰਾਜ ਦੀ ਲੀਹ ਉੱਤੇ ਲਿਆਉਣ ਦਾ ਯਤਨ ਕਰਨਾ ਹੈ। ਪਿਛਲੇ ਬਾਰਾਂ ਸਾਲਾਂ ਤੋਂ ਇਸ ਪਾਰਟੀ ਦਾ ਉਹ ਰੰਗ ਸਿਆਸੀ ਪਰਤ ਹੇਠ ਛੁਪਦਾ ਗਿਆ ਤੇ ਰਾਜ ਕਰਨ ਦੀ ਇੱਛਾ ਭਾਰੂ ਹੁੰਦੀ ਗਈ ਹੈ। ਇਸ ਇੱਛਾ ਦੀ ਪੂਰਤੀ ਲਈ ਉਨ੍ਹਾਂ ਨੂੰ ਕਿਸੇ ਵੀ ਰੰਗ ਜਾਂ ਧਰਮ ਜਾਂ ਸਿਆਸਤ ਨਾਲ ਜੁੜੇ ਰਹੇ ਲੋਕਾਂ ਨੂੰ ਆਪਣੇ ਨਾਲ ਲੈਣ ਵਿੱਚ ਕੋਈ ਝਿਜਕ ਨਹੀਂ ਹੁੰਦੀ, ਸ਼ਰਤ ਸਿਰਫ ਇਹੋ ਕਿ ਬੰਦਾ ਉਸ ਦੇ ਕੰਮ ਦਾ ਸਾਬਤ ਹੋ ਸਕਦਾ ਹੋਵੇ। ਫਿਰ ਵੀ ਇੱਕ ਖਾਸ ਧਰਮ, ਜਿਹੜਾ ਇੱਕ ਸਦੀ ਪਹਿਲਾਂ ਉਸ ਦੇ ਮੋਢੀਆਂ ਦੀ ਸੋਚ ਅਤੇ ਵਿਰੋਧ ਦਾ ਮੁੱਖ ਕੇਂਦਰ ਬਣਿਆ ਸੀ, ਉਸ ਵੱਲ ਕਿਸੇ ਤਰ੍ਹਾਂ ਦੀ ਨਰਮੀ ਅਮਲਾਂ ਵਿੱਚ ਅੱਜ ਵੀ ਨਹੀਂ ਵਿਖਾਈ ਜਾਂਦੀ, ਪਰ ਰਾਜਨੀਤਕ ਦਾਅ ਖੇਡਣ ਵੇਲੇ ਉਨ੍ਹਾਂ ਨੂੰ ਨਾਲ ਲੈਣ ਦੀ ਵੀ ਝਿਜਕ ਨਹੀਂ।

ਅਗਲੇ ਸਾਲ ਹੋਣ ਵਾਲੀ ਚੋਣ ਪਿਛਲੇ ਸਾਰੇ ਸਮਿਆਂ ਤੋਂ ਇਸ ਗੱਲੋਂ ਅਸਲੋਂ ਵੱਖਰੀ ਹੋ ਸਕਦੀ ਹੈ ਕਿ ਪੰਜਾਬ ਦੇ ਲੋਕਾਂ ਲਈ ਪਹਿਲਾਂ ਵਾਲੀਆਂ ਦੋ-ਤਿੰਨ ਸਿਆਸੀ ਧਿਰਾਂ ਵਿੱਚੋਂ ਕਿਸੇ ਇੱਕ ਦੀ ਚੋਣ ਕਰਨ ਦਾ ਸਵਾਲ ਨਹੀਂ ਹੋਣਾ, ਸਗੋਂ ਇਸ ਵਾਰ ਉਹ ਤੀਜੀ ਧਿਰ ਨੂੰ ਪਹਿਲੀਆਂ ਦੋਂਹ ਵਿੱਚ ਖੜ੍ਹਾ ਵੇਖ ਸਕਦੇ ਹਨ। ਸਾਡੇ ਸੁਰਤ ਸੰਭਾਲਣ ਤੋਂ ਪਹਿਲਾਂ ਪੰਜਾਬ ਵਿੱਚ ਸਿਆਸੀ ਪਿੜ ਦੀ ਤੀਸਰੀ ਧਿਰ ਕਮਿਊਨਿਸਟ ਹੁੰਦੇ ਸਨ, ਪਰ ਉਨ੍ਹਾਂ ਅੰਦਰਲੀ ਫੁੱਟ ਅਤੇ ਫਿਰ ਫੁੱਟ ਪਿੱਛੋਂ ਆਪੋ-ਆਪਣੇ ਧੜੇ ਅੰਦਰ ਚੱਲਦੀ ਖਿੱਚੋਤਾਣ ਨੇ ਉਨ੍ਹਾਂ ਨੂੰ ਏਨੇ ਕਮਜ਼ੋਰ ਕਰ ਦਿੱਤਾ ਹੈ ਕਿ ਉਨ੍ਹਾਂ ਨੂੰ ਅੱਜ ਸਿਆਸੀ ਲੇਖੇ ਵਿੱਚ ਸ਼ਾਮਲ ਕਰਨ ਲਈ ਕੋਈ ਵਿਸ਼ਲੇਸ਼ਣ ਕਰਤਾ ਸੌਖੇ ਕੀਤੇ ਤਿਆਰ ਨਹੀਂ ਹੋ ਸਕਦਾ। ਉਹ ਦਿਨ ਨਹੀਂ ਗਏ, ਜਦੋਂ ਵਿਧਾਨ ਸਭਾ ਅੰਦਰ ਛੋਟਾ ਗਰੁੱਪ ਹੋਣ ਦੇ ਬਾਵਜੂਦ ਬਹਿਸਾਂ ਦਾ ਕੇਂਦਰ ਕਮਿਊਨਿਸਟਾਂ ਦੇ ਉਠਾਏ ਹੋਏ ਨੁਕਤੇ ਬਣਦੇ ਹੁੰਦੇ ਸਨ ਤੇ ਚੋਣ ਸਮਝੌਤਿਆਂ ਵੇਲੇ ਉਨ੍ਹਾਂ ਨੂੰ ਲਾਂਭੇ ਰੱਖ ਕੇ ਸੋਚਿਆ ਨਹੀਂ ਸੀ ਜਾ ਸਕਦਾ। ਅੱਜ ਦੀ ਰਾਜਨੀਤੀ ਦੀ ਤੀਸਰੀ ਧਿਰ, ਉਨ੍ਹਾਂ ਵਾਂਗ ਇੱਕ ਖੂੰਜੇ ਵਿੱਚ ਹੁੰਦੀ ਜਾਂਦੀ ਪੰਜਾਬ ਦੀਆਂ ਪੁਰਾਣੀਆਂ ਦੋ ਰਵਾਇਤੀ ਧਿਰਾਂ ਵਿੱਚੋਂ ਕੋਈ ਇੱਕ ਧਿਰ ਬਣਦੀ ਦਿੱਸ ਪਵੇ ਤਾਂ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ। ਉਹ ਖੂੰਜੇ ਲੱਗਦੀ ਤੀਸਰੀ ਧਿਰ ਅਕਾਲੀਆਂ ਦੀ ਹੋ ਸਕਦੀ ਹੈ ਤੇ ਕਾਂਗਰਸ ਦੀ ਵੀ। ਸਿਆਸੀ ਮਾਹਰਾਂ ਦੀ ਰਾਏ ਹੈ ਕਿ ਦੋਵਾਂ ਵਿੱਚੋਂ ਘੱਟੋ-ਘੱਟ ਇੱਕ ਪਾਰਟੀ ਅਗਲੀਆਂ ਚੋਣਾਂ ਵਿੱਚ ਆਪਣੀ ਹੋਂਦ ਨੂੰ ਖਤਰੇ ਦਾ ਸਾਹਮਣਾ ਕਰਨ ਅਤੇ ਮੈਦਾਨ ਤੋਂ ਬਾਹਰ ਧੱਕੀ ਜਾਂਦੀ ਨਜ਼ਰ ਪੈਂਦੀ ਹੈ।

ਆਪਣੀਆਂ ਬਹੁਤ ਸਾਰੀਆਂ ਉਲਝਣਾਂ, ਕਮਜ਼ੋਰੀਆਂ ਅਤੇ ਭ੍ਰਿਸ਼ਟਾਚਾਰ ਦੇ ਬਾਵਜੂਦ ਆਮ ਆਦਮੀ ਪਾਰਟੀ ਨੂੰ ਹਾਲ ਦੀ ਘੜੀ ਸਿਆਸੀ ਮੈਦਾਨ ਵਿੱਚੋਂ ਲਾਂਭੇ ਧੱਕੇ ਜਾਣ ਦਾ ਕੋਈ ਖਤਰਾ ਨਹੀਂ ਜਾਪਦਾ, ਉਹ ਅਗਲੀ ਵਿਧਾਨ ਸਭਾ ਚੋਣ ਦੌਰਾਨ ਮੁਕਾਬਲੇ ਦੀਆਂ ਦੋ ਮੁੱਖ ਧਿਰਾਂ ਵਿੱਚੋਂ ਇੱਕ ਜ਼ਰੂਰ ਰਹਿਣੀ ਹੈ, ਹਾਰ-ਜਿੱਤ ਪਿੱਛੋਂ ਵੇਖੀ ਜਾਵੇਗੀ। ਭਾਜਪਾ ਇਸ ਵਾਰ ਮੁਕਾਬਲੇ ਦੀਆਂ ਦੋ ਮੁੱਖ ਧਿਰਾਂ ਵਿੱਚ ਅਤੇ ਜੇ ਤਿੰਨ-ਧਿਰੀ ਲੜਾਈ ਬਣ ਗਈ ਤਾਂ ਤਿੰਨਾਂ ਵਿੱਚੋਂ ਇੱਕ ਮੁੱਖ ਧਿਰ ਵੀ ਬਣਦੀ ਨਜ਼ਰ ਪੈ ਸਕਦੀ ਹੈ। ਆਮ ਰਾਜਸੀ ਮਾਹਰ ਇਸ ਵਕਤ ਖਤਰੇ ਵਿੱਚ ਅਕਾਲੀ ਦਲ ਨੂੰ ਮੰਨ ਕੇ ਚੱਲਦੇ ਹਨ, ਪਰ ਅਮਲਾਂ ਤੇ ਦੂਸਰੇ ਰਾਜਾਂ ਦੇ ਤਜਰਬੇ ਨੂੰ ਵੇਖਿਆ ਜਾਵੇ ਤਾਂ ਕਾਂਗਰਸੀ ਆਗੂਆਂ ਨੂੰ ਬੇਸ਼ੱਕ ਚੰਗਾ ਨਾ ਲੱਗੇ, ਸਭ ਤੋਂ ਵੱਡਾ ਖਤਰਾ ਇਸ ਵਕਤ ਉਨ੍ਹਾਂ ਦੀ ਸਿਆਸਤ ਨੂੰ ਹੈ। ਜਿੰਨੇ ਵੀ ਰਾਜਾਂ ਵਿੱਚ ਕਾਂਗਰਸ ਪਾਰਟੀ ਦੀ ਹੋਂਦ ਨੂੰ ਢਾਹ ਲੱਗਦੀ ਰਹੀ, ਉਨ੍ਹਾਂ ਸਾਰਿਆਂ ਵਿੱਚ ਕਸੂਰ ਉਨ੍ਹਾਂ ਦੀ ਆਪਸੀ ਖਿੱਚੋਤਾਣ ਦਾ ਸੀ, ਸਿਆਸੀ ਵਿਰੋਧੀਆਂ ਨੇ ਤਾਂ ਉਨ੍ਹਾਂ ਨੂੰ ਸੱਟ ਮਾਰਨੀ ਹੀ ਸੀ, ਉਹ ਨਿਗੂਣੇ ਜਿਹੇ ਅਹੁਦਿਆਂ ਲਈ ਵੀ ਆਪਸ ਵਿੱਚ ਇੰਜ ਝਗੜਦੇ ਰਹੇ ਕਿ ਜਿੱਤਣ ਨੇੜੇ ਜਾ ਕੇ ਕਈ ਸੀਟਾਂ ਹਾਰ ਜਾਂਦੇ ਰਹੇ। ਸਹੀ ਅਰਥਾਂ ਵਿੱਚ ਕਹਿਣਾ ਹੋਵੇ ਤਾਂ ਕਈ ਸੀਟਾਂ ਜਿੱਤਣ ਨੇੜੇ ਪੁੱਜ ਕੇ ਆਪਣੇ ਸਿਆਸੀ ਸ਼ਰੀਕੇ ਕਾਰਨ ਆਪੋ ਵਿੱਚ ਹਰਾ ਦੇਂਦੇ ਰਹੇ ਹਨ। ਇਹ ਸਿਆਸੀ ਬਿਮਾਰੀ ਪਹਿਲਾਂ ਉੱਤਰ ਪ੍ਰਦੇਸ਼ ਤੋਂ ਸ਼ੁਰੂ ਹੋਈ ਤੇ ਏਥੋਂ ਤੱਕ ਚਲੀ ਗਈ ਕਿ ਪੰਡਤ ਜਵਾਹਰ ਲਾਲ ਨਹਿਰੂ, ਲਾਲ ਬਹਾਦਰ ਸ਼ਾਸਤਰੀ, ਇੰਦਰਾ ਗਾਂਧੀ, ਰਾਜੀਵ ਗਾਂਧੀ ਸਣੇ ਕਾਂਗਰਸ ਪਾਰਟੀ ਦੇ ਕਈ ਆਗੂਆਂ ਨੂੰ ਸਿਖਰ ਤੱਕ ਪੁਚਾਉਣ ਵਾਲੇ ਉਸ ਰਾਜ ਵਿੱਚ ਬੀਤੇ ਚਾਰ ਕੁ ਦਹਾਕਿਆਂ ਤੋਂ ਇਹ ਪਾਰਟੀ ਦੂਰ ਖੜੋਤੇ ਕਿਸੇ ਟੂਰਿਸਟ ਵਾਂਗ ਸੱਤਾ ਦੇ ਗਲਿਆਰਿਆਂ ਵੱਲ ਝਾਕਦੀ ਅਤੇ ਤਾੜੀਆਂ ਮਾਰ ਛੱਡਦੀ ਹੈ। ਬਿਹਾਰ ਦਾ ਵੱਡਾ ਰਾਜ ਵੀ ਇਸ ਨੇ ਏਸੇ ਤਰ੍ਹਾਂ ਉਸ ਵੇਲੇ ਗੁਆਇਆ, ਜਦੋਂ ਝਾਰਖੰਡ ਸਮੇਤ ਉਸ ਕੋਲ ਲੋਕ ਸਭਾ ਦੀਆਂ ਸੀਟਾਂ ਚਰਵੰਜਾ ਸਨ, ਮੱਧ ਪ੍ਰਦੇਸ਼ ਵੀ ਓਦੋਂ ਗੁਆਇਆ ਜਦੋਂ ਛੱਤੀਸਗੜ੍ਹ ਸਮੇਤ ਉਸ ਕੋਲ ਚਾਲੀ ਸੀਟਾਂ ਸਨ ਅਤੇ ਮਹਾਰਾਸ਼ਟਰ ਵਰਗਾ ਅਠਤਾਲੀ ਸੀਟਾਂ ਵਾਲਾ ਕਾਰੋਬਾਰ ਦਾ ਕੇਂਦਰ ਰਾਜ ਇਸ ਨੇ ਆਪਣੇ ਹੱਥੋਂ ਆਪੇ ਗੁਆ ਲਿਆ। ਆਸਾਮ ਦਾ ਤਿੰਨ ਵਾਰੀ ਜਿੱਤਿਆ ਰਾਜ ਵੀ ਏਦਾਂ ਗੁਆਇਆ, ਹਰਿਆਣੇ ਵਿੱਚ ਦੋ ਵਾਰ ਜਿੱਤ ਦੇ ਨੇੜੇ ਜਾ ਕੇ ਆਪਸੀ ਫੁੱਟ ਕਾਰਨ ਹਾਰ ਦਾ ਮੂੰਹ ਵੇਖਿਆ ਤੇ ਅਗਲੇ ਸਾਲਾਂ ਵਿੱਚ ਕਈ ਹੋਰ ਰਾਜਾਂ ਵਿੱਚ ਇਹ ਰਾਜਸੀ ਮੈਦਾਨ ਤੋਂ ਬਾਹਰ ਹੋ ਸਕਦੀ ਹੈ। ਭਾਜਪਾ ਆਗੂ ਪਹਿਲੇ ਦਿਨੋਂ ਹੀ ਇਸ ਪਾਰਟੀ ਦੇ ਖਾਤਮੇ ਨੂੰ ਮੁੱਖ ਨਿਸ਼ਾਨਾ ਮੰਨਦੇ ਰਹੇ ਸਨ, ਪਰ ਇਨ੍ਹਾਂ ਨੇ ਆਪਣੇ ਬਾਰੇ ਸੋਚਿਆ ਤੱਕ ਨਹੀਂ।

ਰਾਜਸੀ ਮੈਦਾਨ ਵਿੱਚ ਪੰਜਾਬ ਦੀ ਦੂਸਰੀ ਵੱਡੀ ਧਿਰ ਤਕਰੀਬਨ ਸੱਤ ਦਹਾਕਿਆਂ ਤੋਂ ਅਕਾਲੀ ਦਲ ਬਣਿਆ ਰਿਹਾ ਤੇ ਅਖੀਰ ਏਨੀ ਵੱਡੀ ਤਾਕਤ ਵੀ ਇੱਕ ਵਾਰ ਬਣ ਗਿਆ ਕਿ ਉਹ ਸਿਰਫ ਆਪਣੇ ਸਿਰ ਰਾਜ ਕਰਨ ਜੋਗਾ ਸਮਝਿਆ ਜਾ ਸਕਦਾ ਸੀ। ਇਸ ਦੇ ਬਾਵਜੂਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਕਤਲ ਅਤੇ ਪੰਜਾਬ ਸਮਝੌਤੇ ਦੇ ਸਿਆਸੀ ਰੰਗ ਕਾਰਨ ਭਾਵੇਂ ਆਪਣੇ ਸਿਰ ਉਸ ਦੀ ਸਰਕਾਰ ਬਣ ਗਈ, ਪਰ ਉਹ ਆਪਸੀ ਖਿੱਚੋਤਾਣ ਕਾਰਨ ਹੀ ਬਚ ਨਹੀਂ ਸੀ ਸਕੀ, ਉਸ ਤੋਂ ਬਿਨਾਂ ਕਦੀ ਇਕੱਲੇ ਅਕਾਲੀ ਸਰਕਾਰ ਚਲਾਉਣ ਦਾ ਯਤਨ ਨਹੀਂ ਸਨ ਕਰ ਸਕੇ। ਕਾਰਨ ਉਨ੍ਹਾਂ ਦੇ ਮਨ ਦਾ ਇਹ ਡਰ ਸੀ ਕਿ ਇਕੱਲੇ ਲੜੇ ਤਾਂ ਹਿੰਦੂ ਵੋਟ ਨਹੀਂ ਪੈਣੀ। ਇਸ ਵਕਤ ਉਹ ਆਪਣੀ ਹੋਂਦ ਉੱਤੇ ਉੱਠਦੇ ਬਹੁਤ ਸਾਰੇ ਸਵਾਲਾਂ ਦੇ ਘੇਰੇ ਵਿੱਚ ਖੜੋਤੇ ਦਿੱਸ ਰਹੇ ਹਨ ਤਾਂ ਇਹ ਸਿਆਸੀ ਸਵਾਲ ਉਨ੍ਹਾਂ ਦੀ ਕਿਸੇ ਹੋਰ ਧਿਰ ਨਾਲ ਸਾਂਝ ਦੇ ਕਾਰਨ ਨਹੀਂ, ਉਨ੍ਹਾਂ ਦੇ ਆਪਣੇ ਅੰਦਰਲੀ ਪਾਟੋਧਾੜ ਕਾਰਨ ਉਨ੍ਹਾਂ ਨੂੰ ਘੇਰੀ ਖੜੋਤੇ ਹਨ। ਪਾਰਟੀ ਪ੍ਰਧਾਨ ਅੱਜ ਵੀ ਦੁਨੀਆ ਭਰ ਦੀ ਰਾਜਨੀਤੀ ਦਾ ਸਭ ਤੋਂ ਵੱਡਾ ਧਨੰਤਰ ਆਪਣੇ ਆਪ ਨੂੰ ਸਮਝਦਾ ਤੇ ਇੱਕੋ ਮੰਤਰ 'ਜਿਸ ਦਾ ਗੁਰਦੁਆਰਾ ਪ੍ਰਬੰਧ ਉੱਤੇ ਕਬਜ਼ਾ, ਉਸ ਦੀ ਅਕਾਲੀ ਰਾਜਨੀਤੀ ਵਿੱਚ ਸਰਦਾਰੀ' ਨੂੰ ਮੰਨ ਕੇ ਚੱਲਣ ਦਾ ਯਤਨ ਕਰਦਾ ਹੈ। ਆਪਣੀਆਂ ਸਿਆਸੀ ਭੁੱਲਾਂ ਨਾਲ ਆਪਣੇ ਲਈ ਸਭ ਤੋਂ ਵੱਡੀ ਹਮਾਇਤ ਵਾਲੇ ਸਿੱਖ ਭਾਈਚਾਰੇ ਨੂੰ ਮੂਰਖ ਬਣਾਉਣ ਦੇ ਪੈਂਤੜੇ ਨਾਲ ਇਸ ਭਾਈਚਾਰੇ ਤੋਂ ਵੀ ਇੱਕ ਤਰ੍ਹਾਂ ਇਹ ਦਲ ਕੱਟਿਆ ਗਿਆ ਮੰਨਿਆ ਜਾਂਦਾ ਹੈ। ਪੁਰਾਣੇ ਟਕਸਾਲੀ ਲੀਡਰਾਂ ਨੂੰ ਪ੍ਰਧਾਨ ਵਜ਼ਨ ਨਹੀਂ ਦੇਂਦਾ ਤੇ ਸਿਆਸੀ ਪੱਖੋਂ ਕੋਰੀ ਖਾਣ-ਪੀਣ ਦੀ ਸ਼ੌਕੀਨ ਉਸ ਨਾਲ ਜੁੜੀ ਨਵੀਂ ਧਾੜ ਉਸ ਪਾਰਟੀ ਦੀਆਂ ਜੜ੍ਹਾਂ ਖੋਖਲੀਆਂ ਕਰ ਰਹੀ ਹੈ, ਪਰ ਪ੍ਰਧਾਨ ਸਵੇਰ ਤੋਂ ਸ਼ਾਮ ਤੱਕ ਸਿਰਫ ਆਪਣੀ ਬਹਿਜਾ-ਬਹਿਜਾ ਹੁੰਦੀ ਸੁਣਨ ਵਿੱਚ ਹੀ ਤਸੱਲੀ ਕਰੀ ਜਾਂਦਾ ਹੈ।

ਭਾਰਤੀ ਜਨਤਾ ਪਾਰਟੀ ਪਹਿਲਾਂ ਵਾਂਗ ਸਿਆਸਤ ਦੇ ਇੱਕੋ ਪਲੇਟਫਾਰਮ ਤੋਂ ਕੂਕਾਂ ਮਾਰਨ ਵਾਲੀ ਨਹੀਂ, ਹਰ ਚੋਣ ਵਿੱਚ ਹਰ ਰਾਜ ਵਿੱਚ ਓਥੋਂ ਦੇ ਹਾਲਾਤ ਮੁਤਾਬਕ ਰਾਜਨੀਤੀ ਦਾ ਨਵਾਂ ਪੈਂਤੜਾ ਲੱਭਦੀ ਅਤੇ ਵਰਤਦੀ ਹੈ। ਪੱਛਮੀ ਬੰਗਾਲ ਜਾਣ ਵੇਲੇ ਦੁਰਗਾ ਪੂਜਾ ਦੇ ਪੰਡਾਲਾਂ ਵਿੱਚ ਸ਼ਾਮਲ ਹੋਣ ਤੇ ਅਗੇਤ ਸੰਭਾਲਣ ਤੋਂ ਉਸ ਨੇ ਪਹਿਲ ਕੀਤੀ ਅਤੇ ਫਿਰ ਅੱਗੇ ਵਧਦੀ ਗਈ। ਮਹਾਰਾਸ਼ਟਰ ਵਿੱਚ ਉਸ ਨੇ ਗਣਪਤੀ ਬੱਪਾ ਨਾਲ ਜੁੜੀ ਹਰ ਰਸਮ ਵਿੱਚ ਆਪਣੇ ਵਰਕਰਾਂ ਨੂੰ ਸਰਗਰਮ ਕੀਤਾ ਤੇ ਹੌਲੀ-ਹੌਲੀ ਸ਼ਿਵ ਸੈਨਾ ਨੂੰ ਬਾਹਰ ਧੱਕ ਕੇ ਉਨ੍ਹਾਂ ਵਾਲਾ ਮੋਰਚਾ ਸਾਂਭ ਲਿਆ ਸੀ। ਇਸੇ ਤਰ੍ਹਾਂ ਉਹ ਇਸ ਵਕਤ ਪੰਜਾਬ ਵਿੱਚ ਆਪਣੀ ਸਰਗਰਮੀ ਸਿੱਖ ਧਰਮ ਨਾਲ ਜੁੜੇ ਉਨ੍ਹਾਂ ਪ੍ਰਮੁੱਖ ਅਸਥਾਨਾਂ ਤੇ ਡੇਰਿਆਂ ਨੂੰ ਧਿਆਨ ਵਿੱਚ ਰੱਖ ਕੇ ਚਲਾ ਰਹੀ ਹੈ, ਜਿਹੜੇ ਪਿਛਲੀ ਇੱਕ ਸਦੀ ਤੋਂ ਉਸ ਦੇ ਵਿਰੋਧ ਵਿੱਚ ਖੜੋਂਦੇ ਰਹੇ ਸਨ। ਅਕਾਲ ਤਖਤ ਦੇ ਜਥੇਦਾਰ ਕੌਣ ਹਨ, ਉਹ ਕਿੱਦਾਂ ਬਣੇ ਸਨ, ਅੱਗੋਂ ਕਿਸ ਦੇ ਖਿਲਾਫ ਓਥੋਂ ਕੀ ਹੁਕਮ ਹੁੰਦੇ ਹਨ, ਇਸ ਸਭ ਕਾਸੇ ਵੱਲੋਂ ਉਹ ਬੇਲਾਗ ਰਹਿ ਕੇ ਆਮ ਸਿੱਖਾਂ ਤੱਕ ਸਿੱਧਾ ਪਹੁੰਚਣ ਲਈ ਜ਼ਮੀਨੀ ਪੱਧਰ ਉੱਤੇ ਕੰਮ ਕਰਦੀ ਹੈ। ਅੱਜ ਦੀ ਘੜੀ ਪੰਜਾਬ ਦੇ ਬਹੁਤ ਸਾਰੇ ਪਿੰਡਾਂ ਵਿੱਚ ਉਸ ਹਿੰਦੂਤਵੀ ਜਥੇਬੰਦੀ ਆਰ ਐੱਸ ਐੱਸ ਦੀਆਂ ਸ਼ਾਖਾਵਾਂ ਲੱਗਦੀਆਂ ਆਮ ਵੇਖੀਆਂ ਜਾਣ ਲੱਗੀਆਂ ਹਨ, ਜਿਨ੍ਹਾਂ ਵਿੱਚੋਂ ਕਦੀ ਉਸ ਦੇ ਵਿਰੋਧ ਦੇ ਲਲਕਾਰੇ ਵੱਜਦੇ ਹੁੰਦੇ ਸਨ। ਆਪਣੇ ਵਿਰੋਧੀ ਹੋਣ ਕਰ ਕੇ ਜਿਹੜੇ ਲੋਕਾਂ ਨਾਲ ਉਹ ਕੌੜ ਰੱਖਦੀ ਰਹੀ ਸੀ, ਉਨ੍ਹਾਂ ਤੱਕ ਪਹੁੰਚ ਕਰ ਕੇ ਦੋਸਤੀਆਂ ਦਾ ਘੇਰਾ ਵੱਡਾ ਕਰਨ ਦੇ ਓਹਲੇ ਹੇਠ ਹਰ ਘਰ ਤੱਕ ਜਾਂਦੀ ਸੁਣੀ ਜਾਣ ਲੱਗ ਪਈ ਹੈ ਤੇ ਉਨ੍ਹਾਂ ਵਿੱਚੋਂ ਕਈ ਲੋਕ ਇਹ ਕਹਿਣ ਵਿੱਚ ਝਿਜਕ ਮਹਿਸੂਸ ਨਹੀਂ ਕਰਦੇ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਸੀ ਕਿ ਇਹ ਪਾਰਟੀ ਉਨ੍ਹਾਂ ਲਈ ਵੀ ਏਨਾ ਚੰਗਾ ਸੋਚਣ ਵਾਲੀ ਸਾਬਤ ਹੋ ਸਕਦੀ ਹੈ।

ਜਦੋਂ ਪੰਜਾਬ ਦੀ ਅਗਲੀ ਵਿਧਾਨ ਸਭਾ ਚੋਣ ਲਈ ਅੱਜ ਤੱਕ ਸਿਆਸੀ ਲੇਖੇ ਤੋਂ ਬਾਹਰ ਮੰਨੀ ਜਾਂਦੀ ਭਾਜਪਾ ਏਨੀ ਸਰਬਪੱਖੀ ਸਰਗਰਮੀ ਕਰਦੀ ਨਜ਼ਰ ਪੈਂਦੀ ਹੈ, ਕਾਂਗਰਸ ਵਾਲੇ ਅਜੇ ਤੱਕ ਇੱਕ-ਦੂਜੇ ਦੀਆਂ ਲੱਤਾਂ ਖਿੱਚਣ ਦੇ ਕੰਮ ਵਿੱਚ ਫਸੇ ਹੋਏ ਹਨ। ਅਕਾਲੀ ਲੀਡਰ ਇਹ ਜਾਂ ਉਹ ਅਸਲੀ ਅਕਾਲੀ ਦਲ ਤੇ ਨਸ਼ੀਲੇ ਪਦਾਰਥਾਂ ਦਾ ਵਹਿਣ ਪੰਜਾਬ ਦੇ ਪਿੰਡਾਂ ਤੱਕ ਲਿਆਉਣ ਦੇ ਦੋਸ਼ਾਂ ਦੀਆਂ ਸਫਾਈਆਂ ਦੇਣ ਤੱਕ ਸੀਮਤ ਦਿਖਾਈ ਦੇਂਦੇ ਹਨ। ਵਿਧਾਨ ਸਭਾ ਰਿਕਾਰਡ ਤੋਂ ਅਕਾਲੀ-ਭਾਜਪਾ ਰਾਜ ਵੇਲੇ ਦੀ ਇਸ ਗੱਲ ਦੀ ਇੰਟਰੀ ਮਿਲਦੀ ਹੈ ਕਿ ਚਿੱਟਾ ਆਖੇ ਜਾਂਦੇ ਨਸ਼ੇ ਦੀ ਬਰਾਮਦਗੀ ਦਾ ਪਹਿਲਾ ਪਰਚਾ 2008 ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੇ ਬਟਾਲਾ ਰੋਡ ਦੇ ਪੇਂਡੂ ਖੇਤਰ ਦੇ ਥਾਣੇ ਵਿੱਚ ਦਰਜ ਹੋਇਆ ਸੀ। ਉਸ ਮਗਰੋਂ ਇਹ ਪਾਰਟੀ ਸੱਚਾ ਸੌਦਾ ਡੇਰੇ ਨਾਲ ਕਦੀ ਨੇੜਤਾ ਤੇ ਕਦੀ ਝਟਕਾ ਦੇ ਕੇ ਉਸ ਨੂੰ ਵਰਤਣ ਦੇ ਦਾਵਾਂ ਨਾਲ ਆਪਣਾ ਉਹ ਅਕਸ ਕਾਇਮ ਨਹੀਂ ਸੀ ਰੱਖ ਸਕੀ, ਜਿਹੜਾ ਇਸ ਦੀਆਂ ਸਾਰੀਆਂ ਪਿਛਲੀਆਂ ਚੋਣ ਮੁਹਿੰਮਾਂ ਵੇਲੇ ਆਧਾਰ ਬਣਿਆ ਰਿਹਾ ਸੀ। ਏਦਾਂ ਦੇ ਹਾਲਾਤ ਵਿੱਚ ਭਾਜਪਾ ਹਰ ਨਵੇਂ ਦਿਨ ਨਾਲ ਪੰਜਾਬ ਦੀ ਅਗਲੀ ਚੋਣ ਜਿੱਤਣ ਵੱਲ ਅੱਗੇ ਵਧ ਰਹੀ ਸਾਫ ਨਜ਼ਰ ਪੈਂਦੀ ਹੈ, ਪਰ ਉਹ ਲੋਕ ਕਿਤੇ ਨਜ਼ਰ ਨਹੀਂ ਆ ਰਹੇ, ਜਿਨ੍ਹਾਂ ਬਾਰੇ ਸਾਹਿਰ ਲੁਧਿਆਣਵੀ ਨੇ ਕਿਹਾ ਸੀ:

'ਯੇ ਕੂਚੇ ਯੇ ਨੀਲਾਮਘਰ ਦਿਲਕਸ਼ੀ ਕੇ,  
ਯੇ ਲੁਟਤੇ ਹੂਏ ਕਾਰਵਾਂ ਜ਼ਿੰਦਗੀ ਕੇ,  
ਕਹਾਂ ਹੈਂ, ਕਹਾਂ ਹੈਂ ਮੁਹਾਫਿਜ਼ ਖ਼ੁਦੀ ਕੇ,  
ਜਿਨਹੇਂ ਨਾਜ਼ ਹੈ ਹਿੰਦ ਪਰ, ਵੋ ਕਹਾਂ ਹੈਂ,  
ਕਹਾਂ ਹੈਂ, ਕਹਾਂ ਹੈ, ਕਹਾਂ ਹੈ, ਵੋ ਕਹਾਂ ਹੈਂ।'

# ਜ਼ਹਿਰ ਉਗਲਣ ਲੱਗੀ ਘੱਗਰ

**ਜਗਤਾਰ ਸਮਾਲਸਰ**

ਸਿਰਸਾ ਜ਼ਿਲ੍ਹੇ ਵਿੱਚੋਂ ਲੰਘਣ ਵਾਲੀ ਘੱਗਰ ਨਦੀ ਵਿੱਚ ਆ ਰਹੇ ਕੈਮੀਕਲ ਯੁਕਤ ਪਾਣੀ ਕਾਰਨ ਹੁਣ ਘੱਗਰ ਨਦੀ ਦੇ ਕੰਢੇ ਵਸੇ ਪਿੰਡਾਂ ਦੇ ਟਿਊਬਵੈੱਲ ਵੀ ਜ਼ਹਿਰ ਉਗਲਣ ਲੱਗੇ ਹਨ। ਪਾਣੀ ਐਨਾ ਦੂਸ਼ਿਤ ਹੋ ਚੁੱਕਾ ਹੈ ਕਿ ਇੱਥੇ ਬੱਚੇ ਵੀ ਕੈਂਸਰ ਅਤੇ ਕਾਲਾ ਪੀਲੀਆ ਵਰਗੀਆਂ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਕੈਂਸਰ ਅਤੇ ਕਾਲਾ ਪੀਲੀਆ ਵਰਗੀਆਂ ਬਿਮਾਰੀਆਂ ਨਾਲ ਪੀੜਤ ਲੋਕਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਸਮੱਸਿਆ ਦੇ ਹੱਲ ਲਈ ਸਾਂਸਦ ਕੁਮਾਰੀ ਸ਼ੈਲਜਾ ਨੇ ਸੰਸਦ ਵਿੱਚ ਵੀ ਇਸ ਗੰਭੀਰ ਮੁੱਦੇ ਨੂੰ ਉਠਾਇਆ ਹੈ ਪਰ ਕੇਂਦਰ ਅਤੇ ਹਰਿਆਣਾ ਸਰਕਾਰ ਵੱਲੋਂ ਇਸ ਦੇ ਸਥਾਈ ਹੱਲ ਲਈ ਕੋਈ ਕਦਮ ਨਹੀਂ ਚੁੱਕਿਆ ਗਿਆ ਹੈ, ਜਿਸ ਕਾਰਨ ਲੋਕਾਂ ਵਿੱਚ ਰੋਸ ਹੈ।

ਅਖਿਲ ਭਾਰਤ ਕਿਸਾਨ ਸਭਾ ਦੇ ਸਰਪ੍ਰਸਤ ਸੁਵਰਨ ਸਿੰਘ ਵਿਰਕ ਨੇ ਆਖਿਆ ਕਿ ਇਸ ਸਮੱਸਿਆ ਬਾਰੇ ਲੋਕ ਪੰਚਾਇਤ ਸਿਰਸਾ ਅਤੇ ਅਨੇਕ ਸੰਗਠਨਾਂ ਵੱਲੋਂ ਵਾਰ-ਵਾਰ ਸਰਕਾਰ ਨੂੰ ਲਿਖਿਆ ਜਾ ਚੁੱਕਾ ਹੈ ਪਰ ਕੋਈ ਸੁਣਵਾਈ ਨਹੀਂ ਹੋ ਰਹੀ। ਘੱਗਰ ਨਦੀ ਵਿੱਚ ਤਿੰਨ ਸੂਬਿਆਂ ਹਿਮਾਚਲ ਪ੍ਰਦੇਸ਼, ਪੰਜਾਬ ਅਤੇ ਹਰਿਆਣਾ ਦਾ ਕੈਮੀਕਲ ਯੁਕਤ ਅਤੇ ਸੀਵਰੇਜ ਦਾ ਪਾਣੀ ਬਿਨਾਂ ਸੋਧਿਆਂ ਸੁੱਟਿਆ ਜਾ ਰਿਹਾ ਹੈ। ਘੱਗਰ ਦੇ ਕੰਢੇ 'ਤੇ ਵਸੇ ਪਿੰਡਾਂ ਲਈ ਭਵਿੱਖ ਵਿੱਚ ਬਹੁਤ ਹੀ ਭਿਆਨਕ ਸਥਿਤੀ ਬਣਨ ਜਾ ਰਹੀ ਹੈ, ਕਿਉਂਕਿ ਰੋਹਤਕ ਹਿਸਾਰ ਘੱਗਰ ਡਰੇਨ ਜੋ ਸੇਮ ਦੀ ਸਮੱਸਿਆ ਦੇ ਹੱਲ ਲਈ ਕੱਢੀ ਜਾ ਰਹੀ ਹੈ ਉਸ ਵਿੱਚ ਅੱਧੇ ਹਰਿਆਣਾ ਦੀਆਂ ਫੈਕਟਰੀਆਂ ਅਤੇ ਸੀਵਰੇਜ ਦਾ ਪਾਣੀ ਪਾਇਆ ਜਾ ਰਿਹਾ ਹੈ। ਉਹ ਸਾਰਾ ਪਾਣੀ ਸਿਰਸਾ ਜ਼ਿਲ੍ਹੇ ਦੇ ਓਟੂ ਹੈੱਡ ਤੋਂ ਘੱਗਰ ਨਦੀ ਵਿੱਚ ਪਾਉਣ ਦੀ ਸਰਕਾਰ ਨੇ ਮਨਜ਼ੂਰੀ ਦੇ ਦਿੱਤੀ ਹੈ। ਲੋਕ ਪੰਚਾਇਤ ਵੱਲੋਂ ਹਰਿਆਣਾ ਦੇ ਮੁੱਖ ਮੰਤਰੀ ਨੂੰ ਲਿਖਤੀ ਅਤੇ ਜ਼ੁਬਾਨੀ ਤੌਰ 'ਤੇ ਵੀ ਇਹ ਦੱਸਿਆ ਜਾ ਚੁੱਕਾ ਹੈ ਕਿ ਜੇਕਰ ਇਸ ਪਾਣੀ ਨੂੰ ਬਿਨਾਂ ਸੋਧਿਆਂ ਘੱਗਰ ਨਦੀ ਵਿੱਚ ਪਾਇਆ ਗਿਆ ਤਾਂ ਇਹ ਸਾਰੀ ਬੈਲਟ ਅਨੇਕ ਭਿਆਨਕ ਬਿਮਾਰੀਆਂ ਦੀ ਲਪੇਟ ਵਿੱਚ ਆ ਜਾਵੇਗੀ, ਇਸ ਖੇਤਰ ਵਿੱਚ ਕੈਂਸਰ ਅਤੇ ਕਾਲਾ ਪੀਲੀਆ ਦੇ ਮਰੀਜ਼ਾਂ ਦੀ ਗਿਣਤੀ ਨਿਰੰਤਰ ਵਧਦੀ ਜਾ ਰਹੀ ਹੈ। ਜੇਕਰ ਜਲਦੀ ਹੱਲ ਨਾ ਕੀਤਾ ਗਿਆ ਤਾਂ ਜਿਵੇਂ ਬਠਿੰਡਾ ਤੋਂ ਬੀਕਾਨੇਰ ਵਾਲੀ ਗੱਡੀ ਦਾ ਨਾਂਅ ਕੈਂਸਰ ਟਰੇਨ ਹੈ, ਉਸੇ ਤਰ੍ਹਾਂ ਇੱਕ ਟਰੇਨ ਸਿਰਸਾ ਤੋਂ ਵੀ ਚਲਾਉਣੀ ਪਵੇਗੀ। ਇਹ ਸਮੱਸਿਆ ਇਸ ਖੇਤਰ ਦੇ ਲੋਕਾਂ ਲਈ ਮੌਤ ਦੀ ਘੰਟੀ ਹੈ। ਇਸ ਲਈ ਸਰਕਾਰ ਨੂੰ ਇਸ ਵੱਡੀ ਸਮੱਸਿਆ ਪ੍ਰਤੀ ਜਲਦੀ ਸੰਜੀਦਾ ਹੋਣ ਦੀ ਲੋੜ ਹੈ।

ਕਿਸਾਨ ਨੇਤਾ ਹਰਜਿੰਦਰ ਸਿੰਘ ਭੰਗੂ ਨੇ ਕਿਹਾ ਕਿ ਘੱਗਰ ਵਿੱਚ ਕੈਮੀਕਲ ਯੁਕਤ ਅਤੇ ਸੀਵਰੇਜ ਦਾ ਪਾਣੀ ਨਾ ਪਾਇਆ ਜਾਵੇ। ਜੇਕਰ ਪਾਉਣਾ ਹੈ ਤਾਂ ਇਸ ਨੂੰ ਸੋਧ ਕੇ ਪਾਇਆ ਜਾਵੇ। ਸਰਕਾਰ ਇਸ ਸਮੱਸਿਆ ਪ੍ਰਤੀ ਸੰਜੀਦਾ ਨਹੀਂ ਹੈ। ਘੱਗਰ ਵਿੱਚ ਆ ਰਿਹਾ ਇਹ ਪਾਣੀ ਧਰਤੀ ਹੇਠਾਂ ਜਾ ਰਿਹਾ ਹੈ, ਜਿਸ ਨਾਲ ਧਰਤੀ ਹੇਠਲਾ ਪਾਣੀ ਲਗਾਤਾਰ ਦੂਸ਼ਿਤ ਹੋ ਰਿਹਾ ਹੈ। ਗਰਮੀ ਦੇ ਮੌਸਮ ਵਿੱਚ ਇਸ ਇਲਾਕੇ ਦੇ ਲੋਕ ਆਪਣੇ ਪਸ਼ੂਆਂ ਨੂੰ ਵੀ ਘੱਗਰ ਨਦੀ ਵਿੱਚ ਛੱਡਦੇ ਹਨ, ਪਸ਼ੂ ਇਹੀ ਪਾਣੀ ਪੀ ਰਹੇ ਹਨ, ਜਿਸ ਨਾਲ ਦੁੱਧ ਰਾਹੀਂ ਇਸ ਪਾਣੀ ਦਾ ਅਸਰ ਮਨੁੱਖੀ ਸਰੀਰ ਤੱਕ ਪਹੁੰਚ ਰਿਹਾ ਹੈ। ਹਿਮਾਚਲ ਪ੍ਰਦੇਸ਼, ਪੰਜਾਬ ਅਤੇ ਹਰਿਆਣਾ ਦੀਆਂ ਸਰਕਾਰਾਂ ਨੂੰ ਇਸ ਗੰਭੀਰ ਸਮੱਸਿਆ ਵੱਲ ਧਿਆਨ ਦੇਣਾ ਚਾਹੀਦਾ ਹੈ।

ਸਮਾਜਸੇਵੀ ਰਾਜਿੰਦਰ ਸਿੰਘ ਸੰਧੂ ਨੇ ਆਖਿਆ ਕਿ ਘੱਗਰ ਨਦੀ ਦੇ ਕਿਨਾਰੇ ਵਸੇ ਸਿਰਸਾ ਜ਼ਿਲ੍ਹੇ ਦੇ ਪਿੰਡਾਂ ਦਾ ਪਾਣੀ ਹੁਣ ਪੀਣਯੋਗ ਨਹੀਂ ਰਿਹਾ ਹੈ। ਇਨ੍ਹਾਂ ਪਿੰਡਾਂ ਵਿੱਚ ਹੁਣ ਕੈਂਸਰ ਅਤੇ ਕਾਲਾ ਪੀਲੀਆ ਦੇ ਮਰੀਜ਼ ਲਗਾਤਾਰ ਵਧ ਰਹੇ ਹਨ। ਘੱਗਰ ਵਿੱਚ ਲਗਾਤਾਰ ਪਾਣੀ ਚੱਲਣ ਕਾਰਨ ਕੈਮੀਕਲ ਯੁਕਤ ਪਾਣੀ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ। ਬੱਚੇ ਵੀ ਭਿਆਨਕ ਬਿਮਾਰੀਆਂ ਦਾ ਲਗਾਤਾਰ ਸ਼ਿਕਾਰ ਹੋ ਰਹੇ ਹਨ। ਸਰਕਾਰ ਨੂੰ ਸੁਣਵਾਈ ਕਰਨੀ ਚਾਹੀਦੀ ਹੈ। ਲੋਕਾਂ ਨੂੰ ਮਿਲ ਕੇ ਇਸ ਸਮੱਸਿਆ ਤੋਂ ਛੁਟਕਾਰੇ ਲਈ ਵੱਡਾ ਸੰਘਰਸ਼ ਕਰਨਾ ਚਾਹੀਦਾ ਹੈ।

ਸਰਬ ਭਾਰਤ ਨੌਜਵਾਨ ਸਭਾ ਦੇ ਆਗੂ ਸਰਬਜੀਤ ਸਿੰਘ ਸਿੱਧੂ ਨੇ ਕਿਹਾ ਕਿ ਘੱਗਰ ਨਦੀ ਜੋ ਕਦੇ ਸਾਡੀ ਜੀਵਨ ਰੇਖਾ ਸੀ, ਪਰ ਹੁਣ ਕਾਰਪੋਰੇਟ ਸੈਕਟਰ ਦੇ ਮੁਨਾਫ਼ੇ ਦੀ ਭਾਲ ਕਾਰਨ ਸਾਡੀ ਮੌਤ ਰੇਖਾ ਵਿੱਚ ਬਦਲ ਗਈ ਹੈ। ਅੱਜ ਘੱਗਰ ਨਦੀ ਦੇ ਨਾਲ ਲੱਗਦੇ ਹਰ ਪਿੰਡ ਵਿੱਚ ਕੈਂਸਰ ਅਤੇ ਕਾਲਾ ਪੀਲੀਆ ਤਬਾਹੀ ਮਚਾ ਰਿਹਾ ਹੈ, ਪਰ ਕੋਈ ਵੀ ਰਾਜਨੀਤਕ ਜਾਂ ਸਮਾਜਿਕ ਸੰਗਠਨ ਇਸ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਘੱਗਰ ਨਦੀ ਦੇ ਨਾਲ ਲੱਗਦੇ ਹਿਮਾਚਲ ਪ੍ਰਦੇਸ਼, ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਸਾਰੇ ਪਿੰਡਾਂ ਦੇ ਨੌਜਵਾਨਾਂ ਨੂੰ ਆਪਣੇ ਪਿੰਡਾਂ ਵਿੱਚ ਕਮੇਟੀਆਂ ਬਣਾ ਕੇ ਅਤੇ ਸਥਾਨਕ ਪ੍ਰਸ਼ਾਸਨਕ ਅਧਿਕਾਰੀ ਨਾਲ ਸੰਪਰਕ ਕਰਕੇ ਘੱਗਰ ਨਦੀ ਵਿੱਚ ਵਹਿ ਰਹੇ ਰਸਾਇਣਕ ਪਾਣੀ ਨੂੰ ਰੋਕਣ ਲਈ ਸਾਂਝੇ ਯਤਨ ਕਰਨੇ ਚਾਹੀਦੇ ਹਨ। ਜੇਕਰ ਸਰਕਾਰ ਜਾਂ ਪ੍ਰਸ਼ਾਸਨਿਕ ਅਧਿਕਾਰੀ ਇਸ 'ਤੇ ਕੋਈ ਕਾਰਵਾਈ ਨਹੀਂ ਕਰਦੇ ਹਨ ਤਾਂ ਸਾਨੂੰ ਸਾਰਿਆਂ ਨੂੰ ਇਕੱਠੇ ਹੋ ਕੇ ਇਸ ਵਿਰੁੱਧ ਇੱਕ ਵੱਡਾ ਜਨਤਕ ਅੰਦੋਲਨ ਸ਼ੁਰੂ ਕਰਨਾ ਚਾਹੀਦਾ ਹੈ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋਣ ਤੋਂ ਬਚ ਸਕਣ।

**ਸੰਪਰਕ 94670-95953**

# ਭਾਅ ਜੀ ! ਏਥੇ ਤਾਂ ਆਵਾ ਈ ਊਤ ਗਿਆ

**ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੈ-66**

**ਸੁਰਜੀਤ ਸੁਮਨ**

ਆਪਾਂ ਕਿਹੋ ਜਿਹੇ ਸਮਿਆਂ ਚੋਂ ਲੰਘ ਰਹੇ ਆਂ ਭਾਅ ਜੀ? ਜਿੱਧਰ ਦੇਖੋ ਆਪਾ-ਧਾਪੀ। ਕਤਲੋ-ਗਾਰਤ। ਕਬਜ਼ਾਧਾਰੀਆਂ ਦਾ ਘੜਮੱਸ। ਜਿੱਧਰ ਦੇਖੋ ਓਧਰ ਈ ਸਿਆਸਤ ਈ ਸਿਆਸਤ ਮੇਲ੍ਹ ਰਹੀ ਐ, ਸ਼ਰਾਰਤ ਚੁੱਘੀਆਂ ਭਰ ਰਹੀ ਐ। ਕੋਈ ਵੋਟਾਂ ਲਈ ਸਿਆਸਤ ਕਰ ਰਿਹੈ, ਕੋਈ ਨੋਟਾਂ ਲਈ ਤੇ ਹਾਂ ਸੱਚ ਕੋਈ ਵੱਟਾਂ ਲਈ ਸ਼ਰਾਰਤ ਕਰ ਰਿਹੈ।ਗੁਆਂਢੀ ਦੀ ਵੱਟ ਕਿਹੜੇ ਵੇਲ਼ੇ ਵੱਢ ਕੇ ਮੈਂ ਆਪਣੀ ਜ਼ਮੀਨ ਵਿਚ ਰਲ਼ਾ ਲਵਾਂ? ਇਹ ਗੋਂਦਾਂ ਗੁੰਦਦਾ ਬੰਦਾ ਕਾਲ਼ੇ ਵਾਲ਼ਾਂ ਦੀ ਸਫੈਦੀ ਮਾਣਨ ਲੱਗ ਜਾਂਦੈ। ਅਹੁ ਵੇਖੋ !ਬਹੁ-ਮੰਜ਼ਿਲਾਂ ਇਮਾਰਤਾਂ ਵਿੱਚੋਂ ਨੋਟਾਂ ਦੇ ਬੈਗ ਡਿੱਗ ਰਹੇ ਹਨ। ਕਿਸੇ ਵੇਲ਼ੇ ਪੰਜਾਬ ਦੇ ਲੋਕਾਂ ਨੇ ਰਵੀ ਸਿੱਧੂ ਵੇਲ਼ਿਆਂ ਵਿੱਚ ਨੋਟ ਡਿੱਗਦੇ ਦੇਖੇ-ਸੁਣੇ ਸਨ। ਕਾਲ਼ੇ ਦੌਰ ਵੇਲ਼ੇ ਇੱਕ ਗਵਰਨਰ ਦੇ ਹਾਦਸਾਗ੍ਰਸਤ ਹੈਲੀਕਾਪਟਰ ਵਿੱਚੋਂ ਵੀ ਇੰਝ ਹੀ ਨੋਟਾਂ ਦੀ ਵਰਖਾ ਹੁੰਦੀ ਦੇਰ ਤੱਕ ਸੁਣੀਂਦੀ ਰਹੀ। ਪਿਛਲੇ ਸਮਿਆਂ ਨੂੰ ਗਹੁ ਨਾਲ਼ ਵਾਚਿਆ ਜਾਵੇ ਤਾਂ ਨੋਟਾਂ ਦੀ ਬਾਰਿਸ਼ ਬਹੁਤੇ ਡੇਰਿਆਂ ਵਿੱਚ ਗਾਉਂਦੇ ਗਵੱਈਆਂ ਉੱਤੇ ਆਮ ਈ ਵੀਡੀਓਜ਼ ਰਾਹੀਂ ਦੇਖੀ ਤੇ ਮਾਣੀ ਜਾਂਦੀ ਰਹੀ ਹੈ ਜੋ ਅੱਜ ਵੀ ਬਰਕਰਾਰ ਹੈ।

ਜੱਟ ਦੀ ਝੋਨੇ ਦੀ ਟਰਾਲੀ ਤੇ ਜ਼ਿਮੀਦਾਰ ਦੀ ਝੋਨੇ ਦੀ ਟਰਾਲੀ ਵਿੱਚ ਜ਼ਮੀਨ-ਅਸਮਾਨ ਦਾ ਫਰਕ ਹੁੰਦੈ। ਸਾਡਾ ਗੀਤਕਾਰ ਬਾਬਾ ਲਾਭ ਚਿਤਾਮਲੀ ਵਾਲ਼ਾ ਪਤਾ ਨਹੀਂ ਕਿਹੜੇ ਪਲਾਂ ਵਿੱਚ ਸਾਲੀ ਦੇ ਵਿਆਹ ਵੇਲ਼ੇ ਝੋਨੇ ਦੀ ਟਰਾਲੀ ਵੇਚ ਕੇ ਇਹ ਕਹਿਣ ਲਈ ਮਜ਼ਬੂਰ ਹੋ ਗਿਆ, 'ਮੁੱਕਦੇ ਨਾ ਨੋਟ ਪਏ ਬੈਂਕਾਂ 'ਚ ਬਥੇਰੇ।' ਬਾਬਾ ਜੀ ਸ਼ਾਇਦ ਟਪਲ਼ਾ ਖਾ ਗਏ। ਥੁੜ੍ਹਾਂ ਮਾਰੇ ਜੱਟ ਬਾਰੇ ਤਾਂ ਸ਼ਾਇਦ ਉਸ ਇਹ ਕਿਹਾ ਹੋਵੇ, ਪਰ'ਓਹਦੇ ਨਾਂ 'ਤੇ ਕਰਜ਼ ਦੇ ਰੂਪ ਵਿੱਚ ਬੈਂਕਾਂਵਿੱਚ ਬਥੇਰੇ ਨੋਟ ਚੜ੍ਹੇ ਹੋਏ ਹਨ।' ਹਾਂ ਧਨਾਡ ਜ਼ਿਮੀਦਾਰਉੱਤੇ ਇਸ ਗੀਤ ਦੇ ਬੋਲ ਪੂਰਾ ਫੱਬਦੇ ਹਨ। ਨਾਲ਼ੇ ਧਨਾਡ ਜ਼ਿਮੀਦਾਰ ਤੇ ਆਮ ਪੇਂਡੂ ਸਿਆਣੇ ਜੱਟ ਲਈ ਸਾਲੀ ਦੇ ਰਿਸ਼ਤੇ ਦੇ ਅਰਥ ਵੀ ਵੱਖੋ-ਵੱਖਰੇ ਹਨ। ਹੁਣ ਅਪਣੱਤ ਕਿੱਥੇ ਰਹਿ ਗਈ ਆ। ਬਾਕੀ ਤਾਂ ਭਾਅ ਜੀ ! ਹੁਣ ਏਥੇ ਤਾਂ ਆਵਾ ਈ ਊਤਿਆ ਪਿਐ। ਰਿਸ਼ਤ-ਨਾਤੇ ਪਲੀਤ ਹੋਏ ਪਏ ਹਨ।

ਅਪਣੱਤ ਦਿਨੋ-ਦਿਨ ਖੰਭ ਲਾ ਕੇ ਉੱਡਦੀ ਜਾ ਰਹੀ ਹੈ। ਬੇਗਾਨਗੀ ਤੇ ਸ਼ਹਿਰ ਦੋਹਾਂ ਦਾ ਨਾਤਾ ਚਿਰਜੀਵੀ ਹੈ। ਅੱਜ ਦੀ ਗੱਲ ਕਰੀਏ ਤਾਂ ਕਹਿਣਾ ਬਣਦੈ। ਸ਼ਹਿਰਾਂ ਨੇ ਤਾਂ ਸ਼ਹਿਰ ਕੀ ਰਹਿਣਾ ਸੀ, ਏਥੇ ਤਾਂ ਪਿੰਡ ਈ ਪਿੰਡ ਨਹੀਂ ਰਹੇ। 'ਪਿੰਡਾਂ ਵਿੱਚੋਂ ਪਿੰਡ ਸੁਣੀਂਦਾ' ਹੁਣ ਬੀਤੇ ਦੀ ਗੱਲ ਹੋ ਕੇ ਰਹਿ ਗਈ ਹੈ। ਪਿੰਡ ਦੀ ਧੀ ਹੁਣ ਪਿੰਡ ਦੀ ਧੀ ਧਿਆਣੀ ਨਹੀਂ ਰਹਿ ਗਈ।ਬੱਸ ਹੁਣ ਤਾਂ ਜਿਹਦੀ ਧੀ, ਸਿਰਫ ਓਹਦੀ ਹੀ ਧੀ। ਬਾਕੀਆਂ ਲਈ ਉਹ ਕੁਝ ਵੀ ਨਹੀਂ। ਘੱਟ ਹੁਣ ਧੀਆਂ ਵੀ ਨਈਂਗੁਜ਼ਾਰਦੀਆਂ। ਉਹ ਵੀ ਅੱਜ ਕੱਲ੍ਹ ਪੈਰਾਂ 'ਤੇ ਪਾਣੀ ਨਈਂ ਪੈਣ ਦਿੰਦੀਆਂ। ਮਜ਼ਾਲ ਐ ਕੋਈ ਚਾਚਾ-ਤਾਇਆ, ਚਚੇਰਾ ਭਰਾ-ਭੈਣ ਜਾਂ ਨੇੜਲਾ ਕੋਈ ਹੋਰਉਨ੍ਹਾਂ ਦੀ ਭਲਾਈ ਦੀ ਗੱਲ ਕਹਿ ਦੇਵੇ, ਅੱਗਿਉਂ ਖਾਣ ਨੂੰ ਪੈਂਦੀਆਂ ਨੇ। ਇਸ ਨੂੰ ਆਪਣੀ ਪ੍ਰਾਈਵੇਸੀ ਵਿੱਚ ਸਿੱਧਾ ਦਖਲ ਸਮਝਦੀਆਂ ਤੇ ਝੱਟ ਬਾਤ ਦਾ ਬਤੰਗੜ ਬਣਾਲੈਂਦੀਆਂ ਹਨ।

'ਕੋਈ ਵੇਲ਼ਾ ਹੁੰਦਾ ਸੀ ਭਰਾ।ਹਰ ਕੋਈ ਇੱਕ ਦੂਜੇ ਦੇ ਕੰਮ ਆਉਂਦਾ।ਕਿਸੇ ਦਾ ਕੋਈ ਕੰਮ ਰੁਕ ਜਾਣਾ, ਸਾਰਿਆਂ ਰਲ਼ ਕੇ ਉਸਦੀ ਮਦਦ ਕਰਨ ਤੁਰ ਪੈਣਾ। ਅੱਜ ਉਹ ਸਮੇਂ ਨਈਂ ਰਹੇ। 'ਸਮਾਂ ਸਦਾ ਇੱਕੋ ਜਿਹਾ ਨਈਂ ਰਹਿੰਦਾ ਬੱਲਿਆ' ਮਾਸਟਰ ਪਿਆਰਾ ਸਿੰਘ ਦੇ ਬੋਲ ਮੇਰੇ ਕੰਨਾਂ ਵਿੱਚ ਗੂੰਜੇ ਹਨ। ਮੇਰੀਆਂ ਨਜ਼ਰਾਂ ਮਾਸਟਰ ਜੀ ਨੂੰ ਲੱਭਣ ਲੱਗਦੀਆਂ ਹਨ। ਏਸ ਵੇਲ਼ੇ ਤਾਂ ਉਹ ਏਅਰਪੋਰਟ ਲਾਗਲੇ ਅੰਬਾਂ ਦੇ ਬਾਗ ਵਿੱਚ ਈ ਮਿਲੂ। ਅਮਰੂਦਾਂ ਦਾ ਇੱਧਰ ਨਈਂ, ਉਹ ਤਾਂ ਭਾਅ ਜੀ ! ਏਅਰਪੋਰਟ ਦੇ ਬਿਲਕੁਲ ਨੇੜੇ ਐ। ਉਦੋਂ ਨੋਟ ਇੱਧਰ-ਉੱਧਰ ਲਿਜਾਣ ਵਿੱਚ ਸੌਖ ਰਹੀ ਹੋਊ ਸ਼ਾਇਦ। ਚੱਲ ਮਨਾਂ ! ਮਾਸਟਰ ਜੀ ਤੋਂ ਕੋਈ ਸਿੱਖ-ਮੱਤ ਈ ਗ੍ਰਹਿਣ ਕਰ ਲਈਏ। ਜੇ ਅਜੋਕੇ ਮਾਸਟਰਾਂ ਕੋਲੋਂ ਕੋਈ ਸਿੱਖ-ਮੱਤ ਮਿਲ਼ਦੀ ਹੁੰਦੀ ਤਾਂ ਪੰਜਾਬ ਅਧੀਨ ਸੇਵਾਵਾਂ ਚੋਣ ਬੋਰਡ ਵਿੱਚ ਭਰਤੀ ਹੋਣ ਆਏ ਸੇਵਾਦਾਰਾਂ ਵੱਲੋਂ ਦਿੱਤੀ ਪੰਜਾਬੀ ਦੀ ਮੁੱਢਲੀ ਜਾਣਕਾਰੀ ਬਾਰੇਹੋਈ ਪ੍ਰੀਖਿਆ ਵਿੱਚੋਂ ਅੱਧੇ ਪ੍ਰੀਖਿਆਰਥੀ ਫੇਲ੍ਹ ਕਿਉਂ ਹੋ ਜਾਂਦੇ ਭਲਾਂ? ਇਹ ਵਿਅੰਗ ਬਾਣ ਮਨ ਦੇ ਕੋਮਲ ਪੱਤਿਆਂ ਨੂੰ ਛੱਲਣੀ-ਛੱਲਣੀ ਕਰ ਦਿੰਦਾ ਹੈ।ਬਾਗ ਵਿੱਚ ਪੁੱਜਦਾ ਹਾਂ। ਮਾਸਟਰ ਜੀ ਅੰਬਾਂ ਦੇ ਬੂਟਿਆਂ ਹੇਠੋਂ ਰਾਤੀਂ ਆਈ ਕਾਲ਼ੀ-ਬੋਲ਼ੀ ਹਨ੍ਹੇਰੀ ਨਾਲ਼ ਟੁੱਟ ਕੇ ਡਿੱਗੀਆਂ ਅੰਬੀਆਂ ਚੁਗ ਰਹੇ ਸਨ। ਥੋੜ੍ਹਾ ਪਰ੍ਹਾਂ ਦੋ ਤਿੰਨ ਮੋਰਨੀਆਂ ਤੇ ਪੰਜ-ਛੇ ਮੋਰ ਘੁੰਮ ਰਹੇ ਸਨ।ਉੱਤਰੀ ਗੁੱਠ ਵੱਲ ਤੱਕਿਆ ਤਾਂ ਤੇਰਾਂ ਮਈ ਦੀ ਢਲ਼ਦੀ ਦੁਪਹਿਰ ਕਾਲ਼ੇ ਬੱਦਲ਼ਾਂ ਨਾਲ਼ ਗਹਿਰੀ ਸ਼ਾਮ ਵਿੱਚ ਤਬਦੀਲ ਹੋਣ ਦੀ ਤਿਆਰੀ ਖਿੱਚ ਰਹੀ ਸੀ। ਮੇਰਾ ਮਨ ਮੌਸਮ-ਮੁਗਧ ਹੋਣ ਲੱਗਦਾ ਹੈ। ਐਨ ਏਸੇ ਵੇਲ਼ੇ ਮੇਰੇ ਮਨ ਵਿੱਚ ਮੁਹੰਮਦ ਰਫੀ-ਦਿਲਰਾਜ ਕੌਰ ਦੀ ਸੁਰੀਲੀ ਆਵਾਜ਼ ਵਿੱਚ ਕਸ਼ਮੀਰ ਕਾਦਰ ਦੇ ਬੋਲ ਉੱਭਰਨ ਲਗਦੇ ਹਨ, 'ਇਹ ਮੋਰ ਕਿਉਂ ਪੈਲਾਂ ਪਾਉਂਦੇ ਨੇ/ ਘਟਾ ਗਗਨ ਤੇ ਛਾਈ ਕਰਕੇ/ ਇਹ ਘਟਾ ਗਗਨ ਤੇ ਕਿਉਂ ਛਾਈ/ ਜ਼ੁਲਫ ਤੇਰੀ ਲਹਿਰਾਈ ਕਰਕੇ।'

ਮੇਰਾ ਆਪਾ ਇਸ ਗੀਤ ਵਿੱਚੋਂ ਉੱਠਦੀਆਂ ਲਹਿਰਾਂ ਵਿੱਚ ਵਿਲੀਨ ਹੁੰਦਾ ਜਾ ਰਿਹਾ ਸੀ। ਅਚਾਨਕ ਮਾਸਟਰ ਪਿਆਰਾ ਸਿੰਘ ਨੂੰ ਜਿਵੇਂ ਕੋਈ ਦੌਰਾ ਜਿਹਾ ਪਿਆ ਹੋਵੇ। ਉਸ ਵੱਲੋਂ ਉੱਚੀ ਜਿਹੀ ਮਾਰੀ ਬੋਹੜ ਨੇ ਮੈਨੂੰ ਇਸ ਗੀਤ ਦੀ ਲੋਰ ਵਿੱਚੋਂ ਧੂਅ ਕੇ ਬਾਹਰ ਸੁੱਟ ਦਿੱਤਾ। ਇੱਕ ਵਾਰ ਤਾਂ ਮੇਰਾ ਮਨ 'ਪਾਣੀ ਬਿਨ ਮਛਲੀ' ਵਾਂਗ ਤੜਫ ਉੱਠਿਆ। 'ਇਨ੍ਹਾਂ ਦਾ ਬੇੜਾ ਗਰਕ ਹੋ ਜਾਣੈ ਬਈ। ਦੇਖੀਂ ਜਿਸ ਦਿਨ ਉਤਲਾ ਆਪਣੀ ਆਈ 'ਤੇ ਆ ਗਿਆ ਨਾ, ਉਸ ਇਨ੍ਹਾਂ ਦਾ ਮਲ਼ੀਆਮੇਟ ਕਰ ਦੇਣਾ। ਹੱਦ ਐ ਯਾਰ ! ਦੇਸ਼ ਦੀ ਸਿੱਖਿਆ ਪ੍ਰਣਾਲ਼ੀ ਦਾ ਇਨ੍ਹਾਂ ਲੁਟੇਰਿਆਂ ਨੇ ਨਾਸ਼ ਮਾਰ ਸੁੱਟਿਆ। ਇਸ ਪ੍ਰੀਖਿਆ ਵਿੱਚ ਬੈਠਣ ਵਾਲ਼ੇ ਲੱਖਾਂ ਪ੍ਰੀਖਿਆਰਥੀਆਂ ਦੇ ਭਵਿੱਖ ਉੱਤੇ ਸਵਾਲੀਆ ਨਿਸ਼ਾਨ ਲੱਗ ਗਿਐ। ਉਹ ਮਾਨਸਿਕ ਪੀੜਾ ਭੋਗ ਰਹੇ ਹਨ। ਉਨ੍ਹਾਂ ਦੇ ਦੁੱਖਾਂ ਦਾ ਕੋਈ ਪਾਰਾਵਾਰ ਨਈਂ। ਉਨ੍ਹਾਂ ਨੂੰ ਕੌਣ ਦਿਲਾਸਾ ਦੇਵੇ ਤੇ ਕਿਵੇਂ ਦੇਵੇ? ਕਿਹੜੀਆ ਦਲੀਲਾਂ ਹਨ ਸਾਡੇ ਕੋਲ਼ ਕਿ ਅਸੀਂ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰ ਸਕੀਏ? ਇਹ ਵਿਦਿਆਰਥੀ ਵਰਗ ਨਾਲ਼ ਸਰਾਸਰ ਧੋਖਾਧੜੀ ਹੈ। ਸਿੱਖਿਆ ਦੇ ਖੇਤਰ ਵਿੱਚ ਵਿਚਰ ਰਹੇ ਠੰਢੇ ਬੰਦ ਕਮਰਿਆਂ ਵਿੱਚ ਬੈਠੇ ਮਾਫੀਆ ਗਰੋਹਾਂ ਵਜੋਂ ਸਾਜ਼ਿਸ਼ਾਂ ਘੜਨ ਵਾਲ਼ੇ ਅਜਿਹੇ ਲੋਕਾਂ ਰਾਹੀਂਇੱਕ ਵੱਖਰੀ ਕਿਸਮ ਦਾ ਗੈਂਗਸਟਰਵਾਦ ਪੈਦਾ ਕਰਨ ਵਿੱਚ ਸਾਡੇ ਰਾਜਨੀਤਿਕ ਤੇ ਪ੍ਰਸ਼ਾਸਨਿਕ ਤਾਣੇ-ਬਾਣੇ ਦੇ ਗਠਬੰਧਨ ਦਾ ਚੋਖਾ ਰੋਲ ਹੈ। ਓਹਦੀ ਨਜ਼ਰ ਨਾਲ਼ ਨਜ਼ਰ ਮਿਲ਼ਾ ਮੇਰਾ ਮਨ ਕਹਿ ਉੱਠਦਾ ਹੈ, ਮਨਾਂ ! ਹਰ ਖੇਤਰ ਵਿੱਚ ਚੰਗੇ ਤੇ ਮੰਦੇ ਦੋਵੇਂ ਤਰ੍ਹਾਂ ਦੇ ਲੋਕ ਵਿਚਰਦੇ ਹਨ। ਚੰਗੇ ਲੋਕ ਸਿਹਤਮੰਦ ਸਮਾਜ ਦੀ ਸਿਰਜਣਾ ਵੱਲ ਲੱਗੇ ਰਹਿੰਦੇ ਹਨ ਤੇ ਮੰਦੇ ਸਮਾਜ ਨੂੰ ਕੋਹੜ ਰੂਪੀ ਬਿਮਾਰੀਆਂ ਵੱਲ ਧੱਕਦੇ ਰਹਿੰਦੇ ਹਨ।

ਸਾਲ ਕੁ ਪਹਿਲਾਂਵੱਡੇ ਵੀਰ ਇੰਜ. ਬਲਵਿੰਦਰ ਸਿੰਘ ਦੇ ਏਸ ਜਹਾਨੋਂ ਤੁਰ ਜਾਣ ਬਾਅਦ ਉਹਦੇ ਨਾਲ਼ ਬਿਤਾਏ ਪਲ ਮੈਨੂੰ ਰਹਿ ਰਹਿ ਕੇ ਚੇਤੇ ਆਉਂਦੇ ਰਹਿੰਦੇ ਹਨ। ਯਾਦ ਕਰਦਾ ਹਾਂ ਉਨ੍ਹਾਂ ਸਮਿਆਂ ਨੂੰ, ਜਿਨ੍ਹਾਂ ਦੌਰਾਨ ਜਦ ਕਦੇ ਮੈਂ ਮੁਸੀਬਤ ਵਿੱਚ ਹੁੰਦਾ ਸੀ, ਅਜਿਹੇ ਵੇਲ਼ੇ ਉਹ ਪਤਾ ਨਹੀਂ ਕਿੱਥੋਂ ਮੇਰੇ ਕੋਲ਼ ਹਾਜ਼ਰ ਹੋ ਜਾਂਦੇ। ਮੇਰੇ ਦੁੱਖਾਂ ਦਾ ਨਿਵਾਰਣ ਕਰਦੇ। ਉਨ੍ਹਾਂ ਨੂੰ ਮਿਲ਼ਣ ਮੈਂ ਮਾਛੀਵਾੜੇ ਜਾਂਦਾ ਜਾਂ ਉਨ੍ਹਾਂ ਦੇ ਦਫਤਰ ਸਮਰਾਲ਼ੇ। ਅਸੀਂ ਘੰਟਿਆਂਬੱਧੀ ਸੁਹਿਰਦ ਰਿਸ਼ਤੇ-ਨਾਤਿਆਂ ਦੀ ਬਾਤ ਪਾਉਂਦੇ ਰਹਿੰਦੇ। ਮਨ ਤ੍ਰਿਪਤ ਹੋ ਜਾਂਦਾ। ਉਨ੍ਹਾਂ ਦੇ ਜਾਣ ਤੋਂ ਬਾਅਦ ਮਨ ਦੇ ਵਿਹੜੇ ਇੱਕ ਖਿਲਾਅ ਜਿਹਾ ਪੈਦਾ ਹੋ ਗਿਆ ਹੈ। ਓਹਦੇ ਪੁੱਤ-ਨੂੰਹ ਸਭ ਨੂੰ ਜਿਵੇਂ ਭੁੱਲ-ਭੁਲਾ ਈ ਗਏ ਹਨ। ਰਿਸ਼ਤੇ-ਨਾਤਿਆਂ ਵਿੱਚ ਦਿਨ-ਬ-ਦਿਨ ਚਿਟਿਆਈ ਵਧਣ ਲੱਗੀ ਹੈ। ਚੁਫੇਰੇ ਸ਼ਰਾਰਤ ਤੇ ਸਿਆਸਤ ਮੰਡਰਾ ਰਹੀ ਹੈ।

ਦਿੱਲੀ ਦੇ ਦਿਲ ਵਿੱਚ ਅੱਜ ਫਿਰ ਕਹਿਰ ਮੱਚਿਆ ਹੈ। ਫਿਰ ਚੱਲਦੀ ਬੱਸ ਵਿੱਚ ਸਮੂਹਿਕ ਜਬਰ-ਜਨਾਹ ਨੇ ਚੌਦਾਂ ਸਾਲ ਪਹਿਲਾਂ ਵਾਪਰੇ ਨਿਰਭਯਾ ਕਾਂਡ ਨੂੰ ਮੁੜ ਦੁਹਰਾਇਆ ਹੈ। ਉਂਝ ਅਜਿਹੇ ਕਾਂਡ ਕਿਤੇ ਨਾ ਕਿਤੇ ਵਾਪਰਦੇ ਹੀ ਰਹਿੰਦੇ ਹਨ। ਕਿਸ 'ਤੇ ਇਤਬਾਰ ਕੀਤਾ ਜਾਵੇ? ਮੰਦਬੁੱਧੀ ਲੋਕਾਂ ਦੀ ਭੀੜ ਵਧ ਰਹੀ ਹੈ। ਪੁਲਿਸ ਵੱਲੋਂ ਅਪਰਾਧੀ ਗ੍ਰਿਫਤਾਰ ਕਰ ਲਏ ਗਏ ਹਨ। ਕੌਮੀ ਮਹਿਲਾ ਕਮਿਸ਼ਨ ਨੇ ਪੁਲਿਸ ਤੋਂ ਲੋੜੀਂਦੀ ਰਿਪੋਰਟ ਮੰਗ ਲਈ ਹੈ। ਸਿਆਣੇ ਤੇ ਹਮਦਰਦ ਲੋਕਾਂ ਨੇ ਹਾਅ ਦਾ ਨਾਅਰਾ ਮਾਰਨਾ ਹੈ। 'ਏਥੇ ਤਾਂ ਆਵਾ ਈ ਊਤ ਗਿਆ ਭਾਅ ਜੀ' ਮੰਜੇ 'ਤੇ ਬੈਠਦਿਆਂ ਮਾਸਟਰ ਪਿਆਰਾ ਸਿੰਘ ਨੇ ਮਰੀਅਲ ਜਿਹੀ ਆਵਾਜ਼ ਵਿੱਚ ਕਿਹਾ ਤਾਂ ਉੱਥੇ ਘੁੰਮ ਰਹੇ ਮੋਰ-ਮੋਰਨੀਆਂ ਇਕੱਠੇ ਹੋ ਕੇ ਜਿਵੇਂ ਘੁਸਰ-ਮੁਸਰ ਕਰਨ ਲੱਗ ਪਏ ਹੋਣ।

***ਸੰਪਰਕ : 98144-30874***

# ਮੂਕ ਕੁਰਬਾਨ, ਗੁੰਮਨਾਮ, ਬੱਬਰ ਅਕਾਲੀ ਦਾ ਪਿੰਡ ਮਡਿਆਣੀ

**ਪਿੰਡ ਫਸਿਆ-76**

**ਵਿਜੇ ਬੰਬੇਲੀ**

"ਜਾਡਲੇ ਦਾ ਡਾਕਾ" ਵਿੱਚ ਮਿਸਤਰੀ, ਰਾਮਗੜ੍ਹੀਏ, ਕੁਨਬੇ ਦੇ ਦੋ ਰੁਕਨਾ ਦਾ ਜ਼ਿਕਰ ਆਉਂਦਾ ਹੈ। ਜੱਜਮੈਂਟ ਸਫ਼ਾ 69, ਦੋਸ਼ ਨੰ: 7, ਵਿੱਚ ਇਸ ਘਟਨਾ ਸੰਬੰਧੀ ਜੱਜ ਸਾਹਿਬ ਲਿਖਦੇ ਹਨ, "2 ਅਤੇ 3 ਫਰਵਰੀ 1923 ਦੀ ਰਾਤ ਪਏ ਇਸ ਡਾਕੇ ਵਿੱਚ ਇਹਨਾਂ ਮੁਲਜ਼ਮਾਂ ਨੇ ਹਿੱਸਾ ਲਿਆ ਸੀ : ਬੱਬਰ ਕਰਮ ਸਿੰਘ, ਬੰਤਾ ਸਿੰਘ, ਠਾਕੁਰ ਸਿੰਘ, ਹਰੀ ਸਿੰਘ, ਵਰਿਆਮ ਸਿੰਘ, ਗੁਰਬਚਨ ਸਿੰਘ ਮਫਰੂਰ ਮਿਸਤਰੀ (ਦੌਲਤਪੁਰ) ਤੇ ਕਰਤਾਰ ਸਿੰਘ, ਰਾਮ ਸਿੰਘ, ਵਰਿਆਮ ਸਿੰਘ (ਮੁਜਾਰਾ ਕਲਾਂ), ਗੁਰਬਚਨ ਸਿੰਘ (ਸਾਹਦੜਾ), ਹਰੀ ਸਿੰਘ, ਹਰਦਿੱਤ ਸਿੰਘ ਤੇ ਹਰਬਖ਼ਸ਼ ਸਿੰਘ ਮਫਰੂਰ (ਜੱਸੋਵਾਲ), ਸੁਰਜਨ ਸਿੰਘ, ਸੁੰਦਰ ਸਿੰਘ ਤੇ ਧਰਮ ਸਿੰਘ (ਹਿਆਤਪੁਰ ਰੁੜਕੀ), ਰਾਮ ਸਿੰਘ, ਦੂਜਾ ਰਾਮ ਸਿੰਘ ਤੇ ਆਸਾ ਸਿੰਘ (ਵਾਅਦਾ-ਮੁਆਫ ਨੰ: 13, 16 ਤੇ 25), ਉਦੇ ਸਿੰਘ ਰਾਮਗੜ੍ਹ ਝੁੰਗੀਆਂ ਅਤੇ ਅਮਰ ਸਿੰਘ ਮਿਸਤਰੀ ਮਫਰੂਰ। ਕੁਲ ਗਿਣਤੀ 21 ਹੈ।"

ਜ਼ਿਕਰਯੋਗ ਹੈ, ਇਹ ਡਾਕਾ ਸ਼ਾਹੂਕਾਰ ਮੁਣਸ਼ੀ ਰਾਮ ਜਾਡਲਾ ਦੇ ਘਰ ਦੇਸ਼ ਭਗਤਕ ਕਾਰਜਾਂ ਅਤੇ ਗਰੀਬ ਗੁਰਬਿਆਂ ਦੇ ਕਰਜ਼ਿਆਂ ਦੇ ਪ੍ਰਨੋਟ ਸਾੜਨ ਲਈ ਮਾਰਿਆ ਗਿਆ ਸੀ, ਪਰ ਇੱਕ ਦਿਨ ਪਹਿਲਾਂ ਹੀ ਸੇਠ ਵੱਲੋਂ ਨਵਾਂ ਸ਼ਹਿਰ ਬੈਂਕਾਂ 'ਚ ਰਕਮ ਤੇ ਸੋਨਾ ਭੇਜ ਦਿੱਤੇ ਜਾਣ ਕਾਰਨ ਬਹੁਤਾ ਸਫ਼ਲ ਨਹੀਂ ਸੀ ਹੋ ਸਕਿਆ। ਜਿੱਥੇ ਮਿਸਤਰੀ ਅਮਰ ਸਿੰਘ ਮਫਰੂਰ ਦਾ ਕਦੇ ਵੀ ਥਹੁ-ਪਤਾ ਨਹੀਂ ਲੱਗਾ, ਉੱਥੇ ਮਿਸਤਰੀ ਗੁਰਬਚਨ ਸਿੰਘ ਦੌਲਤਪੁਰ, 1947 ਉਪਰੰਤ, ਰੂਪੋਸ਼ੀ ਤੋਂ ਬਾਹਰ ਆ ਗਿਆ ਸੀ। ਬੱਬਰ ਸੁੰਦਰ ਸਿੰਘ ਮਖਸੂਸਪੁਰੀ ਦੀ ਪੁਸਤਕ, 'ਬੱਬਰ ਅਕਾਲੀ' ਅਨੁਸਾਰ, "...ਇਸ ਤਰ੍ਹਾਂ ਅਖੀਰ ਵਿੱਚ ਹੋਰ ਛਿਆਂ ਬੱਬਰਾਂ ਨੂੰ ਫਾਂਸੀ, ਤੇਰਾਂ ਨੂੰ ਉਮਰ ਕੈਦ, ਚੌਹਾਂ ਨੂੰ ਚੌਦਾਂ-ਚੌਦਾਂ ਸਾਲ, ਸਤਾਰਾਂ ਨੂੰ ਸੱਤ-ਸੱਤ ਸਾਲ ਕੈਦ, ਪੰਜਾਂ ਨੂੰ ਪੰਜ-ਪੰਜ ਸਾਲ, ਦੋਹਾਂ ਨੂੰ ਛੇ-ਛੇ ਸਾਲ ਤੇ ਇੱਕ ਹੋਰ ਨੂੰ ਚਾਰ ਸਾਲ ਸਖ਼ਤ ਕੈਦ ਹੋਈ। ਚਾਲੀ ਬੱਬਰ ਬਰੀ ਕਰ ਦਿੱਤੇ ਗਏ। ਪੰਜ ਮੁਕੱਦਮੇ ਦੌਰਾਨ ਜੇਲ੍ਹਾਂ ਵਿੱਚ ਚਲਾਣਾ ਕਰ ਗਏ। ਅੱਠ ਬੱਬਰ ਪੁਲਸ ਦਾ ਮੁਕਾਬਲਾ ਕਰਦੇ ਸ਼ਹੀਦ ਹੋ ਗਏ। ਇੱਕ ਬੱਬਰ ਮਿਸਤਰੀ ਅਮਰ ਸਿੰਘ ਮਡਿਆਣੀ ਅੱਜ ਤੱਕ ਗ੍ਰਿਫਤਾਰ ਹੀ ਨਹੀਂ ਹੋ ਸਕਿਆ।"

ਆਸਾ ਸਿੰਘ ਉਰਫ ਮਹਿਤਾਬ ਸਿੰਘ, ਕੈਨੇਡਾ ਤੋਂ ਮੁੜਿਆ ਗ਼ਦਰੀ ਮਗਰੋਂ ਬੱਬਰ ਅਕਾਲੀ, ਵਾਅਦਾ ਮੁਆਫ ਗਵਾਹ ਬਣ ਗਿਆ ਸੀ, ਦੇ ਬਿਆਨਾਂ ਅਨੁਸਾਰ, " ....After the dacoity Karam Singh Daulatpur, Ude Singh etc. go to Maujewal to the house of Puran (P.W. 116), a relative of Ram Singh. From here they go to...... thence to Kullewal to Sunder Singh (Accused No. 83) ...Then, from here to party of 4 goes again to Mundian to Amar Singh (Absconding Accused)....."

"ਮਡਿਆਣੀ ਜਾਂ ਮੰਢਿਆਣੀ" ਬਲਾਚੌਰ-ਨਵਾਂ ਸ਼ਹਿਰ ਸੜਕ 'ਤੇ ਹੈ। ਢੱਕ ਵਿੱਚੋਂ ਆਏ ਮੀਂਢ ਨਾਂਅ ਦੇ ਇੱਕ ਦਲੇਰ ਵਿਅਕਤੀ ਨੇ ਉਦੋਂ ਬੇਅਬਾਦ ਜਗ੍ਹਾ 'ਤੇ ਇਸ ਪਿੰਡ ਦੀ ਮੋੜ੍ਹੀ ਗੱਡੀ ਸੀ। ਮੀਂਢੂ ਦੇ ਨਾਂਅ 'ਤੇ ਹੀ ਪਿੰਡ ਦਾ ਨਾਂਅ ਮੰਢਿਆਣੀ ਪਿਆ। ਪਿੰਡ ਨੂੰ ਅਕਸਰ ਅੱਗ ਲੱਗ ਜਾਂਦੀ ਸੀ। ਕਿਸੇ ਦਾਨੇ ਬੰਦੇ ਦੇ ਕਹਿਣ 'ਤੇ ਜੰਗਲ ਵੱਲ ਇੱਕ ਖੂਹ ਕੋਲ, ਕਹਿੰਦੇ ਉਸ ਖੂਹ ਨੂੰ ਡਾਕੂਆਂ ਨੇ ਖੁਦਵਾਇਆ ਸੀ, ਇਸ ਪਿੰਡ ਦਾ ਮੁੜ ਵਸੇਬਾ ਕੀਤਾ ਗਿਆ। ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਇੱਕ ਵਫਾਦਾਰ ਲੱਖਾ (ਪੱਟੀ, ਮਾਝਾ) ਨੂੰ ਇਸ ਖਿੱਤੇ ਦੀ ਜਗੀਰ ਬਖ਼ਸ਼ ਦਿੱਤੀ। ਲੱਖਾ ਸਿੰਘ ਦੇ ਦੋ ਪੁੱਤਰਾਂ ਸਾਹਿਬ ਸਿੰਘ ਨੇ ਮੰਢਿਆਣੀ ਅਤੇ ਦਰਗਾਹਾ ਸਿੰਘ ਨੇ ਬਛੋੜੀ ਪਿੰਡ ਵਿੱਚ ਆਪੋ-ਆਪਣੀ ਜਗੀਰ ਦੇ ਝੰਡੇ ਗੱਡੇ। ਸਾਹਿਬ ਸਿੰਘ ਦੇ ਖ਼ਾਨਦਾਨ ਵਿੱਚੋਂ ਢਿੱਲੋਂ ਸਿੱਖ ਜਗੀਰਦਾਰ ਹਾਲੇ ਵੀ ਪਿੰਡ ਵਿੱਚ ਰਹਿੰਦੇ ਹਨ।

ਇਤਿਹਾਸਵੇਤਾ ਕਾ. ਮੱਲ ਸਿੰਘ ਰਾਮਪੁਰੀ ਆਪਣੇ ਲੇਖ, "ਰੋਹੀਆਂ ਵਿੱਚ ਰੁਲਿਆ ਸੂਰਮਾ" ਵਿੱਚ ਲਿਖਦੇ ਹਨ, "ਗੱਲ, 1934-35 ਈ: ਦੀ ਹੈ: ਰਾਮਪੁਰ, ਕਟਾਣਾ, ਕਟਾਣੀ, ਲੱਲ ਕਲਾਂ, ਕੁੱਬੇ ਆਦਿ ਪਿੰਡਾਂ ਵਿੱਚ ਇੱਕ ਰੂਪੋਸ਼ (ਬੱਬਰ ਅਕਾਲੀ), ਨਿਹੰਗ ਸਿੰਘ ਦੇ ਭੇਸ 'ਚ ਵਿਚਰਦਾ ਹੁੰਦਾ ਸੀ। ਉਹ ਬੱਬਰ ਅਕਾਲੀ ਲਹਿਰ ਬਾਰੇ ਤਾਂ ਘੱਟ-ਵੱਧ ਹੀ ਗੱਲ ਕਰਦਾ, ਪਰ ਗੁਰੂ ਸਾਹਿਬ ਦੇ ਸੰਦੇਸ਼-ਉਦੇਸ਼ ਬਾਰੇ ਆਮ ਹੀ ਗੱਲ ਕਰ ਲੈਂਦਾ ਸੀ। ਉਹਦੀ ਦਿੱਖ, ਆਮ ਜਿਹੇ, ਧਾਰਮਿਕ ਵਿਅਕਤੀ ਦੀ ਬਣੀ ਹੋਈ ਸੀ। ਪ੍ਰਸ਼ਾਦਾ-ਪਾਣੀ ਅਕਸਰ ਉਹ ਗੁਰਦੁਆਰਿਆਂ ਵਿੱਚ ਛਕਦਾ। ਉਸ ਦੇ ਅਸਲੀ ਨਾਂਅ-ਥਾਂ ਬਾਰੇ ਗੁਰਦੁਆਰੇ ਵਾਲਿਆਂ ਨੂੰ ਤਾਂ ਭਾਵੇਂ ਪਤਾ ਹੋਵੇ, ਪਰ ਬਾਕੀ ਕਿਸੇ ਨੂੰ ਨਹੀਂ। ਹਾਂ, ਸੁਚੇਤ ਵਿਅਕਤੀਆਂ ਨੂੰ ਇਹ ਜਾਣਕਾਰੀ ਜ਼ਰੂਰ ਸੀ ਕਿ ਉਹ ਸਿਆਸੀ ਉਦੇਸ਼ ਰੱਖਣ ਵਾਲਾ ਹੈ। ਉਹਨਾਂ ਵਕਤਾਂ ਵਿੱਚ ਉਪਰੋਕਤ ਸਾਰੇ ਪਿੰਡ ਰਿਆਸਤ ਪਟਿਆਲਾ ਦੇ ਸਨ। ਉਦੋਂ ਅੱਡੋ-ਅੱਡ ਰਿਆਸਤਾਂ ਦੀ ਅਤੇ ਪੰਜਾਬ ਦੀ ਪੁਲਸ ਛੇਤੀ ਕੀਤਿਆਂ ਇੱਕ-ਦੂਜੇ ਦੇ ਇਲਾਕੇ ਵਿੱਚ ਨਹੀਂ ਸੀ ਵੜਦੀ ਹੁੰਦੀ। ਅਜਿਹੀ ਵਿਵਸਥਾ ਦੀ ਜਾਣਕਾਰੀ ਵਿਦਰੋਹੀਆਂ ਨੂੰ ਹੁੰਦੀ ਹੈ।"

ਤੱਥਾਂ ਅਨੁਸਾਰ, ਮਫ਼ਰੂਰ ਮਿਸਤਰੀ ਅਮਰ ਸਿੰਘ ਇਨਕਲਾਬੀ-ਜੰਗਜੂਆ ਦਾ ਰੁਕਨ ਸੀ। 'ਆਜ਼ਾਦੀ' ਉਪਰੰਤ ਵੀ ਇਸ ਦੇ ਰੂਪੋਸ਼ੀ ਤੋਂ ਬਾਹਰ ਨਾ ਆਉਣ ਤੋਂ ਇਹ ਕਨਸੋਅ ਪਰਪੱਕ ਹੁੰਦੀ ਹੈ ਕਿ ਉਹ ਜ਼ਰੂਰ 1947 ਤੋਂ ਪਹਿਲਾਂ ਹੀ ਫੌਤ ਹੋ ਗਿਆ ਹੋਵੇਗਾ। ਖਾਸ ਕਰਕੇ, ਦੂਸਰੇ ਵਿਸ਼ਵ ਯੁੱਧ (1939-45) ਦੇ ਆਮ ਮੁਆਫ਼ੀਆਂ ਵਾਲੇ ਦੌਰ ਤੋਂ ਵੀ ਕਿਤੇ ਪਹਿਲਾਂ। ਦੂਜਾ; ਦੇਸ਼ ਭਗਤ ਭਲੀ-ਭਾਂਤ ਜਾਣਦੇ ਸਨ ਕਿ ਸਰਕਾਰ ਅੰਗਰੇਜ਼ੀ ਰਿਆਸਤਾਂ ਵਿੱਚ ਅਤੇ ਦੇਸੀ ਰਿਆਸਤਾਂ, ਸਰਕਾਰ ਅੰਗਰੇਜ਼ੀ ਵਿੱਚ ਸਹਿਜੇ ਕੀਤੇ ਦਾਖਲ ਨਹੀਂ ਸੀ ਹੁੰਦੇ। ਸੋ, ਦਾਅ-ਪੇਚ ਵਜੋਂ ਆਜ਼ਾਦੀ ਘੁਲਾਟੀਏ ਖਿੱਤਾ ਬਦਲ ਲੈਂਦੇ ਸਨ। ਜ਼ਰੂਰ ਅਮਰ ਸਿੰਘ ਨੇ ਵੀ ਇੰਜ ਹੀ ਕੀਤਾ ਹੋਣਾ।

ਬਕੌਲ ਰਾਮਪੁਰੀ, "ਘਟਨਾ ਵਾਪਰਨ ਤੋਂ ਪਹਿਲਾਂ ਗੁਰਦੁਆਰਾ ਰੇਰੂ ਸਾਹਿਬ ਰਾਮਪੁਰ ਵਿੱਚ ਬਾਬਾ ਭਗਵਾਨ ਸਿੰਘ ਜੀ ਨੇ ਉੱਥੇ ਰਹਿ ਰਹੇ ਇੱਕ 'ਸੂਰਮਾ ਸਿੰਘ' (ਨਿਗਾਹ ਰਹਿਤ) ਅਕਾਲੀ ਦਲੀਪ ਸਿੰਘ ਰਾਹੀਂ ਉਸ ਨਿਹੰਗ ਸਿੰਘ ਨੂੰ ਨਵੇਂ ਬਸਤਰ ਵੀ ਦਿੱਤੇ ਸਨ ਅਤੇ ਕੁਝ ਪੈਸਿਆਂ ਨਾਲ ਵੀ ਸੇਵਾ ਕੀਤੀ ਸੀ। ਉਹ ਰੇਰੂ ਸਾਹਿਬ ਵਿੱਚ ਕਈ-ਕਈ ਦਿਨ ਰਹਿ ਵੀ ਜਾਂਦਾ ਸੀ। ਉਨ੍ਹੀਂ ਦਿਨੀਂ ਗੁਰਦੁਆਰਾ ਕਟਾਣਾ ਸਾਹਿਬ ਦਾ ਮਹੰਤ, ਪਿੰਡ ਬੇਗੋਵਾਲ ਦਾ ਇੱਕ 'ਠੱਗ' ਕਿਸਮ ਦਾ ਬੰਦਾ ਹੁੰਦਾ ਸੀ। ਕਾਰਨ ਕੋਈ ਹੋਰ ਵੀ ਹੋ ਸਕਦਾ, ਉਸ ਮਹੰਤ ਦੀ ਨਿਹੰਗ ਸਿੰਘ ਨਾਲ ਬਣਦੀ ਨਹੀਂ ਸੀ। ਹੋ ਸਕਦੈ ਕਿ ਉਹ ਬੱਬਰ ਅਕਾਲੀ ਬਾਰੇ ਜਾਣਕਾਰੀ ਰੱਖਦਾ ਹੋਇਆ 'ਪਨਾਹ ਦੇਣ' ਦਾ ਕੇਸ ਬਣਨ ਦੇ ਡਰੋਂ ਸਰਕਾਰ ਤੋਂ ਡਰਦਾ ਹੋਵੇ ਜਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 29-30 ਮਈ, 1923 ਮਤੇ ਉੱਤੇ ਅਮਲ ਕਰ ਰਿਹਾ ਹੋਵੇ। ਬੱਬਰ ਅਕਾਲੀਆਂ ਵਿਰੋਧੀ ਇਹ ਮਤਾ ਇਉਂ ਸੀ, "ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਹ ਗੱਲ ਸਾਫ਼ ਕਰ ਦੇਣਾ ਚਾਹੁੰਦੀ ਹੈ ਕਿ ਕਮੇਟੀ ਸ਼ਾਂਤਮਈ ਦੀ ਪਾਲਿਸੀ ਨੂੰ ਛੱਡ ਚੁੱਕੇ 'ਕਾਤਲਾਂ' ਦੇ ਕੰਮਾਂ ਨੂੰ ਪੰਥ ਵਾਸਤੇ ਹਾਨੀਕਾਰਕ ਸਮਝਦੀ ਹੈ ਅਤੇ ਕੁੱਲ ਸਿੱਖਾਂ; ਖਾਸ ਕਰਕੇ ਗੁਰਦੁਆਰਾ ਕਮੇਟੀਆਂ ਅਤੇ ਅਕਾਲੀ ਜਥਿਆਂ ਨੂੰ ਹਦਾਇਤ ਕਰਦੀ ਹੈ ਕਿ ਉਹ ਆਪਣਾ ਸਾਰਾ ਤਾਣ ਲਾ ਕੇ, ਸਿੱਖਾਂ ਨੂੰ ਤਸ਼ੱਦਦ ਦੇ ਰਾਹ 'ਤੇ ਲੱਗ ਚੁੱਕੇ ਬੰਦਿਆਂ ਤੋਂ ਦੂਰ ਰੱਖਣ ਅਤੇ ਇਹਨਾਂ ਬੰਦਿਆਂ ਨੂੰ ਕਿਸੇ ਤਰ੍ਹਾਂ ਦੀ ਸਹਾਇਤਾ ਦੇਣ ਤੋਂ ਰੋਕਣ।"

"...ਕਾਰਨ ਕੋਈ ਵੀ ਸੀ, ਪਰ ਜਿਸ ਦਿਨ ਦੁਖਦਾਈ ਘਟਨਾ ਵਾਪਰੀ, ਉਸ ਦਿਨ ਵੀ ਮਹੰਤ ਬੱਬਰ ਨਾਲ ਤੂੰ-ਤੂੰ, ਮੈਂ-ਮੈਂ ਹੋਇਆ ਸੀ ਅਤੇ (ਗਿਆਨੀ ਨੇ) ਪੁਲਸ ਸੱਦਣ ਦੀ ਧਮਕੀ ਦਿੰਦਿਆਂ ਦੁਪਹਿਰ ਦਾ ਪ੍ਰਸ਼ਾਦਾ-ਪਾਣੀ ਵੀ ਨਹੀਂ ਸੀ ਛਕਣ ਦਿੱਤਾ। Bu'KxBwxw ਬੱਬਰ ਤੁਰ ਗਿਆ। ਕਟਾਣੇ ਤੋਂ ਖੇਤਾਂ ਵਿਚ ਦੀ ਰਾਮਪੁਰ ਦੀ ਜੂਹ ਵਿੱਚੀਂ, ਪਿੰਡ ਛੰਦੜਾਂ ਦੇ ਬਰਾਬਰ, ਕੋਡਾ ਹੋ ਕੇ ਛੋਲਿਆਂ ਦਾ ਜਾੜ ਪੁੱਟਣ ਲੱਗੇ ਤੋਂ ਉਸ ਦਾ ਗੋਡਾ ਲੱਕ ਨਾਲ ਲਟਕਦੇ ਸਰਬਲੋਹ ਦੇ ਗੜਵੇ ਵਿੱਚ ਲੱਗਿਆ। ਗੜਵੇ ਵਿੱਚ ਰੱਖਿਆ ਹੋਇਆ ਦੇਸੀ ਬੰਬ ਫਟ ਗਿਆ, ਜਿਸ ਨਾਲ ਉਹ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਸ਼ਾਮ ਨੂੰ ਪਾਇਲ ਥਾਣੇ ਤੋਂ ਪੁਲਸ ਆਈ। ਉਹ ਬੋਲਣ ਲਈ ਮੂੰਹ ਤਾਂ ਹਿਲਾ ਰਿਹਾ ਸੀ, ਪਰ ਕਿਸੇ ਨੂੰ ਕੋਈ ਸਮਝ ਨਹੀਂ ਸੀ ਆ ਰਹੀ। ਚੁੱਕਦੇ-ਚਕਾਉਂਦਿਆਂ ਹੀ ਉਹ ਚੜ੍ਹਾਈ ਕਰ ਗਿਆ। ਪੁਲਸ ਮ੍ਰਿਤਕ ਸਰੀਰ ਨੂੰ ਨਾਲ ਹੀ ਲੈ ਗਈ", ਰਾਮਪੁਰ ਦੇ ਬਾ-ਹੋਸ਼ ਅਤੇ ਬਾ-ਜੌਕ ਬਜ਼ੁਰਗਾਂ ਨੇ ਉਪਰੋਕਤ ਗਾਥਾ ਤਾਂ ਸੁਣਾ ਦਿੱਤੀ, ਪਰ ਉਹ ਰੋਹੀਆਂ ਵਿੱਚ ਰੁਲ ਗਿਆ ਸੂਰਮਾ ਸੀ ਕੌਣ? ਪਹਾੜ ਜਿੱਡਾ ਸਵਾਲ ਸਾਹਮਣੇ ਸੀ। ਮੇਰੇ ਜਜ਼ਬਾਤ ਉਸ ਜਾਣ ਵਾਲੇ ਨਾਲ ਜਾ ਜੁੜੇ, ਇੱਕ ਕਿਸਮ ਦਾ ਤਨਾਅ ਪੈਦਾ ਹੋ ਗਿਆ। ਐਂ ਮਹਿਸੂਸ ਹੋਵੇ, ਜਿਵੇਂ ਮੈਂ ਖੁਦ ਥੋੜ੍ਹਾ-ਥੋੜ੍ਹਾ ਰੋਜ਼ ਮਰ ਰਿਹਾ ਹੋਵਾਂ।

ਰਾਮਪੁਰੀ ਪੂਰੇ ਭਰੋਸੇ ਨਾਲ ਕਹਿੰਦਾ ਹੈ, "ਹਥਿਆਰਬੰਦ ਇਨਕਲਾਬੀ ਗਰੋਹ ਦਾ ਮੈਂਬਰ ਹੋਣ ਕਾਰਨ ਜਾਂ ਰੇਰੂ ਸਾਹਿਬ, ਰਾਮਪੁਰ (ਬਲਾਚੌਰ-ਨਵਾਂਸ਼ਹਿਰ-ਰਾਹੋਂ ਨੇੜਲਾ ਦਰਿਆ ਪਾਰਲਾ ਰਿਆਸਤੀ ਖੇਤਰ) ਵਿੱਚ ਬੰਬ-ਸਾਜ਼ ਦਲੀਪ ਸਿੰਘ ਅਕਾਲੀ ਰੇਰੂ ਦੇ ਵਾਹ ਵਿੱਚ ਆ ਜਾਣ ਕਾਰਨ, ਸੰਭਾਵਿਤ ਆਫ਼ਤ ਦੇ ਟਾਕਰੇ ਹਿੱਤ, ਹਰ ਵਕਤ ਅਮਰ ਸਿੰਘ ਕੋਲ ਵੀ ਦੇਸੀ-ਬੰਬ (ਗਰਨੇਡ) ਹੋਵੇ। ਉਸ ਦੇ ਮਿਸਤਰੀਆਂ ਦੇ ਕੁਨਬੇ ਵਿੱਚੋਂ ਹੋਣ ਦੀ ਕਨਸੋਅ ਤਾਂ ਕਟਾਣਾ ਸਾਹਿਬ ਦੇ 'ਮਹੰਤ ਜੀ' ਨੇ ਵੀ ਦਿੱਤੀ ਸੀ। ਰਾਮਪੁਰ ਦੇ ਸੂਹੇ ਅਖਾੜੇ ਵਿੱਚ ਆਪਣੇ ਹੀ ਜ਼ੋਰ ਨਾਲ ਢਹਿ ਗਿਆ ਮੱਲ, ਕੋਈ ਹੋਰ ਨਹੀਂ, ਮਿਸਤਰੀ ਅਮਰ ਸਿੰਘ ਬੱਬਰ ਸੂਰਮਾ, ਮਡਿਆਣੀ (ਬਲਾਚੌਰ, ਨਵਾਂਸ਼ਹਿਰ) ਹੀ ਸੀ।"

"ਰੇਰੂ ਸਾਹਿਬ ਵਾਲੇ ਜਾਣਕਾਰ ਸਰੋਤ ਖਤਮ ਹੋ ਚੁੱਕੇ ਸਨ। ਸੰਤ ਭਗਵਾਨ ਸਿੰਘ ਜੀ ਅਕਾਲ ਚਲਾਣਾ ਕਰ ਗਏ ਸਨ। ਵਿਸ਼ਾਲ ਹਿਰਦੇ ਵਾਲਾ ਦੇਸ਼ ਭਗਤ ਅਕਾਲੀ ਦਲੀਪ ਸਿੰਘ (ਖੁਦ ਇੱਕ ਮਾਰਮਿਕ ਗਾਥਾ ਹੈ, ਜਿਹੜਾ ਬੰਬ ਬਣਾਉਂਦਿਆਂ ਬਰੂਦੀ ਧਮਾਕੇ 'ਚ ਅੰਨ੍ਹਾ ਹੋ ਗਿਆ ਸੀ), ਉੱਥੋਂ ਜਾ ਚੁੱਕਿਆ ਸੀ। ਇੱਕ ਬੇਗੋਵਾਲੀਆ ਮਹੰਤ ਹੀ ਬਾਕੀ ਸੀ, ਉਸ ਤੋਂ ਕੋਈ ਆਸ ਵੀ ਨਹੀਂ ਸੀ। ਆਪਣੀਆਂ ਕਰਤੂਤਾਂ ਮੁਜ਼ਬ ਉਹ ਕਟਾਣਾ ਛੱਡ ਪਾਇਲ ਰਹਿਣ ਲੱਗ ਪਿਆ ਸੀ।...ਖੈਰ, ਉਹ ਪਾਇਲ, ਆਪਣੀ ਝੁੱਗੀ ਜਿਹੀ ਵਿੱਚ ਹੀ ਮਿਲ ਗਿਆ, ਪਰ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦੇ ਰਿਹਾ। ਮਿੰਨਤ-ਸਮਾਤ ਕੀਤਿਆਂ ਵੀ, ਉਸ ਕੋਈ ਲੜ-ਪੱਲਾ ਨਾ ਫੜਾਇਆ।" ...ਮੈਂ ਖਿਝਿਆ-ਖਪਿਆ। ....ਅਖੀਰ ਉਹ, 'ਮਹੰਤ', ਫਟ ਗਿਆ, "ਕਾਮਰੇਡ, ਤੂੰ ਉਸ ਨੂੰ ਕੋਈ ਇਨਕਲਾਬੀ, ਅਕਾਲੀ, ਸਮਝਦੈ?...ਉਹ ਸਾਲਾ ਤਾਂ...ਰੋਟੀਆਂ ਭੰਨ ਹੀ ਸੀ।" ਏਨਾ ਕਹਿ ਉਸ ਬੜਾ ਸਾਰਾ ਪੈਗ ਮਾਰਿਆ ਤੇ ਬਾਹਰ ਵਗ ਗਿਆ। ਖੈਰ.. 'ਮਹੰਤ' ਤੋਂ ਏਨਾ ਕੁ ਤਾਂ ਪਤਾ ਲੱਗ ਗਿਆ ਕਿ ਉਹ ਮਿਸਤਰੀ ਪਰਵਾਰ ਵਿੱਚੋਂ ਸੀ, ਪਰ ਤਨਾਅ ਖ਼ਤਮ ਨਾ ਹੋਇਆ। ਯਕੀਂ ਜਿਹਾ ਹੋ ਗਿਆ ਕਿ 'ਮਹੰਤ' ਕੋਲ ਹੋਰ ਜਾਣਕਾਰੀ ਵੀ ਹੈ। ਹਫਤੇ-ਦਸੀਂ ਦਿਨੀਂ ਉਹ ਵੀ ਮਰ ਗਿਆ। .....ਮੈਂ (ਰਾਮਪੁਰੀ) ਤੜਪ ਉੱਠਿਆ। ਉਸ ਪੱਥਰ ਦਿਲ 'ਬੰਦੇ' ਦੀ ਮੌਤ 'ਤੇ ਨਹੀਂ, ਸਗੋਂ ਉਸ ਹੀਰੇ (ਦੇਸ਼ ਭਗਤ) ਦੇ ਥਹੁ-ਪਤੇ ਦੇ ਸਰੋਤਾਂ ਦੇ ਮਰ-ਮੁੱਕ ਜਾਣ ਕਾਰਨ।

***ਮੋਬਾ. 94634-39075***

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਸ਼ਬਦ ਸੁੱਚਤਾ ਦਾ ਸਹਿਜ ਪ੍ਰਗਟਾਵਾ






**ਫੋਕਸ**

**ਚਰਚਾ ਇਕ ਪੁਸਤਕ ਦੀ**

**ਰਾਮਪਾਲ ਸ਼ਾਹਪੁਰੀ (ਡਾ.)**

## ਰੱਬ ਰੋਟੀ ਭਾਸ਼ਾ ਤੇ ਰਾਗ

(ਕਾਵਿ-ਸੰਗ੍ਰਹਿ)
**ਸੁਰਜੀਤ ਪਾਤਰ**
**ਪੰਨੇ-170, ਮੁੱਲ-350 ਰੁਪਏ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**

ਸੁਰਜੀਤ ਪਾਤਰ ਉਹ ਨਾਂਅ ਹੈ, ਜੋ ਪੰਜਾਬ ਅਤੇ ਪੰਜਾਬੀਅਤ ਦਾ ਸਨੇਹੀ ਅਤੇ ਪੰਜਾਬੀ ਮਾਂ ਬੋਲੀ ਨੂੰ ਸਦਾਈਆਂ ਵਾਂਗ ਪਿਆਰ ਕਰਨ ਵਾਲਾ ਸੀ। ਸੁਰਜੀਤ ਪਾਤਰ ਭਾਵੇਂ ਸਰੀਰਕ ਤੌਰ ’ਤੇ ਸਾਡੇ ਕੋਲੋਂ ਵਿੱਛੜ ਚੁੱਕੇ ਹਨ, ਪਰ ਆਪਣੀਆਂ ਕਵਿਤਾਵਾਂ ਨਾਲ ਪਾਤਰ ਲੋਕ ਮਨਾਂ ਅੰਦਰ ਸੁਰਜੀਤ ਰਹੇਗਾ। ਉਹਨਾਂ ਦੀ ਕਵਿਤਾ ਨੇ ਲੋਕ ਮਨਾਂ ’ਤੇ ਗਹਿਰੀ ਸ਼ਾਪ ਛੱਡੀ ਹੈ। ਹਵਾ ਵਿੱਚ ਲਿਖੇ ਹਰਫ਼, ਬਿਰੈਖ ਅਰਜ਼ ਕਰੇ, ਹਨੇਰੇ ਵਿੱਚ ਸੁਲਗਦੀ ਵਰਨਮਾਲਾ, ਲਫਜ਼ਾਂ ਦੀ ਦਰਗਾਹ, ਸੁਰਜ਼ਮੀਨ, ਅੱਗ ਦੇ ਕਲੀਰੇ ਅਤੇ ਚੰਨ ਸੂਰਜ ਦੀ ਵਹਿੰਗੀ ਆਦਿ ਅੱਠ ਦੇ ਕਰੀਬ ਕਾਵਿ-ਸੰਗ੍ਰਹਿ ਪ੍ਰਕਾਸ਼ਿਤ ਹੋ ਚੁੱਕੇ ਹਨ । ਹਰ ਕਾਵਿ-ਸੰਗ੍ਰਹਿ ਲੋਕ ਹਿੱਤਕਾਰੀ, ਮਾਨਵੀ ਸੰਵੇਦਨਾ ਨਾਲ ਭਰਪੂਰ ਰਿਹਾ ਹੈ। ਹਾਲਾ ਹੀ ਲੋਕ ਗੀਤ ਪ੍ਰਕਾਸ਼ਨ ਨੇ ਉਨ੍ਹਾਂ ਦਾ ਨਵਾਂ ਕਾਵਿ-ਸੰਗ੍ਰਹਿ ‘ਰੱਬ ਰੋਟੀ ਭਾਸ਼ਾ ਤੇ ਰਾਗ’ ਪ੍ਰਕਾਸ਼ਿਤ ਕੀਤਾ ਹੈ। ਇਹ ਕਾਵਿ-ਸੰਗ੍ਰਹਿ ਉਨ੍ਹਾਂ ਦੀ ਵਿਚਾਰਧਾਰਾ ਦਾ ਅਗਲਾ ਪੜਾਅ ਹੈ। ਬਿਰਖਾਂ, ਕਾਇਨਾਤ ਅਤੇ ਕੁਦਰਤ ਦਾ ਮੁਰੀਦ ਤਾਂ ਉਹ ਪਹਿਲਾਂ ਹੀ ਸੀ, ਪਰ ਇਸ ਕਾਵਿ-ਸੰਗ੍ਰਹਿ ਵਿੱਚ ਉਹ ਰੱਬ ਦੀ ਹੋਂਦ, ਨਿਰਹੋਂਦ ਅਤੇ ਮਾਨਵੀ ਸਿਰਜਣਾ ਬਾਰੇ ਸੰਵਾਦ ਰਚਾ ਰਿਹਾ ਹੈ। ਪੁਸਤਕ ਦੀ ਆਦਿਕਾ ਵਿੱਚ ਉਸ ਨੇ ਰੱਬ ਦੇ ਨਾਵਾਂ ਦੇ ਅਰਥ ਸੰਚਾਰ ਨੂੰ ਲੋਕ ਭਾਵੀ ਦ੍ਰਿਸ਼ਟੀ ਤੋਂ ਬਹੁਤ ਹੀ ਖ਼ੂਬਸੂਰਤ ਅੰਦਾਜ਼ ਵਿੱਚ ਪੇਸ਼ ਕੀਤਾ ਹੈ। ਰੱਬ ਦੇ ਰਹਿਣ ਵਸੇਰੇ ਨੂੰ ਭਗਤਾਂ, ਸੂਫੀਆਂ, ਕਿੱਸਾਕਾਰਾਂ ਅਤੇ ਚਿੰਤਕਾਂ ਦੀ ਵਿਚਾਰਧਾਰਾ ਅਨੁਸਾਰ ਪਰਿਭਾਸ਼ਿਤ ਕਰਦਿਆਂ ਰੱਬ ਨੂੰ ਕਵਿਤਾ ਦਾ ਰੂਪ ਸਵੀਕਾਰ ਕੀਤਾ ਹੈ।

ਰੱਬ ਉਹ ਕਵਿਤਾ ਹੈ
ਜਿਹੜੀ ਲਗਾਤਾਰ ਲਿਖ ਹੋ ਰਹੀ ਹੈ
ਬੰਦਾ ਇਸ ਦੀਆਂ ਸਤਰਾਂ ਕੱਟਦਾ ਰਹਿੰਦਾ ਹੈ
ਵਿੱਚ ਨਵੀਆਂ ਜੋੜਦਾ ਰਹਿੰਦਾ ਹੈ
ਰੱਬ ਨੇ ਆਪ ਨਹੀਂ ਦੱਸਿਆ
ਕਿ ਰੱਬ ਹੈ ਮੇਰਾ ਨਾਂਅ
ਸਾਡੀ ਹੈਰਤ ਬਣ ਗਈ
ਆਪੇ ਰੱਬ ਦਾ ਨਾਂਅ

ਇਸ ਕਵਿਤਾ ਵਿੱਚ ਰੱਬ ਨਾਲ ਮਲਾਲ ਵੀ ਹੈ। ਪੁਰਖਿਆਂ ਤੋਂ ਹੁਣ ਤੱਕ ਰੱਬ ਦੀ ਹੋਂਦ ਨੂੰ ਸਵੀਕਾਰ ਕਰਨ ਕਰਕੇ, ਸਤਿਕਾਰ ਵੀ ਹੈ। ਨਿਰਾਕਾਰ ਰੱਬ ਦੀ ਹੋਂਦ ਅਨੰਤ ਚੁੱਪ ਵਿੱਚ, ਪ੍ਰਕਿਰਤੀ, ਜੀਵ, ਬਨਸਪਤੀ ਵਿੱਚ ਹੋਣ ਕਰਕੇ, ਸ਼ਬਦ, ਸਵਾਲ ਅਤੇ ਜਵਾਬ ਵੀ ਉਸ ਦੇ ਰੂਪ ਨੂੰ ਸਿਜਣਹਾਰੇ ਬਣ ਜਾਂਦੇ ਹਨ ਤੇ ਕੁਦਰਤ ਉਸ ਦਾ ਸਰਗੁਣ ਸਾਕਾਰ ਰੂਪ ਬਣ ਜਾਂਦੀ ਹੈ। ਰੱਬ ਦੀ ਹੋਂਦ ਸਵੀਕਾਰਦਿਆਂ ਉਹ ਗਿਲਾ ਵੀ ਕਰਦਾ ਹੈ ਕਿ ਤੇਰੇ ਹੁੰਦਿਆਂ, ਤੇਰੇ ਜਾਇਆਂ ਨੇ ਹੁਣ ਤੱਕ ਧਰਤੀ ’ਤੇ ਰਹਿੰਦਿਆਂ ਐਨੇ ਜ਼ੁਲਮ ਕਿਉਂ ਸਹੇ ਹਨ ? ਗੁਰੂ ਨਾਨਕ ਦੇਵ ਜੀ ਨੇ ਵੀ ਤੈਨੂੰ ਸਵਾਲ ਕੀਤਾ ਸੀ ‘ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ।’ ਕਵੀ ਇਹਨਾਂ ਕਵਿਤਾਵਾਂ ਵਿੱਚ ਰੱਬ ਦੀ ਹਰ ਸਿਰਜਣਾ ਨੂੰ ਮਨੁੱਖੀ ਸੂਝ ਦਾ ਪਹਿਲਾ ਪੜਾਅ ਮੰਨਦਾ ਹੈ।ਰੱਬੀ ਰਹਿਮਤ ਨਾਲ ਵਾਪਰਿਆ ਵਰਤਾਰਾ ਮਨੁੱਖ ਨੂੰ ਇਹ ਸੂਝ ਪ੍ਰਦਾਨ ਕਰਦਾ ਹੈ ਕਿ ਰੱਬ ਨੇ ਵਸੀਲਾ ਬਣਾ ਦਿੱਤਾ ਹੈ, ਜਿਉਣ ਦਾ ਹੀਲਾ ਉਸ ਨੇ ਆਪ ਕਰਨਾ ਹੈ। ਹਰ ਵਰਤਾਰੇ ਪਿੱਛੇ ਰੱਬ ਦਾ ਕੋਈ ਨਾ ਕੋਈ ਮਨੋਰਥ ਜ਼ਰੂਰ ਹੈ, ਜੋ ਮਨੁੱਖ ਦੀ ਭਲਾਈ ਨਾਲ ਜੁੜਿਆ ਹੋਇਆ ਹੈ। ਰੱਬੀ ਸੋਚ ਦੇ ਇਹ ਮਾਇਨੇ ਬਿਲਕੁਲ ਉਸੇ ਤਰ੍ਹਾਂ ਹਨ, ਜਿਸ ਤਰ੍ਹਾਂ ਹਰ ਪਿਓ ਚਾਹੁੰਦਾ ਹੈ ਕਿ ਉਸ ਦਾ ਪੁੱਤ, ਧੀ ਉਸ ਤੋਂ ਵੀ ਵੱਧ ਮਹਾਨ ਕੰਮ ਕਰੇ।

ਬਿਹਤਰ ਜ਼ਿੰਦਗੀ ਜਿਉਣ ਦੇ ਭਰਮ ਵਿੱਚ ਅੱਜ ਹਰ ਪੰਜਾਬੀ ਪਰਵਾਰ ਨੂੰ ਅਪਣਾ ਰਿਹਾ ਹੈ। ਪੰਜਾਬ ਨੂੰ ਛੱਡ ਕੇ ਬਾਹਰਲੇ ਮੁਲਕਾਂ ਨੂੰ ਮੁਹਾਣ ਕਰ ਬੈਠਾ ਹੈ ਪਰ ਉਥੇ ਰਹਿੰਦੇ ਲੋਕ ਜੋ ਉਸ ਧਰਤੀ ਦੇ ਵੱਸਦੇ ਹਨ ਤੇ ਉਥੋਂ ਦੀਆਂ ਧਰਤੀਆਂ ਨਾਲ ਮੋਹ ਨਹੀਂ ਪਾ ਸਕੇ, ਵੀ ਇਸੇ ਵਿਚਾਰ ਦੇ ਧਾਰਨੀ ਹੈ ਕਿ ਚਲੋ ਇਥੋਂ ਚੱਲੀਏ। ਕਵੀ ਦਾ ਇਹ ਮਲਾਲ ਹੈ ਕਿ ਪੰਜਾਬ ਦੀ ਧਰਤੀ ਬੇਗਮਪੁਰਾ ਕਿਉਂ ਨਹੀਂ ਬਣ ਜਾਂਦੀ ? ਜਿੱਥੇ ਸਾਂਝ ਹੋਵੇ, ਪਿਆਰ ਹੋਵੇ, ਇੱਕ ਦੂਜੇ ਦਾ ਸਨਮਾਨ ਹੋਵੇ ਤੇ ਹਰ ਕੋਈ ਇਹ ਆਖੇ ਕਿ ਅਸੀਂ ਇੱਥੇ ਹੀ ਵਸਣਾ ਹੈ। ਪ੍ਰਦੇਸ਼ ਦੇ ਅਰਥਾਂ ਨੂੰ ਕਵੀ ਨੇ ਗੁਰੂ ਨਾਨਕ ਦੀ ਦ੍ਰਿਸ਼ਟੀ ਤੋਂ ਬਹੁਤ ਹੀ ਖ਼ੂਬਸੂਰਤ ਢੰਗ ਨਾਲ ਸਮਝਾਉਣ ਦਾ ਯਤਨ ਕੀਤਾ ਹੈ ਕਿ ਪ੍ਰਦੇਸ਼ ਪਰਾਈ ਧਰਤੀ ਦੇ ਟੁਕੜੇ ਦਾ ਨਾਂਅ ਨਹੀਂ ਸਗੋਂ ਮਨ ਦੀ ਅਵਸਥਾ ਦਾ ਨਾਂਅ ਹੈ। ਇਸ ਮਨ ਦੀ ਇਸ ਅਵਸਥਾ ਉੱਤੇ ਅਜਿਹੇ ਸੋਹਣੇ ਸ਼ਬਦ ਉੱਕਰੇ ਜਾਣੇ ਚਾਹੀਦੇ ਹਨ ਕਿ ਬੇਗਾਨੀਆਂ ਧਰਤੀਆਂ ਵੀ ਆਪਣੀਆਂ ਬਣ ਜਾਣ। ਕਵੀ ਇਸ ਪ੍ਰਵਾਸ ਨੂੰ ਰੋਜ਼ੀ-ਰੋਟੀ ਦੇ ਵਸੀਲੇ, ਭਾਵੁਕ ਮੋਹ ਅਤੇ ਭੂ ਹੇਰਵੇ ਦੇ ਰੂਪ ਵਿੱਚ ਨਹੀਂ ਦੇਖਦਾ, ਸਗੋਂ ਪ੍ਰਵਾਸ ਵਿੱਚੋਂ ਉਪਜਣ ਵਾਲੀਆਂ ਨਵੀਆਂ ਸੰਭਾਵਨਾਵਾਂ ਨੂੰ ਵੀ ਆਪਣੀ ਸੋਚ ਦਾ ਹਿੱਸਾ ਬਣਾਉਂਦਾ ਹੈ।

ਇਹ ਕਵਿਤਾ ਜੀਵਨ ਰੂਪੀ ਹਰ ਰੁੱਖ ਤੇ ਮਨੁੱਖ ਨੂੰ ਮਿਲੀ ਨਵੀਂ-ਨਕੋਰ ਡੈਰੀ ਹੈ। ਜਿਸ ਦੇ ਧੁੱਪ ਰੰਗੇ, ਚਾਨਣੀ ਰੰਗੇ, ਸਾਵਲੀਆਂ ਬਦਲੋਟੀਆਂ ਰੰਗੇ ਤੇ ਮੋਰ ਪੰਖੀ ਰਾਤਾਂ ਵਰਗੇ ਵਰਕੇ ਹਨ। ਇਹਨਾਂ ਸਫਿਆਂ ’ਤੇ ਮਨੁੱਖ ਦੀਨ ਦੁਖੀਆਂ ਲਈ ਇੱਜ਼ਤ ਲਿਖੇ, ਬੇਗਾਨਿਆਂ ਲਈ ਅਪਣੱਤ ਲਿਖੇ, ਗ਼ਲਤੀਆਂ ਲਈ ਮਾਫ਼ੀ ਲਿਖੇ, ਹਰ ਇਨਸਾਨ ਲਈ ਬਰਾਬਰੀ ਅਤੇ ਇਨਸਾਫ਼ ਲਿਖੇ। ਕੁਦਰਤ ਅਤੇ ਇਤਿਹਾਸ ਨੂੰ ਜਦੋਂ ਇਹ ਕਵਿਤਾਵਾਂ ਉਹ ਸਪੁਰਦ ਕਰੇਗਾ ਤਾਂ ਉਸ ਦਾ ਮਨ ਖੁਸ਼ੀ ਅਤੇ ਮਾਣ ਨਾਲ ਭਰਿਆ ਹੋਵੇਗਾ। ਦੁਨਿਆਵੀ ਜੀਵਨ ਬਾਰੇ ਅਜਿਹੇ ਤੱਤ ਇਸ ਕਵਿਤਾ ਦਾ ਹਾਸਲ ਹਨ। ਇਹਨਾਂ ਨੇ ਲਕੋਕਤੀਆਂ ਵਿਚਲੇ ਸੱਚ ਦਾ ਲਿਬਾਸ ਪਹਿਨਿਆ ਹੋਇਆ ਪ੍ਰਤੀਤ ਹੁੰਦਾ ਹੈ-

ਕਿੰਨੇ ਦਿਨ ਡੁੱਬ ਡੁੱਬ ਕੇ ਚੜ੍ਹ ਪਏ
ਰਾਤ ਨਾ ਬਦਲੀ ਮੇਰੀ
ਕਿੰਨੇ ਧਰਮ ਬਦਲ ਕੇ ਦੇਖੇ
ਜਾਤ ਨਾ ਬਦਲੀ ਮੇਰੀ

ਇਸ ਕਵਿਤਾ ਵਿੱਚ ਮਨੁੱਖ ਲਈ ਅਨੇਕਾਂ ਸੰਦੇਸ਼ ਹਨ। ਕਵੀ ਸ਼ਬਦਾਂ ਦਾ ਜਾਦੂਗਰ ਤਾਂ ਹੈ ਹੀ ਸੀ, ਪਰ ਇੱਕ ਵੱਡਾ ਫਿਲਾਸਫਰ ਵੀ ਸੀ। ਮਨੁੱਖੀ ਜੀਵਨ ਵਿੱਚ ‘ਹਾਰ’ ਨੂੰ ਅਨੇਕ ਬਿੰਬਾਂ ਦੇ ਰੂਪ ਵਿੱਚ ਵਿਚਾਰਿਆ ਗਿਆ ਹੈ, ਪਰ ‘ਹਾਰ’ ਪ੍ਰਤੀ ਜੋ ਦ੍ਰਿਸ਼ਟੀਕੋਣ ਕਵੀ ਨੇ ਪੇਸ਼ ਕੀਤਾ ਹੈ ਉਹ ਬੜਾ ਹੀ ਅਨੂਠਾ ਹੈ। ‘ਹਾਰ’ ਦੀ ਇਸ ਤੋਂ ਵਧੀਆ ਪਰਿਭਾਸ਼ਾ ਨਹੀਂ ਕੀਤੀ ਜਾ ਸਕਦੀ-

ਇਹ ਜਿਹੜੀ ਹਾਰ ਹੁੰਦੀ ਹੈ
ਇਕ ਘੁਮਿਆਰ ਹੁੰਦੀ ਹੈ
ਜਿਨ੍ਹਾ ਬਣਦੇ ਦੇਖੇ ਨੇ
ਉਨ੍ਹਾਂ ਨੂੰ ਸਾਰ ਹੁੰਦੀ ਹੈ

ਇਸ ਸੰਗ੍ਰਹਿ ਦੀ ਕਵਿਤਾ ਵਿੱਚ ਲੁਕਾਈ ਖਾਤਰ ਜਿਉਣ ਵਾਲਿਆਂ ਲਈ ਤਾਂ ਅਸੀਸ ਹੋਣੀ ਹੀ ਸੀ, ਪਰ ਲੋਕਾਈ ਦੇ ਗੁਨ੍ਹੇਗਾਰਾਂ ਲਈ ਵੀ ਅਸੀਸ ਹੈ। ਇਹ ਬਦਕਿਸਮਤ ਉਹ ਲੋਕ ਹਨ ਜੋ ਆਪਣੀ ਧਰਤੀ, ਆਪਣੇ ਅੰਬਰ, ਗਹਿਰੇ ਸਮੁੰਦਰ ਤੂੰ ਰੁੱਖਾਂ ਦੇ ਨਾਲ-ਨਾਲ ਆਪੇ ਦੀ ਸੰਤਾਨ ਦੇ ਵੀ ਗੁਨਾਹਗਾਰ ਬਣ ਗਏ ਹਨ । ਇਨ੍ਹਾਂ ਗੁਨ੍ਹੇਗਾਰਾਂ ਪ੍ਰਤੀ ਇਕ ਅਵੱਲੀ ਪੀੜ ਕਵੀ ਦੇ ਅੰਦਰ ਹੈ ਕਿ ਇਹ ਲੋਕ ਇਸ ਤਰ੍ਹਾਂ ਦੇ ਕਿਉਂ ਬਣ ਗਏ ? ਕਵੀ ਅੰਦਰਲਾ ਬਿਰਖ਼ ਆਪਣੇ ਦਿਆਲੂ ਸੁਭਾਅ ਕਾਰਨ ਪਿਘਲਦਾ ਹੈ-

ਬਿਰਖ ਦਾ ਜੀ ਕੀਤਾ
ਇਨ੍ਹਾਂ ਨਾਲ ਜਾਵਾਂ
ਕਰਾਂ ਸਿਰ ਉੱਤੇ ਛਾਵਾਂ
ਜੋ ਥਲਾਂ ਵਿੱਚ ਦੇਖੇ
ਪੈਰ ਜਣਿਆਂ ਦੇ ਤਪਦੇ।

ਇਸ ਸੰਗ੍ਰਹਿ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਜੰਗਲਾਂ ਤੇ ਰੁੱਖਾਂ ਨਾਲ ਸੰਬੰਧਤ ਹਨ। ਇਨ੍ਹਾਂ ਕਵਿਤਾਵਾਂ ਵਿੱਚ ਪ੍ਰਤੀਕ ਵਜੋਂ ਸ਼ਾਮਲ ਹੋਏ ਜੰਗਲ ਤੇ ਰੁੱਖਾਂ ਵਿੱਚ ਕਵੀ ਦਾ ਆਪਾ ਸ਼ਾਮਲ ਹੈ। ਕਵੀ ਬਹੁਤ ਹੀ ਖ਼ੂਬਸੂਰਤੀ ਨਾਲ ਰੁੱਖ ਤੇ ਮਨੁੱਖ ਦਰਮਿਆਨ ਸੰਵਾਦ ਰਚਾਉਂਦਾ ਹੈ। ਰੁੱਖ ਦੇ ਸੁਭਾਅ ਦੀ ਤਾਸੀਰ ਨੂੰ ਵਡਿਆਉਂਦਾ ਹੈ। ਇਨ੍ਹਾਂ ਦੀ ਵੇਦਨਾ ਦਾ ਪ੍ਰਗਟਾਵਾ ਕਰਦਾ ਹੈ। ਮਨੁੱਖ ਦੇ ਲਾਲਚੀ ਸੁਭਾਅ ਕਾਰਨ ਰੁੱਖਾਂ ਪ੍ਰਤੀ ਮਨੁੱਖ ਦੇ ਅੰਦਰੋਂ ਮਰ ਰਹੀ ਸਦਭਾਵਨਾ ਨੂੰ ਪੇਸ਼ ਕਰਦਾ ਹੈ-

ਦੇਖਣਾ ਕੋਈ ਉਲੰਘਣ ਨਾ ਕਰੇ
ਦੇਖਣਾ ਕੋਈ ਬਦਸ਼ਗਨੀ ਨਾ ਕਰੇ
ਤੇ ਕਿਸੇ ਟੋਲੇ ਵਿੱਚੋਂ ਹੌਲੀ ਜਿਹੀ ਆਖਿਆ
ਜੇ ਕਰੇਂਗਾ ਚੀਰ ਦਿੱਤਾ ਜਾਏਂਗਾ
ਛਾਂਗ ਦਿੱਤਾ ਜਾਏਂਗਾ

ਲਫ਼ਜ਼ਾਂ ਦੇ ਜਾਦੂਗਰ ਅੰਦਰ ਲਫ਼ਜ਼ਾਂ ਲਈ ਆਦਰ ਹੈ। ਸਨਮਾਨ ਹੈ। ਲਫ਼ਜ਼ਾਂ ਦੀ ਇਬਾਦਤ ਕਰਦਿਆਂ, ਉਹ ਲਫਜ਼ਾਂ ਦੀ ਇਬਾਰਤ ਖੜੀ ਕਰਨਾ ਲੋਚਦਾ ਹੈ। ਲਫ਼ਜ਼ਾਂ ਪ੍ਰਤੀ ਅੰਦਰ ਪਈ ਮੁਹੱਬਤ ਹੀ ਉਸ ਨੂੰ ਆਪਣੇ ਭਾਵਾਂ ਨੂੰ ਵਿਅਕਤ ਕਰਨ ਦੀ ਤੌਫੀਕ ਦਿੰਦੀ ਹੈ। ਉਸ ਦੇ ਲਫ਼ਜ਼ਾਂ ਦੀ ਰਾਗ ਨਾਲ ਬੜੀ ਵੱਡੀ ਸਾਂਝ ਹੈ। ਲਫਜ਼ਾਂ ਸਹਾਰੇ ਉਹ ਆਪਣੇ ਅੰਦਰਲੇ ਹਨੇਰੇ ਨੂੰ ਉਜਿਆਰਿਆਂ ’ਚ ਤਬਦੀਲ ਕਰਨਾ ਚਾਹੁੰਦਾ ਹੈ। ਇਨ੍ਹਾਂ ਲਫ਼ਜ਼ਾਂ ਦਾ ਲੁਕਣਾ ਨਜ਼ਮ ਨਹੀਂ, ਸਗੋਂ ਨਜ਼ਮ ਦਾ ਫ਼ਰਜ਼ ਬਣਦਾ ਹੈ ਕਿ ਲਫ਼ਜ਼ਾਂ ਨੂੰ ਆਪਣੀ ਜਿੰਦ-ਜਾਨ ਬਣਾ ਲਵੇ। ਇਹ ਲਫ਼ਜ਼ ਹਨੇਰੇ ਨੂੰ ਕੋਸਣ ਵਾਲੇ ਨਾ ਹੋਣ, ਸਗੋਂ ਦੀਪ ਬਣਨ ਵਾਲੇ ਹੋਣ ਤੇ ਇਹਨਾਂ ਦੀਪਾਂ ਦੀ ਕਿਸਮਤ ਵਿੱਚ ਦਲਾਨ ਲਿਖਿਆ ਹੋਵੇ। ਆਪਣੇ ਇਹਨਾਂ ਲਫ਼ਜ਼ਾਂ ਵਿੱਚ ਦੁਨੀਆ, ਸ਼ਾਇਰ, ਦਰਸ਼ਨ ਤੇ ਰੱਬ ਸਭ ਨੂੰ ਉਹ ਮਾਂ ਦੇ ਦਰਦ ਤੋਂ ਨੀਵੇਂ ਮੰਨਦਾ ਹੈ। ਕਵੀ ਦੇ ਇਨ੍ਹਾਂ ਲਫਜ਼ਾਂ ਵਿਚਲੀ ਪਾਣੀਆਂ ਦੀ ਠੰਡਕ ਨੇ ਸਮਾਜ ਵਿਚ ਮਘਦੇ ਅੰਗਿਆਰਾਂ ਨੂੰ ਸ਼ਾਂਤ ਰੱਖਣ ਦਾ ਜ਼ਿੰਮਾ ਆਪਣੇ ਸਿਰ ਲਿਆ ਹੈ। ਇਨ੍ਹਾਂ ਲਫ਼ਜ਼ਾਂ ਦੀ ਆਮਦ ਪ੍ਰਤੀ ਕਵੀ ਦਾ ਖ਼ਿਆਲ ਬੜਾ ਖ਼ੂਬਸੂਰਤ ਹੈ-

ਸਭ ਤੋਂ ਪਹਿਲਾਂ ਰੱਤ ਵਿੱਚ ਛਿੜਦੀ ਝੁਣਝੁਣੀ
ਫਿਰ ਨਾੜਾਂ ਦੀਆਂ ਤਰਬਾਂ ਦੇ ਵਿੱਚ ਕੰਬਣੀ
ਉਸ ਕੰਪਨ ’ਚੋਂ ਉੱਠਦੀ ਹੈ ਇੱਕ ਧੁਨ ਜਿਹੀ
ਧੁੰਨ ਤੋਂ ਕਿਰ ਪੈਂਦੀ ਸ਼ਬਦਾਂ ਦੀ ਕਿਣਮਣੀ।

ਕਵੀ ਦੇ ਇਹਨਾਂ ਲਫਜ਼ਾਂ ਵਿੱਚ ਮਨੁੱਖੀ ਮਨ ਦੀ ਵੇਦਨਾ ਭਰੀ ਪਈ ਹੈ। ਇਹਨਾਂ ਲਫ਼ਜ਼ਾਂ ਦੀ ਆਤਮਾ ਨੇ ਆਪਣੇ ਅੰਦਰ ਸਦੀਆਂ, ਵਰ੍ਹਿਆਂ ਦੇ ਇਤਿਹਾਸ ਵਿਚਲੇ ਬੰਦੇ ਦੇ ਦੁੱਖ-ਸੁੱਖ ਦੇ ਅਹਿਸਾਸਾਂ ਨੂੰ ਸਾਂਭ ਕੇ ਰੱਖਿਆ ਹੋਇਆ ਹੈ। ਕਵੀ ਲਿਖਦਾ ਹੈ-

ਤੜਪੇ ਕਾਗਜ਼ ਦੇ ਟੁਕੜੇ
ਪਾਣੀ ਵਿੱਚ ਖੁਰਨ ਲੱਗੇ ਅੱਖਰ
ਦਰਿਆ ਨੇ ਕਿਹਾ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ ’ਤੇ

# ਇਤਿਹਾਸ, ਭਾਸ਼ਾ ਤੇ ਸਾਹਿਤ ਦੇ ਪੁਨਰ-ਚਿੰਤਨ ਦਾ ਪ੍ਰਵਚਨ

## ਬੋਲ ਮਿੱਟੀ ਦਿਆ ਬਾਵਿਆ

**ਡਾ. ਨਰੇਸ਼**
**ਸਫੇ-313, ਮੁੱਲ-650 ਰੁਪਏ**
**ਨਵਯੁੱਗ ਪਬਲੀਕੇਸ਼ਨਜ਼, ਨਵੀਂ ਦਿੱਲੀ**

**ਸਾਹਿਤ ਚਿੰਤਨ**

**ਡਾ. ਹਰਿੰਦਰ ਸਿੰਘ ਤੁੜ**

‘ਬੋਲ ਮਿੱਟੀ ਦਿਆ ਬਾਵਿਆ’ ਵਿਚ ਡਾ. ਨਰੇਸ਼ ਨੇ ਇਤਿਹਾਸ ਦਰਪਣ, ਵਿਅਕਤੀ ਵਿਸ਼ੇਸ਼, ਸੁਤੰਤਰਤਾ ਸੰਗਰਾਮ, ਭਾਸ਼ਾ ਵਿਮਰਸ਼, ਸਾਹਿਤ, ਸਾਹਿਤਕਾਰ, ਸਿਹਤ ਵਿਗਿਆਨ ਆਦਿ ਵੱਖ-ਵੱਖ ਵਿਸ਼ਿਆਂ ਬਾਰੇ ਵਿਚਾਰ-ਚਰਚਾ ਕੀਤੀ ਹੈ। ਇਹ ਲਘੂ ਲੇਖ ਇਕ ਪੰਜਾਬੀ ਅਖਬਾਰ ਵਿਚ 2007 ਤੋਂ 2015 ਤੱਕ ਸਪਤਾਹਿਕ ਕਾਲਮ ‘ਬੋਲ ਮਿੱਟੀ ਦਿਆ ਬਾਵਿਆ’ ਵਿਚ ਛਪਦੇ ਰਹੇ। ਇਸ ਕਰਕੇ ਡਾ. ਨਰੇਸ਼ ਨੇ ਪੁਸਤਕ ਦਾ ਨਾਮਕਰਨ ਵੀ ‘ਬੋਲ ਮਿੱਟੀ ਦੇ ਬਾਵਿਆ’ ਕੀਤਾ ਹੈ। ਪੁਸਤਕ ਦੇ ਲੇਖ ‘ਇਤਿਹਾਸ ਦਰਪਣ’ ਅਧੀਨ ਮੀਰਹੋਤਾ ਬਣਿਆ ਲੁਧਿਆਣਾ, ਹਾਂਸੀ ਦੇ ਨਾਮਕਰਨ ਬਾਰੇ, ਅੰਗਰੇਜ਼ਾਂ ਦਾ ਵਸਾਇਆ ਲਾਇਲਪੁਰ, ਕਿਵੇਂ ਬਣਿਆ ਬੰਗਲਾਦੇਸ਼, ਰਣਜੀਤ ਸਿੰਘ ਬਾਅਦ ਸਿੱਖ ਟਕਰਾਏ, ਮਾਲੇਰਕੋਟਲੇ ਦੇ ਨਵਾਬ, ਅਕਬਰ ਦੀ ਜਗਿਆਸਾ, ਪ੍ਰਾਚੀਨ ਸੱਭਿਅਤਾ, ਸਿੱਖ ਮਿਸਲਾਂ, ਜ਼ਮਜ਼ਮਾ ਤੋਪ, ਕਹਾਣੀ ਕਲਸੀਆਂ ਦੀ, ਵਿਥਿਆ ਪੰਜਾਬ ਦੀ, ਹਿੰਦ-ਪਾਕਿ ਦੇ ਪੰਜਾਬ, ਚੰਡੀਗੜ੍ਹ ਦਾ ਜਨਮ, ਜੰਮੂ-ਕਸ਼ਮੀਰ-ਲੱਦਾਖ ਆਦਿ ਪ੍ਰਮੁੱਖ ਹਨ। ਡਾ. ਨਰੇਸ਼ ਹਾਂਸੀ ਦੇ ਨਾਮਕਰਨ ਬਾਰੇ ਤੱਥਕ ਜਾਣਕਾਰੀ ਦਿੰਦੇ ਹਨ:

ਆਈਨ-ਏ-ਅਕਬਰੀ ਅਨੁਸਾਰ ਰਾਜਪੂਤ ਰਾਜਾ ਨਾਨਕ ਰਾਏ ਨੇ ਹਾਂਸੀ ਸ਼ਹਿਰ ਵਸਾਇਆ ਸੀ। ਤਜ਼ਕਿਰਾ ਹਾਂਸੀ ਅਨੁਸਾਰ ਇਹ ਸ਼ਹਿਰ ਪ੍ਰਿਥਵੀ ਰਾਜ ਚੌਹਾਨ ਦੀ ਬੇਟੀ ਨੇ ਵਸਾਇਆ ਸੀ ਤੇ ਇਸ ਦਾ ਨਾਂਅ ਹੰਸੀ ਰੱਖਿਆ ਸੀ, ਜਿਹੜਾ ਮਗਰੋਂ ਬੋਲਚਾਲ ਵਿਚ ਹਾਂਸੀ ਹੋ ਗਿਆ।

ਚੰਡੀਗੜ੍ਹ ਸ਼ਹਿਰ ਦਾ ਨਕਸ਼ਾ ਫ਼ਰਾਂਸੀਸੀ ਭਵਨ ਨਿਰਮਾਤਾ ਕਾਰਬੂਜੇ ਤੇ ਉਸ ਦੇ ਤਿੰਨ ਸਹਿਯੋਗੀਆਂ ਨੇ 2 ਸਾਲਾਂ ਵਿਚ ਤਿਆਰ ਕੀਤਾ ਸੀ। ਕਈ ਵਿਦਵਾਨ ਇਸ ਨੂੰ ‘ਪੱਥਰਾਂ ਦਾ ਸ਼ਹਿਰ’ ਵੀ ਕਹਿੰਦੇ ਹਨ, ਇਥੋਂ ਦੇ ਵਸਨੀਕਾਂ ਦੀਆਂ ਜ਼ਮੀਨਾਂ ਤੇ ਪਿੰਡ ਤਬਾਹ ਕਰਕੇ ਚੰਡੀਗੜ੍ਹ ਹੋਂਦ ਵਿਚ ਆਇਆ ਸੀ। ਡਾ. ਨਰੇਸ਼ ਦਾ ਵਿਚਾਰ ਹੈ:

50 ਵਰ੍ਹੇ ਚੰਡੀਗੜ੍ਹ ਵਿਚ ਬਿਤਾ ਕੇ ਵੀ ਮੈਨੂੰ ਇਹ ਸ਼ਹਿਰ ਆਪਣਾ ਨਹੀਂ ਜਾਪਦਾ। ਸ਼ਾਇਦ ਮੇਰੀ ਪੀੜ੍ਹੀ ਦੇ ਸਾਰੇ ਲੋਕਾਂ ਦਾ ਇਹੋ ਹਾਲ ਹੋਵੇਗਾ। ਕਾਰਨ ਇਹ ਹੈ ਕਿ ਇਹ ਸ਼ਹਿਰ ਦਾ ਸਰੀਰ ਤਾਂ ਬੜਾ ਸੋਹਣਾ ਹੈ, ਪਰ ਇਸ ਦੀ ਆਤਮਾ ਬਹੁਤ ਕਮਜ਼ੋਰ।

‘ਵਿਅਕਤੀ ਵਿਸ਼ੇਸ਼’ ਲੇਖ ਅਧੀਨ ਪ੍ਰਸਿੱਧ ਹਸਤੀਆਂ, ਵਿਦਵਾਨਾਂ, ਚਿੰਤਕਾਂ ਦਾ ਜ਼ਿਕਰ ਹੈ, ਜਿਨ੍ਹਾਂ ਦੇਸ਼ ਹਿੱਤ ਵਿਸ਼ੇਸ਼ ਯੋਗਦਾਨ ਪਾਇਆ ਅਤੇ ‘ਪੰਜਾਬ, ਪੰਜਾਬੀ ਅਤੇ ਪੰਜਾਬੀਅਤ’ ਦੇ ਸਿਧਾਂਤ ਨੂੰ ਕਾਇਮ ਰੱਖਿਆ। ਪ੍ਰਮੁੱਖ ਮਹਾਨ ਹਸਤੀਆਂ ਚੰਦਰ ਸ਼ੇਖਰ ਆਜ਼ਾਦ, ਬੰਦਾ ਸਿੰਘ ਬਹਾਦਰ, ਮੀਰ ਤਕੀ ਮੀਰ, ਐੱਮ ਐੱਸ ਰੰਧਾਵਾ, ਮਹਾਰਾਜਾ ਰਣਜੀਤ ਸਿੰਘ, ਲਾਲਾ ਹਰਦਿਆਲ, ਟੋਡਰ ਮੱਲ, ਫ਼ਕੀਰ ਅਜ਼ੀਜ਼ੁਦੀਨ, ਬਾਬਾ ਗੁਰਦਿੱਤ ਸਿੰਘ, ਸਰ ਸੱਯਦ ਅਹਿਮਦ ਖਾਂ, ਕੂਕਾ, ਕੇ ਆਰ ਨਰਾਇਣਨ, ਭਾਈ ਮਨੀ ਸਿੰਘ, ਬਲਰਾਜ ਸਾਹਨੀ, ਡਾ. ਸਰ ਮੁਹੰਮਦ ਇਕਬਾਲ, ਸੁਆਮੀ ਵਿਵੇਕਾਨੰਦ, ਸੁਬਰਾਮਨੀਅਮ ਭਾਰਤੀ, ਭੀਮ ਰਾਓ ਅੰਬੇਡਕਰ, ਸ਼ਹੀਦ ਹਕੀਕਤ ਰਾਏ, ਘਨਾਨੰਦ, ਮੀਰਾ ਬਾਈ, ਭਗਤ ਰਜਬ, ਤਾਨਸੇਨ ਆਦਿ ਸਨ। ਬਚਪਨ ਵਿਚ ਅਨਾਥ ਹੋਏ ਮੀਰ ਨੂੰ ਉਸ ਦੇ ਆਪਣਿਆਂ ਨੇ ਧੋਖਾ ਦਿੱਤਾ। ਉਸ ਦਾ ਕਾਵਿ ਜੀਵਨ ਦੇ ਯਥਾਰਥ ਦੀ ਪਹਿਚਾਣ ਕਰਵਾਉਂਦਾ ਹੈ :

ਸਿਰਹਾਨੇ ਮੀਰ ਕੇ ਆਹਿਸਤਾ ਬੋਲੋ, ਅਭੀ ਟੁਕ ਰੋਤੇ ਰੋਤੇ ਸੋ ਗਿਆ ਹੈ।

ਕੂਕਾ ਹਿਮਾਂਯੂੰ ਦੇ ਛੋਟੇ ਭਰਾ ਕਾਮਰਾਨ ਦਾ ਸੱਚਾ ਦੋਸਤ ਸੀ, ਜਿਸ ਨੇ ਉਸ ਦੇ ਦੁੱਖ-ਸੁੱਖ ਵਿਚ ਸਾਥ ਦਿੱਤਾ। ਹਿਮਾਂਯੂੰ ਨੇ ਜਦ ਕਾਮਰਾਨ ਨੂੰ ਦੇਸ਼ ਨਿਕਾਲਾ ਦਿੱਤਾ ਤਾਂ ਉਹ ਵੀ ਕਾਮਰਾਨ ਦੇ ਨਾਲ ਚਲਾ ਗਿਆ :

ਅੰਨ੍ਹੇ ਦੋਸਤ ਦੀ ਲਾਠੀ ਬਣ ਕੇ ਕੂਕੇ ਨੇ ਆਪ ਹੀ ਦੇਸ਼ ਨਿਕਾਲਾ ਲੈ ਲਿਆ ਅਤੇ ਦੋਸਤੀ ਦੀ ਮਿਸਾਲ ਕਾਇਮ ਕਰ ਦਿੱਤੀ।




ਭਗਤ ਰਜਬ ਦੇ ਜੀਵਨ ਦਾ ਵੀ ਜ਼ਿਕਰ ਕੀਤਾ ਹੈ, ਜੋ ‘ਕਥਨੀ ਤੇ ਕਰਨੀ’ ਦੇ ਸਿਧਾਂਤ ਉਤੇ ਸਦਾ ਚਲਦੇ ਰਹੇ। 122 ਵਰ੍ਹਿਆਂ ਦੀ ਉਮਰ ਹੰਢਾ ਕੇ ਰਾਜਸਥਾਨ ਦੇ ਜੰਗਲਾਂ ਵਿਚ ਆਪਣੇ ਸਰੀਰ ਨੂੰ ਪਸ਼ੂਆਂ ਦੇ ਹਵਾਲੇ ਕਰ ਦਿੱਤਾ। ਉਹਨਾ ਪਰਉਪਕਾਰ ਦਾ ਉਪਦੇਸ਼ ਦਿੱਤਾ:

ਹਰਿ ਭਜ ਸਫਲਾ ਜੀਵਨਾ
ਪਰ ਉਪਕਾਰ ਸਮਾਇ॥
ਦਾਦੂ ਮਰਨਾ ਤੰਹ ਭਲਾ ਜੰਹ
ਪਸ਼ੂ ਪਕਸ਼ੀ ਖਾਇ॥

ਕੇ ਆਰ ਨਰਾਇਣਨ ਪ੍ਰਤਿਭਾਵਾਨ ਤੇ ਮਿਹਨਤੀ ਸਨ। ਉਹਨਾ ਦੇ ਜੀਵਨ ਸੰਘਰਸ਼ ਦੀ ਗਾਥਾ ਸੰਖੇਪ ਪਰ ਪ੍ਰਭਾਵਦਾਇਕ ਰੂਪ ਵਿਚ ਉਜਾਗਰ ਕੀਤੀ ਹੈ। ਗਰੀਬ ਪਰਵਾਰ ਦੀਆਂ ਤੰਗੀਆਂ-ਤੁਰਸ਼ੀਆਂ ਹੰਢਾ ਕੇ ਵੀ ਸਕਾਰਾਤਮਕ ਸੋਚ ਨੂੰ ਕਾਇਮ ਰੱਖਿਆ ਤੇ ਦੇਸ਼ ਦੇ ਰਾਸ਼ਟਰਪਤੀ ਦੇ ਪਦ ਉੱਤੇ ਸੇਵਾਵਾਂ ਨਿਭਾਈਆਂ।

ਸੁਬਰਾਮਨੀਅਮ ਭਾਰਤੀ ਨੇ ਭਾਰਤ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਵਿਸ਼ੇਸ਼ ’ਤੇ ਸ਼ਲਾਘਾਯੋਗ ਯੋਗਦਾਨ ਪਾਇਆ, ਭਾਵੇਂ ਕਿ ਉਹ ਪੰਜਾਬ ਕਦੇ ਨਹੀਂ ਆਏ, ਪਰ ਉਹਨਾਂ ਦਾ ਪੰਜਾਬੀਆਂ ਨਾਲ ਬਹੁਤ ਪਿਆਰ ਸੀ। ਉਹ ਲਾਲਾ ਲਾਜਪਤ ਰਾਏ ਦੇ ਪ੍ਰਸ਼ੰਸਕ ਸਨ। ਉਹਨਾ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਬਾਰੇ ਇਕ ਲੰਮੀ ਕਵਿਤਾ ਵੀ ਲਿਖੀ:

ਦੇਸ਼ਾਂ ਵਿਚੋਂ ਦੇਸ਼ ਜਿਹੜਾ ਪੰਜਾਬ ਸੁਣੀਂਦਾ।
ਉਸ ਧਰਤੀ ਦੀ ਹੀ ਮੈਂ ਲੱਗਾ ਗਾਵਣ ਗਾਥਾ।
ਉਸ ਧਰਤੀ ’ਤੇ ਗੁਰੂ ਸ਼ਿਰੋਮਣੀ ਗੋਬਿੰਦ ਵਿਚਰੇ।
ਜਿਨ੍ਹਾਂ ਹੱਥੋਂ ਜਾਤ ਮੇਟ ਸਭ ਸਿੱਖ ਸਜ ਗਏ।
ਮਹਾਂਪ੍ਰਤਾਪੀ ਗੋਬਿੰਦ ਜੀ ਵਿਦਿਆ ਦਾ ਸਾਗਰ।
ਉਤਮ ਕਵੀ ਅਧਿਆਤਮ ਗਿਆਤਾ ਜਗਤ ਉਜਾਗਰ।
ਫੜ ਖੰਡਾ ਭਾਰਤ ਦੀ ਸ਼ਾਨ ਵਧਾਈ ਗੁਰੂ ਨੇ।
ਸੀਸ ਉਠਾ ਕੇ ਜੀਵਨ ਜਾਚ ਸਿਖਾਈ ਗੁਰੂ ਨੇ।

ਤਾਨਸੇਨ ਭਾਰਤੀ ਸੰਗੀਤ ਗਗਨ ਦਾ ਜਗਮਗਾਉਂਦਾ ਸਿਤਾਰਾ ਸੀ। ਉਹ ਆਪਣੀ ਸੰਗੀਤਕ ਪ੍ਰਤਿਭਾ ਨਾਲ ਮੀਂਹ ਪਵਾ ਦਿੰਦਾ, ਜੰਗਲੀ ਜਾਨਵਰਾਂ ਨੂੰ ਮੁਗਧ ਕਰ ਦਿੰਦਾ, ਰੋਗੀਆਂ ਨੂੰ ਤੰਦਰੁਸਤ ਕਰ ਦਿੰਦਾ। ਮਹਾਂ ਕਵੀ ਸੂਰਦਾਸ ਤਾਨਸੇਨ ਬਾਰੇ ਕਹਿੰਦੇ ਹਨ:

ਭਲੋ ਭਯੋ ਵਿਧੀ ਨਾ ਦੀਏ ਸ਼ੇਸ਼ਨਾਗ ਕੋ ਕਾਨ।
ਧਰਾ ਗਗਨ ਸਭ ਡੋਲਤੇ ਤਾਨਸੇਨ ਕੀ ਤਾਨ।

ਸੁਤੰਤਰਤਾ ਸੰਗਰਾਮ ਅਧੀਨ ਕੁਝ ਪ੍ਰਮੁੱਖ ਨੁਕਤੇ ਉਭਰ ਕੇ ਸਾਹਮਣੇ ਆਉਂਦੇ ਹਨ, ਜਿਨ੍ਹਾਂ ਵਿਚ ਵਿਸ਼ੇਸ਼ ਤੌਰ ’ਤੇ ਸ਼ਹੀਦਾਂ ਨੂੰ ਪ੍ਰਣਾਮ, ਸਲਾਮ ਗ਼ਦਰੀ ਬਾਬਿਆਂ ਨੂੰ, ਗ਼ਦਰ ਲਹਿਰ, ਤਖ਼ਤ ਤੋਂ ਤਖ਼ਤੇ ਤੱਕ, ਆਜ਼ਾਦੀ ਲਈ ਕੂਕਿਆਂ ਦਾ ਸੰਘਰਸ਼, ਅਮਰ ਸ਼ਹੀਦ ਅਜੀਤ ਸਿੰਘ, ਸ਼ਹੀਦ ਭਗਤ ਸਿੰਘ, ਗੰਗਾ ਸਿੰਘ, ਨੱਥਾ ਸਿੰਘ, ਆਜ਼ਾਦ ਹਿੰਦ ਫੌਜ ਦੇ ਪੰਜ ਸੁਲਤਾਨ ਆਦਿ ਹਨ। ਗ਼ਦਰ ਲਹਿਰ ਦਾ ਪ੍ਰਭਾਵਿਕ ਕਾਵਿ ਚਿੰਤਨ ਤੇ ਲੋਕ ਜਾਗ੍ਰਤੀ:

‘ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ, ਜਿੰਨਾਂ ਦੇਸ਼ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।’

ਗਦਰ ਲਹਿਰ ਅਧੀਨ ਪੰਜਾਬੀਆਂ ਵਿਚ ਸਮਾਜਕ ਤੇ ਰਾਜਨੀਤਕ ਚੇਤਨਾ ਜਾਗ੍ਰਿਤ ਹੋਈ। ਪੰਜਾਬ ਦੇ ਪਿੰਡਾਂ ਤੇ ਸ਼ਹਿਰਾਂ ਵਿਚ ਮਾਂਵਾਂ ਦੀਆਂ ਲੋਰੀਆਂ ਦੇ ਸ਼ਬਦ ਬਦਲ ਗਏ। ਦੇਸ਼ ਭਗਤੀ ਦੇ ਗੀਤ ਲੋਰੀਆਂ ਬਣ ਗਏ :

ਕਦੇ ਖਾਲਸੇ ਧੂਹ ਕੇ ਤੇਗ ਨੰਗੀ, ਲਾਹੁਣੇ ਗੋਰਿਆਂ ਦੇ ਝੱਟ ਘਾਣ ਲੋਕੋ, ਦਗੇਬਾਜ਼ ਜੋ ਕੌਮ ਅੰਗਰੇਜ਼ਾਂ ਦੀ ਹੈ, ਇਸ ਨੂੰ ਬੱਕਰੇ ਵਾਂਗ ਝਟਕਾਣ ਲੋਕੋ।

ਡਾ. ਨਰੇਸ਼ ਨੇ ਭਾਸ਼ਾ ਵਿਮਰਸ਼ ਅਧੀਨ ਭਾਸ਼ਾ ਪ੍ਰਤੀ ਸੁਚੇਤ ਕਦਮ ਉਠਾਉਣ ਲਈ ਨੁਕਤੇ ਉਠਾਏ ਹਨ ਤੇ ਸ਼ਬਦ ਦੇ ਪ੍ਰਭਾਵ ਨਾਲ ਪਾਠਕਾਂ ਨੂੰ ਜੋੜਨ ਦਾ ਯਤਨ ਕੀਤਾ ਹੈ। ਪ੍ਰਮੁੱਖ ਰੂਪ ਵਿਚ ਵਿਸ਼ੇ ਲੁਕੇ ਹੋਏ ਅਰਥ, ਸੂਤਰ ਅਤੇ ਗ੍ਰੰਥ, ਮਾਤ-ਭਾਸ਼ਾ : ਸੁਭਾਵਿਕ ਭਾਸ਼ਾ, ਸਾਡਾ ਤ੍ਰੈਭਾਸ਼ੀ ਫਾਰਮੂਲਾ, ਪੰਜਾਬੀ ਅਤੇ ਉਰਦੂ, ਭਾਰਤੀ ਭਾਸ਼ਾਵਾਂ, ਮਲੇਰਕੋਟਲਾ ਅਤੇ ਉਰਦੂ, ਵਿਆਕਰਣ ਵਾਲਾ ਰਿਸ਼ੀ ਪਾਣਿਨੀ, ਬਹੁਭਾਸ਼ੀ ਭਾਰਤ, ਫ਼ਾਰਸੀ ਭਾਸ਼ਾ ਭਾਰਤ ਵਿਚ, ਉਰਦੂ ਅੱਖਰਾਂ ਵਿਚ ਹਿੰਦੀ, ਭਾਸ਼ਾ ਨੀਤੀ ਪੁਨਰ-ਵਿਚਾਰ ਦੀ ਲੋੜ ਆਦਿ ਹਨ। ਡਾ. ਨਰੇਸ਼ ਬਹੁਭਾਸ਼ੀ ਭਾਰਤ ਸਿਰਲੇਖ ਅਧੀਨ ਜ਼ਿਕਰ ਕਰਦੇ ਹਨ:

ਬਹੁਭਾਸ਼ੀ ਭਾਰਤੀ ਸਮਾਜ ਦੇ ਵਿਭਿੰਨ ਵਰਗਾਂ ਵਿਚ 180 ਤੋਂ ਵੱਧ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। 90 ਭਾਸ਼ਾਵਾਂ ਅਜਿਹੀਆਂ ਹਨ, ਜਿਨ੍ਹਾਂ ਦੇ ਬੋਲਣ ਵਾਲਿਆਂ ਦੀ ਗਿਣਤੀ ਪ੍ਰਤੀ ਭਾਸ਼ਾ 10 ਹਜ਼ਾਰ ਤੋਂ ਵੀ ਘੱਟ ਹੈ। ਭਾਰਤ ਦੀ 97 ਫੀਸਦੀ ਆਬਾਦੀ ਜਿਹੜੀਆਂ ਭਾਸ਼ਾਵਾਂ ਬੋਲਦੀ ਹੈ, ਉਨ੍ਹਾਂ ਦੀ ਗਿਣਤੀ 20 ਦੇ ਕਰੀਬ ਹੈ। ਭਾਰਤ ਵਿੱਚ ਲਗਭਗ 11 ਭਾਸ਼ਾਵਾਂ ਅਜਿਹੀਆਂ ਹਨ, ਜਿਨ੍ਹਾਂ ਦੇ ਆਪਣੇ ਭਾਸ਼ਾਈ ਭੂਗੋਲਿਕ ਖੇਤਰ ਹਨ-ਕਸ਼ਮੀਰੀ, ਪੰਜਾਬੀ, ਬੰਗਾਲੀ, ਅਸਮੀ, ਉੜੀਆ, ਗੁਜਰਾਤੀ, ਮਰਾਠੀ, ਤੇਲਗੂ, ਮਲਿਆਲਮ ਅਤੇ ਕੰਨੜ।

‘ਸਾਹਿਤ ਸਾਹਿਤਕਾਰ’ ਵਿਚ ਡਾ. ਨਰੇਸ਼ ਨੇ ਪ੍ਰਮੁੱਖ ਰੂਪ ਵਿਚ ਭਾਰਤ ਦਾ ਪ੍ਰਾਚੀਨਤਮ ਸਾਹਿਤ, ਕਲਮ ਦੀ ਜ਼ਿੰਮੇਵਾਰੀ, ਕੁਝ ਕਵਿਤਾ ਬਾਰੇ, ਭਾਰਤ ਦੇ ਛੇ ਦਰਸ਼ਨ, ਲੇਖਕ ਬਣਨ ਦੀ ਕਾਹਲ, ਪੰਜਾਬੀ ਗ਼ਜ਼ਲ, ਗ਼ਜ਼ਲ ਦਾ ਬਹਿਰ ਵਜ਼ਨ, ਪੰਜਾਬੀ ਸੂਫੀ ਕਾਵਿ, ਬਾਰਾਂਮਾਹੇ ਦੀ ਪਰੰਪਰਾ, ਅਨੁਵਾਦ ਕਲਾ ਅਤੇ ਸਾਹਿਤ ਅਨੁਵਾਦ, ਅੰਮ੍ਰਿਤਾ ਅਤੇ ਉਸ ਦੀ ਨਾਗਮਣੀ, ਬਦਨਸੀਬ ਜ਼ਫ਼ਰ, ਹਿੰਦੀ ਜਗਤ ਦਾ ਨਾਗਾ ਬਾਬਾ, ਪ੍ਰੇਮ ਚੰਦ ਦਾ ਜਨਮ, ਹਿਤੋਪਦੇਸ਼, ਅਣਗੌਲਿਆ ਸ਼ਰਧਾ ਰਾਮ, ਸਮਸ਼ੇਰ ਅਤੇ ਦੁਸ਼ਯੰਤ, ਫ਼ਿਰਾਕ ਗੋਰਖਪੁਰੀ, ਲਾਲ ਬੁਝੱਕੜ, ਘਰ ਦਾ ਜੋਗੀ ਜੋਗੜਾ ਆਦਿ ਹਨ। ਸਾਕਿਬ ਦੀ ਵਿਲੱਖਣਤਾ ਦਾ ਪ੍ਰਮਾਣ:

ਬਾਗਵਾਂ ਨੇ ਆਗ ਦੀ ਜਬ ਆਸ਼ਿਆਨੇ ਕੋ ਮੇਰੇ।
ਜਿਨ ਪੇ ਤਕੀਆ ਥਾ ਵੋਹੀ ਪੱਤੇ ਹਵਾ ਦੇਨੇ ਲਗੇ।

ਇਬਰਾਹੀਮ ਜ਼ੌਕ:

ਰਿੰਦੇ ਖ਼ਰਾਬਹਾਲ ਕੋ ਜਾਹਿਦ ਨ ਛੇੜ ਤੂ।
ਤੁਝਕੋ ਪਰਾਈ ਕਿਆ ਪੜੀ ਅਪਨੀ ਨਬੇੜ ਤੂ।

ਵਰਤਮਾਨ ਸਮੇਂ ਵਿਚ ਭਾਵੇਂ ਤਕਨਾਲੋਜੀ ਦਾ ਵਿਕਾਸ ਜ਼ਰੂਰ ਹੋਇਆ, ਪਰ ਇਸ ਦੇ ਨਾਲ-ਨਾਲ ਬਿਮਾਰੀਆਂ ਵਿਚ ਵੀ ਵਾਧਾ ਕੀਤਾ, ਜਿਸ ਕਾਰਨ ਮਨੁੱਖੀ ਸਰੀਰ ਅਪਾਹਜ ਹੋ ਕੇ ਰਹਿ ਗਿਆ। ਦਵਾਈ ਸੱਭਿਆਚਾਰ ਵਧ ਗਿਆ ਹੈ ਤੇ ਸੋਸ਼ਲ ਮੀਡੀਆ ਉਤੇ ਜਣਾ-ਖਣਾ ਡਾਕਟਰੀ ਨੁਕਤੇ ਦੱਸ ਕੇ ਆਪਣੀ ਵਿਦਵਤਾ ਝਾੜਣ ਲੱਗਦਾ, ਜਿਸ ਕਾਰਨ ਡਿਗਰੀਆਂ ਵਾਲੇ ਡਾਕਟਰਾਂ ਦੀ ਸਖ਼ਤ ਮਿਹਨਤ ਤੇ ਪੜ੍ਹਾਈ ਉੱਤੇ ਵੀ ਪ੍ਰਸ਼ਨ ਚਿੰਨ ਲੱਗ ਜਾਂਦਾ ਹੈ। ਇਸ ਸਮੇਂ ਮਨੁੱਖ ਨੂੰ ਹੋਰ ਵੀ ਸੁਚੇਤ ਹੋਣ ਦੀ ਜ਼ਰੂਰਤ ਹੈ। ਡਾ. ਨਰੇਸ਼ ਨੇ ‘ਸਿਹਤ ਵਿਗਿਆਨ’ ਲੇਖ ਅਧੀਨ ਕਈ ਨੁਕਤੇ ਉਠਾਏ ਹਨ ਤੇ ਇਹਨਾਂ ਬਾਰੇ ਤੱਥਕ ਜਾਣਕਾਰੀ ਵੀ ਮੁਹੱਈਆ ਕਰਵਾਈ ਹੈ, ਤਾਂ ਜੋ ਮਾਨਵਤਾ ਦਾ ਭਲਾ ਹੋ ਸਕੇ। ਕੁਝ ਪ੍ਰਮੁੱਖ ਵਿਸ਼ਿਆਂ ਵਿਚ ਸਿਹਤ ਲਈ ਲਾਹੇਵੰਦ ਯੋਗ ਆਸਣ, ਆਪਣੀ ਸਿਹਤ ਦਾ ਧਿਆਨ ਰੱਖੋ, ਫਲਾਂ ਦੇ ਗੁਣ, ਬਿਮਾਰੀਆਂ ਦੇ ਦੇਸੀ ਇਲਾਜ, ਕੁਦਰਤ ਦੇ ਅਨੁਸਾਰ ਰਹੋ, ਮੀਰਾ ਪੀ ਗਈ ਬਿਖ ਦਾ ਪਿਆਲਾ, ਸਵਾਇਨ ਫਲੂ, ਆਯੁਰਵੇਦ ਅਤੇ ਸਾਡੀ ਸਿਹਤ ਆਦਿ ਹਨ। ਡਾਕਟਰੀ ਖੋਜ ਅਨੁਸਾਰ:

‘ਭਾਰਤ ਦੇ ਮਰਦਾਂ ਨੂੰ ਸਿਹਤਮੰਦ ਰਹਿਣ ਲਈ 2800 ਕੈਲੋਰੀ ਭੋਜਨ ਦੀ ਰੋਜ਼ਾਨਾ ਲੋੜ ਹੈ। ਹਰ ਰੋਜ਼ 55 ਗ੍ਰਾਮ ਪ੍ਰੋਟੀਨ, 0.5 ਕੈਲਸ਼ੀਅਮ, 24 ਗ੍ਰਾਮ ਆਇਰਨ, 750 ਗ੍ਰਾਮ ਵਿਟਾਮਿਨ ਏ, 20 ਗ੍ਰਾਮ ਵਿਟਾਮਿਨ ਬੀ4, 100 ਮਿਲੀਗ੍ਰਾਮ ਫੋਲਿਕ ਏਸਿਡ, 200 ਆਈ ਯੂ ਵਿਟਾਮਿਨ ਡੀ ਅਤੇ 4 ਮਿਲੀਗ੍ਰਾਮ ਏਜਰੋਬਿਕ ਏਸਿਡ ਦਰਕਾਰ ਹੈ।’

ਡਾ. ਨਰੇਸ਼ ਦਾ ਹਰੇਕ ਵਿਸ਼ੇ ਬਾਰੇ ਭਰਪੂਰ ਗਿਆਨ ਪਾਠਕਾਂ ਨੂੰ ਆਪਣੇ ਵਿਚਾਰਾਂ ਨਾਲ ਜੋੜਨ ਦੀ ਸਮਰੱਥਾ ਰੱਖਦਾ ਹੈ। ਉਹਨਾ ਦਾ ਦਾਰਸ਼ਨਿਕ ਚਿੰਤਨ ਮਨੁੱਖ ਦੇ ਮਨ ਵਿਚਲੇ ਅਤ੍ਰਿਪਤ ਪ੍ਰਸ਼ਨਾਂ ਦੇ ਉੱਤਰ ਦਿੰਦਾ ਹੈ। ਉਹ ਹਿੰਦੀ, ਉਰਦੂ ਤੇ ਪੰਜਾਬੀ ਦੇ ਪ੍ਰਸਿੱਧ ਸ਼ਾਇਰ, ਗਲਪਕਾਰ ਤੇ ਆਲੋਚਕ ਹਨ। ਉਹਨਾਂ ਨੂੰ ਅਨੇਕ ਸਨਮਾਨਾਂ ਤੇ ਪੁਰਸਕਾਰਾਂ ਨਾਲ ਵੀ ਸਨਮਾਨਤ ਕੀਤਾ ਗਿਆ। ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਸ਼ਿਅਰ:

ਜ਼ਮੀਂ ਦੀ ਤਸ਼ਨਾਲਬੀ ਕੋ ਲਹੂ ਕਾ ਜਾਮ ਨਾ ਦੋ
ਜ਼ਮੀਨ ਖ਼ੂਨ ਪੀਏਗੀ ਤੋਂ ਆਗ ਉਗਲੇਗੀ।

ਸੰਪਰਕ : 81465-42810

## ਬੰਦੂਕ ਤੋਂ ਕਲਮ ਤੱਕ

(ਨਾਵਲ)
**ਗੁਰਨਾਮ ਬਾਵਾ**
**ਵਿਰਾਸਤ ਪ੍ਰਕਾਸ਼ਨ, ਲੁਧਿਆਣਾ**
**ਕੀਮਤ : 200 ਰੁਪਏ ਪੰਨੇ : 84**

ਗਰਮ-ਖਿਆਲੀ ਨੌਜਵਾਨਾਂ ਦੇ ਜੀਵਨ ਦੇ ਆਧਾਰਤ ਨਾਵਲ ‘ਬੰਦੂਕ ਤੋਂ ਕਲਮ ਤੱਕ’ ਗੁਰਨਾਮ ਬਾਵਾ ਦੀ ਰਚਨਾ ਹੈ। ਨਾਵਲ ਦੇ ਕੁਲ 23 ਕਾਂਡ ਹਨ। ਕਮਲਜੀਤ ਸਿੰਘ ਕੰਵਲ ਦੇ ਖਾੜਕੂ ਬਣਨ ਤੇ ਫਿਰ ਆਤਮ ਸਮਰਪਣ ਤੱਕ ਦੀ ਕਹਾਣੀ ਨੂੰ ਪੇਸ਼ ਕਰਦਾ ਨਾਵਲ ਇਹ ਦੱਸਦਾ ਹੈ ਕਿ ਕਈ ਨੌਜਵਾਨ ਸਰਕਾਰ ਤੇ ਪੁਲਸ ਤੋਂ ਦੁਖੀ ਹੋ ਕੇ ਖਾੜਕੂ ਲਹਿਰ ਨਾਲ ਜੁੜੇ। ਨਾਵਲ ਇਹ ਵੀ ਦੱਸਦਾ ਹੈ ਕਿ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਕਾਲਜਾਂ ਵਿੱਚ ਯੂਨਿਟ ਬਣਾਏ ਹੁੰਦੇ ਸਨ, ਜੋ ਇਕ ਐਸਾ ਪਲੇਟਫਾਰਮ ਸੀ, ਜਿਸ ਵਿੱਚ ਰੰਗਰੂਟ ਭਰਤੀ ਕੀਤੇ ਜਾਂਦੇ ਸਨ। ਉਹਨਾਂ ਨੂੰ ਸਿਸਟਮ ਤੇ ਪੁਲਸ ਦੇ ਵਿਰੋਧੀ ਇਸ ਕਿਸਮ ਦੇ ਨੌਜਵਾਨ ਕਾਲਜਾਂ ਦੇ ਵਿੱਚੋਂ ਹੀ ਮਿਲ ਸਕਦੇ ਸਨ। ਨਰਿੰਦਰ, ਵਰਿੰਦਰ ਤੇ ਕਮਲਜੀਤ ਨੂੰ ਉਹਨਾਂ ਨੇ ਇਸੇ ਤਰ੍ਹਾਂ ਆਪਣੇ ਨਾਲ ਜੋੜਿਆ। ਨਾਵਲ ਦਾ ਆਰੰਭ ਡੀ.ਐੱਸ.ਪੀ ਹਰੀਸ਼ ਤੇ ਕੰਵਲ ਦੀ ਆਪਸੀ ਗੱਲਬਾਤ ਤੇ ਹਰੀਸ਼ ਦਾ ਕੰਵਲ ਨੂੰ ਕਲਮ ਦੇ ਨਾਲ ਜੋੜਨ ਦੀ ਇਕ ਕੋਸ਼ਿਸ਼ ਨਾਲ ਹੁੰਦਾ ਹੈ। ਉਹ ਉਸ ਨੂੰ ਬੰਦੂਕ ਤੋਂ ਕਲਮ ਤੱਕ ਲਿਜਾਣਾ ਚਾਹੁੰਦਾ ਹੈ ਤੇ ਉਸ ਨੂੰ ਆਪਬੀਤੀ ਲਿਖਣ ਲਈ ਕਹਿੰਦਾ ਹੈ। ਅਗਲੇ ਹਿੱਸੇ ਵਿੱਚ ਸੀਮਾ ਦੁਆਰਾ ਅਖਬਾਰ ਵਿੱਚ ਪੜ੍ਹੀ ਸੁਰਖੀ, ਜਲੰਧਰ ਪੁਲਸ ਕੋ ਮਿਲੀ ਬਹੁਤ ਬੜੀ ਕਾਮਯਾਬੀ, ਪਾਂਚ ਸਾਲ ਸੇ ਭਗੋੜੇ ਆਤੰਕਵਾਦੀ ਕਮਲਜੀਤ ਸਿੰਘ ਉਰਫ਼ ਕੰਵਲ ਕੋ ਕੀਆ ਗਿਰਫ਼ਤਾਰ ਪਾਠਕਾਂ ਦੇ ਅੰਦਰ ਕਮਲਜੀਤ ਬਾਰੇ ਜਾਨਣ ਦੀ ਉਤਸੁਕਤਾ ਜਗਾਉਂਦੀ ਹੈ। ਅਗਲੇ ਹਿੱਸੇ ਵਿੱਚ ਪੰਜਾਬ ਵਿੱਚ ਵਰਤ ਰਹੇ ਵਰਤਾਰੇ ਬਾਰੇ ਦੱਸਦਿਆਂ ਕਮਲ ਦੇ ਖਾੜਕੂ ਬਣਨ ਤੱਕ ਦੇ ਸਫ਼ਰ ਨੂੰ, ਨਿਰਮਲ ਨਾਲ ਸੋਨੂੰ ਨਾਮ ਬਦਲ ਕੇ ਕੰਵਲ ਦੇ ਕਲਕੱਤੇ ਜਾਣ ਦੇ ਸਫ਼ਰ ਬਾਰੇ ਤੇ ਉਨ੍ਹਾਂ ਦੋਹਾਂ ਦੀ ਆਪਸੀ ਗੱਲਬਾਤ ਤੋਂ ਦੋਹਾਂ ਦੇ ਪੁਲਸ ਵਿਰੋਧੀ ਹੋਣ ਬਾਰੇ ਪਤਾ ਲਗਦਾ ਹੈ। ਕੰਵਲ ਦਾ ਕਹਿਣਾ ਕਿ ਉਹ ਖਾੜਕੂ ਸ਼ੌਕ ਨਾਲ ਨਹੀਂ ਸੀ ਬਣਿਆ ਬਲਕਿ ਪੁਲਸ ਦੀਆਂ ਕਰਤੂਤਾਂ ਤੇ ਗੰਦੀ ਸਰਕਾਰ ਦੀਆਂ ਨੀਤੀਆਂ ਕਾਰਨ ਬਣਿਆ, ਜਿਨ੍ਹਾਂ ਨੇ ਪੰਜਾਬ ਦੇ ਸੈਂਕੜੇ ਨੌਜਵਾਨਾਂ ਨੂੰ ਹਥਿਆਰ ਚੁੱਕਣ ਲਈ ਮਜਬੂਰ ਕੀਤਾ। ਕੰਵਲ ਦੇ ਬਾਪੂ ਨੂੰ ਪੁਲਸ ਨੇ ਨਾਜਾਇਜ਼ ਚੁੱਕ ਲਿਆ, ਜਿਸ ਕਰਕੇ ਕਮਲ ਦੇ ਅੰਦਰ ਬਦਲੇ ਦੀ ਭਾਵਨਾ ਪੈਦਾ ਹੋਈ। ਕੰਵਲ ਦੇ ਘਰ ਨਰਿੰਦਰ ਤੇ ਵਰਿੰਦਰ ਵਰਗੇ ਨੌਜਵਾਨਾਂ ਦਾ ਮੀਟਿੰਗ ਕਰਨਾ ਤੇ ਕੰਵਲ ਦਾ ਪੁਲਸ ਦੇ ਹੱਥੇ ਚੜ੍ਹ ਜਾਣਾ, ਤਸੀਹੇ ਦਿੱਤੇ ਜਾਣੇ, ਜਿਸ ਕਰਕੇ ਕੰਵਲ ਦਾ ਇਸ ਦੁਨੀਆ ਤੋਂ ਦੂਰ ਚਲੇ ਜਾਣ ਦੀ ਇੱਛਾ ਪੈਦਾ ਹੁੰਦੀ ਹੈ।




ਨਾਵਲ ਵਿੱਚ ਕੁਲਵਿੰਦਰ ਵਰਗੇ ਨੇਕ ਇਨਸਾਨ ਵੀ ਹਨ, ਜੋ ਇਸ ਪ੍ਰਕਾਰ ਭਟਕੇ ਹੋਏ ਨੌਜਵਾਨਾਂ ਨੂੰ ਕੰਮ ਦੇ ਕੇ ਉਹਨਾਂ ਦੀ ਮਦਦ ਕਰਦੇ ਹਨ। ਕੁਲਵਿੰਦਰ ਦੀ ਮਦਦ ਨਾਲ ਉਹ ਕਲਕੱਤੇ ਪਹੁੰਚ ਜਾਂਦਾ ਹੈ ਤੇ ਸੀਮਾ ਦੇ ਘਰ ਰਹਿ ਕੇ, ਸੀਮਾ ਦੇ ਪਿਆਰ ਦਾ ਪਾਤਰ ਬਣਦਾ ਹੈ, ਲੇਕਿਨ ਕੰਵਲ ਬਣਿਆ ਸੋਨੂੰ ਆਪਣੀ ਪਛਾਣ ਗੁਪਤ ਰੱਖਦਾ ਹੋਇਆ ਸੀਮਾ ਤੋਂ ਦੂਰ ਵਾਪਸ ਪੰਜਾਬ ਵਿੱਚ ਆ ਜਾਂਦਾ ਹੈ ਤੇ ਆਤਮ ਸਮਰਪਣ ਦਾ ਫੈਸਲਾ ਕਰਦਾ ਹੈ। ਬੇਸ਼ੱਕ ਨਾਵਲ ਦੇ ਸ਼ੁਰੂ ਤੇ ਅੰਤ ਵਿੱਚ ਡੀ.ਐੱਸ.ਪੀ. ਹਰੀਸ਼ ਨਾਲ ਗੱਲ ਕਰਕੇ ਉਹ ਆਤਮ ਸਮਰਪਣ ਦਾ ਨਿਸ਼ਚਾ ਕਰਦਾ ਹੈ, ਪਰ ਅਖਬਾਰ ਦੀ ਸੁਰਖ਼ੀ ਆਤਮ ਸਮਰਪਣ ਨੂੰ ਲੁਕਾ ਜਾਂਦੀ ਹੈ ਤੇ ਇਸ ਨੂੰ ਵੀ ਪੁਲਸ ਦੀ ਵੱਡੀ ਕਾਮਯਾਬੀ ਮੰਨਦੀ ਹੈ। ਜੇ ਇਸ ਪ੍ਰਕਾਰ ਦੇ ਨੌਜਵਾਨ ਵਾਪਸ ਇਸ ਦੁਨੀਆ ਵਿੱਚ ਰਲ ਕੇ ਪਹਿਲੇ ਵਰਗਾ ਜੀਵਨ ਜਿਊਣਾ ਚਾਹੁੰਦੇ ਹਨ ਤਾਂ ਪੁਲਸ ਇਸ ਦਾ ਸਿਹਰਾ ਵੀ ਆਪਣੇ ਸਿਰ ’ਤੇ ਬੰਨ੍ਹਦੀ ਹੈ। ਜਿੱਥੇ ਨਾਵਲ ਕੰਵਲ ਵਰਗੇ ਹਾਲਾਤ ਤੋਂ ਦੁਖੀ ਹੋ ਕੇ ਖਾੜਕੂ ਬਣੇ ਨੌਜਵਾਨਾਂ ਪ੍ਰਤੀ ਤਰਸ ਦੀ ਭਾਵਨਾ ਪੈਦਾ ਕਰਦਾ ਹੈ, ਉੱਥੇ ਪਾਠਕਾਂ ਅੰਦਰ ਗੰਦੇ ਸਿਸਟਮ ਤੇ ਪੁਲਸ ਦੀਆਂ ਆਪਹੁਦਰੀਆਂ ਪ੍ਰਤੀ ਘਿਰਣਾ ਵੀ ਉਪਜਾਉਂਦਾ ਹੈ, ਜਿਸ ਦੀ ਭੇਟ ਕਈ ਨੌਜਵਾਨ ਚੜ੍ਹ ਜਾਂਦੇ ਹਨ। ਸੋ ਇੱਕ ਯਥਾਰਥਕ ਨਾਵਲ ਹੈ, ਪੜ੍ਹਨ ਵਾਲਾ ਨਾਵਲ ਹੈ, ਜੋ ਗਰਮ-ਖਿਆਲੀ ਨੌਜਵਾਨਾਂ ਦੇ ਜੀਵਨ ’ਤੇ ਚਾਨਣਾ ਪਾਉਂਦਾ ਹੋਇਆ ਉਨ੍ਹਾਂ ਦੀਆਂ ਮਜਬੂਰੀਆਂ ਨੂੰ ਦਰਸਾਉਂਦਾ ਹੈ। ਗੁਰਮੀਤ ਬਾਵਾ ਦੇ ਇਸ ਨਾਵਲ ਨੂੰ ਸਾਹਿਤ ਜਗਤ ਵਿੱਚ ਜੀ ਆਇਆਂ। ਪਾਠਕਾਂ ਦੇ ਹੁੰਗਾਰੇ ਦੀ ਉਡੀਕ ਰਹੇਗੀ ।

**— ਡਾ. ਭੁਪਿੰਦਰ ਕੌਰ**

# ਪੁਸਤਕ ਰੀਵਿਊ

## ਦੋ ਤਕਦੀਰਾਂ

(ਨਾਵਲ)
**ਪ੍ਰਿੰਸ ਗਿੱਲ ਹਰਮਨ**
**ਪੰਨੇ-68, ਮੁੱਲ-200 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਨੌਜਵਾਨ ਨਾਵਲਕਾਰ ਪ੍ਰਿੰਸ ਗਿੱਲ ਹਰਮਨ ਦਾ ਨਾਵਲ ‘ਦੋ ਤਕਦੀਰਾਂ’ ਮਨੁੱਖੀ ਭਵਿੱਖ ਅਤੇ ਤਕਦੀਰ ਦੇ ਆਪਸੀ ਸੰਬੰਧਾਂ ਦਾ ਲੇਖਾ-ਜੋਖਾ ਕਰਦਾ ਹੈ ਤਾਂ ਬਹੁਤ ਹੈਰਾਨੀਜਨਕ ਸਿੱਟੇ ਉੱਭਰ ਕੇ ਸਾਹਮਣੇ ਆਉਂਦੇ ਹਨ। ਨਾਵਲ ਦਾ ਟਾਈਟਲ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਇਸ ਦੇ ਪਾਤਰ ਗੁਰੀ ਤੇ ਸ਼ਰਨ ਕੌਰ ਦੇ ਪਿਆਰ ਸੰਬੰਧਾਂ ਦੇ ਅਸਫ਼ਲ ਰਹਿਣ ਦਾ ਕਾਰਨ ਉਨ੍ਹਾਂ ਦੀਆਂ ਮਾੜੀਆਂ ਤਕਦੀਰਾਂ ਹਨ, ਪਰ ਜੇ ਉਨ੍ਹਾਂ ਦੇ ਸਦੀਵੀ ਵਿਛੋੜੇ ਦੇ ਕਾਰਨ ਨਾਵਲ ਕਹਾਣੀ ਦੇ ਸਮਾਜਿਕ ਧਰਾਤਲ ਵਿੱਚੋਂ ਤਲਾਸ਼ੇ ਜਾਣ ਤਾਂ ਪਤਾ ਚਲਦਾ ਹੈ ਕਿ ਉਨ੍ਹਾਂ ਦੀਆਂ ਤਕਦੀਰਾਂ ਘੜਨ ਵਿਚ ਕੁਦਰਤ ਦਾ ਰੋਲ ਘੱਟ ਤੇ ਉਨ੍ਹਾਂ ਦਾ ਆਪਣਾ ਰੋਲ ਵੱਧ ਹੈ । ਉਨ੍ਹਾਂ ਦੇ ਨਾਲ ਆਪਣੀ ਮਾੜੀ ਕਿਸਮਤ ਲਿਖਣ ਦੇ ਮਾਮਲੇ ਵਿਚ ਵੀ ਗੁਰੀ ਦੇ ਮਾਪਿਆਂ ਦੀ ਭੂਮਿਕਾ ਪੂਰੀ ਜ਼ਿੰਮੇਵਾਰ ਵਿਖਾਈ ਦਿੰਦੀ ਹੈ।




ਨਾਵਲ ਦੇ ਪਾਤਰ ਗੁਰੀ ਦੀ ਕਿਸਮਤ ਇਸ ਕਰਕੇ ਵਿਗੜਦੀ ਹੈ ਕਿ ਉਹ ਧਨਾਢ ਮਾਪਿਆਂ ਦਾ ਇਕਲੌਤਾ ਪੁੱਤਰ ਹੋਣ ਦਾ ਨਜਾਇਜ਼ ਲਾਭ ਉਠਾਉਂਦਾ ਹੈ। ਪਹਿਲਾਂ ਉਹ ਮਾੜੀ ਸੰਗਤ ਦਾ ਸ਼ਿਕਾਰ ਹੋ ਕੇ ਸ਼ਰਾਬ ਪੀਣ ਲੱਗਦਾ ਹੈ ਤੇ ਫਿਰ ਚਿੱਟੇ ਵਰਗੇ ਖਤਰਨਾਕ ਨਸ਼ੇ ਦਾ ਸ਼ਿਕਾਰ ਹੋ ਜਾਂਦਾ ਹੈ। ਉਸ ਦੇ ਨਸ਼ੇ ਦੀ ਆਦਤ ਇਸ ਹੱਦ ਤੱਕ ਵਧ ਜਾਂਦੀ ਹੈ ਕਿ ਉਸ ਨੂੰ ਨਾ ਤਾਂ ਆਪਣੇ ਪਿਤਾ ਦੀਆਂ ਝਿੜਕਾਂ ਦਾ ਡਰ ਰਹਿੰਦਾ ਹੈ ਤੇ ਨਾ ਹੀ ਆਪਣੀ ਮਾਂ ਦੇ ਸਮਝਾਉਣ ਦਾ ਕੋਈ ਅਸਰ ਹੁੰਦਾ ਹੈ । ਪ੍ਰੇਮਿਕਾ ਸ਼ਰਨ ਵੱਲੋਂ ਖੁਆਈਆਂ ਸੌਂਹਾਂ ਨੂੰ ਤੋੜਨਾ ਵੀ ਉਸ ਦੀ ਜ਼ਰੂਰਤ ਬਣ ਜਾਂਦੀ ਹੈ ਤਾਂ ਉਸ ਨੂੰ ਮੌਤ ਦੇ ਮੂੰਹ ਵਿੱਚ ਜਾਣ ਤੋਂ ਰੋਕਣ ਵਾਲੇ ਸਾਰੇ ਵਸੀਲੇ ਹੀ ਖਤਮ ਹੋ ਜਾਂਦੇ ਹਨ।

ਸ਼ਰਨ ਦਾ ਆਪਣੀ ਤਕਦੀਰ ਵਿਗਾੜਨ ਦੇ ਸੰਬੰਧੀ ਇਹ ਦੋਸ਼ ਇਹ ਰਿਹਾ ਹੈ ਕਿ ਆਪਣੇ ਪ੍ਰੇਮੀ ਗੁਰੀ ਬਾਰੇ ਸਭ ਕੁਝ ਜਾਣਦੇ ਹੋਏ ਵੀ ਉਹ ਉਸ ਦੇ ਅੰਨ੍ਹੇ ਪਿਆਰ ਵਿਚ ਪਈ ਰਹਿੰਦੀ ਹੈ। ਭਾਵੇਂ ਗੁਰੀ ਮਰਨ ਤੋਂ ਪਹਿਲਾਂ ਇੱਕ ਡਾਇਰੀ ਲਿਖ ਕੇ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਕਿ ਉਹ ਕਿਸੇ ਨਸ਼ਾ ਰਹਿਤ ਮੁੰਡੇ ਨਾਲ ਵਿਆਹ ਕਰਵਾ ਕੇ ਆਪਣੇ ਜੀਵਨ ਦੀ ਸ਼ੁਰੂਆਤ ਨਵੇਂ ਸਿਰੇ ਤੋਂ ਕਰ ਲਵੇ, ਪਰ ਉਹ ਵਿਆਹ ਕਰਵਾਏ ਬਗੈਰ ਹੀ ਆਪਣੇ ਪ੍ਰੇਮੀ ਦੀ ਵਿਧਵਾ ਬਣ ਕੇ ਜਿਉਣ ਦਾ ਅਤਿਅੰਤ ਭਾਵੁਕ ਤੇ ਆਦਰਸ਼ਕ ਫੈਸਲਾ ਲੈ ਲੈਂਦੀ ਹੈ। ਮੇਜ਼ ’ਤੇ ਪਿਆ ਗੁਲਾਬੀ ਸੂਟ ਉਸ ਨੂੰ ਆਪਣਾ ਜੀਵਨ ਨਵੇਂ ਸਿਰੇ ਤੋਂ ਸ਼ੁਰੂ ਕਰਨ ਦੀ ਪ੍ਰੇਰਨਾ ਵੀ ਦਿੰਦਾ ਹੈ, ਪਰ ਉਸ ਦੀ ਦੁਬਿਧਾ ਨਾਵਲ ਦੇ ਅੰਤ ਤੱਕ ਬਰਕਰਾਰ ਰਹਿੰਦੀ ਹੈ।

ਗੁਰੀ ਦੇ ਮਾਤਾ-ਪਿਤਾ ਇਸ ਪ੍ਰੇਮੀ ਜੋੜੇ ’ਤੇ ਆਪਣੀ ਤਕਦੀਰ ਵਿਗਾੜਨ ਲਈ ਉਨ੍ਹਾਂ ਤੋਂ ਵੀ ਵੱਡੇ ਕਸੂਰਵਾਰ ਵਿਖਾਈ ਦਿੰਦੇ ਹਨ । ਉਸ ਦਾ ਪਿਤਾ ਆਪਣੇ ਇਕਲੌਤੇ ਪੁੱਤਰ ਲਈ ਧਨ ਜੋੜਨ ਲਈ ਆਪਣੀ ਵਿਧਵਾ ਚਾਚੀ ਤੇ ਉਸ ਦੀ ਵਿਆਹੁਣਯੋਗ ਧੀ ਨਾਲ ਸਿਰੇ ਦਾ ਧੋਖਾ ਕਰਦਾ ਹੈ। ਆਪਣੇ ਚਾਚੇ ਦੀ ਜ਼ਮੀਨ ਹੜੱਪਣ ਲਈ ਉਹ ਉਸ ਦੀ ਧੀ ਜੀਤੀ ਦਾ ਵਿਆਹ ਇਕ ਗਰੀਬ ਤੇ ਨਸ਼ੇੜੀ ਮੁੰਡੇ ਨਾਲ ਕਰ ਦਿੰਦਾ ਹੈ। ਆਪਣੀ ਬਿਮਾਰ ਚਾਚੀ ਨੂੰ ਦਵਾਈ ਨਾ ਦਿਵਾਉਣ ਕਾਰਨ ਜਦੋਂ ਉਸ ਦੀ ਚਚੇਰੀ ਭੈਣ ਆਪਣੀ ਮਾਂ ਨੂੰ ਆਪਣੇ ਘਰ ਲਿਜਾਣ ਲਈ ਮਜਬੂਰ ਹੋ ਜਾਂਦੀ ਹੈ ਤਾਂ ਦੁਖੀ ਮਾਂ ਤੇ ਧੀ ਦੋਵਾਂ ਦੀਆਂ ਬਦ-ਦੁਆਵਾਂ ਵੀ ਉਸ ਦੇ ਪਰਵਾਰ ਦੀ ਤਕਦੀਰ ਨੂੰ ਵਿਗਾੜਨ ਵਿਚ ਆਪਣਾ ਹਿੱਸਾ ਪਾਉਂਦੀਆਂ ਹਨ। ਗੁਰੀ ਦੀ ਮਾਂ ਜਿੱਥੇ ਚਾਚੇ ਸਹੁਰੇ ਦੇ ਪਰਵਾਰ ਨਾਲ ਵਧੀਕੀਆਂ ਕਰਨ ਵਿਚ ਆਪਣੇ ਪਤੀ ਦਾ ਸਾਥ ਦਿੰਦੀ ਹੈ, ਉੱਥੇ ਉਹ ਆਪਣੇ ਪੁੱਤਰ ਦੇ ਕੁਕਰਮ ਉਸ ਤੋਂ ਛੁਪਾ ਕੇ ਰੱਖਣ ਦੀ ਦੋਸ਼ੀ ਵੀ ਬਣਦੀ ਹੈ। ਨਾਵਲ ਵਿਚਲੀ ਪਿਆਰ ਕਹਾਣੀ ਭਾਵੇਂ ਕੁਝ ਗੈਰ ਯਥਾਰਥਕ ਲੱਗਦੀ ਹੈ ਪਰ ਇਸ ਵਿਚਲਾ ਕਹਾਣੀ ਰਸ ਇਸ ਦੀ ਪੜ੍ਹਨ ਯੋਗਤਾ ਨੂੰ ਬਣਾਈ ਰੱਖਦਾ ਹੈ।

**— ਨਿਰੰਜਣ ਬੋਹਾ**

## ਚੁੱਪ ਚਾਪ ਜੁਦਾ ਹੋਇਓਂ

**ਰਾਜ਼ ਗੁਰਦਾਸਪੁਰੀ**
(ਗ਼ਜ਼ਲ-ਸੰਗ੍ਰਹਿ)
**ਸਫੇ-104, ਮੁੱਲ-200 ਰੁਪਏ**
**ਸਹਿਜ ਪਬਲੀਕੇਸ਼ਨ, ਸਮਾਣਾ**

ਰਾਜ਼ ਗੁਰਦਾਸਪੁਰੀ, ਦੀਪਕ ਗ਼ਜ਼ਲ ਸਕੂਲ ਦਾ ਸਿੱਖਿਅਤ ਗ਼ਜ਼ਲਕਾਰ ਹੈ। ਇਸ ਕਰਕੇ ਉਹ ਗ਼ਜ਼ਲ-ਵਿਧਾਨ ਪ੍ਰਤੀ ਪੂਰੀ ਤਰ੍ਹਾਂ ਚੌਕੰਨਾ ਹੈ। ਕਾਵਿ-ਵਿਧਾ ਵਜੋਂ ਉਹ ਗ਼ਜ਼ਲ ਨੂੰ ਹੀ ਪੂਰੀ ਤਰ੍ਹਾਂ ਸਮਰਪਿਤ ਹੈ, ਤਦੇ ਇਸ ਗ਼ਜ਼ਲ-ਸੰਗ੍ਰਹਿ ਤੋਂ ਪਹਿਲਾਂ ਉਹ ਪੰਜ ਗ਼ਜ਼ਲ-ਸੰਗ੍ਰਹਿ ਪਾਠਕਾਂ ਅੱਗੇ ਪਰੋਸ ਚੁੱਕਾ ਹੈ। ਇਸ ਵਿਚਲੀ ਗ਼ਜ਼ਲਕਾਰੀ ਦੀ ਵਿਲੱਖਣਤਾ ਇਹ ਹੈ ਕਿ ਇਸ ਵਿਚ ਵੀ ਹਰ ਗ਼ਜ਼ਲ ਦੇ ਹਰ ਸ਼ਿਅਰ ਵਿਚ, ਉਹਦੇ ਪੂਰਬਲੇ ਗ਼ਜ਼ਲ-ਸੰਗ੍ਰਹਿ ‘ਤੇਰੇ ਜਾਣ ਪਿੱਛੋਂ’ ਵਾਂਙ ਬਹਿਰ ਮੁਤਕਾਰਿਬ ਮੁਸੰਮਨ ਸਾਲਮ ਵਿਚ, ਇਕੋ ਵਾਕੰਸ਼ ‘ਤੇਰੇ ਜਾਣ ਪਿੱਛੋਂ’ ਨੂੰ ਰਦੀਫ਼ ਵਜੋਂ ਵਰਤਿਆ ਗਿਆ ਹੈ। ਇਸ ਬਹਿਰ ਦੀ ਇਕ ਦਿੱਕਤ ਇਹ ਹੁੰਦੀ ਹੈ ਕਿ ਇਸ ਵਿਚ ਲਗਾਂ/ਹਰਫ਼ ਬਹੁਤ ਡਿਗਦੇ ਹਨ। ਕੋਈ ਪਰਬੀਨ ਗ਼ਜ਼ਲਕਾਰ ਹੀ ਇਸ ਮੁਸ਼ਕਲ ਤੋਂ ਬਚਦਾ ਹੈ। ਇਸ ਬਹਿਰ-ਨਿਭਾਈ ਵਿਚ ਰਾਜ਼ ਗੁਰਦਾਸਪੁਰੀ ਬੜੀ ਹੱਦ ਤੱਕ ਕਾਮਯਾਬ ਰਿਹਾ ਹੈ। ਸ਼ਾਇਰ ਨੇ ਪੁਸਤਕ ਆਪਣੀ ਮਰਹੂਮ ਪਤਨੀ ਨੂੰ ਉਹਦੀ ਯਾਦ ਵਿਚ ਸਮਰਪਿਤ ਕੀਤੀ ਹੈ। ਵਿਛੋੜੇ ਦਾ ਸੱਲ ਤੇ ਦਰਦ ਰਦੀਫ਼ ਤੋਂ ਹੀ ਜ਼ਾਹਰ ਹੋ ਜਾਂਦਾ ਹੈ। ਪਰ ਨੋਟ ਕਰਨ ਵਾਲੀ ਗੱਲ ਇਹ ਹੈ ਕਿ ‘ਤੇਰੇ ਜਾਣ ਪਿੱਛੋਂ’ ਰਦੀਫ਼ ਕਿਸੇ ਇਕ ਵਿਅਕਤੀ ਨੂੰ ਸੰਬੋਧਿਤ ਨਹੀਂ, ਸਗੋਂ ਵੱਖ-ਵੱਖ ਸੰਦਰਭਾਂ ਵਿਚ ਵੱਖ-ਵੱਖ ਵਿਅਕਤੀਆਂ ਨੂੰ ਸੰਬੋਧਿਤ ਹੈ। ਕਿਤੇ ਇਹ ਪਤਨੀ ਨੂੰ ਸੰਬੋਧਿਤ ਹੈ, ਕਿਤੇ ਦੋਸਤ ਨੂੰ, ਕਿਤੇ ਦੁਸ਼ਮਣ ਨੂੰ, ਕਿਤੇ ਮੁਕਾਬਲੇ ’ਤੇ ਆਏ ਵਿਅਕਤੀ ਨੂੰ, ਕਿਤੇ ਰਹਿਬਰ ਨੂੰ, ਕਿਤੇ ਰਾਹਜ਼ਨ/ਨੇਤਾ ਨੂੰ। ਹਰ ਸੰਬੋਧਨ ਵਿਚ ਟਾਰਗੈਟ ਦਾ ਖੇਤਰ ਬਦਲ ਜਾਂਦਾ ਹੈ ਤੇ ਰਦੀਫ਼ ਨਵੇਂ ਅਰਥਾਂ ਦਾ ਸੰਚਾਰ ਕਰਨ ਲੱਗ ਪੈਂਦੀ ਹੈ। ਕਈਆਂ ਸ਼ਿਅਰਾਂ ਵਿਚ ਇਸ ਰਦੀਫ਼ ਦੇ ਟਾਰਗੈਟ ਦੇ ਗੁੱਝੇ ਤੇ ਕਈ ਰੂਪ ਹੋ ਜਾਂਦੇ ਹਨ, ਜਿਵੇਂ ‘ਤਸੀਹੇ ਬੜੇ ‘ਰਾਜ਼’ ਦਿੱਤੇ ਨੇ ਲੋਕਾਂ/ਇਹ ਹਿੰਮਤ ਨਾ ਥਿੜਕੀ ਤੇਰੇ ਜਾਣ ਪਿੱਛੋਂ।’ ਏਥੇ ‘ਲੋਕਾਂ’ ਸ਼ਬਦ ਕਈ ਤਰ੍ਹਾਂ ਦੇ ਕਿਰਦਾਰਾਂ ਦੀ ਨਿਸ਼ਾਨਦੇਹੀ ਕਰਦਾ ਹੈ। ਇਸ ਤਰ੍ਹਾਂ ਇਹ ਰਦੀਫ਼ ਬਹੁਤ ਸਾਰੇ ‘ਕਹੇ-ਅਣਕਹੇ’ ਰਾਹੀਂ ਪਾਠਕ ਨਾਲ ਸੰਚਾਰ ਸਥਾਪਤ ਕਰਦੀ ਹੈ। ਇਸੇ ਦੇ ਰਾਹੀਂ ਗ਼ਜ਼ਲਕਾਰ ਵਿਅਕਤੀ ਤੋਂ ਪਰਵਾਰ, ਪਰਵਾਰ ਤੋਂ ਸੰਸਾਰ ਤੱਕ ਆਪਣੇ ਭਾਵਾਂ ਦਾ ਅਨੁਕੂਲਨ ਕਰਦਾ, ਆਪਣੇ ਕਲਾਵੇ ਵਿਚ ਆਏ ਸਭ ਤਰ੍ਹਾਂ ਦੇ ਸਰੋਕਾਰਾਂ ਨੂੰ ਕਾਵਿਕ ਜ਼ੁਬਾਨ ਦੇਂਦਾ ਹੈ। ਇਸੇ ਵਿਚ ਹੀ ਧਰਵਾਸ ਮਹਿਸੂਸ ਕਰਦਾ ਹੈ। ਇਹੀ ਇਸ ਰਦੀਫ਼ ਦੀ ਖ਼ੂਬੀ ਤੇ ਖ਼ੂਬਸੂਰਤੀ ਹੈ। ਜਿਵੇਂ ਕਿ ਅਜਿਹੇ ਤਜਰਬੇ ਵਿਚ ਹੋਣਾ ਹੀ ਸੀ, ਕਈ ਥਾਈਂ, ਰਦੀਫ਼ ਦਾ ਸ਼ਿਅਰ ਦੇ ਖ਼ਿਆਲ ਨਾਲ ਤਾਲਮੇਲ ਨਹੀਂ ਬੈਠਦਾ, ਤਾਂ ਵੀ ਗ਼ਜ਼ਲਕਾਰ ਆਪਣੇ ਨਿਆਰੇ ਯਤਨ ਵਿਚ ਕਾਮਯਾਬ ਹੈ ਤੇ ਵਧਾਈ ਦਾ ਪਾਤਰ ਹੈ।




**— ਸਰਬਜੀਤ ਸਿੰਘ ਸੰਧੂ**

# ਪੰਜਾਬੀ ਸਾਹਿਤ ਸਭਾ ਵੱਲੋਂ ਜਿੰਦਰ ਨਾਲ 'ਆਓ ਰਲ ਮਜਲਿਸ ਕਰੀਏ' ਤਹਿਤ ਸੰਵਾਦ

## ਸਾਹਿਤਕਾਰਾਂ ਨੂੰ ਹਰ ਤਰ੍ਹਾਂ ਦਾ ਸਾਹਿਤ ਪੜ੍ਹਨਾ ਚਾਹੀਦਾ ਹੈ : ਜਿੰਦਰ




**ਨਵੀਂ ਦਿੱਲੀ** : ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਵੱਲੋਂ ਪੰਜਾਬੀ ਭਵਨ (ਆਈ.ਟੀ.ਓ.) ਵਿਖੇ ਆਪਣੇ ਮਹੀਨੇਵਾਰ ਪ੍ਰੋਗਰਾਮ 'ਆਓ ਰਲ ਮਜਲਿਸ ਕਰੀਏ' ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਵਿੱਚ ਉੱਘੇ ਪੰਜਾਬੀ ਗਲਪਕਾਰ ਅਤੇ 'ਸ਼ਬਦ' ਮੈਗਜ਼ੀਨ ਦੇ ਸੰਪਾਦਕ ਜਿੰਦਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ, ਜਿਨ੍ਹਾਂ ਨਾਲ ਡਾ. ਵਨੀਤਾ ਵੱਲੋਂ ਸਾਰਥਿਕ ਸੰਵਾਦ ਰਚਾਇਆ ਗਿਆ। ਪ੍ਰੋਗਰਾਮ ਦੇ ਆਰੰਭ ਵਿੱਚ ਸਭਾ ਦੇ ਡਾਇਰੈਕਟਰ ਕੇਸਰਾ ਰਾਮ ਨੇ ਸਭਨਾਂ ਨੂੰ ਜੀ ਆਇਆਂ ਕਹਿੰਦਿਆਂ ਜਿੰਦਰ ਦੇ ਸਾਹਿਤਕ ਸਫ਼ਰ 'ਤੇ ਰੌਸ਼ਨੀ ਪਾਈ। ਉਨ੍ਹਾਂ ਦੱਸਿਆ ਕਿ ਜਿੰਦਰ ਦੇ ਹੁਣ ਤੱਕ ਸੱਤ ਕਹਾਣੀ ਸੰਗ੍ਰਹਿ, ਇੱਕ ਨਾਵਲ, ਸਫ਼ਰਨਾਮਾ, ਵਾਰਤਕ, ਅਨੁਵਾਦ ਤੇ ਸੰਪਾਦਨ ਸਮੇਤ ਕਈ ਮਹੱਤਵਪੂਰਨ ਪੁਸਤਕਾਂ ਛਪ ਚੁੱਕੀਆਂ ਹਨ। ਜ਼ਿਕਰਯੋਗ ਹੈ ਕਿ ਉਨ੍ਹਾਂ ਦੇ ਕਹਾਣੀ ਸੰਗ੍ਰਹਿ 'ਸੇਫ਼ਟੀ ਕਿੱਟ' ਨੂੰ ਸਾਲ 2025 ਦਾ ਸਾਹਿਤ ਅਕਾਦਮੀ ਪੁਰਸਕਾਰ ਅਤੇ ਵੱਕਾਰੀ ਢਾਹਾਂ ਪੁਰਸਕਾਰ ਮਿਲਣ ਦਾ ਮਾਣ ਹਾਸਲ ਹੈ। ਸਵਾਲ-ਜਵਾਬ ਦੇ ਸਿਲਸਿਲੇ ਦੌਰਾਨ ਜਿੰਦਰ ਨੇ ਆਪਣੀ ਲੇਖਣ ਪ੍ਰਕਿਰਿਆ ਬਾਰੇ ਗੱਲ ਕਰਦਿਆਂ ਕਿਹਾ ਕਿ ਉਹ ਯਥਾਰਥ ਅਤੇ ਕਲਪਨਾ ਤੋਂ ਪਾਰ ਜਾ ਕੇ ਮਨੁੱਖ ਦੇ ਅੰਦਰੂਨੀ ਮਨੋਭਾਵਾਂ ਨੂੰ ਫੜਨ ਦੀ ਕੋਸ਼ਿਸ਼ ਕਰਦੇ ਹਨ। ਜਸਵਿੰਦਰ ਕੌਰ ਬਿੰਦਰਾ ਦੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾ ਕਿਹਾ ਕਿ ਯਾਤਰਾਵਾਂ ਲੇਖਕ ਦੇ ਅਨੁਭਵ ਨੂੰ ਵਧੇਰੇ ਅਮੀਰ ਤੇ ਵਿਸ਼ਾਲ ਬਣਾਉਂਦੀਆਂ ਹਨ। ਡਾ. ਵਨੀਤਾ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਹਿਤਕਾਰਾਂ ਨੂੰ ਹਰ ਤਰ੍ਹਾਂ ਦਾ ਸਾਹਿਤ ਪੜ੍ਹਨਾ ਚਾਹੀਦਾ ਹੈ। ਉਨ੍ਹਾ ਮਹਾਂਭਾਰਤ ਵਰਗੇ ਮਹਾਕਾਵਿ, ਜੇ. ਕ੍ਰਿਸ਼ਨਾਮੂਰਤੀ, ਯੂ.ਆਰ. ਅਨੰਤਮੂਰਤੀ, ਸੁਧੀਰ ਕੱਕੜ ਆਦਿ ਦੀਆਂ ਲਿਖਤਾਂ ਦੇ ਹਵਾਲੇ ਨਾਲ ਪੜ੍ਹਨ ਦੀ ਮਹੱਤਤਾ ਬਾਰੇ ਆਪਣੀ ਗੱਲ ਰੱਖੀ।ਸਭਾ ਦੀ ਚੇਅਰਪਰਸਨ ਪ੍ਰੋ. ਰੇਣੁਕਾ ਸਿੰਘ ਨੇ ਮਨੋਵਿਗਿਆਨਕ ਪੱਖਾਂ ਬਾਰੇ ਚਰਚਾ ਕਰਦਿਆਂ ਆਪਣੇ ਅਧਿਆਪਕ ਰਹੇ ਸੁਧੀਰ ਕੱਕੜ ਦੇ ਨਾਵਲਾਂ ਵਿਚਲੀ 'ਸਾਈਕੀ' ਬਾਰੇ ਸਵਾਲ ਪੁੱਛਿਆ। ਉਨ੍ਹਾਂ ਨੇ ਜਿੰਦਰ ਅਤੇ ਸਮੂਹ ਹਾਜ਼ਰੀਨ ਦਾ ਇਸ ਮਜਲਿਸ ਦਾ ਹਿੱਸਾ ਬਣਨ ਲਈ ਧੰਨਵਾਦ ਕੀਤਾ।ਪ੍ਰੋਗਰਾਮ ਦੇ ਅੰਤ ਵਿੱਚ ਰਾਜੀਵ ਸੇਠ ਦਾ ਨਵਾਂ ਕਾਵਿ ਸੰਗ੍ਰਹਿ 'ਮੇਰੇ ਹਿੱਸੇ ਦਾ ਸੂਰਜ' ਪ੍ਰੋ. ਰੇਣੁਕਾ ਸਿੰਘ, ਜਿੰਦਰ, ਡਾ. ਵਨੀਤਾ, ਗਗਨ ਮੀਤ ਅਤੇ ਕੇਸਰਾ ਰਾਮ ਵੱਲੋਂ ਰਿਲੀਜ਼ ਕੀਤਾ ਗਿਆ।

# ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਲੇਖਕ ਨੂੰ ਸਮਾਜਿਕ ਜ਼ਿੰਮੇਵਾਰੀ ਨਿਭਾਉਣ ਦਾ ਸੱਦਾ



**ਲੁਧਿਆਣਾ** : ਪ੍ਰਗਤੀਸ਼ੀਲ ਲੇਖਕ ਸੰਘ, ਪੰਜਾਬ ਦੀ ਸੂਬਾ ਇਕਾਈ ਦੀ ਅਹਿਮ ਬੈਠਕ ਸੂਬਾਈ ਪ੍ਰਧਾਨ ਪ੍ਰੋ. ਸੁਰਜੀਤ ਜੱਜ ਦੀ ਅਗਵਾਈ ਵਿਚ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਈ। ਬੈਠਕ ਵਿਚ ਸੂਬਾ ਕਮੇਟੀ ਮੈਂਬਰਾਂ ਸਮੇਤ 17 ਜ਼ਿਲ੍ਹਾ ਇਕਾਈਆਂ ਦੇ 50 ਦੇ ਕਰੀਬ ਅਹੁਦੇਦਾਰਾਂ ਨੇ ਭਾਗ ਲਿਆ।ਮੀਟਿੰਗ ਵਿਚ ਵਿਚਾਰੇ ਗਏ ਅਹਿਮ ਮੁੱਦਿਆਂ ਦੀ ਜਾਣਕਾਰੀ ਦਿੰਦੇ ਹੋਏ ਸੂਬਾਈ ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਇਹ ਬੈਠਕ 11-12 ਅਪ੍ਰੈਲ ਨੂੰ ਮੁੰਬਈ ਵਿਚ ਹੋਈ ਰਾਸ਼ਟਰੀ ਪੱਧਰ ਦੀ ਬੈਠਕ ਅਤੇ ਕੌਮੀ ਸੰਮੇਲਨ ਦੇ ਫੈਸਲਿਆਂ ਦੇ ਵਿਸ਼ੇਸ਼ ਪ੍ਰਸੰਗ ਵਿਚ ਹੋਈ। ਇਸ ਰਾਸ਼ਟਰੀ ਸਮਾਗਮ ਦੇ ਹਵਾਲੇ ਨਾਲ ਰਾਸ਼ਟਰੀ ਜਨ. ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਕਿ ਅੱਜ ਜਦੋਂ ਤੀਜੇ ਵਿਸ਼ਵ ਯੁੱਧ ਦੀ ਸਾਫ਼ ਆਹਟ ਸੁਣਾਈ ਦੇ ਰਹੀ ਹੈ, ਬੋਲਣ ਦੀ ਆਜ਼ਾਦੀ ਨੂੰ ਵੱਡੇ ਖ਼ਤਰੇ ਹਨ, ਮਨੁੱਖੀ ਅਧਿਕਾਰਾਂ ਦਾ ਗੌਰਵ ਸੰਕਟ ਵਿਚ ਹੈ, ਅਜਿਹੇ ਦੌਰ ਵਿਚ ਸਾਡਾ ਲੇਖਕ ਜ਼ਿਆਦਾਤਰ ਸੰਵੇਦਨਹੀਣ ਹੈ ਅਤੇ ਆਪਣੀ ਸਮਾਜਿਕ ਜ਼ਿੰਮੇਵਾਰੀ ਤੋਂ ਪਲਾਇਨ ਕਰ ਰਿਹਾ ਹੈ। ਸੂਬਾਈ ਜਨਰਲ ਸਕੱਤਰ ਨੇ ਕਿਹਾ ਕਿ ਇਸ ਵੇਲੇ ਸਮੁੱਚੇ ਹਾਸ਼ੀਆਗਤ ਸਮਾਜ, ਔਰਤਾਂ ਅਤੇ ਨੌਜਵਾਨਾਂ ਨੂੰ ਵੱਡੇ ਪੱਧਰ 'ਤੇ ਨਾਲ ਜੋੜਨ ਦੀ ਜ਼ਰੂਰਤ ਹੈ ਅਤੇ ਪੰਜਾਬ ਦੀਆਂ ਅਗਾਂਹਵਧੂ ਧਿਰਾਂ ਨੂੰ ਸਿੱਖ ਦਰਸ਼ਨ ਦੇ ਲੋਕਪੱਖੀ ਫ਼ਲਸਫ਼ੇ ਨੂੰ ਤਵੱਜੋ ਦੇ ਕੇ ਲੋਕਾਂ ਦੇ ਬੁਨਿਆਦੀ ਮਸਲੇ ਉਠਾਉਣ ਦੀ ਜ਼ਰੂਰਤ ਹੈ। ਰਾਸ਼ਟਰੀ ਵਿੱਤ ਸਕੱਤਰ ਡਾ. ਸਰਬਜੀਤ ਸਿੰਘ ਨੇ ਕਿਹਾ ਕਿ ਭਾਰਤ ਵਿਚ ਇਸ ਵਕਤ ਲੋਕਰਾਜੀ ਕਦਰਾਂ-ਕੀਮਤਾਂ ਤੇ ਮਨੁੱਖਤਾ ਲਈ ਜ਼ਰੂਰੀ ਵਡੇਰੇ ਆਦਰਸ਼ਾਂ ਨੂੰ ਵੱਡੇ ਖਤਰੇ ਹਨ। ਇਨ੍ਹੀਂ ਦਿਨੀਂ ਪ੍ਰਲੈਸ ਨੂੰ ਭਗਤ ਰਵਿਦਾਸ ਜੀ ਦੀ ਰਚਨਾ ਅਤੇ ਉਹਨਾਂ ਦੇ ਲੋਕ ਕਲਿਆਨਕਾਰੀ ਮਾਡਲ ਨੂੰ ਵਧੇਰੇ ਪ੍ਰਚਾਰਨ-ਪ੍ਰਸਾਰਨ ਦੀ ਜ਼ਰੂਰਤ ਹੈ। ਉਹਨਾਂ ਲੇਖਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬੀ ਭਾਸ਼ਾ ਨੂੰ ਬਚਾਉਣ ਲਈ ਅੱਗੇ ਆਉਣ। ਪ੍ਰੋ. ਬਲਦੇਵ ਸਿੰਘ ਬੱਲੀ ਨੇ ਕਿਹਾ ਕਿ ਐਨ ਪੀ ਈ 2020 ਦੀਆਂ ਬਹੁਤ ਸਾਰੀਆਂ ਮੱਦਾਂ ਬਹੁਤ ਨੁਕਸਾਨਦੇਹ ਹਨ, ਇਹਨਾਂ ਉੱਪਰ ਹੋਰ ਨਿੱਠ ਕੇ ਚਿੰਤਨ ਕਰਨ ਦੀ ਜ਼ਰੂਰਤ ਹੈ। ਸ਼ਾਇਰ ਸ਼ਬਦੀਸ਼ ਨੇ ਕਿਹਾ ਕਿ ਅੱਜ ਦੇ ਦੌਰ ਵਿਚ ਫਾਸ਼ੀਵਾਦ ਦੇ ਖਿਲਾਫ਼ ਲੋਕਪੱਖੀ ਨੈਰੇਟਿਵ ਖੜ੍ਹਾ ਕਰਨ ਲਈ ਪ੍ਰਗਤੀਸ਼ੀਲ ਲੇਖਕ ਸੰਘ ਵਰਗੀਆਂ ਸੰਸਥਾਵਾਂ ਦੀ ਬੇਹੱਦ ਜ਼ਰੂਰਤ ਹੈ। ਇਸ ਮੀਟਿੰਗ ਵਿਚ ਵੱਖ-ਵੱਖ ਜ਼ਿਲ੍ਹਾ ਇਕਾਈਆਂ ਦੇ ਨੁਮਾਇੰਦਿਆਂ ਦੇ ਰੂਪ ਵਿਚ ਡਾ. ਗੁਲਜ਼ਾਰ ਸਿੰਘ ਪੰਧੇਰ (ਲੁਧਿਆਣਾ), ਜਸਪਾਲ ਮਾਨਖੇੜਾ (ਬਠਿੰਡਾ), ਸੰਤੋਖ ਸਿੰਘ ਸੁੱਖੀ (ਪਟਿਆਲਾ), ਹਰਮੀਤ ਵਿਦਿਆਰਥੀ (ਫਰੀਦਕੋਟ ਅਤੇ ਫਿਰੋਜ਼ਪੁਰ), ਕੁਲਦੀਪ ਚੌਹਾਨ (ਮਾਨਸਾ), ਡਾ. ਅਨੂਪ ਸਿੰਘ (ਗੁਰਦਾਸਪੁਰ), ਸੁਖਵਿੰਦਰ ਪੱਪੀ (ਸੰਗਰੂਰ), ਭਗਵੰਤ ਰਸੂਲਪੁਰੀ (ਜਲੰਧਰ), ਤਲਵਿੰਦਰ ਸ਼ੇਰਗਿਲ (ਨਵਾਂ ਸਹਿਰ), ਧਰਵਿੰਦਰ ਔਲਖ (ਅੰਮ੍ਰਿਤਸਰ), ਭੋਲਾ ਸਿੰਘ ਸੰਘੇੜਾ (ਬਰਨਾਲਾ), ਕਰਨੈਲ ਸਿੰਘ ਵਜ਼ੀਰਾਬਾਦ (ਫ਼ਤਹਿਗੜ੍ਹ ਸਾਹਿਬ), ਡਾ. ਗੁਰਮੇਲ ਸਿੰਘ (ਚੰਡੀਗੜ੍ਹ), ਗੁਰਪ੍ਰੀਤ ਸਿੰਘ (ਮੁਕਤਸਰ), ਡਾ. ਬਲਵਿੰਦਰ ਸਿੰਘ (ਮੁਹਾਲੀ), ਰਾਬਿੰਦਰ ਸਿੰਘ ਰੱਬੀ (ਰੋਪੜ) ਸਮੇਤ ਸੂਬਾ ਕਮੇਟੀ ਮੈਂਬਰ ਡਾ. ਅਰਵਿੰਦਰ ਕਾਕੜਾ, ਰਮੇਸ਼ ਯਾਦਵ ਤੇ ਤਰਸੇਮ ਅਤੇ ਹੋਰ ਮੈਂਬਰਾਂ ਵਿੱਚੋਂ ਸ਼ਬਦੀਸ਼, ਡਾ. ਚਰਨਦੀਪ ਸਿੰਘ, ਮਨਦੀਪ ਭਮਰਾ, ਵਰਗਿਸ ਸਲਾਮਤ, ਜਗਪਾਲ ਸਿੰਘ ਚਹਿਲ, ਬਲਵਿੰਦਰ ਸਿੰਘ ਭੱਟੀ, ਮੱਖਣ ਮਾਨ, ਇੰਦਰਜੀਤ ਪਾਲ ਕੌਰ, ਅਮਰਜੀਤ ਸ਼ੇਰਪੁਰੀ, ਹਰਜਿੰਦਰ ਸੂਰੇਵਾਲੀਆ, ਹਰਭਗਵਾਨ ਸ਼ਰਮਾ ਅਤੇ ਮਨਦੀਪ ਰਿੰਪੀ ਨੇ ਵੀ ਵੱਖ-ਵੱਖ ਮੁੱਦਿਆਂ 'ਤੇ ਵਿਚਾਰ ਰੱਖੇ। ਆਪਣੀ ਪ੍ਰਧਾਨਗੀ ਟਿੱਪਣੀ ਵਿਚ ਸੁਰਜੀਤ ਜੱਜ ਨੇ ਕਿਹਾ ਕਿ ਬੇਸ਼ੱਕ ਲੇਖਕ ਨੇ ਆਪਣੀ ਲੜਾਈ ਕਲਮ ਨਾਲ ਲੜਨੀ ਹੁੰਦੀ ਹੈ, ਫਿਰ ਵੀ ਜਦ ਹਾਲਤ ਬਹੁਤ ਸੰਕਟ ਭਰਪੂਰ ਹੋਣ ਤਾਂ ਲੇਖਕ ਨੂੰ ਸਿੱਧੀ ਲੜਾਈ ਲੜਨ ਵਾਲੇ ਸਮਾਜਿਕ ਸੰਘਰਸ਼ਾਂ ਵਿਚ ਵੀ ਸਾਥ ਦੇਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਹੁਣ ਪ੍ਰਗਤੀਸ਼ੀਲ ਲੇਖਕ ਸੰਘ ਖਟਕੜ ਕਲਾਂ ਸਮੇਤ ਪੰਜਾਬ ਦੀ ਇਨਕਲਾਬੀ ਵਿਰਾਸਤ ਵਾਲੀਆਂ ਥਾਵਾਂ 'ਤੇ ਲੱਗਣ ਵਾਲੇ ਮੇਲਿਆਂ ਵਿਚ ਆਪਣੇ ਸਮਾਗਮ ਕਰਵਾਏਗਾ ਤਾਂ ਜੋ ਸਿੱਧੇ ਤੌਰ 'ਤੇ ਲੋਕਾਂ ਦੇ ਨਾਲ ਜੁੜਿਆ ਜਾ ਸਕੇ। ਇਸ ਮੌਕੇ ਹੁਣੇ ਫੌਤ ਹੋਏ ਚਿੰਤਕ ਮਾਲਵਿੰਦਰਜੀਤ ਸਿੰਘ ਵੜੈਚ, ਕ੍ਰਿਸ਼ਨ ਬੇਤਾਬ ਅਤੇ ਡਾ. ਅਮਰ ਕੋਮਲ ਨੂੰ ਇਕ ਮਿੰਟ ਦਾ ਮੌਨ ਰੱਖ ਕੇ ਅਕੀਦਤ ਪੇਸ਼ ਕੀਤੀ। 'ਪਿੰਡੋ ਪਿੰਡੀ ਸਾਹਿਤ' ਮੁਹਿੰਮ ਨੂੰ ਹੋਰ ਵੱਡੇ ਪੱਧਰ 'ਤੇ ਲਾਗੂ ਕਰਨ ਦਾ ਮਤਾ ਵੀ ਪਾਸ ਕੀਤਾ।

# ਆਲਮ ਐਵਾਰਡ ਡਾ. ਰਾਜ ਕੁਮਾਰ ਹੰਸ ਨੂੰ



**ਜਲੰਧਰ** : ਮਾਨਵਵਾਦੀ ਰਚਨਾ ਮੰਚ (ਰਜਿ.) ਪੰਜਾਬ ਦੇ ਅਹੁਦੇਦਾਰਾਂ ਅਤੇ ਕਾਰਜਕਰਨੀ ਦੇ ਮੈਂਬਰਾਂ ਦੀ ਮੀਟਿੰਗ ਜਲੰਧਰ ਵਿਖੇ ਮੰਚ ਦੇ ਪ੍ਰਧਾਨ ਡਾ. ਕੇਵਲ ਸਿੰਘ ਪਰਵਾਨਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਫ਼ੈਸਲਾ ਲਿਆ ਗਿਆ ਕਿ 2026 ਦਾ 26 ਵਾਂ ਲੋਕ ਕਵੀ ਗੁਰਦਾਸ ਰਾਮ ਆਲਮ ਐਵਾਰਡ ਪ੍ਰਸਿੱਧ ਇਤਿਹਾਸਕਾਰ ਡਾ. ਰਾਜ ਕੁਮਾਰ ਹੰਸ ਨੂੰ ਦੇਣ ਦਾ ਫੈਸਲਾ ਲਿਆ ਗਿਆ । ਐਵਾਰਡ ਵਿਚ ਸ਼ਾਲ, ਮੋਮੈਂਟੋ ਤੇ ਨਕਦ ਰਾਸ਼ੀ ਦਿੱਤੀ ਜਾਵੇਗੀ। ਰਾਜ ਕੁਮਾਰ ਹੰਸ ਨੇ 1978 ਵਿੱਚ ਮਹਾਰਾਜਾ ਸਾਯਾਜੀਰਾਓ ਯੂਨੀਵਰਸਿਟੀ ਆਫ ਬੜੌਦਾ, ਗੁਜਰਾਤ ਤੋਂ ਪੀਐੱਚ. ਡੀ. ਕੀਤੀ ਤੇ ਬਾਅਦ ਵਿੱਚ ਇਸੇ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ 'ਚੋਂ ਪ੍ਰੋਫ਼ੈਸਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। ਡਾ. ਹੰਸ ਨੂੰ ਇੰਡੀਅਨ ਇੰਸਟੀਚਿਊਟ ਆਫ ਅਡਵਾਂਸਡ ਸਟੱਡੀ ਸ਼ਿਮਲਾ 'ਚ 2009 ਤੋਂ 11 ਤੱਕ 'ਪੰਜਾਬੀ ਦਲਿਤ ਸਾਹਿਤ ਦਾ ਇਤਿਹਾਸ' ਤੇ ਖੋਜ ਦਾ ਕੰਮ ਕਰਨ ਲਈ ਫੈਲੋਸ਼ਿਪ ਮਿਲੀ। ਭਾਈ ਜੈਤਾ ਤੇ ਸ੍ਰੀ ਗੁਰ ਕਥਾ, ਸੰਤ ਕਵੀ ਵਜ਼ੀਰ ਸਿੰਘ: ਸ਼ੀਹਰਫ਼ੀਆਂ, ਲੋਕ ਕਵੀ ਦਯਾ ਸਿੰਘ ਆਰਿਫ਼ ਤੇ ਦਲਿਤ ਇਤਿਹਾਸਕਾਰੀ ਨਾਲ ਸਬੰਧਤ ਉਨ੍ਹਾਂ ਦੇ ਖੋਜ ਪੇਪਰ ਕੌਮਾਂਤਰੀ ਜਰਨਲਾਂ ਵਿੱਚ ਛਪੇ। ਡਾ. ਹੰਸ ਦਾ ਸਾਰਾ ਖੋਜ ਦਾ ਕੰਮ ਅੰਗਰੇਜ਼ੀ ਵਿੱਚ ਛਪਿਆ। ਉਨ੍ਹਾਂ ਪੰਜਾਬੀ ਸਾਹਿਤ ਦੀ ਇਤਿਹਾਸਕਾਰੀ ਕਰਦਿਆਂ ਭਾਈ ਜੈਤਾ, ਕਵੀ ਵਜ਼ੀਰ ਸਿੰਘ ਤੇ ਦਯਾ ਸਿੰਘ ਆਰਿਫ਼ ਨੂੰ ਕੌਮਾਂਤਰੀ ਪੱਧਰ ਤੇ ਪਹਿਲੀ ਵਾਰ ਜਾਣੂ ਕਰਵਾਇਆ । ਪਿੱਛੇ ਜਿਹੀ ਡਾ. ਹੰਸ ਦੀ ਪੰਜਾਬੀ ਵਿੱਚ ਮੰਗਤ ਰਾਮ ਵੱਲੋਂ ਅਨੁਵਾਦ ਕੀਤੀ ਕਿਤਾਬ 'ਪੰਜਾਬ ਦੇ ਇਨਕਲਾਬ : ਸਿੱਖ ਅਤੇ ਦਲਿਤ ਸਾਹਿਤਕਾਰੀ' ਛਪੀ । ਡਾ. ਰਾਜ ਕੁਮਾਰ ਹੰਸ ਦੇ ਠੋਸ ਤੇ ਇਤਿਹਾਸਕ ਕਾਰਜ ਨੂੰ ਦੇਖਦਿਆਂ ਮਾਨਵਵਾਦੀ ਰਚਨਾ ਮੰਚ (ਰਜਿ.) ਵੱਲੋਂ ਉਨ੍ਹਾਂ ਨੂੰ 26 ਵਾਂ ਲੋਕ ਕਵੀ ਗੁਰਦਾਸ ਰਾਮ ਆਲਵ ਐਵਾਰਡ ਦੇਣ ਦਾ ਫੈਸਲਾ ਲਿਆ ਗਿਆ। ਮੰਚ ਦੇ ਪ੍ਰਧਾਨ ਡਾ. ਕੇਵਲ ਸਿੰਘ ਪਰਵਾਨਾ, ਜਰਨਲ ਸਕੱਤਰ ਮੱਖਣ ਮਾਨ ਤੇ ਪ੍ਰੈਸ ਸਕੱਤਰ ਭਗਵੰਤ ਰਸੂਲਪੁਰੀ ਨੇ ਦੱਸਿਆ ਕਿ ਇਹ ਸਮਾਗਮ ਜੁਲਾਈ ਦੇ ਅੰਤ ਵਿੱਚ ਜਲੰਧਰ ਵਿਖੇ ਕਰਵਾਇਆ ਜਾਵੇਗਾ। ਇਸ ਸਮਾਗਮ ਵਿੱਚ 'ਆਲਮ ਕਾਵਿ' ਦਾ ਨਵਾਂ ਸੰਸਕਰਨ ਵੀ ਰਲੀਜ਼ ਕੀਤਾ ਜਾਵੇਗਾ । ਹੰਸ ਹੁਰਾਂ ਦੀ ਪੰਜਾਬੀ ਵਿੱਚ ਛਪੀ ਕਿਤਾਬ ਤੇ ਵਿਚਾਰ ਚਰਚਾ ਵੀ ਕਰਵਾਈ ਜਾਵੇਗੀ ।

# ਸਾਹਿਤਕ ਪਿੜ ਨਡਾਲਾ ਦੀ ਮਾਸਿਕ ਇਕੱਤਰਤਾ



**ਨਡਾਲਾ** : ਸਾਹਿਤਕ ਪਿੜ ਨਡਾਲਾ ਦੀ ਮਾਸਿਕ ਇਕੱਤਰਤਾ ਬੀਤੇ ਦਿਨੀਂ ਵਾਲ਼ੀਆ ਹਸਪਤਾਲ ਦੇ ਸਾਹਿਤਕ ਭਵਨ ਵਿਖੇ ਪ੍ਰੋ. ਕੁਲਦੀਪ ਸਿੰਘ ਗਾਖ਼ਲ, ਕੁਲਦੀਪ ਸਿੰਘ ਰਤਨ ਤੇ ਡਾ. ਆਸਾ ਸਿੰਘ ਘੁੰਮਣ ਦੀ ਪ੍ਰਧਾਨਗੀ ਹੇਠ ਹੋਈ। ਮੰਚ ਸੰਚਾਲਨ ਕਹਾਣੀਕਾਰ ਡਾ. ਕਰਮਜੀਤ ਸਿੰਘ ਨਡਾਲਾ ਨੇ ਕੀਤਾ।ਇਸ ਮੌਕੇ ਰਚਨਾਵਾਂ ਦਾ ਦੌਰ ਹੋਇਆ।ਡਾ. ਆਸਾ ਸਿੰਘ ਘੁੰਮਣ ਹੁਰਾਂ ਨੇ ਰਵਿੰਦਰ ਨਾਥ ਟੈਗੋਰ ਦੀ ਜਨਮ ਸ਼ਤਾਬਦੀ ਤੇ ਸ਼ਾਨਦਾਰ ਲੈਕਚਰ ਕਰਕੇ ਮੰਤਰ ਮੁਗਧ ਕਰ ਦਿੱਤਾ। ਬਹੁਤ ਸਾਰੀਆਂ ਡੂੰਘਾਈ ਵਾਲੀਆਂ ਗੱਲਾਂ ਮਨ ਨੂੰ ਮੋਹ ਗਈਆਂ। ਇਸ ਉਪਰੰਤ ਮਲਕੀਤ ਸਿੰਘ ਪਾਪੀ, ਅਸ਼ੋਕ ਟਾਂਡੀ, ਬਲਦੇਵ ਸਿੰਘ ਪੱਡਾ, ਨਾਨਕ ਚੰਦ ਵਿਰਲੀ, ਪੋ. ਕੁਲਵਿੰਦਰ ਸਿੰਘ ਗਾਖ਼ਲ, ਰਤਨ ਸਿੰਘ ਸੰਧੂ, ਸੋਢੀ ਸੱਤੋਵਾਲੀ, ਹਰਪ੍ਰੀਤ ਸਿੰਘ ਸਾਹੀ ਤੇ ਦਲਜੀਤ ਸਿੰਘ ਮਹਿੰਮੀ ਨੇ ਰਚਨਾਵਾਂ ਸੁਣਾ ਕੇ ਰੰਗ ਬੰਨ੍ਹ ਦਿੱਤੇ।ਡਾ. ਕਰਮਜੀਤ ਸਿੰਘ ਨਡਾਲਾ ਨੇ ਵੀ ਆਪਣੀ ਕਹਾਣੀ ਸੁਣਾਈ ਤੇ ਆਏ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

# ਨਵਤੇਜ ਗੜ੍ਹਦੀਵਾਲਾ ਦੀ ਕਿਤਾਬ 'ਅੰਮ੍ਰਿਤ ਕਾਲ ਤੱਕ' ਦਾ ਲੋਕ-ਅਰਪਣ




**ਪਟਿਆਲਾ** : ਪੰਜਾਬੀ ਯੂਨੀਵਰਸਿਟੀ , ਪਟਿਆਲਾ ਵਿਖੇ ਡਾ. ਮੋਹਨ ਸਿੰਘ ਤਿਆਗੀ, ਡਾ. ਯੋਗਰਾਜ, ਦਰਸ਼ਨ ਬੁੱਟਰ, ਡਾ. ਅਰਵਿੰਦਰ ਕੌਰ ਕਾਕੜਾ,ਵਿਸ਼ਾਲ, ਬਲਦੇਵ ਸਿੰਘ ਬੱਲ੍ਹੀ, ਸੰਤੋਖ ਸੁੱਖੀ, ਤੇ ਹੋਰ ਵਿਦਵਾਨਾਂ ਵਲੋਂ ਨਵਤੇਜ ਗੜ੍ਹਦੀਵਾਲਾ ਦੇ ਕਾਵਿ-ਸੰਗ੍ਰਹਿ 'ਅੰਮ੍ਰਿਤ ਕਾਲ ਤੱਕ' ਦਾ ਦੂਜਾ ਸੰਸਕਰਨ ਲੋਕ-ਅਰਪਣ ਕੀਤਾ ਗਿਆ। ਇਸ ਮੌਕੇ ਉਚੇਚੇ ਤੌਰ 'ਤੇ ਬੋਲਦਿਆਂ ਡਾ. ਤਿਆਗੀ ਨੇ ਕਿਹਾ ਕਿ ਨਵਤੇਜ ਗੜ੍ਹਦੀਵਾਲਾ ਪੰਜਾਬੀ ਕਵਿਤਾ ਦਾ ਇੱਕ ਗਹਿਰ-ਗੰਭੀਰ ਸ਼ਾਇਰ ਹੈ।

# 'ਕਲਮ ਦੀ ਆਵਾਜ਼' ਦਾ ਲੋਕ ਅਰਪਣ



**ਬਰਨਾਲਾ**-ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਸਰੂਪ ਚੰਦ ਹਰੀਗੜ੍ਹ ਦੇ ਕਾਵਿ ਸੰਗ੍ਰਹਿ 'ਕਲਮ ਦੀ ਆਵਾਜ਼' ਦਾ ਲੋਕ ਅਰਪਣ ਕੀਤਾ ਗਿਆ। ਪੁਸਤਕ ਉਪਰ ਆਪਣੇ ਵਿਚਾਰ ਪੇਸ਼ ਕਰਦਿਆਂ ਸਭਾ ਦੇ ਪ੍ਰਧਾਨ ਡਾ. ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਸਰੂਪ ਚੰਦ ਹਰੀਗੜ੍ਹ ਦੀ ਕਵਿਤਾ ਚੇਤਨ ਮਨੁੱਖ ਨੂੰ ਹਲੂਣਦੀ ਆਸ਼ਾਵਾਦੀ ਕਵਿਤਾ ਹੈ, ਜੋ ਜਬਰ ਨਾਲ ਲੜਨ ਲਈ ਹਿੰਮਤ ਅਤੇ ਹੌਸਲਾ ਪੈਦਾ ਕਰਦੀ ਹੈ। ਜੁਗਰਾਜ ਧੌਲਾ ਨੇ ਕਿਹਾ ਕਿ ਸਰੂਪ ਚੰਦ ਹਰੀਗੜ੍ਹ ਨੇ ਭਖਦੇ ਮਸਲਿਆਂ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ। ਵਿਸ਼ੇ ਪੱਖ ਦੇ ਨਾਲ-ਨਾਲ ਰੂਪਕ ਪੱਖ ਤੋਂ ਵੀ ਕਵਿਤਾ ਖਰੀ ਉਤਰਦੀ ਹੈ। ਤੇਜਾ ਸਿੰਘ ਤਿਲਕ ਨੇ ਕਿਹਾ ਕਿ ਇਸ ਪੁਸਤਕ ਦੇ ਸਾਰੇ ਗੀਤ ਪੁਰਾਤਨ ਸੱਭਿਆਚਾਰ ਅਤੇ ਵਿਰਸੇ ਦੇ ਲਿਖਾਇਕ ਹਨ। ਉਪਰੰਤ ਰਾਮ ਸਰੂਪ ਰਿਖੀ ਦੇ ਨਾਵਲ 'ਮੈਂ ਪ੍ਰਚੰਡ ਭਵਾਨੀ' ਉੱਪਰ ਗੋਸ਼ਟੀ ਕਰਵਾਈ ਗਈ, ਜਿਸ ਉੱਪਰ ਪਰਚਾ ਪੜ੍ਹਦਿਆਂ ਪ੍ਰਿੰਸੀਪਲ ਪਰਮਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਇਸ ਨਾਵਲ ਦਾ ਕਥਾ ਪਟ ਵਰਤਮਾਨ ਸਮੇਂ ਦੇ ਵਰਤਾਰੇ ਵਿਸ਼ਵੀਕਰਨ ਉੱਪਰ ਕੇਂਦਰਿਤ ਹੈ। ਇਹ ਨਾਵਲ ਸਾਮਰਾਜ ਦੇ ਨਵੇਂ ਰੂਪ ਵਿਸ਼ਵੀਕਰਨ ਜਾਂ ਸੰਸਾਰੀਕਰਨ ਦੀਆਂ ਸਮਾਜਿਕ, ਆਰਥਿਕ ਅਤੇ ਰਾਜਨੀਤਕ ਤੌਰ 'ਤੇ ਖੋਖਲੀਆਂ ਹੋ ਚੁੱਕੀਆਂ ਨੀਤੀਆਂ ਦਾ ਕੱਚਾ ਚਿੱਠਾ ਪੇਸ਼ ਕਰਦਾ ਹੈ। ਦਲਜੀਤ ਸਿੰਘ ਸ਼ਾਹੀ ਨੇ ਕਿਹਾ ਕਿ ਇਹ ਨਾਵਲ ਜਮਾਤੀ ਚੇਤਨਾ ਅਤੇ ਸੰਘਰਸ਼ ਦਾ ਵਾਹਕ ਨਾਵਲ ਹੈ। ਨਾਵਲਕਾਰ ਦਰਸ਼ਨ ਸਿੰਘ ਗੁਰੂ, ਜਗਤਾਰ ਜਜ਼ੀਰਾ, ਸਨੇਹਇੰਦਰ ਸਿੰਘ ਮੀਲੂ, ਕਮਲਜੀਤ ਨੀਲੋਂ, ਰਾਮ ਸਰੂਪ ਸ਼ਰਮਾ, ਪਰਮਜੀਤ ਮਾਨ, ਸਾਦ ਮੁਹੰਮਦ ਭਦੌੜ, ਡਾ. ਅਮਨਦੀਪ ਸਿੰਘ ਟੱਲੇਵਾਲੀਆ, ਚਰਨਜੀਤ ਕੌਰ ਅਤੇ ਹਰਭਜਨ ਸਿੰਘ ਭੋਤਨਾ ਨੇ ਵੀ ਪੁਸਤਕਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ। ਉਪਰੰਤ ਹੋਏ ਕਵੀ ਦਰਬਾਰ ਵਿੱਚ ਹਾਜ਼ਰ ਸ਼ਾਇਰਾਂ ਨੇ ਕਵਿਤਾਵਾਂ ਪੜ੍ਹੀਆਂ।

# ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਵੱਲੋਂ ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ ਦੇ ਦੇਹਾਂਤ 'ਤੇ ਅਫ਼ਸੋਸ

**ਲੁਧਿਆਣਾ** : ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਅਹੁਦੇਦਾਰਾਂ, ਪ੍ਰਬੰਧਕੀ ਬੋਰਡ ਮੈਂਬਰਾਂ ਅਤੇ ਸਮੂਹ ਮੈਂਬਰਾਂ ਵੱਲੋਂ ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ ਦੇ ਵਿਛੋੜੇ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਗਿਆ। ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ ਦੇ ਦੇਹਾਂਤ 'ਤੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ ਜੰਗੇ ਆਜ਼ਾਦੀ ਦੇ ਤੱਥਮੂਲਕ ਇਤਿਹਾਸਕਾਰ ਤੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਵਿਚ ਲੰਮਾ ਸਮਾਂ ਹਿਊਮੈਨੇਟੀਜ਼ ਦੇ ਪ੍ਰੋਫ਼ੈਸਰ ਰਹੇ ਸਨ। ਪ੍ਰੋ. ਵੜੈਚ ਜੀ ਗ਼ਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ, ਸ਼ਹੀਦ ਭਗਤ ਸਿੰਘ ਦੇ ਮਾਤਾ ਵਿਦਿਆਵਤੀ, ਬਾਬਾ ਹਰੀ ਸਿੰਘ ਉਸਮਾਨ, ਬਾਬਾ ਅਰਜਨ ਸਿੰਘ ਜਗਰਾਉਂ, ਬਾਬਾ ਰੂੜ ਸਿੰਘ ਚੂਹੜਚੱਕ, ਬਾਬਾ ਪਾਲਾ ਸਿੰਘ ਢੁੱਡੀਕੇ, ਸ਼ਹੀਦ ਜਤਿਨ ਦਾਸ ਦੇ ਭਰਾ ਕਿਰਨ ਦਾਦਾ ਸਮੇਤ ਅਨੇਕਾਂ ਦੇਸ਼ ਭਗਤਾਂ ਦੀ ਸੰਗਤ ਮਾਣੀ। ਅਕਾਡਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਪਾਲ ਕੌਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ ਦੇ ਅਨੇਕਾਂ ਵਿਦਿਆਰਥੀ ਉੱਚ ਅਹੁਦਿਆਂ 'ਤੇ ਸੇਵਾਵਾਂ ਨਿਭਾਉਂਦੇ ਰਹੇ। ਉਨ੍ਹਾ ਦੀ ਅੰਤਿਮ ਇੱਛਾ ਅਨੁਸਾਰ ਉਨ੍ਹਾਂ ਦੀ ਮ੍ਰਿਤਕ ਦੇਹ ਪੀ.ਜੀ.ਆਈ. ਚੰਡੀਗੜ੍ਹ ਨੂੰ ਖੋਜ ਕਾਰਜਾਂ ਲਈ ਸੌਂਪ ਦਿੱਤੀ ਗਈ ਹੈ। ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਤੇ ਸਾਰੇ ਮੈਂਬਰਾਂ ਨੇ ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ ਦੇ ਸਦੀਵੀ ਵਿਛੋੜੇ 'ਤੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਜੰਗੇ ਆਜ਼ਾਦੀ ਦੇ ਇਤਿਹਾਸਕਾਰ ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ 1960 ਤੋਂ 1989 ਤੱਕ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਵਿਖੇ ਵਿਦਿਆਰਥੀਆਂ ਵਿੱਚ ਦੇਸ਼ ਭਗਤ ਵਿਰਸਾ ਚੇਤਨਾ, ਸਿਰਜਣਾਤਮਕ ਸੋਝੀ, ਖੇਡ ਸੱਭਿਆਚਾਰ, ਸਵੈ ਅਨੁਸ਼ਾਸਨ ਤੇ ਭਾਈਚਾਰਕ ਸ਼ਕਤੀ ਦੀ ਨਿਰੰਤਰ ਉਸਾਰੀ ਉਨ੍ਹਾਂ ਦਾ ਮੂਲ ਉਦੇਸ਼ ਰਿਹਾ।

# ਸੁਰਜੀਤ ਪਾਤਰ ਦੀ ਸ਼ਾਇਰੀ ਨੂੰ ਸਮਰਪਤ ਸੰਗੀਤਕ ਸ਼ਾਮ



**ਲੁਧਿਆਣਾ** : ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਅਤੇ ਆਰ ਕੇ ਗ਼ਜ਼ਲ ਟਾਈਮ ਵੱਲੋਂ ਪੰਜਾਬੀ ਭਵਨ, ਲੁਧਿਆਣਾ ਵਿੱਚ ਸੁਰਜੀਤ ਪਾਤਰ ਦੀ ਸ਼ਾਇਰੀ ਨੂੰ ਸਮਰਪਿਤ ਸੰਗੀਤਕ ਸ਼ਾਮ 'ਸ਼ਮਾਦਾਨ' ਦਾ ਆਯੋਜਨ ਕੀਤਾ ਗਿਆ। ਸੁਰਜੀਤ ਪਾਤਰ ਦੀ ਧਰਮ-ਪਤਨੀ ਸ੍ਰੀਮਤੀ ਭੁਪਿੰਦਰ ਕੌਰ ਪਾਤਰ, ਪਾਤਰ ਦੇ ਭਰਾ ਗ਼ਜ਼ਲ ਗਾਇਕ ਉਪਕਾਰ ਸਿੰਘ ਅਤੇ ਸਪੁੱਤਰ ਮਨਰਾਜ ਪਾਤਰ ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ। ਯਾਦ ਰਹੇ ਕਿ ਪਾਤਰ 11 ਮਈ ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਸਨ। ਇਸ ਮੌਕੇ ਭਾਸ਼ਾ ਵਿਭਾਗ ਪੰਜਾਬ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਤੇ ਉਨ੍ਹਾਂ ਦੀ ਧਰਮ ਪਤਨੀ ਵੀ ਸ਼ਾਮਲ ਹੋਏ। ਉਨ੍ਹਾਂ ਪ੍ਰਧਾਨਗੀ ਟਿੱਪਣੀ ਵਿੱਚ ਪਾਤਰ ਸਾਹਿਬ ਨਾਲ ਯਾਦਾਂ ਸਾਂਝੀਆਂ ਕਰਦਿਆਂ ਮਹਿਸੂਸ ਕੀਤਾ ਕਿ ਸਾਡੇ ਅੰਦਰੋਂ ਉਨ੍ਹਾਂ ਦੇ ਚਲੇ ਜਾਣ ਨਾਲ ਕੁਝ ਨਾ ਕੁਝ ਨਾਲ ਹੀ ਤੁਰ ਗਿਆ ਹੈ। ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਪੰਧੇਰ ਨੇ ਪਦਮਸ੍ਰੀ ਸੁਰਜੀਤ ਪਾਤਰ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਸ਼ਾਇਰੀ ਅਤੇ ਸ਼ਖ਼ਸੀਅਤ ਬਾਰੇ ਆਪਣੇ ਵਿਚਾਰ ਰੱਖੇ। ਮਨਰਾਜ ਪਾਤਰ ਨੇ ਉਪਕਾਰ ਸਿੰਘ, ਭੁਪਿੰਦਰ ਕੌਰ, ਜਸਪ੍ਰੀਤ ਕੌਰ, ਸੁਰਜੀਤ ਪਾਤਰ ਦੀ ਸ਼ਾਇਰੀ ਦਾ ਗਾਇਨ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਡਾ. ਰੇਨੂੰ ਵਰਮਾ ਵੱਲੋਂ ਨਿਭਾਈ ਗਈ। ਡਾ. ਗੁਰਇਕਬਾਲ ਸਿੰਘ ਨੇ ਅੰਤ ਵਿੱਚ ਤਹਿ ਦਿਲੋਂ ਧੰਨਵਾਦ ਕੀਤਾ।

# ਭਗਵਾਨ ਦਾਸ ਗੁਪਤਾ ਦਾ ਸਫ਼ਰਨਾਮਾ 'ਕਾਲਕਾ ਤੋਂ ਸ਼ਿਮਲਾ' ਦਾ ਲੋਕ-ਅਰਪਣ




**ਪਟਿਆਲਾ** : ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਭਾਸ਼ਾ ਵਿਭਾਗ, ਪਟਿਆਲਾ ਦੇ ਲੈਕਚਰ ਹਾਲ ਵਿਖੇ ਉੱਘੇ ਸਮਾਜ ਸੇਵਕ ਅਤੇ ਲੇਖਕ ਭਗਵਾਨ ਦਾਸ ਗੁਪਤਾ ਦੇ ਪਲੇਠੇ ਸਫ਼ਰਨਾਮੇ 'ਕਾਲਕਾ ਤੋਂ ਸ਼ਿਮਲਾ' ਦਾ ਲੋਕ-ਅਰਪਣ ਕੀਤਾ ਗਿਆ। ਡਾ. ਦਰਸ਼ਨ ਸਿੰਘ 'ਆਸ਼ਟ' ਨੇ ਪੁੱਜੇ ਲੇਖਕਾਂ ਅਤੇ ਸਰੋਤਿਆਂ ਦਾ ਸੁਆਗਤ ਕਰਦਿਆਂ ਕਿਹਾ ਕਿ ਲੇਖਕ ਇਲਾਕੇ ਦੀ ਬਹੁਪੱਖੀ ਵਾਕਫ਼ੀਅਤ ਕਰਵਾਉਂਦਾ ਹੈ । ਮੁਹੰਮਦ ਇਮਤਿਆਜ਼ ਦਾ ਕਹਿਣਾ ਸੀ ਕਿ ਪੰਜਾਬੀ ਸਾਹਿਤ ਸਭਾ ਪਟਿਆਲਾ ਵਰਗੀਆਂ ਸਭਾਵਾਂ ਦੇ ਸਾਂਝੇ ਪਲੇਟਫਾਰਮ 'ਤੇ ਵੱਡੀ ਗਿਣਤੀ ਵਿਚ ਸ਼ਾਮਲ ਹੁੰਦੇ ਲੇਖਕਾਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਸਮਾਜ ਦੇ ਹਿੱਤ ਵਿਚ ਹੁੰਦਾ ਹੈ। ਡਾ. ਭੁਪਿੰਦਰ ਸਿੰਘ ਬਰਾੜ, ਰਾਕੇਸ਼ ਕੁਮਾਰ ਸ਼ਰਮਾ, ਅਰਵਿੰਦਰ ਸਿੰਘ ਦਿਉਲ ਅਤੇ ਸੁਮਨ ਬੱਤਰਾ ਨੇ ਭਗਵਾਨ ਦਾਸ ਗੁਪਤਾ ਦੀ ਸ਼ਖ਼ਸੀਅਤ ਅਤੇ ਸਾਹਿਤ ਰਚਨਾ ਦੇ ਵੱਖ-ਵੱਖ ਪੱਖਾਂ ਨੂੰ ਬਾਖ਼ੂਬੀ ਉਭਾਰਿਆ। ਇਸ ਪੁਸਤਕ ਦੇ ਵੱਖ-ਵੱਖ ਬੁਲਾਰਿਆਂ ਵਜੋਂ ਪ੍ਰੇਮ ਲਤਾ ਗੁਪਤਾ, ਸਾਗਰ ਸੂਦ ਸੰਜੈ, ਦਵਿੰਦਰ ਪਟਿਆਲਵੀ, ਪ੍ਰਿੰ. ਸੰਜੀਵ ਕਾਲੀਆ, ਸੰਨੀ ਗੁਪਤਾ, ਬਲਬੀਰ ਸਿੰਘ ਦਿਲਦਾਰ, ਇੰਜੀ. ਪੱਲਵੀ ਗੁਪਤਾ, ਨਵਦੀਪ ਸਿੰਘ ਮੁੰਡੀ ਅਤੇ ਬਲਜੀਤ ਸਿੰਘ ਮੂਰਤੀਕਾਰ ਆਦਿ ਨੇ ਵੀ ਚਰਚਾ ਵਿਚ ਭਾਗ ਲਿਆ। ਸਮਾਗਮ ਵਿਚ ਹਾਜ਼ਰ ਸ਼ਾਇਰਾਂ ਨੇ ਮਾਂ ਦਿਵਸ ਸੰਬੰਧੀ ਕਵਿਤਾਵਾਂ ਪੜ੍ਹੀਆਂ। ਮੰਚ ਸੰਚਾਲਨ ਦੀ ਭੂਮਿਕਾ ਪਟਿਆਲਵੀ ਅਤੇ ਨਵਦੀਪ ਸਿੰਘ ਮੁੰਡੀ ਨੇ ਬਾਖ਼ੂਬੀ ਨਿਭਾਈ।

# ਪਾਠਕਾਂ ਦੇ ਝਰੋਖੇ 'ਚੋਂ

## ਦ੍ਰਿਸ਼ਟੀਕੋਣ

ਨਵਾਂ ਜ਼ਮਾਨਾ 'ਐਤਵਾਰਤਾ' ਵਿੱਚ ਜਤਿੰਦਰ ਪਨੂੰ ਦਾ 'ਦ੍ਰਿਸ਼ਟੀਕੋਣ' ਸਹੀ ਦਿਸ਼ਾ ਵੱਲ ਸੇਧਿਤ ਹੈ। ਖੱਬੀ ਲਹਿਰ ਨੂੰ ਸੰਬੋਧਿਤ ਹੈ।ਕਮਿਊਨਿਸਟ ਪਾਰਟੀਆਂ ਦੇ ਕੰਮਕਾਜ ਅਤੇ ਕਿਰਦਾਰ ਸੰਬੰਧੀ ਲਿਖਦਾ ਹੈ ਕਿ ਦੇਸ਼ ਖਾਤਿਰ ਲਾਮਿਸਾਲ ਕੁਰਬਾਨੀਆਂ ਦੇਣ ਵਾਲੀਆਂ ਪਾਰਟੀਆਂ ਕਿਸ ਤਰ੍ਹਾਂ ਨਿੱਕੇ-ਨਿੱਕੇ ਸਿਧਾਂਤਕ ਮੱਤਭੇਦਾਂ ਵਿੱਚ ਉਲਝ ਕੇ ਹਾਸ਼ੀਆਗ੍ਰਸਤ ਹੋ ਗਈਆਂ ਹਨ। ਇਕ-ਦੂਜੇ ਸਿਰ ਦੋਸ਼ ਲਾਉਂਦੇ ਹੋਏ ਆਪਣੇ ਅਸਲ ਨਿਸ਼ਾਨੇ ਤੋਂ ਥਿੜਕ ਗਏ।ਅਖੀਰ ਵਿੱਚ ਇਬਨੇ ਇਨਸਾਂ ਦੀ ਕਹਾਣੀ ਦੇ ਹਵਾਲੇ ਨਾਲ ਖੱਬੀਆਂ ਧਿਰਾਂ ਦੀ ਏਕਤਾ ਦਾ ਹੋਕਾ ਦਿੰਦੇ ਹਨ।

ਸੁਰਜੀਤ ਸੁਮਨ ਆਪਣੇ ਆਰਟੀਕਲ ਵਿੱਚ ਰਿਸ਼ਤਿਆਂ ਦੀ ਪਾਕ ਪਵਿੱਤਰ ਸਾਂਝ ਦਾ ਚਕਵਾ ਚਕਵੀ ਦੀ ਕਹਾਣੀ ਰਾਹੀਂ ਬਿਰਤਾਂਤ ਸਿਰਜਦਾ ਹੈ।ਪਾਠਕ ਪੜ੍ਹਦਾ-ਪੜ੍ਹਦਾ ਭਾਵੁਕ ਹੁੰਦਾ ਹੈ।ਵਿਗਿਆਨਕ ਧਾਰਨਾਵਾਂ ਤੇ ਤਰਕਸ਼ੀਲ ਪ੍ਰਵਚਨ ਸ਼੍ਰੋਮਣੀ ਸਾਹਿਤਕਾਰ ਅਤਰਜੀਤ ਹੁਰਾਂ ਦਾ ਸੇਧਮਈ ਲੇਖ ਹੈ, ਜਿਸ ਵਿੱਚ ਉਹਨਾਂ ਨੇ ਗੁਰਬਾਣੀ ਅਤੇ ਭਗਤਾਂ ਦੀ ਬਾਣੀ ਦੇ ਹਵਾਲੇ ਦੇ ਕੇ ਵਿਗਿਆਨਕ ਧਾਰਨਾਵਾਂ ਦੀ ਅਹਿਮੀਅਤ 'ਤੇ ਚਾਨਣਾ ਪਾਇਆ ਹੈ। ਰੂੜੀਵਾਦੀ ਗਿਆਨ ਨੂੰ ਨਕਾਰਿਆ ਹੈ।ਸਾਡੇ ਗੁਆਂਢ ਵਿਚ ਕਬਾੜ ਦੀ ਦੁਕਾਨ ਨੂੰ ਅੱਗ ਲੱਗ ਗਈ।ਫਾਇਰ ਬ੍ਰਿਗੇਡ ਦੀਆਂ ਦਸ ਬਾਰਾਂ ਗੱਡੀਆਂ ਨੇ ਅੱਗ 'ਤੇ ਕਾਬੂ ਪਾਇਆ।ਸਾਡੀ ਗੁਆਂਢਣ ਕਹਿੰਦੀ-ਸ਼ੁਕਰ ਹੈ ਰੱਬ ਨੇ ਅੱਗ ਬੁਝਾ ਦਿੱਤੀ ਹੈ। ਮੈਂ ਕਿਹਾ ਅੱਗ ਤਾਂ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ ਬੁਝਾਈ ਹੈ।ਰੱਬ ਕਿੱਥੋਂ ਆ ਗਿਆ।ਉਹ ਵਿੰਗਾ 'ਜਾ ਮੂੰਹ ਬਣਾਉਂਦੀ ਕਹਿੰਦੀ- ਅੰਕਲ ਜੀ ਤੁਸੀਂ ਤਾਂ ਹੋਰ ਹੀ ਗੱਲਾਂ ਕਰਦੇ ਹੋ।

ਮਨ ਮਾਨ ਦੀਆਂ ਗ਼ਜ਼ਲਾਂ ਬਾਕਮਾਲ ਅਤੇ ਅਰਥਭਰਪੂਰ ਹਨ। ਹਰ ਸ਼ਿਅਰ ਪੜ੍ਹਨ ਨਾਲ ਸਕੂਨ ਮਿਲਦਾ ਹੈ।

ਭੁਪਿੰਦਰ ਮਾਨ ਦਾ 'ਯਾਤਰਾ ਬਿਰਤਾਂਤ' ਦਿਲਚਸਪ ਅਤੇ ਜਾਣਕਾਰੀ ਭਰਪੂਰ ਹੈ। ਪੜ੍ਹਦੇ ਸਮੇਂ ਇਉਂ ਲਗਦਾ ਹੈ ਕਿ ਜਿਵੇਂ ਖ਼ੁਦ ਹੀ ਯਾਤਰਾ ਵਿੱਚ ਸ਼ਾਮਲ ਹੋਈਏ।

ਕਿਤਾਬਾਂ ਦੇ ਬਾਰੇ ਵਿਦਵਾਨ ਲੇਖਕਾਂ ਦੇ ਆਲੋਚਨਾਤਮਕ ਵਿਚਾਰ ਸੂਝ ਵਿੱਚ ਵਾਧਾ ਕਰਦੇ ਹਨ।ਨਵੀਆਂ ਪੁਸਤਕਾਂ ਸੰਬੰਧੀ ਜਾਣਕਾਰੀ ਮਿਲਦੀ ਹੈ।ਨਵਾਂ ਜ਼ਮਾਨਾ 'ਐਤਵਾਰਤਾ' ਦੀ ਹਰ ਹਫਤੇ ਬੇਸਬਰੀ ਨਾਲ ਉਡੀਕ ਰਹਿੰਦੀ ਹੈ।

— ਰਣਬੀਰ ਰਾਣਾ, ਬਠਿੰਡਾ

## ਸਰਮਾਏਦਾਰੀ ਵੱਲੋਂ ਕਿਰਤੀ ਮਜ਼ਦੂਰਾਂ ਦੇ ਸ਼ੋਸ਼ਣ ਦੀ ਚਰਚਾ

10 ਮਈ ਦੇ 'ਐਤਵਾਰਤਾ' ਵਿਚ ਮੁੱਖ ਪੰਨੇ 'ਤੇ ਬੂਟਾ ਸਿੰਘ ਮਹਿਮੂਦਪੁਰ ਨੇ ਸਰਮਾਏਦਾਰੀ ਵੱਲੋਂ ਕਿਰਤੀ ਮਜ਼ਦੂਰਾਂ ਦੇ ਸ਼ੋਸ਼ਣ ਦੀ ਚਰਚਾ ਕੀਤੀ ਹੈ ।ਸਰਕਾਰਾਂ ਵੱਲੋਂ ਮਜ਼ਦੂਰਾਂ ਦੇ ਕੰਮ ਦੇ ਘੰਟੇ ਵਧਾਉਣੇ, ਉਜਰਤਾਂ ਘੱਟ ਦੇਣੀਆਂ, ਸਰਾਸਰ ਧੱਕਾ ਹੈ।

ਭਗਵਾਂ ਹਕੂਮਤ ਨੇ ਕਦੇ ਵੀ ਕਿਰਤੀ ਵਰਗ ਦੀਆਂ ਮੁਸ਼ਕਲਾਂ ਵੱਲ ਧਿਆਨ ਨਹੀਂ ਦਿੱਤਾ ।ਮਾਨਯੋਗ ਉੱਚ ਅਦਾਲਤ ਵੱਲੋਂ ਨਿਸ਼ਚਿਤ ਕੀਤੀ ਉਜਰਤ ਕਿਸੇ ਵੀ ਨਿੱਜੀ ਅਦਾਰੇ ਵਿਚ ਜਾਂ ਫੈਕਟਰੀਆਂ ਵਿਚ ਨਹੀਂ ਦਿੱਤੀ ਜਾ ਰਹੀ। ਅੱਠ ਘੰਟੇ ਤੋਂ ਵੱਧ ਕੰਮ ਦਾ ਸਮਾਂ ਬਾਰਾਂ ਘੰਟੇ ਤੱਕ ਕਰਨਾ ਵੀ ਬਹੁਤ ਗਲਤ ਹੈ ।ਇਸੇ ਲਈ ਆਜ਼ਾਦੀ ਪਿੱਛੋਂ ਮਜ਼ਦੂਰ ਤੇ ਕਿਰਤੀ ਵਰਗ ਇਸ ਦੇਸ਼ ਵਿਚ ਬੇਚੈਨ ਹੈ। ਭੂਪਿੰਦਰ ਸਿੰਘ ਮਾਨ ਦੀ ਯਾਤਰਾ ਦਾ ਦੂਸਰਾ ਭਾਗ ਪੜ੍ਹਿਆ ।ਪਾਂਡਵ ਗੁਫਾਵਾਂ ਤੇ ਰਾਨੇਹ ਫਾਲ ਦੀ ਜਾਣਕਾਰੀ ਮਿਲੀ। ਕਿਸ਼ਤ ਲੰਮੀ ਜ਼ਿਆਦਾ ਹੈ। ਨਿੱਕੇ-ਨਿੱਕੇ ਪਲ ਯਾਤਰਾ ਦਾ ਹਿੱਸਾ ਬਣੇ ਹਨ। ਟੈਕਸੀ ਵਾਲੇ ਡਰਾਈਵਰ ਦਾ ਸੁਪਾਰੀ ਖਾਣਾ ਗਲਤ ਵਰਤਾਰਾ ਲੱਗਾ ।ਗਲਪਕਾਰ ਨਿੰਦਰ ਘੁਗਿਆਣਵੀ ਨੇ ਦੁਖਦੇ ਪੰਨੇ 'ਤੇ ਇਸ ਵਾਰੀ ਆਪਣੇ ਮਾਸੜ ਤੇ ਮਾਸੀ ਨੂੰ ਯਾਦ ਕੀਤਾ ਹੈ। ਪੁਰਾਣੇ ਵੇਲੇ ਇਹ ਰਿਸ਼ਤੇ ਮੁਹੱਬਤ ਦੇ ਹੁੰਦੇ ਸਨ। ਲੇਖਕ ਨੇ ਯਾਦਾ ਤਾਜ਼ਾ ਕੀਤੀ ਹੈ।

ਆਪਣੇ ਬਚਪਨ ਦੀ ਅਤਰਜੀਤ ਨੇ ਡਾਕਟਰਾਂ ਦਾ ਧੰਨਵਾਦ ਕੀਤਾ। ਵਿਗਿਆਨਕ ਨਜ਼ਰੀਆ ਅਪਨਾਉਣ ਦਾ ਕਿਹਾ ਹੈ। ਨਾਲ ਆਪਣੀ ਸਿਹਤ ਦਾ ਜ਼ਿਕਰ ਕੀਤਾ ਹੈ। ਪਿੱਛੇ ਜਿਹੇ ਮੈਂ ਵੀ ਡਾਕਟਰਾਂ ਦੀ ਬਦੌਲਤ ਬਿਮਾਰੀ 'ਚੋਂ ਨਿਕਲਿਆ ਹਾਂ। ਮੇਰੀ ਕਾਮਨਾ ਹੈ ਕਿ ਕਹਾਣੀਕਾਰ ਅਤਰਜੀਤ ਸਿਹਤਮੰਦ ਰਹਿਣ ਤੇ ਸਾਹਿਤ ਦੀ ਸੇਵਾ ਕਰਦੇ ਰਹਿਣ ।ਸੁਰਜੀਤ ਸੁਮਨ ਨੇ ਨਿੱਕੀਆਂ-ਨਿੱਕੀਆਂ ਘਟਨਾਵਾਂ (ਨਿੱਕ ਸੁੱਕ) ਨੂੰ ਅਧਾਰਿਤ ਕਈ ਗੱਲਾਂ ਪਤੇ ਦੀਆਂ ਕੀਤੀਆਂ ਹਨ। ਕਾਲਮ ਦਿਲਚਸਪ ਹੈ। ਖੱਬੀ ਲਹਿਰ ਬਾਰੇ ਦ੍ਰਿਸ਼ਟੀਕੋਣ ਦੇ ਵਿਚਾਰ ਪੜ੍ਹੇ ।ਦੇਸ਼ ਵਿਚ ਖੱਬੀ ਲਹਿਰ ਦੇ ਪੁਨਰ ਉਭਾਰ ਦੀ ਸਖਤ ਲੋੜ ਹੈ। ਭਗਵਾਂ ਸਿਆਸਤ ਦਾ ਸਹੀ ਜੁਆਬ ਖੱਬੇ ਪੱਖੀ ਦੇ ਸਕਣ ਦੇ ਯੋਗ ਵੀ ਹਨ, ਪਰ ਏਕਤਾ ਅਤੇ ਯੋਗ ਆਗੂ ਦੀ ਘਾਟ ਹੈ। ਜਤਿੰਦਰ ਹਾਂਸ ਦੇ ਨਵੇਂ ਕਹਾਣੀ ਸੰਗ੍ਰਹਿ ਤੇ ਸੰਤਵੀਰ ਦੇ ਨਾਵਲ ਬਾਰੇ ਜਾਣਕਾਰੀ ਮਿਲੀ ।

— ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

## ਪਾਠਕਾਂ ਲਈ

ਤੁਹਾਡੇ ਖ਼ਤਾਂ ਦਾ ਸਵਾਗਤ ਹੈ। ਖ਼ਤ ਤੇ ਮੈਟਰ ਸਾਨੂੰ ਹੇਠ ਲਿਖੀ ਈਮੇਲ 'ਤੇ ਭੇਜ ਸਕਦੇ ਹੋ।

atwartazamana@gmail.com

- ਸੰਪਾਦਕ

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਕਰਤਾਰ ਸਿੰਘ ਸਰਾਭਾ 'ਤੇ ਵਿਸ਼ੇਸ਼

ਯਾਤਰਾ ਬਿਰਤਾਂਤ-4 : ਭੁਪਿੰਦਰ ਸਿੰਘ ਮਾਨ

'ਸੁਪਨੇ ਗਵਾਹ ਨਹੀਂ ਹੁੰਦੇ' : ਸੰਦੀਪ ਸਮਰਾਲਾ (ਫੋਕਸ) ਡਾ. ਸੰਦੀਪ ਰਾਣਾ

ਦੀਪਕ ਧਲੇਵਾਂ ਦੀਆਂ ਗ਼ਜ਼ਲਾਂ ਤੇ ਹੋਰ ਬਹੁਤ ਕੁਝ

# ਸਮਕਾਲ

---- ਭਗਵੰਤ ਰਸੂਲਪੁਰੀ----

## ਤਾਸਮਨ : ਜਿੰਦਰ ਤੇ ਸਿਧਾਰਥ ਦੀਆਂ ਮੁਲਾਕਾਤਾਂ

ਤਾਸਮਨ ਦਾ ਨਵਾਂ ਅੰਕ-20 (ਮਈ-ਅਗਸਤ,2026) ਛਪ ਕੇ ਪੁੱਜਾ ਹੈ। ਪਰਚੇ ਦੇ ਸੰਪਾਦਕ ਸਤਪਾਲ ਭੀਖੀ ਹਨ। ਹੱਥਲੇ ਅੰਕ ਦੇ ਸਫ਼ੇ : 240 ਅਤੇ ਮੁੱਲ :150 ਰੁਪਏ ਹੈ। ਪਰਚੇ ਵਿੱਚ ਕਾਫੀ ਮਿਆਰੀ ਮੈਟਰ ਪੜ੍ਹਨ ਨੂੰ ਮਿਲ ਜਾਂਦਾ ਹੈ। 'ਜੀਵਨ ਅਤੇ ਜੰਗ' ਨਾਲ ਸਬੰਧਤ ਸੰਪਾਦਕੀ ਹੈ। ਆਰੰਭ ਵਿੱਚ ਪ੍ਰਸਿੱਧ ਨਾਵਲਕਾਰ ਤੇ ਸ਼ਾਇਰ ਮਨਮੋਹਨ ਨੂੰ ਵਿਸ਼ੇਸ਼ ਕਵੀ ਵਜੋਂ ਪੇਸ਼ ਕੀਤਾ ਗਿਆ ਹੈ। ਮਨਮੋਹਨ ਦੀਆਂ ਮਾਤਾ-ਪਿਤਾ ਸਬੰਧੀ ਪੁੱਤ ਦੇ ਸੂਖ਼ਮ ਅਹਿਸਾਸ ਬਿਆਨ ਕਰਨ ਵਾਲੀਆਂ ਕਵਿਤਾਵਾਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਅੱਗੇ ਸ਼ਮਸ਼ੇਰ ਮੋਹੀ, ਲੋਕ ਰਾਜ, ਵਿਸ਼ਾਲ, ਭੁਪਿੰਦਰ ਸੱਗੂ, ਗੁਰਪ੍ਰੀਤ ਕੌਰ, ਹਰਪਾਲ ਸੰਧਾਵਾਲੀਆ, ਹਰਸਿਮਰਤ ਕੌਰ, ਅਕਾਸ਼ਦੀਪ, ਕੁਲਵਿੰਦਰ ਵਿਰਕ, ਲੀਲਾਧਰ ਜਗੂੜੀ (ਅਨੁ. ਤਰਸੇਮ), ਆਦਿ ਦੀ ਸ਼ਾਇਰੀ ਹੈ। ਮਕਸੂਦ ਖ਼ਾਲਿਕ ਦੀ ਸ਼ਾਇਰੀ ਨੂੰ ਹਰਮੀਤ ਵਿਦਿਆਰਥੀ ਨੇ ਪੇਸ਼ ਕੀਤਾ ਹੈ। ਭਾਰਤੀ ਸਾਹਿਤ ਅਕੈਡਮੀ ਐਵਾਰਡ ਪ੍ਰਾਪਤ ਕਹਾਣੀਕਾਰ ਜਿੰਦਰ ਨਾਲ ਜਸਵਿੰਦਰ ਕੌਰ ਬਿੰਦਰਾ ਵੱਲੋਂ ਕੀਤੀ 22 ਪੰਨਿਆਂ ਦੀ ਲੰਮੀ ਮੁਲਾਕਾਤ ਛਪੀ ਹੈ। ਜਿਸ ਵਿੱਚ ਜਿੰਦਰ ਨੇ ਆਪਣੀ ਕਹਾਣੀ ਦੇ ਮਹੱਤਵਪੂਰਨ ਰਹੱਸਾਂ ਨੂੰ ਬਿਆਨ ਕੀਤਾ ਹੈ। ਦੂਜੀ ਅਹਿਮ ਮੁਲਾਕਾਤ ਪ੍ਰਸਿੱਧ ਚਿੱਤਰਕਾਰ ਸਿਧਾਰਥ ਨਾਲ ਕੀਤੀ ਹੈ 'ਸਿਧਾਰਥ ਕਥਾ ਕੋਈ ਆਦਿ ਜੁਗਾਦਿ' ਜਿਸ ਨੂੰ ਡਾ. ਪਰਮਜੀਤ ਕੱਟੂ ਨੇ ਕੀਤੀ ਹੈ। ਦੋਵੇਂ ਗੰਭੀਰ ਮੁਲਾਕਾਤਾ ਹਨ। ਅੰਕ ਵਿੱਚ ਕਿਰਪਾਲ ਕਜ਼ਾਕ ਦੀ ਨਵੀਂ ਕਹਾਣੀ 'ਮਈਅਤ' ਛਪੀ ਹੈ। ਅੱਗੇ ਬਲਵੰਤ ਫ਼ਰਵਾਲ਼ੀ (ਟਿਮਟਿਮਾਉਂਦੇ ਤਾਰਿਆ...), ਕੁਲਬੀਰ ਬਡੇਸਰੋਂ (ਵੱਡੇ ਲੋਕ), ਆਗ਼ਾਜ਼ ਬੀਰ (ਆਈਸਬਰਗ), ਰਮਨਦੀਪ ਵਿਰਕ (ਅਸਲੀ ਦਸਤਾਵੇਜ਼) ਚਾਰ ਹੋਰ ਚੰਗੀਆਂ ਕਹੀਆਂ ਜਾਣ ਵਾਲੀਆਂ ਕਹਾਣੀਆਂ ਛਪੀਆਂ ਹਨ। ਇਸ ਦੇ ਨਾਲ ਚਾਰ ਅਨੁਵਾਦ ਕਹਾਣੀਆਂ 'ਧਰਤੀ ਚੁੱਪ ਸੀ' (ਤਾਰਿਕ ਗੁੱਜਰ, ਅਨੁ. ਪਵਨ ਟਿੱਬਾ), ਬੁੱਧ ਦੀ ਸ਼ਾਮ (ਬਦਰੀਆ ਅਲ ਬਿਸ਼ਰ, ਲਿਪੀ. ਜੋਗਿੰਦਰਪਾਲ ਮਾਨ), ਤੂੰ ਕਿਉਂ ਕਿਹਾ ਸੀ ਮੈਂ ਸੁੰਦਰ ਹਾਂ (ਯਸ਼ਪਾਲ, ਅਨੁ. ਜੰਗ ਬਹਾਦੁਰ ਗੋਇਲ), ਚਿੱਠੀ ਆਈ ਹੈ (ਤਹਸੀਨ ਮੁਨੱਵਰ, ਅਨੁ. ਸੰਦੀਪ ਰਾਣਾ) ਵੀ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਸੁਧੀਰ ਵਿਦਿਆਰਥੀ ਵੱਲੋਂ ਪੇਸ਼ ਕੀਤੇ ਗਏ ਅਸ਼ਫਾਕ ਉੱਲਾ ਖ਼ਾਂ ਦੇ ਪੱਤਰ (ਪੱਤਰਾਂ ਦੇ ਆਈਨੇ ਵਿਚੋਂ' ਵੀ ਜਾਨਦਾਰ ਹਨ। ਅਗਲੇ ਪੰਨਿਆਂ ਉੱਤੇ ਪੰਜਾਬੀ ਜਾਸੂਸੀ ਨਾਵਲ ਦੀ ਸੀਕਰੇਟ ਫ਼ਾਈਲ (ਜਸਵੀਰ ਰਾਣਾ), ਇਕ ਕਾਮਰੇਡ ਦੋ ਨਾਵਲ ਅਤੇ ਸਮਕਾਲੀ ਸਵਾਲ (ਰਾਜਪਾਲ ਸਿੰਘ), ਕਈ ਦਹਾਕਿਆਂ ਬਾਅਦ ਪੰਜਾਬ ਫੇਰੀ (ਨਾਹਰ ਸਿੰਘ ਔਜਲਾ), ਤੈਨੂੰ ਸਾਹ ਆਉਂਦੇ (ਡਾ. ਜਸਵੰਤ ਰਾਏ), ਮੁਹੱਬਤ ਤੋਂ ਉਰ੍ਹੇ ਉਰ੍ਹੇ (ਗੁਰਮੀਤ ਕੜਿਆਲਵੀ), ਵੰਡਰਫੁਲ ਆਦਮੀ (ਮਨਜੀਤ ਪੁਰੀ), ਪੱਛਮੀ ਘਾਟਾਂ ਦੇ ਅੰਗ-ਸੰਗ (ਸੁਖਪਾਲ ਸਿੰਘ ਥਿੰਦ) ਆਦਿ ਦੀਆਂ ਲਿਖਤਾਂ ਵੀ ਪ੍ਰਕਾਸ਼ਤ ਹੋਈਆਂ ਹਨ। ਅੰਤਲੇ ਪੰਨਿਆਂ ਉੱਤੇ ਸੁਰਿੰਦਰ ਸ਼ਰਮਾ ਵੱਲੋਂ 'ਲਤੀਫ਼ੇ ਦੀ ਅੱਖ' ਨਾਲ ਕਿਤਾਬਾਂ ਦੀ ਜਾਣ ਪਛਾਣ ਵੀ ਛਾਪੀ ਗਈ ਹੈ। ਇਸ ਅੰਕ ਵਿੱਚ ਮਿਆਰੀ ਮੈਟਰ ਪੜ੍ਹਨ ਨੂੰ ਮਿਲ ਜਾਂਦਾ ਹੈ। ਸੰਪਾਦਕੀ ਅਮਲਾ ਪਰਚੇ ਤੇ ਕਾਫੀ ਮਿਹਨਤ ਕਰ ਰਿਹਾ ਹੈ। ਤਾਸਮਨ - ਐਮ. ਆਈ. ਜੀ. 578, ਫੇਜ਼-1, ਅਰਬਨ ਅਸਟੇਟ, ਪਟਿਆਲਾ-2 (ਸੰਪਰਕ 98761-55530,95172-44006) ਤੋਂ ਮੰਗਵਾਇਆ ਜਾ ਸਕਦਾ ਹੈ।




## ਲੋਅ : ਅਪਰੈਲ-ਜੂਨ, 2026

'ਲੋਅ' ਦੁਬਾਰਾ ਸ਼ੁਰੂ ਹੋਇਆ ਪਰਚਾ ਹੈ। ਪਰਚੇ ਦੇ ਸੰਪਾਦਕ ਹਰਮੀਤ ਆਰਟਿਸਟ ਹਨ। ਲੋਅ ਦੇ ਸਫ਼ੇ : 84 ਤੇ ਮੁੱਲ : 100 ਰੁਪਏ ਹੈ। ਹੱਥਲੇ ਅੰਕ ਦੀ ਸੰਪਾਦਕੀ 'ਚ ਪਰਮਿੰਦਰ ਸੋਢੀ ਨੇ 'ਸ਼ਾਂਤੀ ਲਈ ਦੁਆ' ਕੀਤੀ ਹੈ। ਅੰਕ ਵਿੱਚ ਬਲਵਿੰਦਰ ਸੰਧੂ, ਸਰਬਜੀਤ ਕੌਰ ਜੱਸ, ਜੋਗਿੰਦਰ ਨੂਰਮੀਤ, ਨੀਲੂ ਜਰਮਨੀ, ਦਰਸ਼ਪਾਲ, ਸੁਰਿੰਦਰ ਜੈਪਾਲ, ਛਿੰਦਰ ਕੌਰ ਸਿਰਸਾ, ਪਰਦੀਪ, ਸੁਰਖ਼ਾਬ, ਦੀਪਤੀ ਮਿਸ਼ਰਾ, ਰਾਣੀ ਸ਼ਰਮਾ, ਸਰਦਾਰ ਪੰਛੀ, ਸੁਖਜਿੰਦਰ ਸਿੰਘ ਭੰਗਚੜੀ, ਜਾਨੀ ਬੈਲਚ, ਉਮੈਰ ਨਜਮੀ ਦੀ ਸ਼ਾਇਰੀ ਛਪੀ ਹੈ। ਕਹਾਣੀਆਂ ਵਿੱਚ ਜਸਬੀਰ ਭੁੱਲਰ (ਕੀ ਦੇਵਾਂ ਤੁਹਫ਼ਾ ਨਾਨੇ ਨੂੰ), ਸਆਦਤ ਹਸਨ ਮੰਟੋ (ਫੌਜਾ ਹਰਾਮਦਾ), ਮਜ਼ਹਰ ਉਲ ਇਸਲਾਮ (ਧੁੱਪ ਦਾ ਬਨੇਰਾ) ਛਪੀਆਂ ਹਨ। ਡਾ. ਕੁਲਦੀਪ ਸਿੰਘ ਦੀਪ ਦਾ ਅਨਿਲ ਆਦਮ ਤੇ ਲੇਖ, ਡਾ. ਮਿਲਾਡਾ ਹੋਰਾਕੋਵਾ ਦਾ ਫਾਂਸੀ ਦੇ ਤਖ਼ਤੇ ਤੋਂ, ਤੇਜਿੰਦਰਪਾਲ ਕੌਰ ਮਾਨ ਦਾ ਮੇਰਾ ਉਦਾਸ ਮਨ, ਯੂਨੁਸ ਖ਼ਾਨ ਦਾ ਅਧੂਰਾ ਹੂੰ ਮੈਂ ਅਫ਼ਸਾਨਾ, ਡਾ. ਗੁਰਨਾਇਬ ਸਿੰਘ ਦਾ ਸਿਹਾਈ 'ਚ ਘੁਲ਼ੀਆਂ ਰੂਹਾਂ ਦੇ ਰੰਗ, ਮੀਨਾ ਮਹਿਰੋਕ ਨਾਲ ਹਰਮੀਤ ਆਰਟਿਸਟ ਦੀ ਮੁਲਾਕਾਤ ਤੇ ਮੁੜਿਆ ਹੋਇਆ ਵਰਕਾ, ਗੁਰਪ੍ਰੀਤ ਦਾ 'ਇਕ ਪਾਠਕ ਦੀ ਨੋਟ ਬੁੱਕ, ਅਰਵਿੰਦ ਓਝਾ ਦਾ ਕਲਾ ਦਾ ਅਰਥ, ਭੂਸ਼ਨ ਦਾ ਮਹਿੰਦਰ ਸਿੰਘ ਰੰਧਾਵਾ ਬਾਰੇ ਲੇਖ, ਪ੍ਰੋ. ਅਵਤਾਰ ਸਿੰਘ ਨਾਲ ਮੁਲਾਕਾਤ ਆਦਿ ਆਦਿ ਲਿਖਤਾਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ। ਸਾਹਿਤਕ ਪੱਤਰਕਾਰੀ ਵਿੱਚ 'ਲੋਅ' ਦਾ ਸਵਾਗਤ ਹੈ। ਲੋਅ 435, ਫਰੀਡਮ ਇੰਡਸਟਰੀ, ਫੋਕਲ ਪੁਆਇੰਟ, ਅੰਮ੍ਰਿਤਸਰ, (98760-82236) ਤੋਂ ਮੰਗਵਾਇਆ ਜਾ ਸਕਦਾ




## ਛਿਣ : ਅਪ੍ਰੈਲ-ਜੂਨ, 2026

ਛਿਣ ਦਾ ਨਵਾਂ ਅੰਕ ਛਪ ਕੇ ਪੁੱਜਾ ਹੈ। ਪਰਚੇ ਦੇ ਮੁੱਖ ਸੰਪਾਦਕ ਤ੍ਰਿਪਤ ਭੱਟੀ ਹਨ। ਨਵੇਂ ਅੰਕ ਦੇ ਸਫ਼ੇ : 38 ਤੇ ਮੁੱਲ : 20 ਰੁਪਏ ਹੈ। ਸੰਪਾਦਕੀ ਮਿੰਨੀ ਕਹਾਣੀ ਨੂੰ ਹੋਰ ਗੰਭੀਰਤਾ ਨਾਲ ਲੈਣ ਦਾ ਹੋਕਾ ਦਿੰਦੀ ਹੈ। ਹਰਜਿੰਦਰ ਪਾਲ ਕੌਰ ਕੰਗ ਤੇ ਹਰਭਜਨ ਸਿੰਘ ਖੇਮਕਰਨੀ ਦੀਆਂ ਵਿਸ਼ੇਸ਼ ਰਚਨਾਵਾਂ ਛਪੀਆਂ ਹਨ। 'ਸੱਜਰੀ ਪੈੜ' ਤਹਿਤ ਤ੍ਰਿਪਤ ਭੱਟੀ, ਨਵ ਸੰਗੀਤ ਸਿੰਘ, ਧਰਮ ਕੰਮੇਆਣਾ ਤੇ ਹੋਰ ਹਨ। ਡਾ. ਕਰਮਵੀਰ ਸਿੰਘ ਸੂਰੀ ਬਾਰੇ ਨਿਰੰਜਣ ਬੋਹਾ ਨੇ ਲਿਖਿਆ ਹੈ। ਕੁਲਵਿੰਦਰ ਮਲੋਟ ਦੀਆਂ 'ਨਕਸ਼' ਤਹਿਤ ਰਚਨਾਵਾਂ ਛਪੀਆਂ ਹਨ। ਜਗਦੀਸ਼ ਰਾਏ ਕੁਲਰੀਆਂ ਨੇ ਕੁਝ ਰਚਨਾਵਾਂ ਦਾ ਅਨੁਵਾਦ ਕੀਤਾ ਹੈ। ਅੰਤ ਵਿੱਚ ਮਿੰਨੀ ਕਹਾਣੀਆਂ ਤੇ ਆਲੋਚਨਾ ਲੇਖ ਹਨ। 'ਛਿਣ' ਰਸਾਲਾ ਮਿੰਨੀ ਕਹਾਣੀ ਪ੍ਰਤੀ ਬਹੁਤ ਗੰਭੀਰਤਾ ਨਾਲ ਗੱਲ ਕਰ ਰਿਹਾ ਹੈ। ਛਿਣ ਪਤਾ 63-ਏ, ਗਲੀ ਨੰ. 3, ਆਨੰਦ ਨਗਰ ਏ, ਝਿਲ ਰੋਡ, ਪਟਿਆਲਾ, (62839-76369) ਤੋਂ ਮੰਗਵਾਇਆ ਜਾ ਸਕਦਾ ਹੈ।




## Frosty Lanes by Harpreet Sekha

ਹਰਪ੍ਰੀਤ ਸੇਖਾ ਪੰਜਾਬੀ ਦਾ ਪ੍ਰਸਿੱਧ ਕਥਾਕਾਰ ਹੈ। ਉਸ ਨੇ ਪਿਛੇ ਜਿਹੇ ਪੰਜਾਬੀ ਵਿੱਚ ਇਕ ਨਾਵਲ ਲਿਖਿਆ ਸੀ 'ਹਨੇਰੇ ਰਾਹ' ਜਿਸ ਵਿੱਚ ਪਰਵਾਸ ਦੇ ਜੀਵਨ ਵਿੱਚ ਇਕ ਮਨੁੱਖ ਨੂੰ ਆਉਂਦੀਆਂ ਦੁਸ਼ਵਾਰੀਆਂ ਦਾ ਵਰਨਣ ਕੀਤਾ ਗਿਆ ਸੀ। ਹੁਣ ਇਹ ਨਾਵਲ Frosty Lanes ਟਾਇਟਲ ਹੇਠ ਪ੍ਰਕਾਸ਼ਤ ਹੋਇਆ ਹੈ। ਨਵਾਂ ਪਰਵਾਸੀ ਬੰਦਾ ਕਿਵੇਂ ਕੈਨੇਡਾ ਵਿੱਚ ਆ ਕੇ ਮੁਸ਼ਕਲਾਂ ਵਿੱਚ ਘਿਰ ਜਾਂਦਾ ਹੈ ਅਤੇ ਉਸ ਨੂੰ ਕਿਵੇਂ ਉਥੋਂ ਦਾ ਸਿਸਟਮ ਤੰਗ ਕਰਦਾ ਹੈ। ਨਾਵਲ ਵਿੱਚ ਇਹ ਮਹੱਤਵਪੂਰਨ ਮੁੱਦੇ ਉਭਾਰੇ ਗਏ ਹਨ। ਇਸ ਨਾਵਲ ਦੀ ਕਾਫੀ ਚਰਚਾ ਵੀ ਹੋਈ। ਹੁਣ ਇਸ ਨਾਵਲ ਨੂੰ ਡਾ. ਅਕਾਲ ਅੰਮ੍ਰਿਤ ਕੌਰ ਤੇ ਇੰਦਰਪਾਲ ਕੌਰ ਨੇ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਹੈ। ਅੰਗਰੇਜ਼ੀ ਵਿੱਚ ਨਾਵਲ ਦੀ ਕੀਮਤ : 280 ਰੁਪਏ ਤੇ ਸਫ਼ੇ : 180 ਹਨ। ਜਿਸ ਨੂੰ ਗੀਥਿੰਕ ਬੁੱਕਸ ਨੇ ਪ੍ਰਕਾਸ਼ਤ ਕੀਤਾ ਹੈ। ਕੈਨੇਡਾ ਵਿੱਚ ਇਸ ਨਾਵਲ ਦੇ ਚਾਰ ਪੰਜ ਗੰਭੀਰ ਕਿਸਮ ਦੇ ਰੀਵਿਊ ਇੰਗਲਿਸ਼ ਦੇ ਵੱਡੇ ਲੇਖਕਾਂ, ਮੀਡੀਏ ਨਾਲ ਜੁੜੇ ਚਿੰਤਕਾਂ ਤੇ ਵਿਦਵਾਨਾਂ ਨੇ ਕੀਤੇ ਹਨ। ਨਾਵਲ ਵਿੱਚ ਹਰਪ੍ਰੀਤ ਸੇਖਾ ਨੇ ਜ਼ਮੀਨੀ ਪੱਧਰ ਦੇ ਯਥਾਰਥ ਨੂੰ ਵੀ ਪੇਸ਼ ਕੀਤਾ ਹੈ। ਨਾਵਲ ਕੱਚੇ ਪਰਵਾਸੀ ਕਾਮਿਆਂ ਨੂੰ ਆਉਂਦੀਆਂ ਸਮੱਸਿਆਵਾਂ ਬਿਆਨ ਕਰਦਾ ਹੈ। ਨਾਵਲ ਦੇ ਸੰਦਰਭ ਵਿੱਚ ਕੈਨੇਡਾ ਦੇ ਇਮੀਗ੍ਰੇਸ਼ਨ ਸਿਸਟਮ ਵੱਲੋਂ ਸ਼ੁਰੂ ਕੀਤੇ ਟੈਂਪਰੇਰੀ ਫੌਰਨ ਵਰਕਰ ਪ੍ਰੋਗਰਾਮ ਦਾ ਵਿਸ਼ਲੇਸ਼ਣ ਵੀ ਹੋਣਾ ਸ਼ੁਰੂ ਹੋ ਗਿਆ ਹੈ।





# ਮਹਿੰਦਰ ਸਿੰਘ ਮਾਨ ਦੀਆਂ ਮਿੰਨੀ ਕਹਾਣੀਆਂ

## ਬੰਦਾ ਹੀ ਬੰਦੇ ਦਾ ਦਾਰੂ ਆ

ਪਰਵਿੰਦਰ ਸਿੰਘ ਦੀ ਵੱਡੀ ਭੈਣ ਨੂੰ ਕੁੱਝ ਮਹੀਨਿਆਂ ਤੋਂ ਧੁੰਦਲਾ ਦਿਖਾਈ ਦੇ ਰਿਹਾ ਸੀ। ਅੱਖਾਂ ਚੈੱਕ ਕਰਵਾਉਣ ਤੋਂ ਪਤਾ ਲੱਗਾ ਕਿ ਉਸ ਦੀਆਂ ਦੋਵਾਂ ਅੱਖਾਂ ਵਿੱਚ ਚਿੱਟਾ ਮੋਤੀਆ ਉੱਤਰ ਆਇਆ ਸੀ।

ਕੱਲ੍ਹ ਉਸ ਨੇ ਜਲੰਧਰ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਆਪਣੀ ਇੱਕ ਅੱਖ ਦਾ ਅਪਰੇਸ਼ਨ ਕਰਵਾ ਲਿਆ ਸੀ। ਅੱਜ ਪਰਵਿੰਦਰ ਸਿੰਘ ਆਪਣੇ ਦੋਸਤ ਰਵੀ ਨਾਲ ਉਸ ਦੀ ਖਬਰ ਲੈਣ ਲਈ ਜਲੰਧਰ ਉਸ ਦੇ ਸਹੁਰੇ ਘਰ ਆਇਆ ਹੋਇਆ ਸੀ।

ਉਸ ਦੀ ਖਬਰ ਲੈ ਕੇ ਤੇ ਚਾਹ-ਪਾਣੀ ਪੀ ਕੇ ਪਰਵਿੰਦਰ ਸਿੰਘ ਆਪਣੇ ਦੋਸਤ ਨਾਲ ਆਪਣੀ ਗੱਡੀ ਵਿੱਚ ਵਾਪਸ ਆਪਣੇ ਪਿੰਡ ਨੂੰ ਚੱਲ ਪਿਆ। ਜਦੋਂ ਦੋਵੇਂ ਬਹਿਰਾਮ ਦੇ ਲਾਗੇ ਪਹੁੰਚੇ ਤਾਂ ਉਨ੍ਹਾਂ ਨੇ ਦੇਖਿਆ ਕਿ ਇੱਕ ਸਕੂਟਰ ਸਵਾਰ ਸੜਕ ਦੇ ਇੱਕ ਪਾਸੇ ਡਿੱਗਿਆ ਪਿਆ ਸੀ। ਆਪਣੇ ਦੋਸਤ ਦੇ ਕਹਿਣ ’ਤੇ ਪਰਵਿੰਦਰ ਸਿੰਘ ਨੇ ਗੱਡੀ ਰੋਕ ਲਈ। ਗੱਡੀ ਤੋਂ ਉੱਤਰ ਕੇ ਉਨ੍ਹਾਂ ਦੇਖਿਆ ਕਿ ਸਕੂਟਰ ਸਵਾਰ ਦਾ ਸਕੂਟਰ ਬਿਜਲੀ ਦੇ ਖੰਭੇ ਵਿੱਚ ਵੱਜ ਗਿਆ ਸੀ ਅਤੇ ਡਿੱਗ ਪਿਆ ਸੀ। ਉਨ੍ਹਾਂ ਨੇ ਉਸ ਨੂੰ ਹਿਲਾ-ਜੁਲਾ ਕੇ ਦੇਖਿਆ, ਉਹ ਬੇਸੁਰਤ ਸੀ। ਪਤਾ ਨਹੀਂ ਉਸ ਦੇ ਸੱਟਾਂ ਕਿੱਥੇ-ਕਿੱਥੇ ਲੱਗੀਆਂ ਸਨ। ਜਦੋਂ ਉਸ ਦੀ ਜੇਬ ’ਚੋਂ ਬਟੂਆ ਕੱਢ ਕੇ ਫਰੋਲਿਆ ਤਾਂ ਉਸ ਵਿੱਚੋਂ ਆਧਾਰ ਕਾਰਡ ਮਿਲਿਆ। ਆਧਾਰ ਕਾਰਡ ਤੋਂ ਪਤਾ ਲੱਗਾ ਕਿ ਉਸ ਦਾ ਨਾਂਅ ਅਜਮੇਰ ਸਿੰਘ ਸੀ ਤੇ ਪਿਤਾ ਦਾ ਨਾਂਅ ਝਲਮਣ ਸਿੰਘ ਸੀ। ਉਹ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਬੜਵਾ ਦਾ ਵਸਨੀਕ ਸੀ। ਉਨ੍ਹਾਂ ਨੇ ਉਸ ਨੂੰ ਚੁੱਕ ਕੇ ਆਪਣੀ ਗੱਡੀ ਵਿੱਚ ਪਾ ਲਿਆ ਤੇ ਨਵਾਂ ਸ਼ਹਿਰ ਦੇ ਰਾਜਾ ਹਸਪਤਾਲ ਵਿੱਚ ਪਹੁੰਚ ਗਏ। ਮੁੱਢਲੀ ਪੁੱਛਗਿੱਛ ਪਿੱਛੋਂ ਉਸ ਨੂੰ ਇਲਾਜ ਲਈ ਦਾਖਲ ਕਰ ਲਿਆ ਗਿਆ।

ਪਰਵਿੰਦਰ ਸਿੰਘ ਨੇ ਆਪਣੀ ਭਘੌਰਾਂ ਵਾਲੀ ਮਾਸੀ ਦੇ ਮੁੰਡੇ ਨੂੰ ਫੋਨ ਕਰਕੇ ਆਖਿਆ, ‘ਜੀਤੇ ਤੂੰ ਛੇਤੀ ਨਾਲ ਬੜਵੇ ਝਲਮਣ ਸਿੰਘ ਦੇ ਘਰ ਜਾ ਕੇ ਆ। ਉਸ ਦੇ ਮੁੰਡੇ ਅਜਮੇਰ ਸਿੰਘ ਦਾ ਬਹਿਰਾਮ ਦੇ ਲਾਗੇ ਸਕੂਟਰ ਬਿਜਲੀ ਦੇ ਖੰਭੇ ਵਿੱਚ ਵੱਜ ਗਿਆ ਆ ਤੇ ਉਸ ਦੇ ਗੁੱਝੀਆਂ ਸੱਟਾਂ ਲੱਗ ਗਈਆਂ ਆਂ। ਮੈਂ ਤੇ ਮੇਰੇ ਦੋਸਤ ਨੇ ਉਸ ਨੂੰ ਨਵਾਂ ਸ਼ਹਿਰ ਦੇ ਰਾਜਾ ਹਸਪਤਾਲ ’ਚ ਦਾਖਲ ਕਰਾ ਦਿੱਤਾ ਆ। ਅਸੀਂ ਉਸ ਦੇ ਘਰਦਿਆਂ ਦੇ ਆਣ ਪਿੱਛੋਂ ਹੀ ਹਸਪਤਾਲ ’ਚੋਂ ਜਾ ਸਕਦੇ ਆਂ। ਜੀਤੇ ਇਹ ਪੁੰਨ ਦਾ ਕੰਮ ਤੂੰ ਜ਼ਰੂਰ ਕਰ ਦੇ।’

ਜੀਤੇ ਨੇ ਕੋਈ ਨਾਂਹ-ਨੁੱਕਰ ਨਾ ਕੀਤੀ। ਜੀਤੇ ਦੇ ਬੜਵੇ ਪਹੁੰਚ ਕੇ ਸੁਨੇਹਾ ਦੇਣ ਪਿੱਛੋਂ ਅੱਧੇ ਘੰਟੇ ਵਿੱਚ ਅਜਮੇਰ ਸਿੰਘ ਦੀ ਪਤਨੀ ਤੇ ਉਸ ਦਾ ਪੁੱਤਰ ਰਾਜਾ ਹਸਪਤਾਲ ਪਹੁੰਚ ਗਏ। ਅਜਮੇਰ ਸਿੰਘ ਨੂੰ ਬੇਸੁਰਤ ਹੋਇਆ ਦੇਖ ਕੇ ਉਸ ਦੀ ਪਤਨੀ ਦੇ ਹੰਝੂ ਨਹੀਂ ਰੁਕ ਰਹੇ ਸਨ। ਫਿਰ ਵੀ ਉਹ ਹੌਸਲਾ ਕਰਕੇ ਬੋਲੀ, ‘ਭਾ ਜੀ, ਤੁਹਾਡਾ ਬਹੁਤ-ਬਹੁਤ ਧੰਨਵਾਦ। ਤੁਸੀਂ ਸਮੇਂ ਸਿਰ ਇਨ੍ਹਾਂ ਨੂੰ ਚੁੱਕ ਕੇ ਹਸਪਤਾਲ ਲੈ ਆਏ। ਲੱਗੀਆਂ ਸੱਟਾਂ ਸਮਾਂ ਪਾ ਕੇ ਠੀਕ ਹੋ ਜਾਣਗੀਆਂ। ਸਾਡਾ ਪਰਵਾਰ ਤੁਹਾਡਾ ਇਹ ਅਹਿਸਾਨ ਕਦੇ ਨਹੀਂ ਭੁਲਾਏਗਾ।’

‘ਭੈਣ ਜੀ, ਅਹਿਸਾਨ ਵਾਲੀ ਕੋਈ ਗੱਲ ਨਹੀਂ। ਬੰਦਾ ਹੀ ਬੰਦੇ ਦਾ ਦਾਰੂ ਆ। ਜੇ ਬੰਦਾ ਮੁਸੀਬਤ ਵੇਲੇ ਕੰਮ ਨਾ ਆਇਆ, ਫੇਰ ਬੰਦਾ ਬਣਨ ਦਾ ਕੀ ਫਾਇਦਾ? ਹੁਣ ਅਸੀਂ ਚੱਲਦੇ ਆਂ। ਕਿਸੇ ਦਿਨ ਫੇਰ ਆਵਾਂਗੇ।’ ਏਨਾ ਕਹਿ ਕੇ ਪਰਵਿੰਦਰ ਸਿੰਘ ਤੇ ਉਸ ਦਾ ਦੋਸਤ ਹਸਪਤਾਲ ’ਚੋਂ ਬਾਹਰ ਆ ਗਏ।

## ਫਿਕਰਾਂ ਦੀ ਪੰਡ

ਅੱਜ ਐਤਵਾਰ ਦਾ ਦਿਨ ਹੋਣ ਕਰਕੇ ਮਾਸਟਰ ਲਾਲ ਸਿੰਘ ਸਕੂਲ ਨਹੀਂ ਗਿਆ। ਅਚਾਨਕ ਉਸ ਦੇ ਘਰ ਦਾ ਗੇਟ ਕਿਸੇ ਨੇ ਖੜਕਾਇਆ ਹੈ। ਉਸ ਨੇ ਗੇਟ ਖੋਲ੍ਹ ਕੇ ਵੇਖਿਆ, ਬਾਹਰ ਉਸ ਦਾ ਵੱਡਾ ਭਰਾ ਖੜ੍ਹਾ ਸੀ। ਉਹ ਪਿੰਡ ਤੋਂ ਉਸ ਦੀ ਪਤਨੀ ਬਲਜੀਤ ਦੀ ਖਬਰ ਲੈਣ ਆਇਆ ਸੀ, ਜੋ ਕਿ ਇੱਕ ਮਹੀਨੇ ਤੋਂ ਪੀਲੀਏ ਦੀ ਬਿਮਾਰੀ ਨਾਲ ਜੂਝ ਰਹੀ ਸੀ। ਉਸ ਨੇ ਵੱਡੇ ਭਰਾ ਨੂੰ ਆਪਣੀ ਪਤਨੀ ਬਲਜੀਤ ਕੋਲ ਬਿਠਾ ਦਿੱਤਾ ਤੇ ਆਪ ਉਸ ਲਈ ਚਾਹ, ਪਾਣੀ ਦਾ ਪ੍ਰਬੰਧ ਕਰਨ ਚਲਾ ਗਿਆ। ਉਸ ਨੇ ਬਲਜੀਤ ਤੋਂ ਉਸ ਦੀ ਬਿਮਾਰੀ ਤੇ ਚੱਲ ਰਹੇ ਡਾਕਟਰੀ ਇਲਾਜ ਬਾਰੇ ਪੁੱਛਿਆ। ਚਾਹ, ਪਾਣੀ ਦਾ ਪ੍ਰਬੰਧ ਕਰਨ ਪਿੱਛੋਂ ਲਾਲ ਸਿੰਘ ਉਸ ਕੋਲ ਆ ਕੇ ਬੈਠ ਗਿਆ। ਚਾਹ ਪੀਂਦਿਆਂ ਉਸ ਨੇ ਆਪਣੇ ਵੱਡੇ ਭਰਾ ਨੂੰ ਪੁੱਛਿਆ, ‘ਹੋਰ ਫਿਰ ਭਾਬੀ, ਸੱਤੀ ਤੇ ਕਮਲਜੀਤ ਦਾ ਕੀ ਹਾਲ ਆ? ਕਮਲਜੀਤ ਲਈ ਕੋਈ ਮੁੰਡਾ ਲੱਭਾ ਕਿ ਨਹੀਂ? ਉਹ ਤਾਂ 28 ਸਾਲ ਤੋਂ ਵੀ ਟੱਪ ਚੱਲੀ ਆ। ਇਹ ਉਸ ਦੇ ਵਿਆਹ ਦੀ ਸਹੀ ਉਮਰ ਆ।’

ਜਿਵੇਂ ਉਸ ਨੇ ਆਪਣੇ ਵੱਡੇ ਭਰਾ ਦੇ ਦਿਲ ਦੀ ਗੱਲ ਬੁੱਝ ਲਈ ਹੋਵੇ, ਉਹ ਇੱਕ ਦਮ ਬੋਲ ਉੱਠਿਆ, ‘ਮੈਂ ਬਲਜੀਤ ਦੀ ਖਬਰ ਲੈਣ ਆਇਆ ਸੀ। ਉਸ ਦਾ ਬਹੁਤ ਫਿਕਰ ਲੱਗਾ ਹੋਇਆ ਸੀ। ਅੱਜਕੱਲ੍ਹ ਬਿਮਾਰੀਆਂ ਬੜੀਆਂ ਭੈੜੀਆਂ-ਭੈੜੀਆਂ ਆ ਗਈਆਂ ਆਂ। ਨਾਲੇ ਮੈਂ ਆਖਿਆ ਤੈਨੂੰ ਦੱਸ ਆਵਾਂ ਕਿ ਕਮਲਜੀਤ ਦਾ ਰਿਸ਼ਤਾ ਬਡੇਸਰੋਂ ਪੱਕਾ ਹੋ ਗਿਆ ਆ। ਮੁੰਡਾ ਆਪਣੀ ਗੱਡੀ ਚਲਾਂਦਾ ਆ। ਅੱਜਕੱਲ੍ਹ ਨੌਕਰੀ ਲੱਗੇ ਮੁੰਡੇ ਕਿੱਥੇ ਮਿਲਦੇ ਆ?’

‘ਇਹ ਤਾਂ ਬਹੁਤ ਚੰਗਾ ਹੋਇਆ। ਵਿਆਹ ਕਦੋਂ ਦਾ ਰੱਖਿਆ?’

‘ਵਿਆਹ ਤੈਨੂੰ ਪੁੱਛ ਕੇ ਹੀ ਰੱਖਣਾ ਆਂ। ਨਾਲੇ ਤੈਨੂੰ ਪਤਾ ਹੀ ਆ, ਮੇਰੇ ਕੋਲ ਕਿਹੜਾ ਵਿਆਹ ਜੋਗੇ ਪੈਸੇ ਆ। ਦਿਹਾੜੀਦਾਰਾਂ ਲਈ ਵਿਆਹ ਕਰਨੇ ਬੜੇ ਔਖੇ ਆ। ਮਹਿੰਗਾਈ ਨੇ ਸਭ ਦਾ ਲੱਕ ਤੋੜ ਛੱਡਿਆ ਆ।’

‘ਵੀਰਿਆ, ਤੂੰ ਆਪ ਅਨਪੜ੍ਹ ਰਹਿ ਕੇ ਮੈਨੂੰ ਪੜ੍ਹਨ ਦਾ ਮੌਕਾ ਦਿੱਤਾ ਆ। ਤੇਰੇ ਕਰਕੇ ਮੈਂ ਚਾਰ ਅੱਖਰ ਪੜ੍ਹ ਕੇ ਸਕੂਲ ਟੀਚਰ ਲੱਗਾ ਆਂ। ਹੁਣ ਮੇਰਾ ਵੀ ਫਰਜ਼ ਬਣਦਾ ਆ ਕਿ ਮੈਂ ਤੇਰਾ ਖ਼ਿਆਲ ਰੱਖਾਂ। ਕਮਲਜੀਤ ਦੇ ਵਿਆਹ ਦਾ ਤੂੰ ਫਿਕਰ ਨਾ ਕਰੀਂ। ਉਸ ਦੇ ਵਿਆਹ ’ਤੇ ਜਿੰਨਾ ਖਰਚ ਆਵੇਗਾ, ਮੈਂ ਕਰਾਂਗਾ।’

ਲਾਲ ਸਿੰਘ ਦੀਆਂ ਗੱਲਾਂ ਸੁਣ ਕੇ ਉਸ ਦੇ ਭਰਾ ਨੂੰ ਲੱਗਾ ਜਿਵੇਂ ਉਸ ਦੇ ਫਿਕਰਾਂ ਦੀ ਪੰਡ ਉਸ ਦੇ ਸਿਰ ਤੋਂ ਲਹਿ ਗਈ ਹੋਵੇ। ਉਹ ਹੌਲਾ ਫੁੱਲ ਹੋ ਕੇ ਲਾਲ ਸਿੰਘ ਕੋਲੋਂ ਆਗਿਆ ਲੈ ਕੇ ਉਸ ਦੇ ਘਰ ਤੋਂ ਚਲਾ ਗਿਆ।

## ਵਧਾਈ

ਵਿਆਹ ਦੇ ਕਈ ਸਾਲਾਂ ਬਾਅਦ ਮਾਸਟਰ ਰਘਵੀਰ ਸਿੰਘ ਦੇ ਘਰ ਪੁੱਤਰ ਨੇ ਜਨਮ ਲਿਆ ਸੀ। ਉਸ ਦੇ ਗੁਆਂਢੀ ਤੇ ਪਿੰਡ ਦੇ ਹੋਰ ਲੋਕ ਉਸ ਦੇ ਘਰ ਪੁੱਤਰ ਦੇ ਜਨਮ ਦੀਆਂ ਵਧਾਈਆਂ ਦੇਣ ਆ ਰਹੇ ਸਨ, ਪਰ ਉਸ ਦਾ ਗੁਆਂਢੀ ਪਰਮਜੀਤ, ਜਿਸ ਦੇ ਘਰ ਦਾ ਗੇਟ ਉਸ ਦੇ ਘਰ ਦੇ ਗੇਟ ਦੇ ਬਿਲਕੁਲ ਸਾਹਮਣੇ ਹੈ, ਵਧਾਈ ਦੇਣ ਨਾ ਆਇਆ। ਇੱਕ ਦਿਨ ਜਦੋਂ ਉਹ ਸਕੂਲ ਜਾਣ ਲਈ ਆਪਣੇ ਘਰ ਦੇ ਗੇਟ ਤੋਂ ਨਿਕਲਣ ਲੱਗਾ, ਤਾਂ ਉਸ ਦੀ ਨਜ਼ਰ ਪਰਮਜੀਤ ’ਤੇ ਪੈ ਗਈ, ਜੋ ਕਿ ਆਪਣੇ ਘਰ ਦੇ ਗੇਟ ਤੋਂ ਬਾਹਰ ਖੜ੍ਹਾ ਸੀ।

‘ਪਰਮਜੀਤ ਕੀ ਹਾਲ ਆ? ਤੂੰ ਮੈਨੂੰ ਵਧਾਈ ਦੇਣ ਵੀ ਨਹੀਂ ਆਇਆ? ਕੀ ਗੱਲ ਆ?’ ਮਾਸਟਰ ਰਘਵੀਰ ਸਿੰਘ ਨੇ ਇੱਕੋ ਸਾਹੇ ਉਸ ਨੂੰ ਕਈ ਸਵਾਲ ਕਰ ਦਿੱਤੇ।

ਆਪਣੇ ਅੰਦਰ ਦੱਬੇ ਲਾਵੇ ਨੂੰ ਬਾਹਰ ਕੱਢਦਾ ਹੋਇਆ ਉਹ ਬੋਲਿਆ, ‘ਮਾਸਟਰ ਜੀ, ਮੇਰਾ ਵੱਡਾ ਮੁੰਡਾ ਪਿੰਡ ਦੇ ਸਰਕਾਰੀ ਹਾਈ ਸਕੂਲ ਵਿੱਚ ਦਸਵੀਂ ਕਲਾਸ ’ਚ ਪੜ੍ਹਦਾ ਸੀ। ਮਾੜੇ ਮੁੰਡਿਆਂ ਦੀ ਸ਼ਹਿ ’ਤੇ ਉਹ ਇੱਥੋਂ ਲਾਗਲੇ ਪਿੰਡ ਦੇ ਸਕੂਲ ਵਿੱਚ ਪੜ੍ਹਨ ਲਈ ਸਰਟੀਫਿਕੇਟ ਲੈ ਗਿਆ, ਪਰ ਉਹ ਉੱਥੇ ਵੀ ਨਾ ਪੜ੍ਹਿਆ। ਮਾੜੇ ਮੁੰਡਿਆਂ ਦੀ ਸੰਗਤ ਵਿੱਚ ਪੈ ਕੇ ਉਹ ਨਸ਼ੇ ਕਰਨ ਲੱਗ ਪਿਆ ਆ। ਘਰ ਦੀ ਜੋ ਚੀਜ਼ ਉਸ ਨੂੰ ਦਿਸਦੀ ਆ, ਵੇਚਣ ਤੁਰ ਪੈਂਦਾ ਆ। ਕਿਸੇ ਨਾ ਕਿਸੇ ਬਹਾਨੇ ਨਸ਼ਾ ਕਰਨ ਲਈ ਪੈਸੇ ਮੰਗਦਾ ਰਹਿੰਦਾ ਆ। ਮੈਨੂੰ ਰੱਜ ਕੇ ਗਾਲ੍ਹਾਂ ਕੱਢਦਾ ਆ। ਉਹ ਮੋਟਰਸਾਈਕਲ ਲੈ ਕੇ ਪਤਾ ਨਹੀਂ ਕਿੱਥੇ-ਕਿੱਥੇ ਘੁੰਮਦਾ ਰਹਿੰਦਾ ਆ। ਉਦ੍ਹੇ ਕਰਕੇ ਮੈਨੂੰ ਫੌਜ ਦੀ ਨੌਕਰੀ ਵੀ ਛੱਡਣੀ ਪਈ ਆ। ਮੈਂ ਤਾਂ ਉਦ੍ਹੇ ਵੱਲੋਂ ਬੜਾ ਦੁਖੀ ਆਂ। ਹਰ ਵੇਲੇ ਪ੍ਰੇਸ਼ਾਨ ਰਹਿੰਦਾ ਆਂ। ਹਰ ਵੇਲੇ ਡਰ ਲੱਗਾ ਰਹਿੰਦਾ ਆ ਕਿ ਕਿਤੇ ਕੁੱਝ ਕਰਕੇ ਨਾ ਆ ਜਾਵੇ। ਏਸੇ ਕਰਕੇ ਮੈਂ ਤੁਹਾਨੂੰ ਵਧਾਈ ਦੇਣ ਨਹੀਂ ਆਇਆ। ਰੱਬ ਇਹੋ ਜਿਹੇ ਪੁੱਤ ਕਿਸੇ ਨੂੰ ਨਾ ਦੇਵੇ। ਰੱਬ ਨੇ ਤੁਹਾਨੂੰ ਪੁੱਤਰ ਦੀ ਦਾਤ ਬਖਸ਼ੀ ਆ, ਬਹੁਤ ਖੁਸ਼ੀ ਦੀ ਗੱਲ ਆ। ਇਹ ਵੱਡਾ ਹੋ ਕੇ ਪੜ੍ਹ-ਲਿਖ ਕੇ ਚੰਗੇ ਕੰਮ ਕਰੇ, ਮਾੜੀ ਸੰਗਤ ਤੋਂ ਬਚ ਕੇ ਰਹੇ, ਮੇਰੀ ਰੱਬ ਅੱਗੇ ਇਹੋ ਦੁਆ ਆ।’

## ਪੰਜ ਲਾਚੀਆਂ

ਤਲਾਅ ਪੁਰ ਵਾਲੇ ਬਾਬੇ ਦੇ ਪੈਰੀਂ ਹੱਥ ਲਾਣ ਪਿੱਛੋਂ ਜੀਤੋ ਦੋਵੇਂ ਹੱਥ ਜੋੜ ਕੇ ਬਾਬੇ ਮੂਹਰੇ ਬੈਠ ਗਈ ਤੇ ਆਖਣ ਲੱਗੀ, ‘ਬਾਬਾ ਜੀ, ਮੇਰੇ ਘਰ ਬਹੂ ਆਈ ਨੂੰ ਦੋ ਸਾਲ ਹੋ ਗਏ ਆ। ਹਾਲੇ ਉਸ ਦੀ ਕੁੱਖ ਹਰੀ ਨਹੀਂ ਹੋਈ। ਤੁਹਾਡੇ ਘਰ ਕਾਦ੍ਹਾ ਘਾਟਾ ਆ। ਤੁਸੀਂ ਕਈਆਂ ਨੂੰ ਲਾਚੀਆਂ ਪੜ੍ਹ ਕੇ ਦਿੱਤੀਆਂ ਆਂ। ਹੁਣ ਉਨ੍ਹਾਂ ਦੇ ਘਰ ਬਾਲ ਖੇਡਦੇ ਆ। ਮੇਰੀ ਬਹੂ ’ਤੇ ਵੀ ਮਿਹਰ ਕਰ ਦਿਓ।’

ਬਾਬੇ ਨੇ ਪੰਜ ਲਾਚੀਆਂ ਆਪਣੀ ਜੇਬ ਵਿੱਚੋਂ ਕੱਢੀਆਂ ਤੇ ਹੱਥ ’ਚ ਫੜ ਕੇ ਕੁੱਝ ਪੜ੍ਹਿਆ। ਲਾਚੀਆਂ ਜੀਤੋ ਦੇ ਹੱਥ ’ਚ ਫੜਾਂਦਿਆਂ ਬਾਬੇ ਨੇ ਆਖਿਆ, ‘ਮਾਤਾ, ਇਹ ਲਾਚੀਆਂ ਲਓ। ਇੱਕ ਲਾਚੀ ਰੋਜ਼ ਬਹੂ ਨੂੰ ਖਾਣ ਲਈ ਦੇਣੀ ਆਂ। ਰੱਬ ਦੀ ਮਿਹਰ ਨਾਲ ਤੇਰੀ ਬਹੂ ਦੀ ਕੁੱਖ ਹਰੀ ਹੋ ਜਾਊਗੀ।’

ਜੀਤੋ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਉਸ ਨੇ ਬਾਬੇ ਨੂੰ ਇੱਕ ਵਾਰ ਫਿਰ ਮੱਥਾ ਟੇਕਿਆ ਤੇ ਘਰ ਨੂੰ ਤੁਰ ਪਈ। ਘਰ ਪਹੁੰਚ ਕੇ ਉਸ ਨੇ ਆਪਣੀ ਬਹੂ ਨੂੰ ਆਖਿਆ, ‘ਮਨਜਿੰਦਰ, ਆ ਫੜ ਲਾਚੀਆਂ। ਤਲਾਅ ਪੁਰ ਵਾਲੇ ਬਾਬੇ ਨੇ ਦਿੱਤੀਆਂ ਆਂ।’

‘ਮੰਮੀ, ਮੈਂ ਇਨ੍ਹਾਂ ਨੂੰ ਕੀ ਕਰਾਂ?’ ਮਨਜਿੰਦਰ ਨੇ ਆਖਿਆ।

‘ਪੁੱਤ, ਇੱਕ ਲਾਚੀ ਰੋਜ਼ ਖਾਣੀ ਆਂ। ਤਲਾਅ ਪੁਰ ਵਾਲਾ ਬਾਬਾ ਕਹਿੰਦਾ ਸੀ ਕਿ ਇਹ ਲਾਚੀਆਂ ਖਾ ਕੇ ਤੇਰੀ ਕੁੱਖ ਹਰੀ ਹੋ ਜਾਊਗੀ।’

‘ਮੰਮੀ, ਮੇਰੇ ਬੱਚਾ ਇਸ ਕਰਕੇ ਨਹੀਂ ਹੋਇਆ, ਕਿਉਂਕਿ ਅਸੀਂ ਤੀਵੀਂ, ਆਦਮੀ ਨੇ ਪ੍ਰਹੇਜ਼ ਰੱਖਿਆ ਹੋਇਆ ਸੀ।’

‘ਮੈਂ ਐਵੇਂ ਤਲਾਅ ਪੁਰ ਵਾਲੇ ਬਾਬੇ ਦੇ ਪੈਰੀਂ ਹੱਥ ਲਾਈ ਗਈ। ਜੇ ਮੈਨੂੰ ਇਸ ਗੱਲ ਦਾ ਪਹਿਲਾਂ ਪਤਾ ਹੁੰਦਾ, ਮੈਂ ਉਸ ਕੋਲ ਕਦੇ ਨਾ ਜਾਂਦੀ। ਛੱਡ ਪਰੇ, ਨਾ ਖਾ ਲਾਚੀਆਂ।’ ਜੀਤੋ ਨੂੰ ਲੱਗਾ ਜਿਵੇਂ ਉਹ ਤਲਾਅ ਪੁਰ ਵਾਲੇ ਬਾਬੇ ਕੋਲ ਜਾ ਕੇ ਬੜੀ ਵੱਡੀ ਭੁੱਲ ਕਰ ਆਈ ਹੋਵੇ।

## ਨਹਿਰ ਤਾਂ ਸੁੱਕੀ ਪਈ ਆ

ਅੱਜ ਖੁਸ਼ੀ ਰਾਮ ਆਪਣੇ ਵੱਡੇ ਭਰਾ ਨੂੰ ਮਿਲਣ ਪਿੱਛੋਂ ਸਕੂਟਰ ’ਤੇ ਨਵਾਂ ਸ਼ਹਿਰ ਤੋਂ ਆਪਣੇ ਪਿੰਡ ਨੂੰ ਆ ਰਿਹਾ ਸੀ। ਜਦੋਂ ਉਹ ਭਘੌਰਾਂ ਨਹਿਰ ਦੇ ਪੁਲ ’ਤੇ ਪਹੁੰਚਿਆ ਤਾਂ ਕਿਸੇ ਦਾ ਫ਼ੋਨ ਆ ਗਿਆ। ਉਸ ਨੇ ਨਹਿਰ ਦਾ ਪੁਲ ਲੰਘ ਕੇ ਸਕੂਟਰ ਖੜ੍ਹਾ ਕੀਤਾ ਤੇ ਆਪਣੀ ਜੇਬ ਵਿੱਚੋਂ ਮੋਬਾਈਲ ਫ਼ੋਨ ਕੱਢ ਕੇ ਵੇਖਿਆ, ਉਸ ਦੀ ਵੱਡੀ ਭੈਣ ਦੀ ਕੁੜੀ ਸੰਦੀਪ ਦਾ ਫ਼ੋਨ ਸੀ, ਜੋ ਉਸ ਦੀ ਭੈਣ ਕੋਲ ਹੀ ਰਹਿੰਦੀ ਹੈ। ਉਹ ਆਪਣੀ ਭੈਣ ਦੇ ਘਰੋਂ ਕੱਲ੍ਹ ਹੀ ਆਇਆ ਸੀ। ਕੱਲ੍ਹ ਉਸ ਦੀ ਭੈਣ ਦਾ ਬਲੱਡ ਪ੍ਰੈਸ਼ਰ ਵਧ ਗਿਆ ਸੀ। ਉਸ ਨੂੰ ਪਿੰਡ ਦੇ ਡਾਕਟਰ ਤੋਂ ਦਵਾਈ ਲੈ ਕੇ ਦਿੱਤੀ ਸੀ ਤੇ ਉਹ ਠੀਕ ਹੋ ਗਈ ਸੀ। ਹੁਣ ਫਿਰ ਫ਼ੋਨ ਆਣ ਕਰਕੇ ਖੁਸ਼ੀ ਰਾਮ ਥੋੜ੍ਹਾ ਡਰ ਗਿਆ ਸੀ, ਕਿਉਂਕਿ ਘਰ ਵਿੱਚ ਦੋਵੇਂ ਮਾਂ, ਧੀ ਕੱਲੀਆਂ ਰਹਿੰਦੀਆਂ ਹਨ। ਬਿਮਾਰ-ਠਮਾਰ ਹੋਣ ’ਤੇ ਉਹ ਉਸ ਨੂੰ ਹੀ ਫ਼ੋਨ ਕਰਦੀਆਂ ਹਨ। ਜਦੋਂ ਉਸ ਨੇ ਫ਼ੋਨ ਸੁਣਨ ਲਈ ਮੋਬਾਈਲ ਫ਼ੋਨ ਨੂੰ ਕੰਨ ਨਾਲ ਲਾਇਆ, ਤਾਂ ਸੰਦੀਪ ਕਹਿਣ ਲੱਗੀ, ‘ਮਾਮਾ ਜੀ, ਅੱਜ ਤੁਸੀਂ ਘਰੇ ਆਂ?’

‘ਦੱਸ ਕੀ ਗੱਲ ਹੋਈ? ਤੇਰੀ ਮੰਮੀ ਠੀਕ ਆ?’ ਉਸ ਨੇ ਆਖਿਆ।

‘ਮੰਮੀ ਤਾਂ ਠੀਕ ਆ। ਮੰਮੀ ਕਹਿੰਦੀ ਆ, ਮਾਮੇ ਨੂੰ ਪੁੱਛ ਕੇ ਵੇਖ, ਭਘੌਰਾਂ ਵਾਲੀ ਨਹਿਰ ’ਚ ਪਾਣੀ ਆਇਆ ਕਿ ਨਹੀਂ। ਪਾਣੀ ’ਚ ਪੰਦਰਾਂ-ਵੀਹ ਪੁਰਾਣੇ ਕਲੰਡਰ ਤਾਰਨੇ ਆਂ।’

ਉਸ ਨੇ ਨਹਿਰ ਵੱਲ ਨਿਗਾਹ ਮਾਰੀ, ਉਸ ਵਿੱਚ ਪਾਣੀ ਵਗ ਰਿਹਾ ਸੀ।

‘ਸੰਦੀਪ ਮੈਂ ਇਸ ਵੇਲੇ ਭਘੌਰਾਂ ਵਾਲੀ ਨਹਿਰ ਕੋਲ ਖੜ੍ਹਾ ਆਂ। ਨਹਿਰ ਤਾਂ ਸੁੱਕੀ ਪਈ ਆ। ਇਸ ਵਿੱਚ ਮਾੜਾ ਵੀ ਪਾਣੀ ਨਹੀਂ ਆਇਆ ਹੋਇਆ। ਜੇ ਕਿਤੇ ਇਸ ਵਿੱਚ ਪਾਣੀ ਆਇਆ, ਮੈਂ ਤੁਹਾਨੂੰ ਫ਼ੋਨ ਕਰਕੇ ਦੱਸ ਦਿਆਂਗਾ। ਤੁਸੀਂ ਫ਼ੋਨ ਨਾ ਕਰਿਓ।’

‘ਠੀਕ ਆ, ਮਾਮਾ ਜੀ’, ਕਹਿ ਕੇ ਉਸ ਨੇ ਫ਼ੋਨ ਕੱਟ ਦਿੱਤਾ। ਚਾਹੇ ਖੁਸ਼ੀ ਰਾਮ ਨੇ ਝੂਠ ਬੋਲਿਆ ਸੀ, ਪਰ ਉਸ ਨੂੰ ਇਸ ਗੱਲ ਦੀ ਖ਼ੁਸ਼ੀ ਸੀ ਕਿ ਉਸ ਨੇ ਨਹਿਰ ਦੇ ਪਾਣੀ ਨੂੰ ਪ੍ਰਦੂਸ਼ਿਤ ਕਰਨ ਵਿੱਚ ਹਿੱਸਾ ਨਹੀਂ ਪਾਇਆ। ਉਸ ਨੇ ਮੋਬਾਈਲ ਫ਼ੋਨ ਨੂੰ ਜੇਬ ਵਿੱਚ ਪਾਇਆ ਤੇ ਸਕੂਟਰ ਸਟਾਰਟ ਕਰਕੇ ਆਪਣੇ ਪਿੰਡ ਵੱਲ ਨੂੰ ਤੁਰ ਪਿਆ।

## ਗੁਣ ਸੂਤਰ

ਅੱਜ ਐਤਵਾਰ ਦਾ ਦਿਨ ਹੈ। ਐਤਵਾਰ ਵਾਲੇ ਦਿਨ ਅਖਬਾਰਾਂ ਵਾਲਾ ਦਸ ਵਜੇ ਤੋਂ ਬਾਅਦ ਹੀ ਆਉਂਦਾ ਹੈ। ਅਖਬਾਰਾਂ ਵਾਲਾ ਅਖਬਾਰ ਗੇਟ ਦੇ ਅੰਦਰ ਸੁੱਟ ਕੇ ਛੇਤੀ ਨਾਲ ਚਲਾ ਗਿਆ। ਜਤਿੰਦਰਪਾਲ ਸਿੰਘ ਨੇ ਅਖਬਾਰ ਚੁੱਕ ਕੇ ਇਸ ਦੀਆਂ ਮੋਟੀਆਂ-ਮੋਟੀਆਂ ਖਬਰਾਂ ਪੜ੍ਹ ਲਈਆਂ। ਫਿਰ ਉਹ ਅਖਬਾਰ ਦੇ ਮੈਗਜ਼ੀਨ ਸੈਕਸ਼ਨ ਨੂੰ ਪੜ੍ਹਨ ਵਿੱਚ ਰੁੱਝ ਗਿਆ। ਅਚਾਨਕ ਉਸ ਦੀ ਪਤਨੀ ਨੇ ਆ ਕੇ ਉਸ ਨੂੰ ਕਿਹਾ, ‘ਮੈਂ ਕੱਲ੍ਹ ਬਹਿਰਾਮ ਪੰਡਤ ਕੇਦਾਰ ਨਾਥ ਸ਼ਰਮਾ ਕੋਲ ਗਈ ਸਾਂ। ਆਪਣੇ ਗੋਗੀ ਨੂੰ ਜਿਹੜੀ ਕੁੜੀ ਦਾ ਰਿਸ਼ਤਾ ਹੁੰਦਾ, ਉਸ ਬਾਰੇ ਪੁੱਛ ਕੇ ਆਈ ਆਂ।’

‘ਫਿਰ ਕੀ ਕਿਹਾ ਪੰਡਤ ਜੀ ਨੇ?’ ਉਸ ਨੇ ਪੂਰੀ ਦਿਲਚਸਪੀ ਲੈਂਦੇ ਹੋਏ ਆਖਿਆ।

‘ਉਸ ਨੇ ਕਿਹਾ ਕਿ ਆਪਣੇ ਗੋਗੀ ਤੇ ਕੁੜੀ ਦੇ ਸਿਰਫ ਬਾਰਾਂ ਗੁਣ ਸੂਤਰ ਹੀ ਮਿਲਦੇ ਆ। ਕਾਮਯਾਬ ਰਿਸ਼ਤੇ ਲਈ ਘੱਟੋ-ਘੱਟ 27 ਗੁਣ ਸੂਤਰ ਜ਼ਰੂਰ ਮਿਲਣੇ ਚਾਹੀਦੇ ਆ। ਇਸ ਕਰਕੇ ਇਹ ਰਿਸ਼ਤਾ ਨਾ ਕਰਿਓ।’

‘ਤੈਨੂੰ ਪਤਾ ਹੀ ਆ ਕਿ ਕੁੜੀ ਐੱਮ.ਏ., ਬੀ.ਐੱਡ ਪਾਸ ਐ। ਉਸ ਨੇ ਟੀ.ਈ.ਟੀ. ਵੀ ਪਾਸ ਕੀਤਾ ਹੋਇਐ। ਇੱਕ-ਦੋ ਸਾਲ ਵਿੱਚ ਉਸ ਨੂੰ ਟੀਚਰ ਦੀ ਨੌਕਰੀ ਵੀ ਮਿਲ ਸਕਦੀ ਐ। ਨਾਲੇ ਕੁੜੀ ਦੇ ਨੈਣ-ਨਕਸ਼ ਵੀ ਠੀਕ ਨੇ ਤੇ ਉਸ ਦੇ ਮੰਮੀ, ਡੈਡੀ ਵੀ ਨੌਕਰੀ ਕਰਦੇ ਆ। ਹੋਰ ਤਾਂ ਹੋਰ ਆਪਣੇ ਪਿੰਡ ਤੋਂ ਦਸ ਕਿਲੋਮੀਟਰ ਦੀ ਦੂਰੀ ’ਤੇ ਉਸ ਦਾ ਪਿੰਡ ਆ। ਫਿਰ ਤੈਨੂੰ ਹੋਰ ਕੀ ਚਾਹੀਦਾ। ਜਦੋਂ ਆਪਣਾ ਵਿਆਹ ਹੋਇਆ ਸੀ, ਉਸ ਵੇਲੇ ਕਿਹੜਾ ਕਿਸੇ ਨੇ ਸਾਡੇ ਗੁਣ-ਸੂਤਰ ਮੇਲੇ ਸਨ। ਕੀ ਆਪਣਾ ਰਿਸ਼ਤਾ ਚੰਗੀ ਤਰ੍ਹਾਂ ਨਹੀਂ ਨਿਭ ਰਿਹਾ?’

ਉਸ ਦੀ ਪਤਨੀ ਨੇ ਉਸ ਦੀਆਂ ਗੱਲਾਂ ਬੜੇ ਧਿਆਨ ਨਾਲ ਸੁਣੀਆਂ। ਉਸ ਦੀ ਪਤਨੀ ਨੂੰ ਇਨ੍ਹਾਂ ਵਿੱਚ ਵਜ਼ਨ ਲੱਗਾ। ਉਸ ਨੇ ਹੌਲੀ ਦੇਣੀ ਇਸ ਰਿਸ਼ਤੇ ਲਈ ‘ਹਾਂ’ ਕਰ ਦਿੱਤੀ।

## ਅੱਕਿਆ ਬੰਦਾ

ਕਸ਼ਮੀਰ ਕੌਰ ਨੇ ਫਗਵਾੜੇ ਆਪਣੇ ਨਵੇਂ ਬਣਾਏ ਘਰ ਵਿੱਚ ਪਰਵਾਰ ਸਮੇਤ ਕੁੱਝ ਦਿਨ ਪਹਿਲਾਂ ਹੀ ਸ਼ਿਫਟ ਕੀਤਾ ਸੀ। ਮੁੰਡਾ, ਬਹੂ ਆਪਣੇ ਕੰਮਾਂ, ਕਾਰਾਂ ’ਤੇ ਚਲੇ ਜਾਂਦੇ ਸਨ। ਕਸ਼ਮੀਰ ਕੌਰ ਤੋਂ ਕੱਲੀ ਤੋਂ ਏਡੇ ਵੱਡੇ ਘਰ ਦੀ ਸਫਾਈ ਕਰਨੀ ਬੜੀ ਔਖੀ ਸੀ। ਇਸ ਲਈ ਉਸ ਨੂੰ ਘਰ ਦੀ ਸਫਾਈ ਕਰਨ ਲਈ ਇੱਕ ਕੰਮ ਵਾਲੀ ਦੀ ਲੋੜ ਸੀ। ਗੁਆਂਢੀਆਂ ਤੋਂ ਵੀ ਉਸ ਨੇ ਕਿਸੇ ਕੰਮ ਵਾਲੀ ਬਾਰੇ ਪਤਾ ਕੀਤਾ ਸੀ, ਉਨ੍ਹਾਂ ਨੇ ਵੀ ਕੋਈ ਲੜ ਪਤਾ ਨਹੀਂ ਸੀ ਫੜਾਇਆ। ਫਿਰ ਇੱਕ ਦਿਨ ਕਿਸੇ ਨੇ ਡੋਰ ਬੈੱਲ ਦਾ ਬਟਨ ਦਬਾਇਆ। ਬੈੱਲ ਵੱਜਣ ’ਤੇ ਉਸ ਨੇ ਬਾਹਰ ਨਿਕਲ ਕੇ ਗੇਟ ਖੋਲ੍ਹ ਦਿੱਤਾ। ਉਸ ਨੇ ਦੇਖਿਆ, ਬਾਹਰ ਇੱਕ ਤੀਹ ਕੁ ਸਾਲਾਂ ਦੀ ਔਰਤ ਖੜ੍ਹੀ ਸੀ।

‘ਹਾਂ, ਦੱਸੋ ਕੀ ਕੰਮ ਆ?’ ਉਸ ਨੇ ਆਖਿਆ।

‘ਆਂਟੀ ਜੀ, ਮੈਂ ਘਰਾਂ ’ਚ ਸਫਾਈ ਕਰਨ ਦਾ ਕੰਮ ਕਰਦੀ ਆਂ। ਜੇ ਤੁਹਾਨੂੰ ਲੋੜ ਆ ਤਾਂ ਦੱਸੋ।’ ਉਸ ਔਰਤ ਨੇ ਆਖਿਆ।

‘ਹਾਂ, ਲੋੜ ਆ।ਮੈਂ ਤਾਂ ਆਪ ਕਈ ਦਿਨਾਂ ਤੋਂ ਕਿਸੇ ਕੰਮ ਵਾਲੀ ਨੂੰ ਲੱਭਦੀ ਫਿਰਦੀ ਆਂ। ਪਹਿਲਾਂ ਮੈਂ ਤੇਰੇ ਕੋਲੋਂ ਕੁੱਝ ਜਾਣਕਾਰੀ ਲੈਣੀ ਚਾਹੁੰਨੀ ਆਂ, ਜੇ ਗੁੱਸਾ ਨਾ ਕਰੇਂ।’

‘ਆਂਟੀ ਜੀ, ਪੁੱਛੋ ਕੋਈ ਗੱਲ ਨ੍ਹੀ।’

‘ਤੇਰਾ ਨਾਂਅ ਕੀ ਆ? ਕਿਹੜੇ ਮੁਹੱਲੇ ’ਚ ਰਹਿੰਨੀ ਆਂ ਤੇ ਤੇਰਾ ਪਤੀ ਕੀ ਕੰਮ ਕਰਦਾ ਆ?’

‘ਮੇਰਾ ਨਾਂਅ ਰੱਜੀ ਆ ਤੇ ਭੁੱਚਰਾਂ ਮੁਹੱਲੇ ’ਚ ਰਹਿੰਨੀ ਆਂ। ਆਪਣੇ ਪਤੀ ਬਾਰੇ ਕੀ ਦੱਸਾਂ। ਉਹ ਜਿੰਨਾ ਕਮਾਂਦਾ ਆ, ਓਨੇ ਦੀ ਸ਼ਰਾਬ ਪੀ ਲੈਂਦਾ ਆ। ਸ਼ਰਾਬ ਪੀ ਕੇ ਰੱਜ ਕੇ ਮੈਨੂੰ ਗਾਲ੍ਹਾਂ ਕੱਢਦਾ ਆ, ਨਾਲੇ ਕੁੱਟਮਾਰ ਕਰਦਾ ਆ। ਮੇਰੇ ਕੋਲੋਂ ਪੈਸੇ ਖੋਹ ਲੈਂਦਾ ਆ। ਹਰ ਮਹੀਨੇ ਤਿੰਨ ਹਜ਼ਾਰ ਦੇ ਡੋਡੇ ਮੇਰੇ ਕੋਲੋਂ ਪੈਸੇ ਲੈ ਕੇ ਪੀ ਜਾਂਦਾ ਆ। ਉਹ ਤਾਂ ਮੇਰੇ ’ਤੇ ਬੋਝ ਆ। ਜੇ ਮੈਂ ਕੰਮ ਨਾ ਕਰਾਂ, ਮੈਂ ਤੇ ਮੇਰੇ ਬੱਚੇ ਭੁੱਖੇ ਮਰ ਜਾਵਾਂਗੇ। ਪਤਾ ਨਹੀਂ ਮੇਰਾ ਉਦ੍ਹੇ ਕੋਲੋਂ ਕਦੋਂ ਖਹਿੜਾ ਛੁੱਟਣਾ? ਉਸ ਨੇ ਤਾਂ ਮੇਰੀ ਜ਼ਿੰਦਗੀ ਨਰਕ ਬਣਾਈ ਹੋਈ ਆ।’ ਏਨਾ ਕੁੱਝ ਦੱਸਦਿਆਂ ਉਸ ਦੀਆਂ ਅੱਖਾਂ ਹੰਝੂਆਂ ਨਾਲ ਭਰ ਗਈਆਂ ਸਨ। ਕਸ਼ਮੀਰ ਕੌਰ ਨੇ ਉਸ ਤੋਂ ਹੋਰ ਬਹੁਤਾ ਕੁੱਝ ਪੁੱਛਣਾ ਠੀਕ ਨਾ ਸਮਝਿਆ ਤੇ ਉਸ ਨੂੰ ਸਵੇਰ ਤੋਂ ਕੰਮ ’ਤੇ ਆਣ ਲਈ ਹਾਂ ਕਰ ਦਿੱਤੀ।

*ਸੰਪਰਕ : 99158-03554*

# ਨਾਟਕ ‘ਇਕਬਾਲ ਹੁਸੈਨ ਜ਼ਰੂਰ ਆਵੇਗਾ’ ਦਾ ਪਾਠ

ਡਾ. ਆਤਮਜੀਤ ਬਤੌਰ ਨਾਟਕਕਾਰ ਅੱਧੀ ਸਦੀ ਤੋਂ ਵਧੇਰੇ ਸਮੇਂ ਤੋਂ ਸਰਗਰਮੀ ਨਾਲ ਨਾਟ ਸਿਰਜਣਾ ਕਰਦਾ ਆ ਰਿਹਾ ਹੈ। ਪਿਛਲੇ ਪੰਦਰਾਂ ਕੁ ਸਾਲਾਂ ਤੋਂ ਉਸ ਨੇ ਆਪਣੇ ਸੱਜਰੇ ਲਿਖੇ ਨਾਟਕਾਂ ਦੇ ਪਾਠ ਦਰਸ਼ਕਾਂ ਸਾਹਮਣੇ ਪੇਸ਼ ਕਰਨ ਦੀ ਪਿਰਤ ਪਾਈ ਹੈ। ‘ਮੰਗੂ ਕਾਮਰੇਡ’, ‘ਗ਼ਦਰ ਐਕਸਪ੍ਰੈੱਸ’, ‘ਮੁੜ ਆ ਲਾਮਾਂ ਤੋਂ’, ‘ਕਿਸ਼ਤੀਆਂ ਵਿੱਚ ਜਹਾਜ਼’ ਆਦਿ ਨਾਟਕ ਉਹ ਖੇਡਣ ਤੋਂ ਪਹਿਲਾਂ ਨਾਟ ਪਾਠ ਦੇ ਰੂਪ ਵਿੱਚ ਦਰਸ਼ਕਾਂ ਸਾਹਮਣੇ ਬੜੀ ਸਫਲਤਾ ਨਾਲ਼ ਪੜ੍ਹ ਚੁੱਕਾ ਹੈ। ਪਿਛਲੇ ਦਿਨੀਂ ਉਸ ਨੇ ਆਪਣੇ ਨਵੇਂ ਨਾਟਕ ‘ਇਕਬਾਲ ਹੁਸੈਨ ਜ਼ਰੂਰ ਆਵੇਗਾ’ ਦਾ ਨਾਟ ਪਾਠ ਕੀਤਾ।

ਇੱਕ ਦਿਨ ਆਤਮਜੀਤ ਆਪਣੇ ਪਰਵਾਰ ਦੀ ਪੁਰਾਣੀ ਤਸਵੀਰ ਦੇਖ ਰਿਹਾ ਸੀ ਤਾਂ ਉਸ ਨੂੰ ਕਿਸੇ ਨੇ ਦੱਸਿਆ ਕਿ ਉਸ ਦੀ ਦਾਦੀ ਦਾ ਜਸਬੀਰ ਭੁੱਲਰ (ਸਾਹਿਤਕਾਰ) ਦੇ ਪਰਵਾਰ ਨਾਲ ਵੀ ਨਾਤਾ ਹੈ। ਉਹ ਦੌੜਿਆ-ਦੌੜਿਆ ਜਸਬੀਰ ਭੁੱਲਰ ਦੇ ਘਰ ਪਹੁੰਚਦਾ ਹੈ। ਜਸਬੀਰ ਭੁੱਲਰ ਤਸਦੀਕ ਕਰਦਾ ਹੈ ਕਿ ਤਸਵੀਰ ਵਿਚਲੀ ਔਰਤ ਇੰਦਰ ਕੌਰ ਤੇਰੀ ਦਾਦੀ ਹੈ ਤੇ ਮੇਰੀ ਨਾਨੀ ਹੈ। ਇੱਥੋਂ ਨਾਟਕ ਦਾ ਬੀਜ ਪੈਦਾ ਹੁੰਦਾ ਹੈ। ਇੰਦਰ ਕੌਰ ਕਰਮਾਂ ਮਾਰੀ ਔਰਤ ਦੇ ਸਵਾ ਸੌ ਸਾਲ ਪਹਿਲਾਂ ਤਿੰਨ ਵਿਆਹ ਹੋਏ ਸਨ। ਉਪਰੋਂ-ਥਲੀ ਹੋਏ ਹਾਦਸਿਆਂ ਨੇ ਉਸ ਦੀ ਰੂਹ ਨੂੰ ਪੱਛ ਸੁੱਟਿਆ। ਦਰਅਸਲ ਆਤਮਜੀਤ ਤੇ ਜਸਬੀਰ ਭੁੱਲਰ ਨੇ ਆਪਣੀ ਦਾਦੀ/ਨਾਨੀ ਨੂੰ ਕਦੀ ਵੇਖਿਆ ਤਾਂ ਨਹੀਂ ਸੀ, ਪਰ ਨਾਟਕ ਰਾਹੀਂ ਉਸ ਨੂੰ ਸਾਕਾਰ ਕਰ ਦਿੱਤਾ।

ਇੰਦਰ ਕੌਰ ਦਾ ਪਹਿਲਾ ਵਿਆਹ 1892 ਵਿੱਚ ਆਤਮਜੀਤ ਦੇ ਦਾਦਾ ਸਾਹਿਤਕਾਰ ਗਿਆਨੀ ਜੋਧ ਸਿੰਘ ਨਾਲ ਹੋਇਆ ਸੀ। ਗਿਆਨੀ ਜੋਧ ਸਿੰਘ ਸੁਹਿਰਦ ਬੰਦਾ ਸੀ। ਉਨ੍ਹੀਂ ਦਿਨੀਂ ਪਲੇਗ ਫੈਲੀ ਹੋਈ ਸੀ। ਜੋਧ ਸਿੰਘ ਲੋਕਾਂ ਦੀ ਤੇ ਖਾਸ ਕਰਕੇ ਇੰਦਰ ਕੌਰ ਦੇ ਪਲੇਗ ਪੀੜਤ ਪੇਕੇ ਪਰਵਾਰ ਦੀ ਮਦਦ ਕਰਦਾ ਕਰਦਾ ਖੁਦ ਇਸ ਬਿਮਾਰੀ ਕਾਰਨ ਦੁਨੀਆ ਨੂੰ ਅਲਵਿਦਾ ਆਖ ਗਿਆ। ਉਸ ਸਮੇਂ ਇੰਦਰ ਕੌਰ ਦੀ ਕੁੱਖ ਵਿੱਚ ਤਿੰਨ ਮਹੀਨਿਆਂ ਦਾ ਬੱਚਾ (ਸ.ਸ. ਅਮੋਲ ਜੋ ਬਾਅਦ ਵਿੱਚ ਜਾ ਕੇ ਨਾਮਵਰ ਸਾਹਿਤਕਾਰ ਬਣਦਾ ਹੈ) ਸੀ। ਇਸ ਦੌਰ ਵਿੱਚ ਪਲੇਗ ਤੇ ਲਾਮ (ਪਹਿਲੀ ਸੰਸਾਰ ਜੰਗ) ਨੇ ਘਰ-ਘਰ ਵਿਧਵਾਵਾਂ ਬਿਠਾ ਦਿੱਤੀਆਂ। ਇਸੇ ਹੀ ਸਮੇਂ ਇਲਾਕੇ ਦੇ ਸਿਆਣਿਆਂ ਨੇ ਵਿਧਵਾ ਵਿਆਹ ਦੀ ਲਹਿਰ ਚਲਾਈ। ਇਸੇ ਮੁਹਿੰਮ ਵਿੱਚ ਗੁੱਜਰ ਸਿੰਘ ਨੇ ਇੰਦਰ ਕੌਰ ਨਾਲ ਵਿਆਹ ਕਰਕੇ ਸਿਰਫ ਉਸ ਨੂੰ ਹੀ ਨਹੀਂ ਕਬੂਲ ਕੀਤਾ ਸਗੋਂ ਉਸ ਦੇ ਪੁੱਤਰ ਅਮੋਲ ਨੂੰ ਵੀ ਅਪਣਾਇਆ। ਉਸ ਦੇ ਨਾਂਅ ਆਪਣੀ ਅੱਧੀ ਜ਼ਮੀਨ ਲਵਾਈ ਅਤੇ ਇੰਦਰ ਕੌਰ ਤੇ ਅਮੋਲ ਨੂੰ ਆਪਣੇ ਨਾਲ ਮਲੇਸ਼ੀਆ ਲੈ ਗਿਆ। ਇੱਥੇ ਉਸ ਦੀ ਕੁੱਖੋਂ ਦੋ ਬੱਚੇ ਮਨਜੀਤ ਕੌਰ ਅਤੇ ਜਗਜੀਤ ਸਿੰਘ ਪੈਦਾ ਹੋਏ। ਜ਼ਿੰਦਗੀ ਦੀ ਗੱਡੀ ਅਜੇ ਪੱਟੜੀ ’ਤੇ ਚੜ੍ਹੀ ਹੀ ਸੀ ਕਿ ਇੰਦਰ ਕੌਰ ਦੀ ਦੁਨੀਆ ਵਿੱਚ ਇੱਕ ਹੋਰ ਵੱਡਾ ਤੂਫਾਨ ਆਉਂਦਾ ਹੈ। ਮਲੇਸ਼ੀਆ ਵਿੱਚ ਗੁੱਜਰ ਸਿੰਘ ਦੀ ਤਪਦਿਕ ਨਾਲ ਮੌਤ ਹੋ ਜਾਂਦੀ ਹੈ। ਜ਼ਿੰਦਗੀ ਤੇ ਮੌਤ ਨਾਲ ਜੂਝਦੇ ਹੋਏ ਗੁੱਜਰ ਸਿੰਘ ਦੀ ਆਖਰੀ ਇੱਛਾ ਸੀ ਕਿ ਉਸ ਦੀ ਪਤਨੀ ਇੰਦਰ ਕੌਰ ਤੇ ਉਸ ਦਾ ਮਿੱਤਰ ਮੰਗਲ ਸਿੰਘ ਵਿਆਹ ਕਰਵਾ ਲੈਣ। ਇਹ ਲਫਜ਼ ਆਖ ਉਹ ਜਹਾਨੋਂ ਤੁਰ ਜਾਂਦਾ ਹੈ। ਇੰਦਰ ਕੌਰ ਤੇ ਮੰਗਲ ਸਿੰਘ ਅੱਗੇ ਵਿਆਹ ਕਰਵਾਉਣ ਦਾ ਧਰਮ ਸੰਕਟ ਆਉਂਦਾ ਹੈ।

ਨਾਟਕ ਇੰਦਰ ਕੌਰ ਦੀ ਮਨੋਬਚਨੀ ਨਾਲ ਆਰੰਭ ਹੁੰਦਾ ਹੈ। ਉਹ ਬਿਰਧ ਅਵਸਥਾ ਵਿੱਚ ਹੈ। ਉਸ ਦੇ ਤਿੰਨੇ ਪਤੀ ਦੁਨੀਆ ਤੋਂ ਜਾ ਚੁੱਕੇ ਹਨ। ਇੰਦਰ ਕੌਰ ਇਕਬਾਲ ਹੁਸੈਨ ਦਾ ਇੰਤਜ਼ਾਰ ਕਰ ਰਹੀ ਹੈ ਜੋ ਕਿ ਆਜ਼ਾਦੀ ਤੋਂ ਪਹਿਲਾਂ ਲਾਹੌਰ ਰਹਿੰਦੀ ਉਸ ਦੀ ਸਹੇਲੀ ਮੀਨਾ ਦਾ ਦੋਹਤਾ ਹੈ। ਉਸ ਵਕਤ ਪਲੇਗ ਦੀ ਬੀਮਾਰੀ ਫੈਲੀ ਹੋਈ ਸੀ ਮੀਨਾ ਆਪਣੀ ਧੀ ਕਮਲਾ ਦੀ ਜਾਨ ਬਚਾਉਣ ਲਈ ਉਸ ਨੂੰ ਹੀਰਾ ਮੰਡੀ ਛੱਡ ਦਿੰਦੀ ਤੇ ਆਪ ਪਲੇਗ ਦੀ ਭੇਟ ਚੜ੍ਹ ਜਾਂਦੀ ਹੈ। ਕਮਲਾ ਲਾਹੌਰ ਹੀਰਾ ਮੰਡੀ ਪਹੁੰਚ ਕੇ ਸਕੀਰਾ ਬਣ ਜਾਂਦੀ ਹੈ। ਇਕਬਾਲ ਹੁਸੈਨ ਉਸੇ ਸਕੀਰਾ ਦਾ ਪੁੱਤਰ ਹੈ। ਉਹ ਅਵਲ ਦਰਜੇ ਦਾ ਪੇਂਟਰ ਹੈ।



ਆਤਮਜੀਤ ਤੇ ਜਸਬੀਰ ਭੁੱਲਰ ਖੁਦ ਇਸ ਨਾਟਕ ਦੇ ਪਾਤਰ ਹਨ। ਉਹ ਮਲੇਸ਼ੀਆ ਰਹਿੰਦੀ ਆਪਣੀ ਦਾਦੀ ਦੇ ਘਰ ਦਾਖਲ ਹੁੰਦੇ ਹਨ। ਉਹ ਇੰਦਰ ਕੌਰ ਨੂੰ ਪਹਿਲਾਂ ਕਦੇ ਨਹੀਂ ਮਿਲੇ ਹੁੰਦੇ। ਉਸ ਦੇ ਘਰ ਪਹੁੰਚ ਕੇ ਆਪਣਾ ਤੁਆਰੁਫ ਕਰਵਾਉਂਦੇ ਹਨ। ਇੱਥੋਂ ਇੰਦਰ ਕੌਰ ਦੀ ਜ਼ਿੰਦਗੀ ਦਾ ਨਾਟਕੀ ਬਿਰਤਾਂਤ ਸ਼ੁਰੂ ਹੁੰਦਾ ਹੈ। ਇੰਦਰ ਕੌਰ ਆਪਣੀ ਜ਼ੁਬਾਨੀ ਕਥਾ ਸ਼ੁਰੂ ਕਰਦੀ ਹੈ। ਇਨ੍ਹਾਂ ਦੋਵਾਂ ਜਣਿਆਂ ਦੇ ਸਵਾਲਾਂ ਜਵਾਬਾਂ ਵਿੱਚ ਬਿਰਤਾਂਤ ਅੱਗੇ ਵਧਦਾ ਹੈ। ਨਾਟਕਕਾਰ ਦੀ ਨਾਟਕੀ ਸ਼ਿਲਪ ਬੜੀ ਮਾਂਜੀ ਸੁਆਰੀ ਹੈ। ਇਸ ਨਾਟਕ ਵਿੱਚ ਇੰਦਰ ਕੌਰ, ਆਤਮਜੀਤ, ਜਸਬੀਰ ਭੁੱਲਰ, ਮੰਗਲ ਸਿੰਘ, ਗੁਰਦਿੱਤ ਕੌਰ ਤੇ ਇਕਬਾਲ ਹੁਸੈਨ ਮਹਿਜ਼ ਛੇ ਪਾਤਰ ਹਨ ਤੇ ਪਰ ਇਸ ਦਾ ਕੈਨਵਸ ਬਹੁਤ ਵੱਡਾ ਹੈ। ਨਾਟਕ ਪੜ੍ਹ ਕੇ ਕਦੇ ਇੰਜ ਨਹੀਂ ਲੱਗਦਾ ਕਿ ਕੋਈ ਪਾਤਰ ਗ਼ੈਰ ਹਾਜ਼ਰ ਹੈ, ਜੋ ਪਾਤਰ ਮੰਚ ’ਤੇ ਹਾਜ਼ਰ ਨਹੀਂ, ਉਹ ਦੂਜੇ ਪਾਤਰਾਂ ਦੀ ਵਾਰਤਾਲਾਪ ਰਾਹੀਂ ਹੂਬਹੂ ਨਜ਼ਰ ਆਉਂਦਾ ਹੈ।

ਗੁੱਜਰ ਸਿੰਘ ਨਾਲ ਆਪਣੇ ਦੂਜੇ ਵਿਆਹ ਵੇਲੇ ਇੰਦਰ ਕੌਰ ਦੁਰਾਹੇ ’ਤੇ ਖੜ੍ਹੀ ਨਜ਼ਰ ਆਉਂਦੀ ਹੈ। ਤੀਜੇ ਵਿਆਹ ਵੇਲੇ ਚੁਰਾਹੇ ’ਤੇ ਖੜ੍ਹੀ ਹੈ ਅਤੇ ਆਪਣੇ ਹੋਣ ਵਾਲੇ ਪਤੀ ਮੰਗਲ ਸਿੰਘ ਅੱਗੇ ਆਪਣਾ ਸੰਕਟ ਰੱਖਦੀ ਹੈ : ‘ਦੇਖ ਮੰਗਲ ਸਿੰਘ! ਆਪਾਂ ਦੋਹੇਂ ਇਸ ਗੱਲ ਵਿੱਚ ਉੱਕਾ ਈ ਰਾਜ਼ੀ ਨਹੀਂ। ਤੂੰ ਮੈਨੂੰ ਜਾਣਦੈ, ਮੈਂ ਤੈਨੂੰ । ਤੇਰੇ ਲਈ ਇਹ ਸਿਰਫ ਧਰਮ ਸੰਕਟ ਐ। ਔਰਤ ਬਣ ਕੇ ਦੇਖ, ਮੇਰੇ ਲਈ ਕਿੰਨੇ ਸੰਕਟ ਨੇ! ਭਾਵੇਂ ਕੁਝ ਸਿਆਣਿਆਂ ਏਹੋ ਸਲਾਹ ਦਿੱਤੀ ਏ ਪਰ ਮੈਨੂੰ ਪੱਕਾ ਪਤੈ ਭਾਈਚਾਰੇ ਨੇ ਫੇਰ ਵੀ ਮੈਨੂੰ ਨਹੀਂ ਬਖਸ਼ਣਾ, ਪਰ ਮੰਗਲ ਸਿੰਘ ਮੈਂ ਈਮਾਨਦਾਰੀ ਨਾਲ ਕਹਿੰਦੀ ਆਂ ਕਿ ਏਸ ਚੋਣ ਦਾ ਪਹਿਲਾ ਅਧਿਕਾਰ ਤੇਰਾ। ਤੂੰ ‘ਹਾਂ’ ਕਰ ਜਾਂ ‘ਨਾਂਹ’ ਕਰ ; ਮੈਂ ਫੈਸਲਾ ਹੱਸ ਕੇ ਮਨਜ਼ੂਰ ਕਰਾਂਗੀ।’ ਇਸ ਦ੍ਰਿਸ਼ ਦੀ ਦੁਵਿਧਾ ਨੂੰ ਨਾਟਕਕਾਰ ਨੇ ਦਾਰਸ਼ਨਿਕ ਸੰਵਾਦ ਰਾਹੀਂ ਉਸਾਰਿਆ ਹੈ। ਫਿਰ ਸਿੱਕਾ ਉਛਾਲ ਕੇ ਦੋਵਾਂ ਆਪਣੀ ਜ਼ਿੰਦਗੀ ਦਾ ਫੈਸਲਾ ਕਰਦੇ ਹਨ। ਸਿੱਕਾ ਦੋਵਾਂ ਦੇ ਵਿਆਹ ਦੇ ਹੱਕ ਵਿੱਚ ਭੁਗਤਦਾ ਹੈ। ਇਸ ਨਾਟਕੀ ਜੁਗਤ ਨਾਲ ਨਾਟਕਕਾਰ ਦ੍ਰਿਸ਼ ਨੂੰ ਅਰੂਜ਼ ’ਤੇ ਲੈ ਕੇ ਜਾਂਦਾ ਹੈ।

ਨਾਟਕ ਵਿੱਚ ਵਾਰ ਵਾਰ ਸਵਾਲ ਆਉਂਦਾ ਹੈ ਕਿ ਇੰਦਰ ਕੌਰ ਤਿੰਨ ਪਰਵਾਰਾਂ ਦਾ ਧੁਰਾ ਸੀ। ਉਸ ਨੂੰ ਇੰਨੇ ਲੋਕਾਂ ਨੇ ਕਿਉਂ ਦੁਰਕਾਰ ਦਿੱਤਾ? ਹੋਰ ਤਾਂ ਹੋਰ ਉਸ ਦੇ ਆਪਣੇ ਬੱਚੇ ਉਸ ਦਾ ਨਾਂਅ ਤੱਕ ਨਹੀਂ ਲੈਂਦੇ? ਨਾਟਕਕਾਰ ਜਿੱਥੇ ਇਨ੍ਹਾਂ ਸਵਾਲਾਂ ਦਾ ਜਵਾਬ ਦੇ ਕੇ ਉਸ ਦੀ ਮਹਾਨਤਾ ਨੂੰ ਉਜਾਗਰ ਕਰਦਾ ਹੈ, ਉੱਥੇ ਆਪਣੇ ਪਰਵਾਰਕ ਮੈਂਬਰਾਂ ਨੂੰ ਵੀ ਦਰਸ਼ਕਾਂ ਦੀ ਕਚਹਿਰੀ ਵਿੱਚ ਮੁਜ਼ਰਿਮਾਂ ਵਾਂਗ ਪੇਸ਼ ਕਰਦਾ ਹੈ। ਗੁੱਜਰ ਸਿੰਘ ਦੀ ਮਾਂ ਗੁਰਦਿੱਤ ਕੌਰ ਇੰਦਰ ਕੌਰ ਦੇ ਤੀਜੇ ਵਿਆਹ ਬਾਰੇ ਸੁਣ ਕੇ ਮਲੇਸ਼ੀਆ ਪਹੁੰਚ ਜਾਂਦੀ ਹੈ। ਉਸ ਦੇ ਕਿਰਦਾਰ ਸਬੰਧੀ ਜੋ ਬੁਰਾ-ਭਲਾ ਬੋਲ ਸਕਦੀ ਸੀ, ਬੋਲ ਕੇ ਤਿੰਨੇ ਬੱਚਿਆਂ ਨੂੰ ਨਾਲ ਲੈ ਕੇ ਇੰਡੀਆ ਵਾਪਸ ਆ ਜਾਂਦੀ ਹੈ।

ਗੁਰਦਿੱਤ ਕੌਰ ਬੱਚਿਆਂ ਦੇ ਮਾਂ ਦੇ ਖਿਲਾਫ ਕੰਨ ਭਰ ਦਿੰਦੀ ਹੈ। ਨਤੀਜਾ ਇਹ ਨਿਕਲਦਾ ਹੈ ਕਿ ਮਨਜੀਤ ਕੌਰ ਆਪਣੀ ਸਕੀ ਮਾਂ ਦੀ ਕਿਰਦਾਰਕੁਸ਼ੀ ਕਰਦੀ ਹੈ। ਜਗਜੀਤ ਵੀ ਮਾਂ ਨੂੰ ਭੁੱਲ ਜਾਂਦਾ ਹੈ। ਪਹਿਲੇ ਵਿਆਹ ਦਾ ਬੱਚਾ ਅਮੋਲ ਜਿਸ ਦੇ ਨਾਂਅ ’ਤੇ ਗੁੱਜਰ ਸਿੰਘ ਨੇ ਜੋ ਅੱਧੀ ਜ਼ਮੀਨ ਲਵਾਈ ਸੀ, ਉਹ ਵੀ ਖੋਹ ਲਈ ਜਾਂਦੀ ਹੈ। ਮਨਜੀਤ ਤੇ ਜਗਜੀਤ ਸਕੂਲ ਪੜ੍ਹਦੇ ਹਨ ਪਰ ਅਮੋਲ ਨੂੰ ਡੰਗਰ ਚਾਰਨ ਲਾ ਲਿਆ ਜਾਂਦਾ ਹੈ। ਇੱਕ ਦਿਨ ਉਹ ਘਰੋਂ ਭੱਜ ਜਾਂਦਾ ਹੈ ਤੇ ਯਤੀਮਖਾਨੇ ਵਿੱਚ ਰਹਿਣ ਲੱਗ ਪੈਂਦਾ ਹੈ।

ਗੁੱਜਰ ਸਿੰਘ ਦੀ ਮਾਂ ਗੁਰਦਿੱਤ ਕੌਰ ਅਤੇ ਉਸ ਦੇ ਭਰਾਵਾਂ ਨੇ ਇੰਦਰ ਕੌਰ ਨੂੰ ਕਿਉਂ ਅੱਖੋਂ ਪਰੋਖੇ ਕਰ ਦਿੱਤਾ ? ਗੁਰਦਿੱਤ ਕੌਰ ਵਿਧਵਾ ਇੰਦਰ ਕੌਰ ਨੂੰ ਆਪਣੇ ਪੁੱਤਰ ਲਈ ਤਾਂ ਅਪਨਾ ਲੈਂਦੀ ਹੈ ਪਰ ਮੰਗਲ ਸਿੰਘ ਨਾਲ ਵਿਆਹ ਕਰਵਾਉਣ ’ਤੇ ਆਪਣੀ ਸੌੜੀ ਸੋਚ ਦਾ ਪ੍ਰਦਰਸ਼ਨ ਕਰਦੀ ਹੈ। ਇਸ ਪ੍ਰਸੰਗ ਵਿੱਚ ਨਾਟਕਕਾਰ ਇਸ ਦੌਰ ਵਿੱਚ ਦੇਸ਼ ਪੱਧਰ ’ਤੇ ਚੱਲ ਰਹੇ ਵਰਤਾਰੇ ਉੱਤੇ ਵੀ ਟਿੱਪਣੀ ਕਰਦਾ ਹੈ ਕਿ: ‘ਭਾਵੇਂ ਬੰਗਾਲ ਦਾ ਵਿੱਦਿਆ ਸਾਗਰ ਵਿਧਵਾਵਾਂ ਦੀ ਗੱਲ ਕਰ ਰਿਹਾ ਸੀ ਪਰ ਬੈਂਕਮ ਚੰਦਰ ਵਿਰੋਧ ਵੀ ਕਰ ਰਿਹਾ ਸੀ।’ ਨਾਟਕਕਾਰ ਦਾ ਸੰਕੇਤ ਹੈ ਕਿ ਸਮਾਜਿਕ ਰਹੁ-ਰੀਤਾਂ ਪਾਲਣ ਲਈ ਲੱਖਾਂ ਦੀ ਭੀੜ ਹੈ ਪਰ ਸਮਾਜ ਦੀਆਂ ਖੋਖਲੀਆਂ ਰੀਤਾਂ ਤੋੜਨ ਦੀ ਨਾਬਰੀ ਕਿਸੇ ਵਿਰਲੇ ਵਾਂਝੇ ਵਿੱਚ ਹੀ ਹੁੰਦੀ ਹੈ।

ਨਾਟਕਕਾਰ ਇੰਦਰ ਕੌਰ ਦੇ ਮਨ ਦੀਆਂ ਤਹਿਆਂ ਫਰੋਲਣ ਲਈ, ਉਸ ਦੀਆਂ ਦਮਿਤ ਭਾਵਨਾਵਾਂ ਨੂੰ ਉਜਾਗਰ ਕਰਨ ਲਈ ਅਤੇ ਨਾਟਕ ਵਿੱਚ ਆਸ ਤੇ ਡੂੰਘਾਈ ਪੈਦਾ ਕਰਨ ਲਈ ਇਕਬਾਲ ਹੁਸੈਨ ਦਾ ਪ੍ਰਵੇਸ਼ ਕਰਵਾਉਂਦਾ ਹੈ। ਇਕਬਾਲ ਹੁਸੈਨ ਆਤਮਜੀਤ ਦੀ ਕਲਪਨਾ ਦਾ ਸਿਖਰ ਹੈ। ਇਹ ਕਿਰਦਾਰ ਨਾਟਕਕਾਰ ਦੇ ਇੱਛੁਕ ਯਥਾਰਥ ਦੀ ਪੂਰਤੀ ਕਰਦਾ ਹੈ। ਇਕਬਾਲ ਹੁਸੈਨ ਲਾਹੌਰ ਦੀ ਹੀਰਾ ਮੰਡੀ ਵਿੱਚ ਰਹਿੰਦੀ ਆਪਣੀ ਮਾਂ ਤੇ ਭੈਣਾਂ ਨੂੰ ਪੂਰੇ ਮੁਆਸ਼ਰੇ ਦੇ ਸਾਹਮਣੇ ਤਸਲੀਮ ਹੀ ਨਹੀਂ ਕਰਦਾ ਸਗੋਂ ਪੂਰੀ ਦੁਨੀਆ ਦੇ ਸਾਹਮਣੇ ਉਨ੍ਹਾਂ ਦੇ ਚਿਤਰਾਂ ਦੀ ਪ੍ਰਦਰਸ਼ਨੀ ਲਾਹੌਰ ਦੇ ਮਸ਼ਹੂਰ ਆਡੀਟੋਰੀਅਮ ਵਿੱਚ ਲਗਾਉਂਦਾ ਹੈ। ਜਦੋਂ ਮੁਆਸ਼ਰੇ ਨੂੰ ਉਸ ਦੀ ਹਕੀਕਤ ਦਾ ਪਤਾ ਲੱਗਦਾ ਹੈ ਉਹ ਉਸ ਦੀ ਪ੍ਰਦਰਸ਼ਨੀ ਚੁੱਕਵਾ ਦਿੰਦਾ ਹੈ। ਇਕਬਾਲ ਹੁਸੈਨ ਨਾਬਰੀ ’ਤੇ ਉੱਤਰ ਆਉਂਦਾ ਹੈ। ਉਹ ਗਲੀ ਵਿੱਚ ਪ੍ਰਦਰਸ਼ਨੀ ਲਗਾਉਂਦਾ ਹੈ। ਉਹ ਆਪਣੇ ਬੱਚਿਆਂ ਦੇ ਸਾਹਮਣੇ ਵੀ ਬੜੇ ਧੜੱਲੇ ਨਾਲ ਕਬੂਲ ਕਰਦਾ ਹੈ ਕਿ ਉਹ ਇੱਕ ਤਵਾਇਫ ਦਾ ਪੁੱਤਰ ਹੈ। ਉਹ ਹੀਰਾ ਮੰਡੀ ਦੇ ਵਿਚਕਾਰ ਆਪਣਾ ਰੈਸਟੋਰੈਂਟ ਖੋਲ੍ਹਦਾ ਹੈ ਕਿਉਂਕਿ ਉਸ ਦੀ ਮਰਹੂਮ ਮਾਂ ਨੂੰ ਰੈਸਟੋਰੈਂਟਾਂ ਵਿੱਚ ਜਾਣਾ ਬਹੁਤ ਪਸੰਦ ਸੀ। ਇੰਦਰ ਕੌਰ ਆਪਣੀ ਸਹੇਲੀ ਦੇ ਇਸ ਦੋਹਤੇ ਨੂੰ ਇਸ ਲਈ ਪਸੰਦ ਕਰਦੀ ਹੈ ਕਿ ਉਸ ਅੰਦਰ ਦੁਰਕਾਰੇ ਰਿਸ਼ਤਿਆਂ ਨੂੰ ਅਪਣਾਉਣ ਦਾ ਮਾਦਾ ਹੈ ਪਰ ਇੰਦਰ ਕੌਰ ਆਪਣੇ ਤੋਂ ਜ਼ਬਰਦਸਤੀ ਵਿਛੋੜੇ ਜਾ ਰਹੇ ਬੱਚਿਆਂ ਨੂੰ ਰੋਕਣ ਦੀ ਦਲੇਰੀ ਨਾ ਕਰ ਸਕੀ। ਇਕਬਾਲ ਹੁਸੈਨ ਆਪਣਿਆਂ ਨੂੰ ਦਲੇਰੀ ਨਾਲ ਅਪਣਾਉਂਦਾ ਹੈ।

ਇੰਦਰ ਕੌਰ ਦੇ ਮਲੇਸ਼ੀਆ ਵਿੱਚ ਰਬੜ ਦੇ ਬਾਗ਼ ਸਨ। ਨਾਟਕਕਾਰ ਰਬੜ ਨੂੰ ਪ੍ਰਤੀਕ ਬਣਾ ਕੇ ਇੰਦਰ ਕੌਰ ਦੇ ਮਨ ਦੇ ਭਾਵ ਉਜਾਗਰ ਕਰਦਾ ਹੈ : ‘ਮੈਨੂੰ ਵੀ ਸਾਰੀ ਉਮਰ ਏਹੋ ਲੱਗਦਾ ਰਿਹਾ ਪਈ ਮੈਂ ਰਬੜ ਦਾ ਰੁੱਖ ਹਾਂ ਤੇ ਜ਼ਿੰਦਗੀ ਨੇ ਪੱਛ-ਪੱਛ ਕੇ ਮੇਰੀ ਰੂਹ ਉੱਤੇ ਇੱਕ ਡੂੰਘੀ ਪੈੜ ਬਣਾ ਦਿੱਤੀ ਏ। ਤੇ ਉਸ ਲੀਹ ’ਚੋਂ ਮੇਰੇ ਅਰਮਾਨ ਵਹਿ ਰਹੇ ਨੇ।’ ਇੰਦਰ ਕੌਰ ਭਾਵੇਂ ਉਹ ਆਪਣੇ ਹਿੱਸੇ ਦੀ ਲੜਾਈ ਨਾ ਲੜ ਸਕੀ, ਪਰ ਵਕਤ ਬੀਤਣ ’ਤੇ ਇਕਬਾਲ ਹੁਸੈਨ ਤੋਂ ਪ੍ਰੇਰਨਾ ਲੈ ਕੇ ਆਪਣੇ ਦੋਹਤੇ ਤੇ ਪੋਤੇ ਅੱਗੇ ਸੱਚ ਬੋਲਣ ਦਾ ਜਿਗਰਾ ਜ਼ਰੂਰ ਕਰ ਸਕੀ, ਕਿਉਂਕਿ ਇਕਬਾਲ ਹੁਸੈਨ ਕਹਿ ਕੇ ਗਿਆ ਸੀ ਕਿ : ‘ਤੂੰ ਕੋਈ ਵੀ ਗੁਨਾਹ ਨਹੀਂ ਕੀਤਾ ਮਾਈ। ਮੇਰੇ ਵਾਂਗ ਆਪਣੇ ਰੋਹ ਨੂੰ ਤਾਕਤ ਬਣਾ! ਆਪਣੇ ਡਰ ’ਚੋਂ ਨਿਕਲ, ਕਵਿਤਾ ਲਿਖ, ਸ਼ਾਇਰੀ ਕਰ।’ ਨਾਟਕ ਨੂੰ ਪੜ੍ਹ ਕੇ ਅਖ਼ੀਰ ਵਿੱਚ ਮੇਰੀ ਦੁਆ ਹੈ ਕਿ ਹਰ ਪਿਸਦੀ ਧਿਰ ਅੰਦਰ, ਮੁਆਸ਼ਰੇ ਦੀਆਂ ਗ਼ਲਤ ਰਹੁ-ਰੀਤਾਂ ਨੂੰ ਚੁਣੌਤੀ ਦੇਣ ‘ਇਕਬਾਲ ਹੁਸੈਨ ਜ਼ਰੂਰ ਆਵੇ’। ਆਮੀਨ!

**- ਡਾ. ਹਰਪ੍ਰੀਤ ਸਿੰਘ**

ਮੋਬਾ. 97806-18505

## ਯੁੱਧ ਨਾਦ

ਚੰਨ ਦਾ ਸੰਖ ਵੰਜ ਰਿਹਾ ਹੈ
ਸੂਰਜ ਦਾ ਘੜਿਆਲ
ਕਿਰਤੀਓ! ਕਿਸਾਨੋ! ਮਜ਼ਦੂਰੋ! ਕਲਰਕੋ!
ਕੁਰੁਕਸ਼ੇਤਰ ਭੂਮੀ ਵਿੱਚ
ਆਪਣੇ ਰਥ ਲੈ ਕੇ ਆਓ।
ਦ੍ਰੋਣਾਚਾਰੀਆਂ ਵਲ ਨਾ ਦੇਖੋ
ਭੀਸ਼ਮਾਂ ਦਾ ਖਹਿੜਾ ਛੱਡੋ
ਕ੍ਰਿਸ਼ਨ ਆਵੇ, ਨਾ ਆਵੇ
ਆਪਣੇ ਰਥ ਆਪ ਹੱਕੋ
ਆਪਣੀ ਗੀਤ ਆਪ ਉੱਚਰੋ।
ਧਰਤ ਤੋਂ ਆਕਾਸ਼ ਤੀਕਰ
ਅੰਧਕਾਰ ਬੜ੍ਹਕਾਂ ਮਾਰੇ
ਆਓ, ਇਸ ਦਾ ਸਿੰਙ ਫੜੀਏ
ਖੁੱਲ੍ਹੀ ਅੱਖ ਦੇ ਚਾਨਣ ਨਾਲ
ਇਸਦੇ ਨੱਕ ਨੂੰ ਪਾੜੀਏ
ਸਵੇਰ ਦੀ ਲਾਲ ਡੋਰੀ ਨਾਲ
ਇਸਦੇ ਨੱਕ ਵਿੱਚ ਨੱਥ ਪਾਈ ਏ।
ਚੰਨ ਦਾ ਸੰਖ ਵੱਜ ਰਿਹਾ ਹੈ
ਸੂਰਜ ਦਾ ਘੜਿਆਲ
ਕਿਰਤੀਓ! ਕਿਸਾਨੋ! ਮਜ਼ਦੂਰੋ! ਕਲਰਕੋ!
ਕੁਰੁਕਸ਼ੇਤਰ ਭੂਮੀ ਵਿੱਚ
ਆਪਣੇ ਰਥ ਲੈ ਕੇ ਆਓ।

**- ਸੰਤੋਖ ਸਿੰਘ ਧੀਰ**



## ਯੁੱਧ ਨਹੀਂ ....!!

ਸੜਿਆ ਕੀ ਕੀ ਨਾਲ ਲਾਸ਼ ਦੇ,
ਜਿਹੜੀ ਪਹੁੰਚੀ ਸਰਹੱਦੋਂ ਪਾਰ,
ਸੱਥਰ ਹੋਈਆਂ ਸੱਧਰਾਂ,
ਉਮੀਦਾਂ ਵੀ ਗਈਆਂ ਉਡਾਰੀ ਮਾਰ,
ਮਾਂ ਮੋਈ ਬਿਨ ਕੱਫਨੋਂ,
ਐਸੀ ਕਾਫਰ ਦੀ ਪਈ ਮਾਰ,
ਬਿਨ ਧੂਣੀ ਬਾਪ ਧੁਖਿਆ,
ਅੰਬਰਾਂ ਤੱਕ ਹੂਕ ਦੀ ਮਾਰ,
ਵੈਣ ਭੈਣਾਂ ਦੇ ਵਿਹੜੇ ਕੂਕੇ,
ਵਿਧਵਾ ਡਿੱਗੀ ਧਾਹ ਮਾਰ,
ਪੁੱਤ ਪੱਥਰ ਬਣ ਗਿਆ,
ਖੜਾ ਬਾਪ ਦੀ ਲਾਸ਼ ਦੇ ਨਾਲ,
ਉੱਜੜੀ ਦੁਨੀਆ ਟੱਬਰ ਦੀ,
ਘਿਰ ਗਏ ਦੁੱਖਾਂ ਨਾਲ,
ਖਾਲੀ ਕੀ ਕੀ ਹੋ ਗਿਆ,
ਇੱਕ ਪੁੱਤ ਦੇ ਘਰੋਂ ਜਾਣ ਨਾਲ,
ਅਮਰ ਕੋਈ ਨੀ ਏਥੇ ਨਾ ਸਮਝੇ,
ਹੱਲ ਨਾ ਹੁੰਦੇ ਯੁੱਧਾਂ ਨਾਲ,
ਦੁਨੀਆ ’ਤੇ ਸ਼ਾਂਤੀ ਰਹਿਣ ਦਿਓ,
ਸਾਰੇ ਸੁਖੀ ਜੀਵੋ ਹਰ ਹਾਲ,
ਯੁੱਧ ਨਹੀਂ ਕਵਿਤਾ ਸਿਰਜੋ,
ਸ਼ਬਦ ਬਣਦੇ ਵਾਰ ਦੀ ਢਾਲ,
ਬੰਬਾਂ ਦੀ ਗੂੰਜ ਮਿਟਾ ਕੇ,
ਛੇੜੋ ਰਾਗ ਰਿਸ਼ਤਿਆਂ ਨਾਲ,

**- ਅਮਰਜੀਤ ਦਸੂਹਾ**

# ਆਪਣੇ ਆਪ ਨਾਲ ਗੱਲਾਂ

ਮੇਰੇ ਹੱਥਾਂ ਵਿੱਚ ਕਿਤਾਬਾਂ ਤਾਂ ਹਨ, ਪਰ ਦਿਲ ਦੀ ਤਲਾਸ਼ ਨਹੀਂ ਮੁੱਕਦੀ। ਮੈਂ ਕਿਸੇ ਅਣਸੁਲਝੇ ਵਿਚਾਰ ਵਿੱਚ ਉਲਝਿਆ ਰਹਿੰਦਾ ਹਾਂ, ਜਿਸ ਦਾ ਮੈਨੂੰ ਪਤਾ ਨਹੀਂ ਲੱਗਦਾ, ਉਵੇਂ ਜਿਵੇਂ ਮਰੇ ਬੰਦੇ ਦੇ ਪੈਰ ’ਚ ਕੱਚ ਖੋਭਿਆ ਜਾ ਰਿਹਾ ਹੋਵੇ! ਇੱਕ ਅੱਗ ਹੈ ਅੰਦਰ, ਜਿਸ ਨਾਲ ਨਾ ਤਾਂ ਦਾਣੇ ਭੁੰਨੇ ਜਾ ਸਕਦੇ ਨੇ, ਨਾ ਲੋਹਾ ਪਿਘਲਾਇਆ ਜਾ ਸਕਦਾ ਏ। ਬਸ!

* * * *

ਮੀਂਹ ਵਿੱਚ ਸਿਰ ਉਤੇ ਲਿਫ਼ਾਫ਼ੇ ਪਾ ਪਾ ਭੱਜਣਾ, ਤਲਾਅ ਦੇ ਸ਼ਾਂਤ ਪਾਣੀ ਵਿਚ ਆਪਣਾ ਚਿਹਰਾ ਨਿਹਾਰਨਾ, ਸ਼ਰਤ ਲਾ ਕੰਧ ’ਤੇ ਚੜ੍ਹਨਾ ਅਤੇ ਇਹ ਵੀ ਵੇਖਣਾ ਕਿਤੇ ਕੋਈ ਵੇਖਦਾ ਨਾ ਹੋਵੇ, ਭੱਜ-ਭੱਜ ਆਥਣੇ ਮਾਂ ਕੋਲ ਚੁੱਲ੍ਹੇ ਵੱਲ ਜਾ ਬੈਠਣਾ, ਹੁਣ ਇਹਨਾਂ ਸਭਨਾਂ ਵਿੱਚੋਂ ਕੁਝ ਵੀ ਨਹੀਂ ਕਰਦਾ ਮੈਂ। ਇੱਕ ਹੋਰ ਕੰਮ, ਜੋ ਬਚਪਨ ਵਿੱਚ ਕੀਤਾ, ਜੋ ਹੁਣ ਤੱਕ ਕਰਦਾ ਆ ਰਿਹਾ ਹਾਂ, ਉਹ ਹੈ ਲਿਖਣਾ ! ਉਹ ਸਭ ਲਿਖ ਦੇਣਾ, ਜੋ ਮੈਥੋਂ ਕਹਿ ਨਹੀਂ ਹੋਇਆ, ਸਿਰਫ਼ ਲਿਖ ਦੇਣ ਦੀ ਚਾਹਤ ਨੇ ਬਾਕੀ ਸਭ ਚਾਹਤਾਂ ਨੂੰ ਕੱਟ ਦਿੱਤਾ, ਜਿਵੇਂ ਅੱਥਰੂ ਗੱਲ ਕੱਟ ਦਿੰਦਾ ਏ ! ਜੇ ਲਿਖਦਾ ਨਾ ਹੁੰਦਾ, ਸ਼ਾਇਦ ਮੈਂ ਨਾ ਹੀ ਹੁੰਦਾ।

## ਨਵੀਂ ਕਲਮ-2

### ਦਿਲਪ੍ਰੀਤ ਸਿੰਘ

* * * *

ਮੈਂ ਅਕਸਰ ਲੰਮਾ ਸਮਾਂ ਬਿਨਾਂ ਲਿਖੇ ਬਿਤਾਉਂਦਾ ਹਾਂ ਅਤੇ ਇਸ ਗੱਲ ਦੀ ਕੋਈ ਚਿੰਤਾ ਵੀ ਨਹੀਂ ਕਰਦਾ । ਇਸ ਦਾ ਮਤਲਬ ਇਹ ਨਹੀਂ ਕਿ ਮੈਂ ਚਿੰਤਾਮੁਕਤ ਹੋ ਗਿਆ ਹਾਂ, ਇਸ ਦਾ ਮਤਲਬ ਹੈ ਕਿ ਇਸ ਦੌਰਾਨ ਮੇਰੀ ਸੋਚ ਦਾ ਸਿਰਾ ਕਿਸੇ ਹੋਰ ਬਿੰਦੂ ’ਤੇ ਅਟਕਿਆ ਹੁੰਦਾ ਹੈ । ਫਿਰ ਇਕਦਮ ਮੈਂ ਆਪਣੇ ਮੌਨ ਤੋਂ ਬੇਚੈਨ ਹੋ ਜਾਂਦਾ ਹਾਂ, ਘਬਰਾ ਕੇ ਉੱਠਦਾ ਹਾਂ। ‘ਉਹ ਤੇ ਮੈਂ’, ਲਿਖਣ ਸਮੇਂ ਮੈਂ ਇਸੇ ਦੌਰ ਵਿੱਚੋਂ ਲੰਘ ਰਿਹਾ ਸੀ । ਛਿਣਭੰਗਰ ਅਤੇ ਦੁੱਖ ਦੀ ਉੱਚੀ ਧੁਰੀ ’ਤੇ ਬੰਨ੍ਹੀਆਂ ਹੋਈਆਂ ਕਵਿਤਾਵਾਂ ਦੇ ਨਾਲ ਮੈਂ ਉਸ ਛਿਣ ਉਹ ਸਭ ਕੁੱਝ ਕਰ ਚੁੱਕਾ ਸਾਂ, ਜੋ ਮੈਂ ਕਰ ਸਕਦਾ ਸੀ । ਇਸੇ ਲਈ ਮੈਨੂੰ ਲੱਗਦਾ ਹੈ ਕਿ ਮੇਰੀ ਨਵੀਂ ਕਿਤਾਬ ਨੂੰ ਉੱਬੜ-ਖਾਬੜ ਖੁਰਦਰੀ ਸਤਿਹ ’ਤੇ ਖੜ੍ਹੇ ਹੋਣ ਦੇ ਬਾਵਜੂਦ ਜ਼ਿਆਦਾ ਕੈਜ਼ੂਅਲ ਹੋਣਾ ਚਾਹੀਦਾ । ਸੱਚ ਕਹਾਂ, ਤਾਂ ‘ਉਹ ਤੇ ਮੈਂ’ ਨੇ ਮੈਨੂੰ ਸਿਖਾਇਆ ਹੈ ਕਿ ਖੁਰਦਰੀ ਸਤਹਿ ’ਤੇ ਕਿਸ ਤਰ੍ਹਾਂ ਲਿਖਿਆ ਜਾਂਦਾ ਹੈ ।

* * * *

ਉਹ ਏਨਾ ਵਧੀਆ ਕਵੀ ਹੈ ਕਿ ਉਸ ਦੀ ਸਹਿਜਤਾ, ਸਾਦਗੀ ਅਤੇ ਸ਼ਰਾਫ਼ਤ ਕਰਕੇ ਉਹ ਮਸ਼ਹੂਰ ਕਵੀ ਨਹੀਂ ਬਣ ਸਕਦਾ । ਪਰ ਉਸ ਦੀ ਕਵਿਤਾ ਮਸ਼ਹੂਰ ਕਵੀਆਂ ਨੂੰ ਵਧੀਆ ਕਵੀ ਹੋਣ ’ਚ ਸਹਾਇਤਾ ਕਰ ਸਕਦੀ ਹੈ।

* * * *

ਕਿਤਾਬਾਂ ਬਹੁਤ ਕੁਝ ਸਿਖਾਉਂਦੀਆਂ ਇਨਸਾਨ ਨੂੰ ਜ਼ਿੰਦਗੀ ਵਿੱਚ। ਦੁਨੀਆ ਵਿੱਚ ਜਿੰਨੀਆਂ ਕਿਤਾਬਾਂ ਸ਼ਾਇਦ ਹੀ ਕਿਤਾਬਾਂ ਦੇ ਆਸ਼ਕਾਂ ਤੋਂ ਪੜ੍ਹੀਆਂ ਜਾਣ, ਕਿਤਾਬਾਂ ਸਹਿਜਤਾ ਤੇ ਸਬਰ ਹਰ ਇਨਸਾਨ ਨੂੰ ਬਖ਼ਸ਼ਦੀਆਂ ਨੇ, ਇਨਸਾਨ ਦੀ ਜ਼ਿੰਦਗੀ ਵਿੱਚ ਬਾਕੀ ਕੰਮਾਂ ਦੇ ਨਾਲ ਨਾਲ ਪਾਠਕ ਦੀ ਜ਼ਿੰਦਗੀ ਵਿੱਚ ਇਕ ਸੰਕਲਪ ਵੀ ਬਹੁਤ ਜ਼ਰੂਰੀ ਹੈ। ਸੰਕਲਪ ਬਣਨੇ ਨੂੰ ਸਮਾਂ ਲੱਗਦਾ ਏ।ਸਮਾਂ ਕੱਢਣ ਲਈ ਵੀ ਸਮਾਂ ਚਾਹੀਦਾ ਏ।

ਆਪਾਂ ਗੱਲ ਪਾਠਕ ਦੇ ਤੌਰ ’ਤੇ ਕਰਦੇ ਹਾਂ। ਸੰਕਲਪ ਹੌਲੀ-ਹੌਲੀ ਬਣਦਾ ਏ, ਕੀੜੀ ਦੀ ਚਾਲ ਤੋਂ ਵੀ ਹੌਲੀ ਹੌਲੀ। ਸਾਡੇ ਅੰਦਰ ਜੇ ਸੰਕਲਪ ਬਣੇ, ਪੜ੍ਹਨ ਦੀ ਪਿਆਸ ਵੀ ਫਿਰ ਹੀ ਸ਼ੁਰੂ ਹੁੰਦੀ ਏ, ਸੰਕਲਪ ਬਣਨਾ ਵੀ ਕਠਿਨ ਹੈ ਜਿਵੇਂ ਧਿਆਨ ਕਰਨਾ ਕਠਿਨ ਹੈ।

ਆਪਣੇ ਆਪ ’ਚ ਖ਼ੁਦ ਨੂੰ ਚੰਗਾ ਪਾਠਕ ਅਖਵਾਉਣ ਵਾਲਾ ਸ਼ੁਰੂ ਵਿੱਚ ‘ਨਵਾਂ’ ਪਾਠਕ ਹੀ ਹੁੰਦਾ ਹੈ। ਹੌਲੀ-ਹੌਲੀ ਅਸੀਂ ਸੌਖੀਆਂ ਕਿਤਾਬਾਂ ਤੋਂ ਔਖੀਆਂ ਤੱਕ ਪਹੁੰਚ ਜਾਂਦੇ ਹਾਂ। ਨਾਨਕ ਦਾ ‘ਸਿੱਖ’ ਜਾਣਦਾ ਹੈ ਕਿ ਸਿੱਖਣਾ ਹੈ ਬੱਸ — ਸਿਖਦੇ ਈ ਰਹਿਣਾ ਹੈ।

* * * *

ਕੋਈ ਪਾਠਕ ਖ਼ੁਦ ’ਚ ਜਿੰਨਾ ਮਰਜ਼ੀ ਚੰਗਾ ਹੋਵੇ ਪਰ ਜਿਹੜਾ ਕਿਸੇ ਚੀਜ਼ ਨੂੰ ਬਿਨਾਂ ਪੜ੍ਹੇ ਨਕਾਰ ਦੇਵੇ, ਉਹ ਚੰਗਾ ਪਾਠਕ ਨਹੀਂ।

ਸਾਨੂੰ ਜਦ ਵੀ ਕੋਈ ਕਿਤਾਬਾਂ ਪੜ੍ਹਨ ਵਾਲਾ ਮਿਲੇ, ਸਾਡਾ ਫ਼ਰਜ਼ ਉਸ ਨੂੰ ਉਤਸ਼ਾਹਿਤ ਕਰਨਾ ਬਣਦਾ ਏ, ਨਾ ਕਿ ਇਹ ਕਹਿਣਾ ਕੀ ਤੂੰ

ਇਹ ਕੀ ਪੜ੍ਹ ਰਿਹਾ ਏਂ? ਇਹ ਵਧੀਆ ਨਹੀਂ ਹੈ !

ਅਸੀਂ ਉਸ ਦੀ ਸੰਕਲਪ ਬਣਾਉਣ ਦੀ ਪਿਆਸ ਪਹਿਲਾਂ ਹੀ ਮਾਰ ਦਿੰਦੇ ਹਾਂ। ਕਦੇ ਵੀ ਛੋਟਾ ਬਲਬ ਹਾਈ ਵੋਲਟੇਜ ਨਹੀਂ ਝੱਲਦਾ। ਅਸੀਂ ਚਾਹੁੰਦੇ ਹਾਂ ਉਹ ਪਹਿਲੇ ਦਿਨ ਹੀ ‘ਕਾਫ਼ਕਾ’ ਦਾ ‘ਮੁੱਕਦਮਾ’ ਤੇ ‘ਜਾਰਜ਼ ਗਰਜਿਫ਼’ ਦੀ ‘ਇਨ ਦਾ ਸਰਚ ਓਫ ਮਿਰਕਲੌਸ’ ਪੜ੍ਹੇ ਤਾਂ ਕਿ ਬਾਅਦ ਵਿੱਚ ਉਹ ਮੁੜ ਕੇ ਕੁਝ ਹੋਰ ਪੜ੍ਹ ਹੀ ਨਾ ਪਾਏ।

+1 742 588-0500

ਸਫ਼ਾ 3 ਦੀ ਬਾਕੀ

## ਸ਼ਬਦ ਸੁੱਚਤਾ ਦਾ ਸਹਿਜ ਪ੍ਰਗਟਾਵਾ ...

ਦਿਲ ਛੋਟਾ ਨਾ ਕਰ ਬੇਟੀ
ਬਸ ਸੱਲ ਅੱਖਰਾਂ ਵਿੱਚ ਹੀ ਹੈ
ਅੱਖਰ ਖੁਰ ਗਏ
ਸਭ ਸ਼ਾਂਤ ਹੋ ਜਾਵੇਗਾ।

ਆਪਣੇ ਵਿਰਸੇ ਤੋਂ ਟੁੱਟ ਰਹੀ ਜਵਾਨੀ ਨੂੰ ਦਿੱਤਾ ਕਵੀ ਦਾ ਸੰਦੇਸ਼ ਉਸ ਦਰਸ਼ਨ ਦੇ ਧਾਰਨੀ ਬਣਾਉਂਦਾ ਹੈ। ਜਿਸ ਦਰਸ਼ਨ ਨੇ ਲੁਕਾਈ ਨੂੰ ਸਾਂਝੀਵਾਲਤਾ, ਮੁਹੱਬਤ ਲਈ ਆਪਾ ਵਾਰਨ ਅਤੇ ਜ਼ੁਲਮ ਖਿਲਾਫ਼ ਡਟਣ ਦਾ ਸੁਨੇਹਾ ਲਾਇਆ ਸੀ। ਵਿਸ਼ਵੀ ਪ੍ਰਭਾਵ ਹੇਠ ਸਾਡੀ ਨੌਜਵਾਨੀ ਇਸ ਦਰਸ਼ਨ ਦੇ ਮਹੱਤਵ ਪ੍ਰਤੀ ਅਵੇਸਲੀ ਹੁੰਦੀ ਜਾ ਰਹੀ ਹੈ। ਕਵੀ ਅਨੂਠੇ ਰੰਗ ਵਿੱਚ ਪੱਛਮੀ ਸਾਜ਼ ਨੂੰ ਵਜਾਉਣ ਵਾਲੇ ਸਰਦਾਰ ਮੁੰਡੇ ਨੂੰ ਸੰਬੋਧਿਤ ਹੁੰਦਾ ਕਹਿੰਦਾ ਹੈ-

ਹੱਥ ਵਿੱਚ ਪਕੜ ਗਿਟਾਰ
ਗਾਵੇ ਇਕ ਸਰਦਾਰ
ਗਿਆਨ ਦੇ ਕੇਸ ਤੋਂ ਰੱਖ ਉਹ ਮੁੰਡਿਆ
ਦਇਆ ਦੀ ਬੰਨ੍ਹ ਦਸਤਾਰ
ਗਾ ਵੇ ਗੀਤ ਮੁਹੱਬਤ ਵਾਲਾ
ਗਾ ਵੇ ਇਕ ਓਅੰਕਾਰ

ਇਸ ਸੰਗ੍ਰਹਿ ਦੀਆਂ ਕਵਿਤਾਵਾਂ ਵਿੱਚ ਪਿੰਡ ਪ੍ਰਤੀ ਮੋਹ ਹੈ। ਕਵੀ ਆਪਣੇ ਆਪ ਨੂੰ ਪਿੰਡ ਦਾ ਕਰਜ਼ਈ ਮੰਨਦਾ ਹੈ ਪਰ ਇਹ ਪਿੰਡ ਨਿਰਾਸ਼ ਹੈ। ਗਮਗੀਨ ਹੈ, ਪਿੰਡ ਦੀ ਜ਼ਮੀਨ ਉਦਾਸ ਹੈ । ਕੁਰਸੀਆਂ ਦੀ ਫ਼ਿਕਰ ’ਚ ਬੈਠੀਆਂ ਹਕੂਮਤਾਂ ਦੇ ਹੱਥਾਂ ਵਿੱਚ ਇੱਥੋਂ ਦੇ ਲੋਕਾਂ ਦੀ ਕਿਸਮਤ ਦੇ ਲੇਖ ਆ ਗਏ ਹਨ। ਵੋਟ ਰਾਜਨੀਤੀ ਨੇ ਪਿੰਡ ਦੀ ਭਾਈਚਾਰਕ ਸਾਂਝ ਤੇ ਸਕੂਨ ਖੋਹ ਲਿਆ ਹੈ, ਪਰ ਫਿਰ ਵੀ ਕਿਤੇ ਨਾ ਕਿਤੇ ਦਿਲ ਵਿੱਚ ਇਹ ਰੀਜ਼ੂ ਪਲ ਰਹੀ ਹੈ ਕਿ ਪਿੰਡ ਦੇ ਜਾਏ ਪਿੰਡ ਪਰਤ ਆਉਣ। ਉਹ ਆਪਣੇ ਪਿੰਡ ਦੀ ਧਰਤੀ ਤੋਂ ਇਹੀ ਵਰਦਾਨ ਮੰਗਦਾ ਹੈ ਕਿ ਉਹ ਜਦੋਂ ਵਾਪਸ ਪਿੰਡ ਪਰਤਣ ਤਾਂ ਉਹਨਾਂ ਦਾ ਪਰਤਣਾ ਪੂਰਨ ਵਰਗਾ ਹੋਵੇ। ਜਿਸ ਦੇ ਵਾਪਸ ਆਉਂਦਿਆਂ ਸੁੱਕਾ ਬਾਗ ਹਰਾ ਹੋ ਗਿਆ ਸੀ। ਖੁਸ਼ਹਾਲੀ, ਰੌਣਕ ਪਰਤ ਆਈ ਸੀ। ਇਹ ਉਹ ਪਿੰਡ ਹੈ ਜਿਸ ਨੇ ਉਸ ਨੂੰ ਜ਼ੁਬਾਨ ਦਿੱਤੀ ਤੇ ਉਸ ਦੀ ਸ਼ਾਇਰੀ ਨੂੰ ਜਿੰਦ-ਜਾਨ ਦਿੱਤੀ ਹੈ।

ਸੁਰਜੀਤ ਪਾਤਰ ਦੀ ਇਸ ਪੁਸਤਕ ਵਿੱਚ ਅਨੇਕਾਂ ਰੰਗ ਸ਼ਾਮਲ ਹੋਏ ਹਨ। ਸ਼ੇਅਰ , ਛੰਦਬੱਧ ਕਵਿਤਾ, ਖੁੱਲ੍ਹੀ ਕਵਿਤਾ, ਗ਼ਜ਼ਲਾਂ ਸਾਰੇ ਹੀ ਰੂਪਾਂ ਦਾ ਆਪਣਾ-ਆਪਣਾ ਅਨੂਠਾ ਸਵਾਦ ਹੈ। ਇਹ ਪੁਸਤਕ ਜਿੱਥੇ ਵਿਚਾਰਧਾਰਕ ਉੱਚਤਾ ਦਾ ਖਜ਼ਾਨਾ ਸਾਡੇ ਲਈ ਲੈ ਕੇ ਹਾਜ਼ਰ ਹੋਈ ਹੈ, ਉੱਥੇ ਕਵਿਤਾ ਦੇ ਨਾਲ-ਨਾਲ ਸ਼ਾਮਲ ਕੀਤੇ ਸਕੈੱਚ ਇਸ ਕਾਵਿਕ ਵਿਚਾਰਧਾਰਾ ਨੂੰ ਹੋਰ ਉੱਚਤਾ ਪ੍ਰਦਾਨ ਕਰਦੇ ਹਨ। ਪਾਤਰ ਸਾਹਿਬ ਦੀਆਂ ਅਣਛਪੀਆਂ ਕਵਿਤਾਵਾਂ ਨੂੰ ਕਿਤਾਬੀ ਰੂਪ ਵਿੱਚ ਪਾਠਕਾਂ ਤੱਕ ਪਹੁੰਚਾਉਣ ਲਈ ਉਹਨਾਂ ਦੀ ਪਤਨੀ ਭੁਪਿੰਦਰ ਪਾਤਰ ਦਾ ਬਹੁਤ-ਬਹੁਤ ਧੰਨਵਾਦ। ਪੰਜਾਬੀ ਸਾਹਿਤ ਜਗਤ ’ਚ ਪੁਸਤਕ ਦਾ ਭਰਪੂਰ ਸਵਾਗਤ ਹੈ।

ਮੋਬਾ. 99148-86310

# ਬੁੰਦੇਲਖੰਡੀ ਇਮਾਰਤ ਕਲਾ ਦੇ ਦਰਸ਼ਨ

## ਯਾਤਰਾ ਬਿਰਤਾਂਤ-3

ਭੁਪਿੰਦਰ ਸਿੰਘ ਮਾਨ

ਬੁੰਦੇਲਖੰਡ ਦੇ ਛੁਪੇ ਮੋਤੀ ਓਰਛਾ ਵਿਚ ਯਾਤਰਾ ਦੇ ਤੀਜੇ ਦਿਨ ਮੇਰੀ ਜਾਗ ਸਵੇਰੇ ਜਲਦੀ ਖੁੱਲ੍ਹ ਗਈ। ਮੈਂ ਦੇਖਿਆ ਪਰਗਟ ਸਤੌਜ ਵੀ ਆਪਣੇ ਕਮਰੇ ਵਿੱਚ ਜਾਗ ਰਿਹਾ ਸੀ ।ਅਸੀਂ ਦੋਵੇਂ ਸੈਰ ਕਰਨ ਲਈ ਤੁਰ ਪਏ। ਜਦੋਂ ਅਸੀਂ ਘੁੰਮਣ ਜਾਂਦੇ ਹਾਂ ਤਾਂ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਵੇਰੇ ਜਲਦੀ ਉੱਠ ਕੇ ਇਲਾਕੇ ਦੀ ਸੈਰ ਕੀਤੀ ਜਾਵੇ, ਜਿਸ ਨਾਲ ਅਸੀਂ ਉਥੋਂ ਦੇ ਜੀਵਨ ਅਤੇ ਸੱਭਿਆਚਾਰ ਦੀ ਹੋਰ ਚੰਗੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ।ਅਸੀਂ ਲੰਬਾ ਚੱਕਰ ਮਾਰਿਆ ।ਕਈ ਬੁੰਦੇਲਖੰਡੀ ਲੋਕਾਂ ਦੇ ਘਰਾਂ ਕੋਲ ਦੀ ਲੰਘੇ। ਇੱਥੋਂ ਦੇ ਵਸਨੀਕ ਬਹੁਤ ਸਾਦਗੀ ਨਾਲ ਰਹਿਣ ਵਾਲੇ ਲੋਕ ਹਨ। ਖਜੁਰਾਹੋ, ਛਤਰਪੁਰ ਅਤੇ ਓਰਛਾ ਵਰਗੇ ਸ਼ਹਿਰਾਂ ਵਿੱਚ ਸਾਨੂੰ ਖਾਣ-ਪੀਣ ਦੇ ਵੱਡੇ ਰੈਸਟੋਰੈਂਟ, ਇੱਕ ਵੀ ਕੱਪੜਿਆਂ ਦਾ ਬ੍ਰਾਂਡਿਡ ਸਟੋਰ ਦਿਖਾਈ ਨਾ ਦਿੱਤਾ। ਆਮ ਲੋਕਾਂ ਦਾ ਪਹਿਰਾਵਾ ਸਾਦਾ ਅਤੇ ਸਥਾਨਕ ਸੀ।ਅਸਲ ਵਿੱਚ ਇਹ ਉਹਨਾਂ ਦੇ ਧਰਤੀ ਨਾਲ ਜੁੜੇ ਹੋਣ ਦੀ ਨਿਸ਼ਾਨੀ ਹੈ। ਜਦੋਂ ਬੰਦਾ ਲਗਜ਼ਰੀ ਜਾਂ ਦਿਖਾਵੇ ਵਿੱਚ ਪੈਂਦਾ ਹੈ ਤਾਂ ਉਸ ਦੇ ਸਾਹਮਣੇ ਫਿਰ ਕੋਈ ਸੀਮਾ ਨਹੀਂ ਰਹਿੰਦੀ। ਘੁਮੱਕੜ ਹੋਣ ਇਹੀ ਵਿਸ਼ੇਸ਼ਤਾ ਹੁੰਦੀ ਹੈ ਕਿ ਅਸੀਂ ਅਜਿਹੀਆਂ ਗੱਲਾਂ ਨੂੰ ਸਿੱਖਦੇ ਹਾਂ। ਨੀਮ ਪਥਰੀਲੀ ਧਰਤੀ ਵਿੱਚ ਪਲਾਟ ਕੱਟੇ ਜਾ ਰਹੇ ਸਨ ।ਭੂ ਮਾਫੀਆ ਹਰ ਥਾਂ 'ਤੇ ਹੈ। ਇੱਕ ਘੰਟਾ ਸੈਰ ਕਰਨ ਤੋਂ ਬਾਅਦ ਅਸੀਂ ਵਾਪਸ ਆ ਕੇ ਜਲਦੀ ਨਾਲ ਤਿਆਰ ਹੋਏ। ਸਾਡਾ ਕੱਲ੍ਹ ਵਾਲਾ ਆਟੋ ਰਿਕਸ਼ਾ ਸਾਡਾ ਇੰਤਜ਼ਾਰ ਕਰ ਰਿਹਾ ਸੀ। ਅਸੀਂ ਸਭ ਤੋਂ ਪਹਿਲਾਂ ਜਹਾਂਗੀਰ ਮਹਿਲ ਜਾਣ ਦਾ ਫੈਸਲਾ ਕੀਤਾ। ਆਟੋ ਰਿਕਸ਼ਾ ਬੇਤਵਾ ਨਦੀ ਦਾ ਪੁਲ ਪਾਰ ਕਰਕੇ ਸਾਨੂੰ ਜਹਾਂਗੀਰ ਮਹਿਲ ਦੇ ਦਰਵਾਜ਼ੇ ਤੱਕ ਲੈ ਗਿਆ।ਸਵੇਰ ਦੀ ਤਾਜ਼ਗੀ ਨਾਲ ਅਸੀਂ ਓਰਛਾ ਦੇ ਮਹਿਲ ਵੱਲ ਵਧੇ। ਕੱਲ੍ਹ ਜੋ ਦਰਵਾਜ਼ਾ ਬੰਦ ਮਿਲਿਆ ਸੀ, ਅੱਜ ਉਹ ਖੁੱਲ੍ਹਾ ਸੀ-ਜਿਵੇਂ ਇਤਿਹਾਸ ਨੇ ਸਾਨੂੰ ਅੰਦਰ ਆਉਣ ਦੀ ਇਜਾਜ਼ਤ ਦੇ ਦਿੱਤੀ ਹੋਵੇ।ਕਾਫੀ ਉੱਚੀ ਪਹਾੜੀ 'ਤੇ ਜਹਾਂਗੀਰ ਮਹਿਲ ਦਾ ਪ੍ਰਵੇਸ਼ ਦਰਵਾਜ਼ਾ ਸੀ। ਅਸੀਂ ਉਥੋਂ ਟਿਕਟਾਂ ਖਰੀਦੀਆਂ ਤੇ ਇੱਕ ਗਾਈਡ ਨਾਲ ਮੁੱਲ ਭਾਵ ਕਰਕੇ ਜਹਾਂਗੀਰ ਮਹਿਲ ਵਿੱਚ ਪ੍ਰਵੇਸ਼ ਕਰ ਲਿਆ। ਬੁੰਦੇਲਖੰਡੀ ਇਮਾਰਤ ਕਲਾ ਦਾ ਨਮੂਨਾ ਇਹ ਮਹਿਲ ਦੋਸਤੀ ਦੀ ਨਿਸ਼ਾਨੀ, ਰਾਜਪੂਤ ਰਾਜਿਆਂ ਦੀ ਬਹਾਦਰੀ ਤੇ ਮੁਗਲਾਂ ਨਾਲ ਰਿਸ਼ਤੇ ਦੀ ਯਾਦ ਹੈ। ਇਹ ਬੇਤਵਾ ਨਦੀ ਦੇ ਕਿਨਾਰੇ ਬਣਿਆ ਹੋਇਆ ਹੈ। ਇਹ ਮਹਿਲ ਓਰਛਾ ਫੋਰਟ ਕੰਪਲੈਕਸ ਦਾ ਸਭ ਤੋਂ ਵੱਡਾ ਤੇ ਸ਼ਾਨਦਾਰ ਮਹਿਲ ਹੈ। ਇਸ ਨੂੰ ਰਾਜਾ ਬੀਰ ਸਿੰਘ ਦੇਵ ਨੇ 1605 ਤੋਂ 1626 ਤੱਕ ਬਣਵਾਇਆ ਸੀ। ਇਸ ਦਾ ਇਤਿਹਾਸ ਬਹੁਤ ਰੋਮਾਂਚਕ ਹੈ। ਬੁੰਦੇਲਾ ਰਾਜਾ ਬੀਰ ਸਿੰਘ ਦੇਵ ਅਤੇ ਮੁਗਲ ਬਾਦਸ਼ਾਹ ਜਹਾਂਗੀਰ ਵਿਚਕਾਰ ਬਹੁਤ ਮਿੱਤਰਤਾ ਸੀ।ਜਿਵੇਂ ਪਹਿਲਾਂ ਦੱਸਿਆ ਸੀ ਕਿ ਬੀਰ ਸਿੰਘ ਦੇਵ ਨੇ ਬਾਦਸ਼ਾਹ ਦੇ ਭਰੋਸੇਮੰਦ ਮੰਤਰੀ ਅਬੁਲ ਫਜ਼ਲ ਨੂੰ ਮਾਰ ਕੇ ਜਹਾਂਗੀਰ ਦੀ ਮਦਦ ਕੀਤੀ ਸੀ।ਜਦੋਂ ਜਹਾਂਗੀਰ ਬਾਦਸ਼ਾਹ ਬਣਿਆ ਤਾਂ ਉਸ ਨੇ ਇਸ ਦੇ ਇਵਜ਼ ਵਿੱਚ ਉਸ ਨੂੰ ਦੁਬਾਰਾ ਬੁੰਦੇਲਖੰਡ ਦਾ ਰਾਜਾ ਬਣਾ ਦਿੱਤਾ ਸੀ। ਉਸ ਨੇ ਬੀਰ ਸਿੰਘ ਦੇਵ ਨੂੰ ਇਨਾਮ ਵਜੋਂ ਬੁੰਦੇਲਖੰਡ ਵਿੱਚ ਵੱਡੀਆਂ ਜਗੀਰਾਂ ਦਿੱਤੀਆਂ।ਇਹ ਮਹਿਲ ਜਹਾਂਗੀਰ ਲਈ ਬਣਾਇਆ ਗਿਆ, ਕਿਉਂਕਿ ਉਸ ਨੇ ਓਰਛਾ ਆਉਣ ਦਾ ਵਾਅਦਾ ਕੀਤਾ ਸੀ। 21 ਸਾਲ ਦੀ ਮਿਹਨਤ ਤੋਂ ਬਾਅਦ ਬਣੇ ਇਸ ਮਹਿਲ ਵਿੱਚ ਜਹਾਂਗੀਰ ਇੱਕ ਰਾਤ ਲਈ ਹੀ ਰੁਕਿਆ। ਰਾਜਿਆਂ ਦੁਆਰਾ ਪੈਸੇ ਦੀ ਅੰਨ੍ਹੀ ਵਰਤੋਂ ਦੀ ਇਸ ਤੋਂ ਵੱਡੀ ਉਦਾਹਰਣ ਨਹੀਂ ਹੋ ਸਕਦੀ। ਰਾਜਪੂਤ ਰਾਜਿਆਂ ਨੇ ਇਸ ਦੀ ਵਰਤੋਂ ਇਸ ਲਈ ਨਹੀਂ ਕੀਤੀ, ਕਿਉਂਕਿ ਉਹ ਮੁਗਲਾਂ ਨੂੰ ਧਾਰਮਿਕ ਤੌਰ 'ਤੇ ਮਲੇਛ ਸਮਝਦੇ ਸਨ।

ਜਹਾਂਗੀਰ ਮਹਿਲ ਵਿਚ ਦਾਖਲ ਹੁੰਦੇ ਹੀ ਵਿਸ਼ਾਲ ਦਰਵਾਜ਼ੇ 'ਤੇ ਹਾਥੀਆਂ ਅਤੇ ਬਲਦਾਂ ਦੇ ਬੁੱਤ ਦਿਖਾਈ ਦਿੰਦੇ ਹਨ। ਇਹ ਮਹਿਲ ਭਾਰਤੀ-ਇਸਲਾਮਿਕ ਆਰਕੀਟੈਕਚਰ ਦੀ ਬਿਹਤਰੀਨ ਉਦਾਹਰਣ ਹੈ। ਇੱਥੇ ਸਾਨੂੰ ਰਾਜਪੂਤੀ ਬੁਲੰਦੀ ਅਤੇ ਮੁਗਲੀ ਗੁੰਬਦਾਂ ਦਾ ਮਿਲਾਪ ਦਿਖਾਈ ਦਿੰਦਾ ਹੈ। ਮਹਿਲ ਵਿਚ 100 ਤੋਂ ਵੱਧ ਕਮਰੇ, ਖੁੱਲ੍ਹੇ ਵਿਹੜੇ ਅਤੇ ਸੈਂਕੜੇ ਝਰੋਖੇ ਹਨ। ਜਦੋਂ ਅਸੀਂ ਛੱਤ ਤੋਂ ਉੱਪਰ ਗਏ ਤਾਂ ਸਾਨੂੰ ਬੇਤਵਾ ਨਦੀ ਅਤੇ ਓਰਛਾ ਦਾ ਪੂਰਾ ਨਜ਼ਾਰਾ ਦਿਖਾਈ ਦਿੱਤਾ।ਪਰਗਟ ਸਤੌਜ ਬੋਲਿਆ, 'ਬਾਈ ਚੜ੍ਹਦੇ ਸੂਰਜ ਵਿੱਚ ਚਮਕਦੀਆਂ ਲਾਲ ਇੱਟਾਂ ਦੇਖ ਕੇ ਇਸ ਤਰ੍ਹਾਂ ਲੱਗਦਾ ਸੀ, ਜਿਵੇਂ ਇਹ ਇਮਾਰਤ ਆਪਣਾ ਇਤਿਹਾਸ ਖੁਦ ਸੁਣਾ ਰਹੀ ਹੋਵੇ।' ਸਤਵੀਰ ਜਿਸ ਨੂੰ ਇਤਿਹਾਸ ਦੀ ਚੰਗੀ ਸਮਝ ਹੈ, ਉਸ ਨੇ ਕਿਹਾ ਕਿ ਜਹਾਂਗੀਰ ਇਸ ਮਹਿਲ ਵਿਚ ਸਿਰਫ ਇੱਕ ਰਾਤ ਰਿਹਾ ਸੀ, ਫਿਰ ਵੀ ਇਹ ਮਹਿਲ ਉਸ ਦੇ ਨਾਂਅ 'ਤੇ ਮਸ਼ਹੂਰ ਹੋ ਗਿਆ ਤੇ ਇਸ ਨੂੰ ਬਣਾਉਣ ਵਾਲੇ ਹਜ਼ਾਰਾਂ ਹੱਥ ਗੁੰਮਨਾਮ ਹੀ ਰਹੇ।' ਇਸ ਮਹਿਲ ਵਿਚ ਬੁੰਦੇਲਾ ਰਾਜਿਆਂ ਦੀਆਂ ਪੇਂਟਿੰਗਾਂ ਵੀ ਹਨ, ਜੋ ਰਾਜਪੂਤੀ ਜੀਵਨ ਅਤੇ ਯੁੱਧਾਂ ਨੂੰ ਦਰਸਾਉਂਦੀਆਂ ਹਨ। ਇਸ ਥਾਂ ਤੋਂ ਇਤਿਹਾਸ ਅਤੇ ਮੁਗਲ ਅਤੇ ਰਾਜਪੂਤ ਰਿਸ਼ਤਿਆਂ ਦੀ ਖੁਸ਼ਬੂ ਆਉਂਦੀ ਹੈ । ਸਾਡੇ ਗਾਈਡ ਨੇ ਸਾਨੂੰ ਵਿਸਥਾਰ ਨਾਲ ਸਾਰੀ ਜਾਣਕਾਰੀ ਦਿੱਤੀ।

ਉਸ ਨੇ ਸਾਨੂੰ ਛੱਤ ਤੋਂ ਪੂਰੇ ਇਲਾਕੇ ਨੂੰ ਦਿਖਾਉਂਦੇ ਦੱਸਿਆ ਕਿ ਪਿਛਲੇ ਪਾਸੇ ਅਸਤਬਲ ਅਤੇ ਸੈਨਿਕਾਂ ਦੇ ਠਹਿਰਨ ਦਾ ਪ੍ਰਬੰਧ ਸੀ। ਉਸ ਨੇ ਦੂਰ ਇੱਕ ਹਵੇਲੀ ਵੱਲ ਇਸ਼ਾਰਾ ਕਰਦੇ ਦੱਸਿਆ ਕਿ ਇਹ ਉਸ ਸਮੇਂ ਦੀ ਪ੍ਰਸਿੱਧ ਨਰਤਕੀ ਰਾਇ ਪ੍ਰਵੀਨ ਦਾ ਮਹਿਲ ਹੈ। ਉਸ ਨੇ ਉਸ ਨਾਲ ਜੁੜਿਆ ਇੱਕ ਦਿਲਚਸਪ ਕਿੱਸਾ ਵੀ ਸੁਣਾਇਆ। ਰਾਇ ਪ੍ਰਵੀਨ ਦੀ ਕਹਾਣੀ 16ਵੀਂ ਸਦੀ ਦੇ ਅਖੀਰ ਦੀ ਹੈ। ਉਸ ਸਮੇਂ ਰਾਇ ਪ੍ਰਵੀਨ ਓਰਛਾ ਦੇ ਰਾਜੇ ਇੰਦਰਜੀਤ ਸਿੰਘ ਦੇ ਦਰਬਾਰ ਦੀ ਨਰਤਕੀ ਸੀ। ਉਹ ਬਹੁਤ ਬੁੱਧੀਮਾਨ, ਚੰਗੀ ਕਵਿਤਰੀ, ਗਾਇਕਾ ਅਤੇ ਨਾਚੀ ਸੀ। ਉਸ ਦੀ ਖੂਬਸੂਰਤੀ ਅਤੇ ਨਾਚ-ਗਾਣੇ ਦੀ ਮੁਹਾਰਤ ਦੇ ਚਰਚੇ ਓਰਛਾ ਤੋਂ ਬਾਹਰ ਤੱਕ ਫੈਲੇ ਹੋਏ ਸਨ।ਲੋਕ ਉਸ ਨੂੰ ਓਰਛਾ ਦੀ ਮੋਤੀ ਆਖਦੇ ਸਨ। ਰਾਜਾ ਇੰਦਰਜੀਤ ਉਸ 'ਤੇ ਇੰਨਾ ਮੋਹਿਤ ਸੀ ਕਿ ਉਸ ਨੇ ਖਾਸ ਰਾਇ ਪ੍ਰਵੀਨ ਮਹਿਲ ਬਣਵਾਇਆ । ਇਹ ਮਹਿਲ ਬੁੰਦੇਲਖੰਡੀ ਇਮਾਰਤ ਕਲਾ ਅਤੇ ਮੁਗਲੀ ਛੂਹ ਨਾਲ ਭਰਿਆ ਹੋਇਆ ਹੈ । ਇਸ ਵਿੱਚ ਫੁਹਾਰੇ, ਬਾਗ, ਝਰੋਖੇ ਅਤੇ ਖੂਬਸੂਰਤ ਨੱਕਾਸ਼ੀਆਂ ਦਿਖਾਈ ਦਿੰਦੀਆਂ ਹਨ। ਰਾਇ ਪ੍ਰਵੀਨ ਦੀ ਖੂਬਸੂਰਤੀ ਅਤੇ ਉਸ ਦੀ ਪ੍ਰਤਿਭਾ ਦੀ ਖਬਰ ਮੁਗਲ ਬਾਦਸ਼ਾਹ ਅਕਬਰ ਤੱਕ ਪਹੁੰਚ ਗਈ। ਅਕਬਰ ਬਾਦਸ਼ਾਹ ਨੇ ਰਾਜਾ ਇੰਦਰਜੀਤ ਸਿੰਘ ਨੂੰ ਹੁਕਮ ਭੇਜਿਆ ਕਿ ਰਾਇ ਪ੍ਰਵੀਨ ਨੂੰ ਨਾਚ ਅਤੇ ਗਾਣਾ ਸੁਣਾਉਣ ਲਈ ਆਗਰਾ ਦਰਬਾਰ ਵਿਚ ਭੇਜਿਆ ਜਾਵੇ।ਰਾਜਾ ਇੰਦਰਜੀਤ ਲਈ ਇਹ ਬਹੁਤ ਵੱਡਾ ਝਟਕਾ ਸੀ। ਉਹ ਰਾਇ ਪ੍ਰਵੀਨ ਤੋਂ ਬਿਨਾਂ ਰਹਿ ਨਹੀਂ ਸਕਦਾ ਸੀ। ਉਸ ਨੇ ਪਹਿਲਾਂ ਤਾਂ ਇਨਕਾਰ ਕਰ ਦਿੱਤਾ। ਇਸ 'ਤੇ ਉਸ ਨੂੰ ਭਾਰੀ ਜੁਰਮਾਨਾ ਭਰਨਾ ਪਿਆ। ਇਸ ਤੋਂ ਬਾਅਦ ਵੀ ਮੁਗਲ ਬਾਦਸ਼ਾਹ ਦਾ ਹੁਕਮ ਟਾਲਣਾ ਆਸਾਨ ਨਹੀਂ ਸੀ। ਰਾਜੇ ਨੂੰ ਆਖਰਕਾਰ ਰਾਇ ਪ੍ਰਵੀਨ ਆਗਰੇ ਭੇਜਣੀ ਹੀ ਪਈ। ਉਸ ਨਾਲ ਉਸ ਦਾ ਗੁਰੂ ਅਤੇ ਮਸ਼ਹੂਰ ਕਵੀ ਕੇਸ਼ਵ ਦਾਸ ਵੀ ਗਿਆ।ਜਦੋਂ ਰਾਇ ਪ੍ਰਵੀਨ ਅਕਬਰ ਦੇ ਦਰਬਾਰ ਵਿਚ ਪਹੁੰਚੀ ਤਾਂ ਪੂਰਾ ਦਰਬਾਰ ਉਸ ਦੀ ਖੂਬਸੂਰਤੀ 'ਤੇ ਅਸ਼-ਅਸ਼ ਕਰ ਉੱਠਿਆ। ਅਕਬਰ ਬਾਦਸ਼ਾਹ ਖੁਦ ਉਸ 'ਤੇ ਫਿਦਾ ਹੋ ਗਿਆ। ਉਸ ਨੂੰ ਆਪਣੀ ਹਰਮ ਵਿਚ ਸ਼ਾਮਲ ਹੋਣ ਲਈ ਆਖਿਆ। ਉਸ ਵੇਲੇ ਰਾਇ ਪ੍ਰਵੀਨ ਨੇ ਆਪਣੀ ਚਤੁਰਾਈ ਅਤੇ ਬੁੱਧੀ ਦਾ ਪ੍ਰਮਾਣ ਦਿੱਤਾ। ਉਸ ਨੇ ਤੁਰੰਤ ਇੱਕ ਦੋਹਾ ਰਚ ਕੇ ਬਾਦਸ਼ਾਹ ਨੂੰ ਸੁਣਾਇਆ,

'ਬਿਨਤੀ ਰਾਇ ਪ੍ਰਵੀਨ ਕੀ ਸੁਣੀਏ ਸਾਏ ਸੁਜਾਨ
ਝੂਟੀ ਪਾਤਲ ਬਗਤ ਹੈਂ, ਬਾਰੀ ਬਾਏ ਸੁਆਨ।'

ਇਸ ਦੋਹੇ ਵਿੱਚ ਸੁਆਨ ਦਾ ਅਰਥ ਕੁੱਤਾ ਅਤੇ ਬਾਰੀ ਦਾ ਮਤਲਬ ਹੇਠਲਾ ਵਰਗ ਦੱਸਿਆ ਗਿਆ ਸੀ। ਭਾਵ ਉਹ ਜੂਠੀ ਪੱਤਲ ਵਾਂਗ ਹੈ ਤੇ ਬਾਦਸ਼ਾਹ ਦੇ ਯੋਗ ਨਹੀਂ।ਅਕਬਰ ਬਾਦਸ਼ਾਹ ਉਸ ਦੀ ਇਸ ਚਤੁਰਾਈ 'ਤੇ ਇੰਨਾ ਪ੍ਰਭਾਵਿਤ ਹੋਇਆ ਕਿ ਉਸ ਨੇ ਰਾਇ ਪ੍ਰਵੀਨ 'ਤੇ ਜਬਰ ਨਾ ਕੀਤਾ।ਉਸ ਨੂੰ ਬਹੁਤ ਸਾਰੀਆਂ ਭੇਟਾਂ ਦੇ ਕੇ ਇੱਜ਼ਤ ਨਾਲ ਓਰਛਾ ਵਾਪਸ ਭੇਜ ਦਿੱਤਾ। ਰਾਜਾ ਇੰਦਰਜੀਤ ਉਸ ਨੂੰ ਵਾਪਸ ਪਾ ਕੇ ਖੁਸ਼ ਹੋ ਗਿਆ।ਮੈਂ ਛੱਤ 'ਤੇ ਖੜਾ ਰਾਇ ਪ੍ਰਵੀਨ ਦੇ ਮਹਿਲ ਨੂੰ ਦੇਖਦਾ ਹੋਇਆ ਫੁਹਾਰਿਆਂ ਦੀ ਆਵਾਜ਼ ਵਿਚ ਉਸ ਦੇ ਘੁੰਗਰੂਆਂ ਦੀ ਛਮ-ਛਮ ਮਹਿਸੂਸ ਕਰ ਰਿਹਾ ਸੀ। ਇਸ ਸਥਾਨ 'ਤੇ ਵਿਦੇਸ਼ੀ ਯਾਤਰੀਆਂ ਦਾ ਜਮ ਘਟਾ ਲੱਗਿਆ ਹੋਇਆ ਸੀ।

ਇਸ ਤੋਂ ਬਾਅਦ ਅਸੀਂ ਰਾਜ ਮਹਿਲ ਵੱਲ ਤੁਰ ਪਏ। ਇਹ ਜਹਾਂਗੀਰ ਮਹਿਲ ਤੋਂ ਥੋੜ੍ਹੇ ਜਿਹੇ ਫਾਸਲੇ 'ਤੇ ਸਥਿਤ ਹੈ। ਇਸ ਦੇ ਅੰਦਰ ਪ੍ਰਵੇਸ਼ ਕਰਦੇ ਹੀ ਇਸ ਦੀ ਸੁੰਦਰਤਾ ਨੇ ਸਾਡੇ ਮਨ ਨੂੰ ਮੋਹ ਲਿਆ। ਜੇਕਰ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਇਸ ਨੂੰ 16ਵੀਂ ਸਦੀ ਵਿਚ ਰਾਜਾ ਮਧੁਕਰ ਸ਼ਾਹ ਨੇ ਬਣਵਾਇਆ ਸੀ। ਇਹ ਬੁੰਦੇਲਾ ਰਾਜਪੂਤ ਆਰਕੀਟੈਕਟ ਦੀ ਸੁੰਦਰ ਉਦਾਹਰਣ ਹੈ।ਰਾਜ ਮਹਿਲ ਵਿਚ ਦੋ ਵੱਡੇ ਵਿਹੜੇ ਹਨ। ਇਹਨਾਂ ਦੇ ਆਸੇ-ਪਾਸੇ ਬਣੇ ਕਮਰਿਆਂ ਵਿੱਚ ਰਾਜੇ ਅਤੇ ਰਾਣੀਆਂ ਰਹਿੰਦੀਆਂ ਸਨ। ਮਹਿਲ ਦੇ ਹਰ ਕਮਰੇ ਦੀਆਂ ਛੱਤਾਂ 'ਤੇ ਕਮਾਲ ਦੀ ਕਲਾਕਾਰੀ ਦੇਖਣ ਨੂੰ ਮਿਲ ਰਹੀ ਸੀ। ਹਿੰਦੂ ਦੇਵੀ-ਦੇਵਤਿਆਂ ਦੇ ਚਿੱਤਰ ਬਹੁਤ ਸੋਹਣੇ ਤਰੀਕੇ ਨਾਲ ਚਿੱਤਰੇ ਹੋਏ ਸਨ। ਰਮਾਇਣ ਦੀ ਕਥਾ ਵੀ ਦਿਖਾਈ ਦਿੰਦੀ ਸੀ। ਕੁਦਰਤੀ ਵਸਤੂਆਂ ਨਾਲ ਬਣਾਏ ਰੰਗ ਹੁਣ ਫਿੱਕੇ ਪੈਣੇ ਸ਼ੁਰੂ ਹੋ ਗਏ ਸਨ। ਕਈ ਥਾਵਾਂ 'ਤੇ ਚਿੱਤਰਕਾਰੀ ਖਰਾਬ ਵੀ ਹੋ ਗਈ ਸੀ। ਹਰ ਕਮਰੇ ਦੇ ਨਾਲ ਲੋਹੇ ਦੇ ਗੋਲ ਛੱਲੇ ਲੱਗੇ ਹੋਏ ਸਨ, ਜਿਨ੍ਹਾਂ ਵਿੱਚ ਪੱਖੇ ਬੰਨ੍ਹ ਕੇ ਰੱਸੇ ਨਾਲ ਖਿੱਚਿਆ ਜਾਂਦਾ ਸੀ। ਹਰ ਕਮਰੇ ਦੇ ਨਾਲ ਦਾਸੀਆਂ ਦੇ ਕਮਰੇ ਤੇ ਰਸੋਈ ਘਰ ਦਿਖਾਈ ਦੇ ਰਹੇ ਸਨ।ਇਸ ਦੀ ਬਣਾਵਟ ਵਿੱਚ ਮੁਗਲ ਅਤੇ ਰਾਜਪੂਤ ਸ਼ੈਲੀ ਦਾ ਸੁੰਦਰ ਮਿਲਾਪ ਦਿਸਦਾ ਹੈ। ਵੱਡੇ ਦਰਵਾਜ਼ੇ, ਨਕਾਸ਼ੀਦਾਰ ਖਿੜਕੀਆਂ ਅਤੇ ਖੁੱਲ੍ਹੇ ਵਿਹੜੇ, ਇਹ ਸਭ ਕੁਝ ਇਸ ਨੂੰ ਇੱਕ ਅਜਿਹਾ ਰੂਪ ਦਿੰਦੇ ਹਨ, ਜੋ ਦਿਲ 'ਤੇ ਛਾਪ ਛੱਡ ਜਾਂਦਾ ਹੈ।ਜਦੋਂ ਅਸੀਂ ਇਸ ਦੇ ਅੰਦਰ ਖੜੇ ਸਾਂ ਤਾਂ ਲੱਗਦਾ ਸੀ ਜਿਵੇਂ ਕਦੇ ਇੱਥੇ ਦਰਬਾਰ ਲੱਗਦਾ ਹੋਵੇ, ਸਿਪਾਹੀ ਖੜੇ ਹੋਣ ਅਤੇ ਮਹਿਮਾਨਾਂ ਦਾ ਸਵਾਗਤ ਹੋ ਰਿਹਾ ਹੋਵੇ। ਅਸੀਂ ਹੌਲੀ-ਹੌਲੀ ਤੁਰਦੇ ਛੱਤ 'ਤੇ ਪਹੁੰਚ ਗਏ। ਬਾਈ ਗੁਰਸੇਵਕ ਸਿੰਘ ਚਹਿਲ ਸਾਨੂੰ ਸੰਬੋਧਿਤ ਹੋਏ। ਇਸ ਮਹਿਲ ਦੀ ਛੱਤ 'ਤੇ ਖੜ੍ਹੇ ਹੋ ਤਾਂ ਲੱਗਦਾ ਹੈ ਕਿ ਬੁੰਦੇਲਖੰਡ ਦੀ ਪੂਰੀ ਵਿਰਾਸਤ ਆਪਣੇ ਸਾਹਮਣੇ ਆ ਖੜ੍ਹੀ ਹੋਵੇ, ਇੱਥੋਂ ਓਰਛਾ ਦੀਆਂ ਸਾਰੀਆਂ ਇਮਾਰਤਾਂ ਦਿਖਾਈ ਦੇ ਰਹੀਆਂ ਸਨ। ਇਹ ਮਹਿਲ 1783 ਤੱਕ ਰਾਜਿਆਂ ਦਾ ਨਿਵਾਸ ਸਥਾਨ ਰਿਹਾ। ਅਸੀਂ ਕਾਫੀ ਸਮਾਂ ਇੱਥੇ ਫੋਟੋਆਂ ਖਿੱਚਦੇ ਰਹੇ। ਮਹਿਲ ਦੀ ਸੁੰਦਰਤਾ ਦੇਖ ਕੇ ਇਸ ਤਰ੍ਹਾਂ ਲੱਗਦਾ ਹੈ, ਜਿਵੇਂ ਇਤਿਹਾਸ ਆਪਣੀਆਂ ਗੱਲਾਂ ਸੁਣਾਉਣ ਲਈ ਬੁਲਾ ਰਿਹਾ ਹੋਵੇ। ਸਵੇਰੇ ਅਸੀਂ ਚਾਹ ਪੀ ਕੇ ਹੀ ਚੱਲੇ ਸੀ ।ਹੁਣ ਸਾਡੀ ਭੁੱਖ ਚਮਕ ਆਈ ਸੀ। ਅਸੀਂ ਨਾਸ਼ਤਾ ਕਰਨ ਲਈ ਗਏ ਤਾਂ ਦੇਖਿਆ ਕਿ ਬਹੁਤੇ ਢਾਬੇ ਹਾਲੇ ਖਾਣਾ ਨਹੀਂ ਬਣਾ ਰਹੇ ਸਨ। ਇੱਕ ਛੱਤ 'ਤੇ ਬਣੇ ਢਾਬੇ 'ਤੇ ਜਾ ਕੇ ਅਸੀਂ ਕੰਮ ਚਲਾਊ ਨਾਸ਼ਤਾ ਕੀਤਾ ।ਇਸ ਥਾਂ 'ਤੇ ਖਾਣ, ਪੀਣ ਦੀ ਥੋੜ੍ਹੀ ਜਿਹੀ ਦਿੱਕਤ ਸਾਨੂੰ ਮਹਿਸੂਸ ਹੋਈ। ਇਸ ਤੋਂ ਬਾਅਦ ਅਸੀਂ ਓਰਛਾ ਦੇ ਪ੍ਰਸਿੱਧ ਚਤੁਰਭੁਜ ਮੰਦਰ ਵੱਲ ਤੁਰ ਪਏ।

ਇਹ ਮੰਦਰ ਆਪਣੀ ਉਚਾਈ ਅਤੇ ਵਿਲੱਖਣ ਬਣਾਵਟ ਕਰਕੇ ਦੂਰੋਂ ਹੀ ਦਿਸ ਪੈਂਦਾ ਹੈ। ਪਹਿਲੀ ਨਜ਼ਰ ਵਿੱਚ ਇਹ ਮੰਦਰ ਘੱਟ ਅਤੇ ਕਿਲ੍ਹਾ ਜ਼ਿਆਦਾ ਲੱਗਦਾ ਹੈ।ਚਤੁਰਭੁਜ ਮੰਦਰ ਓਰਛਾ ਦਾ ਸਭ ਤੋਂ ਵੱਡਾ ਅਤੇ ਉੱਚਾ ਮੰਦਰ ਹੈ।ਇਸ ਦੀ ਉਚਾਈ 105 ਮੀਟਰ ਹੈ । ਇਸ ਵਿਚ ਬਹੁਤ ਵੱਡੀਆਂ ਮੂਰਤੀਆਂ ਦੀ ਸਥਾਪਨਾ ਕੀਤੀ ਗਈ ਸੀ। ਇਸ ਨੂੰ ਰਾਜਾ ਮਧੁਕਰ ਸ਼ਾਹ ਨੇ 16ਵੀਂ ਸਦੀ ਵਿਚ ਸ਼ੁਰੂ ਕੀਤਾ ਅਤੇ ਉਸ ਦੇ ਬੇਟੇ ਬੀਰ ਸਿੰਘ ਦੇਵ ਨੇ ਪੂਰਾ ਕੀਤਾ। ਇਸ ਦਾ ਇਤਿਹਾਸ ਇੱਕ ਸੁਪਨੇ ਨਾਲ ਜੁੜਿਆ ਹੈ। ਰਾਣੀ ਨੂੰ ਰਾਮ ਭਗਵਾਨ ਨੇ ਸੁਪਨੇ ਵਿਚ ਆ ਕੇ ਇੱਕ ਮੰਦਰ ਬਣਾਉਣ ਲਈ ਆਖਿਆ ਸੀ। ਰਾਜਾ ਕ੍ਰਿਸ਼ਣ ਭਗਤ ਸੀ, ਪਰ ਰਾਣੀ ਰਾਮ ਭਗਤ ਸੀ। ਉਸ ਨੇ ਅਯੋਧਿਆ ਤੋਂ ਰਾਮ ਜੀ ਦੀ ਮੂਰਤੀ ਲਿਆਂਦੀ, ਪਰ ਉਸ ਵੇਲੇ ਮੰਦਰ ਅਧੂਰਾ ਸੀ। ਉਸ ਨੇ ਮੂਰਤੀ ਆਪਣੇ ਮਹਿਲ ਵਿਚ ਰੱਖ ਦਿੱਤੀ। ਇਸ ਲਈ ਮਹਿਲ ਰਾਜਾ ਰਾਮ ਮੰਦਰ ਬਣ ਗਿਆ। ਚਤੁਰਭੁਜ ਮੰਦਰ ਵਿਚ ਚਾਰ ਭੁਜਾਂ ਵਾਲੇ ਵਿਸ਼ਣੂ ਜੀ ਦੀ ਮੂਰਤੀ ਸਥਾਪਤ ਕੀਤੀ ਗਈ। ਉਹਨਾਂ ਨੂੰ ਚਤੁਰਭੁਜ ਕਹਿਣ ਕਰਕੇ ਮੰਦਰ ਦਾ ਨਾਂਅ ਵੀ ਇਹੀ ਪੈ ਗਿਆ। ਇਸ ਕਰਕੇ ਇਹ ਮੰਦਰ ਇੱਕ ਤਰ੍ਹਾਂ ਨਾਲ ਅਧੂਰੀ ਕਹਾਣੀ ਬਣ ਗਿਆ, ਪਰ ਇਸ ਦੀ ਖੂਬਸੂਰਤੀ ਅਤੇ ਸ਼ਾਨ ਅਜੇ ਵੀ ਪੂਰੀ ਹੈ।ਅਸੀਂ ਲੱਗਭੱਗ ਸੌ ਪੌੜੀਆਂ ਚੜ੍ਹ ਕੇ ਉਪਰ ਜਾ ਪਹੁੰਚੇ।ਅੰਦਰ ਜਾ ਕੇ ਜਦੋਂ ਅਸੀਂ ਉਸ ਦੀ ਉਚਾਈ ਨੂੰ ਵੇਖਿਆ ਤਾਂ ਅਸੀਂ ਹੈਰਾਨ ਰਹਿ ਗਏ। ਇੰਨੀ ਉੱਚੀ ਛੱਤ, ਵੱਡੇ ਹਾਲ ਅਤੇ ਸ਼ਾਂਤ ਮਾਹੌਲ-ਇਹ ਸਥਾਨ ਧਿਆਨ ਲਈ ਬਿਲਕੁਲ ਉਚਿੱਤ ਲੱਗਦਾ ਹੈ। ਦਰਵਾਜ਼ੇ ਤੇ ਦੋ ਝਰੋਖੇ ਬਣੇ ਹੋਏ ਸਨ। ਮੰਦਰ ਦੇ ਅੰਦਰ ਗਏ ਤਾਂ ਦੇਖਿਆ ਕਿ ਛੱਤਾਂ ਉੱਪਰ ਵੀ ਸੋਹਣੀ ਕਲਾਕਾਰੀ ਦਿਖਾਈ ਦਿੰਦੀ ਹੈ। ਇਸ ਵਿਚ ਪੱਥਰ ਦੀਆਂ ਨੱਕਾਸ਼ੀਆਂ ਵੀ ਬਹੁਤ ਵਧੀਆ ਹਨ। ਇੱਕ ਕੁੱਤੀ ਕਤੂਰਿਆਂ ਸਮੇਤ ਗੇਟ ਦੇ ਸਾਹਮਣੇ ਆਰਾਮ ਨਾਲ ਲੇਟੀ ਹੋਈ ਸੀ। ਉਸ ਨੂੰ ਸ਼ਰਧਾਲੂਆਂ ਦੇ ਆਉਣ-ਜਾਣ 'ਤੇ ਕੋਈ ਦਿੱਕਤ ਮਹਿਸੂਸ ਨਹੀਂ ਹੋ ਰਹੀ ਸੀ। ਜੁੱਤੇ ਉਤਾਰ ਕੇ ਮੈਂ ਤੇ ਗੁਰਵਿੰਦਰ ਅੰਦਰ ਜਾ ਕੇ ਨਤਮਸਤਕ ਹੋਏ। ਦੂਜੇ ਸਾਥੀ ਤਸਵੀਰਾਂ ਖਿੱਚਣ ਵਿੱਚ ਮਸ਼ਰੂਗਲ ਸਨ। ਮੰਦਰ ਦੇ ਬਾਹਰਲੇ ਪਾਸੇ ਤੋਂ ਵੀ ਓਰਛਾ ਦਾ ਪੂਰਾ ਨਜ਼ਾਰਾ ਬਹੁਤ ਖੂਬਸੂਰਤ ਲੱਗਦਾ ਹੈ। ਦਿਨ ਦੀ ਗਰਮੀ ਵਧ ਗਈ ਸੀ। ਸਾਡੇ ਕੋਲ ਸਮੇਂ ਦੀ ਘਾਟ ਸੀ ।ਅਸੀਂ ਜਲਦੀ ਨਾਲ ਰਾਜਾ ਰਾਮ ਮੰਦਰ ਰਾਹੀਂ ਬਾਹਰ ਆ ਗਏ। ਗਰਮੀ ਕਾਰਨ ਥੋੜ੍ਹੀ ਜਿਹੀ ਥਕਾਵਟ ਮਹਿਸੂਸ ਹੋਣੀ ਸ਼ੁਰੂ ਹੋ ਗਈ ਸੀ।ਅਸੀਂ ਤਾਜ਼ਾ ਦਮ ਹੋਣ ਲਈ ਰਾਤ ਵਾਲੇ ਹਲਵਾਈ ਦੀ ਦੁਕਾਨ ਤਿਵਾਰੀ ਮਿਸ਼ਠਾਨ ਭੰਡਾਰ 'ਤੇ ਪਹੁੰਚ ਗਏ। ਉੱਥੇ ਲੱਸੀ ਨਾਲ ਪੇੜੇ ਖਾ ਕੇ ਲੱਛਮੀ ਨਰਾਇਣ ਮੰਦਰ ਬੈਟਰੀ ਵਾਲੇ ਰਿਕਸ਼ੇ ਰਾਹੀਂ ਚਾਲੇ ਪਾ ਦਿੱਤੇ।

ਸਾਡਾ ਰਿਕਸ਼ਾ ਮੰਦਰ ਜਾਣ ਲਈ ਭੀੜੇ ਬਾਜ਼ਾਰਾਂ ਵਿੱਚ ਦੀ ਲੰਘ ਰਿਹਾ ਸੀ। ਲੋਕਾਂ ਦਾ ਜੀਵਨ ਪੱਧਰ ਬਹੁਤ ਸਾਦਾ ਤੇ ਚਿਹਰਿਆਂ 'ਤੇ ਖੁਸ਼ੀ ਦਿਖਾਈ ਦੇ ਰਹੀ ਸੀ। ਲਛਮੀ ਨਰਾਇਣ ਮੰਦਰ ਵੀ ਬਹੁਤ ਉਚਾਈ 'ਤੇ ਸਥਿਤ ਹੈ। ਸਾਡਾ ਬੈਟਰੀ ਵਾਲਾ ਰਿਕਸ਼ਾ ਹੌਲੀ-ਹੌਲੀ ਉੱਪਰ ਨੂੰ ਜਾ ਰਿਹਾ ਸੀ। ਸਾਡੇ ਗੱਭਰੂ ਗੁਰਵਿੰਦਰ ਤੇ ਸਤਵੀਰ ਡਰਦੇ ਉਸ ਵਿੱਚੋਂ ਛਾਲ ਮਾਰ ਕੇ ਉੱਤਰ ਗਏ ਕਿ ਰਿਕਸ਼ਾ ਪਿੱਛੇ ਨੂੰ ਉਲਟ ਨਾ ਜਾਵੇ। ਅਸੀਂ ਤਿੰਨੇ ਸੀਨੀਅਰ ਉਹਨਾਂ ਦੇ ਡਰਨ 'ਤੇ ਹੱਸਦੇ ਰਹੇ। ਜਦੋਂ ਮੰਦਰ ਸਾਹਮਣੇ ਗਏ ਤਾਂ ਦੇਖਿਆ ਕਿ ਇਸ ਦੀ ਇਮਾਰਤ ਬਹੁਤ ਸੁੰਦਰ ਹੈ। ਸੱਚ ਕਹਾਂ ਤਾਂ ਮੈਂ ਭਾਰਤੀ ਇਮਾਰਤਸਾਜ਼ੀ ਦਾ ਇੰਨਾ ਸੁੰਦਰ ਨਮੂਨਾ ਬਹੁਤ ਘੱਟ ਦੇਖਿਆ ਹੈ।ਇਹ ਲੱਛਮੀ ਨਾਰਾਇਣ ਮੰਦਰ ਬੀਰ ਸਿੰਘ ਦੇਵ ਨੇ 1622 ਵਿਚ ਬਣਵਾਇਆ ਸੀ। ਇਹ ਲੱਛਮੀ ਅਤੇ ਨਾਰਾਇਣ (ਵਿਸ਼ਣੂ) ਜੀ ਨੂੰ ਸਮਰਪਿਤ ਹੈ। ਇਸ ਵਿਚ ਸੋਨੇ ਦੀ ਮੂਰਤੀ ਸੀ ਪਰ ਮਰਾਠਾ ਹਮਲਿਆਂ ਵਿਚ ਚੋਰੀ ਹੋ ਗਈ। ਮੰਦਰ ਨੂੰ ਵੀ ਕਾਫੀ ਨੁਕਸਾਨ ਪਹੁੰਚਿਆ ਸੀ। ਖਜੁਰਾਹੋ ਵਿੱਚ ਵੀ ਬਹੁਤੇ ਮੰਦਰਾਂ ਵਿੱਚ ਮੂਰਤੀਆਂ ਨਹੀਂ ਸਨ। ਇਹਨਾਂ ਵਿੱਚੋਂ ਬਹੁਤੀਆਂ ਚੋਰੀ ਹੋ ਗਈਆਂ ਸਨ। ਲੱਛਮੀ ਮੰਦਰ ਨੂੰ ਬਾਅਦ ਵਿੱਚ ਪ੍ਰਿਥਵੀ ਸਿੰਘ ਨੇ 1793 ਵਿਚ ਮੁੜ ਬਣਾਇਆ। ਇਸ ਦੀ ਆਰਕੀਟੈਕਚਰ ਬਹੁਤ ਖਾਸ ਹੈ-ਇਸ ਨੂੰ ਤਿਕੋਣੀ ਬਣਾਵਟ ਵਾਲਾ ਬਣਾਇਆ ਗਿਆ ਹੈ। ਇਸ ਵਿਚ ਖੂਬਸੂਰਤ ਫ੍ਰੈਸਕੋ (ਚੂਨੇ ਦੀ ਮਦਦ ਨਾਲ ਚਿੱਤਰ) ਅਤੇ ਮਿਊਰਲ (ਵਿਸ਼ਾਲ ਚਿੱਤਰਕਾਰੀ) ਮਨ ਨੂੰ ਮੋਹ ਲੈਂਦੇ ਹਨ। ਇਸ ਵਿਚ ਲੱਛਮੀ ਜੀ ਦੀ ਭਗਤੀ ਅਤੇ ਬੁੰਦੇਲਾ ਰਾਜਿਆਂ ਦੀ ਅਮੀਰੀ ਦੀ ਕਹਾਣੀ ਹੈ।ਇਸ ਸਥਾਨ ਨੂੰ ਛੱਡਣ ਦਾ ਮਨ ਨਹੀਂ ਕਰ ਰਿਹਾ ਸੀ, ਪਰ ਸਮਾਂ ਵੀ ਇਜਾਜ਼ਤ ਨਹੀਂ ਦੇ ਰਿਹਾ ਸੀ। ਅਸੀਂ ਕੁੱਝ ਯਾਦਗਾਰੀ ਤਸਵੀਰਾਂ ਖਿੱਚੀਆਂ ਤੇ ਵਾਪਸ ਹੋਟਲ ਵੱਲ ਨੂੰ ਤੁਰ ਪਏ। ਸਾਡੇ ਹਿਸਾਬ ਨਾਲ ਓਰਛਾ ਦੀ ਯਾਤਰਾ ਸਮਾਪਤ ਹੋ ਚੁੱਕੀ ਸੀ, ਪਰ ਇੱਕ ਸਰਪ੍ਰਾਈਜ਼ ਸਾਡੀ ਉਡੀਕ ਕਰ ਰਿਹਾ ਸੀ। ਅਸੀਂ ਇੱਕ ਇਨੋਵਾ ਵਾਲੇ ਡਰਾਈਵਰ ਨਾਲ ਝਾਂਸੀ ਜਾਣ ਦਾ ਪ੍ਰੋਗਰਾਮ ਬਣਾ ਲਿਆ ਸੀ। ਸਾਡੀ ਟਰੇਨ ਰਾਤ ਦੇ 9 ਵਜੇ ਸੀ ।ਅਸੀਂ ਚਾਹੁੰਦੇ ਸੀ ਕਿ ਸਮਾਨ ਚੁੱਕ ਕੇ ਨਾ ਤੁਰਿਆ ਜਾਵੇ। ਕਾਰ ਵਾਲਾ ਪਹੁੰਚਿਆ ਤਾਂ ਅਸੀਂ ਝਾਂਸੀ ਵੱਲ ਚਾਲੇ ਪਾ ਦਿੱਤੇ।

ਓਰਛਾ ਦੇ ਬਾਹਰਲੇ ਇਲਾਕੇ ਵਿੱਚ ਹੀ ਪਹੁੰਚੇ ਸੀ ਕਿ ਪਰਗਟ ਸਤੌਜ ਨੇ ਅਮਰ ਸ਼ਹੀਦ ਚੰਦਰਸ਼ੇਖਰ ਆਜ਼ਾਦ ਦੀ ਕੁਟੀਆ ਦਾ ਬੋਰਡ ਦੇਖਿਆ। ਅਸੀਂ ਡਰਾਈਵਰ ਨੂੰ ਗੱਡੀ ਵਾਪਸ ਮੋੜਨ ਲਈ ਆਖਿਆ। ਇੱਕ ਕਾਫੀ ਵੱਡੀ ਇਮਾਰਤ ਵਿੱਚ ਅਸੀਂ ਪ੍ਰਵੇਸ਼ ਕੀਤਾ। ਇੱਕ ਪਾਸੇ ਮਿਊਜ਼ੀਅਮ ਤੇ ਸਾਹਮਣੇ ਪਾਰਕ ਬਣਿਆ ਹੋਇਆ ਸੀ। ਉਸ ਦੇ ਪਿਛਲੇ ਪਾਸੇ ਮੰਦਰ ਦਿਖਾਈ ਦੇ ਰਿਹਾ ਸੀ। ਸਾਡਾ ਸਵਾਗਤ ਮਿਊਜ਼ੀਅਮ ਦੇ ਕਰਮਚਾਰੀਆਂ ਨੇ ਕੀਤਾ। ਇੱਕ ਵੱਡੇ ਹਾਲ ਵਿੱਚ ਚੰਦਰਸ਼ੇਖਰ ਆਜ਼ਾਦ ਨਾਲ ਸੰਬੰਧਤ ਤਸਵੀਰਾਂ ਦਾ ਮਿਊਜ਼ੀਅਮ ਹੈ। ਕੁਟੀਆ ਦੇ ਬਾਹਰਲੇ ਪਾਸੇ ਕਾਲੇ ਰੰਗ ਦਾ ਵੱਡਾ ਬੁੱਤ ਲੱਗਿਆ ਹੋਇਆ ਹੈ, ਜਿਸ ਵਿੱਚ ਚੰਦਰਸ਼ੇਖਰ ਆਜ਼ਾਦ ਇੱਕ ਹੱਥ ਮੁੱਛ ਤੇ ਦੂਜੇ ਹੱਥ ਵਿੱਚ ਪਿਸਤੌਲ ਲਈ ਖੜੇ ਦਿਖਾਈ ਦਿੰਦੇ ਹਨ। ਅਸੀਂ ਮਿਊਜ਼ੀਅਮ ਦੇਖਿਆ ਤੇ ਉਹਨਾਂ ਦੇ ਬੁੱਤ ਨਾਲ ਤਸਵੀਰਾਂ ਖਿਚਵਾਈਆਂ। ਕੁਟੀਆ ਦੇ ਨਾਲ ਹੀ ਹਨੂੰਮਾਨ ਜੀ ਦਾ ਮੰਦਰ ਬਣਿਆ ਹੋਇਆ ਹੈ। ਮੰਦਰ ਦੀ ਸਾਂਭ-ਸੰਭਾਲ ਕਰਨ ਵਾਲੇ ਪੁਜਾਰੀ ਬਾਬਾ ਸਾਨੂੰ ਦੇਖ ਕੇ ਖੁਸ਼ ਹੋ ਗਏ। ਸ਼ਾਇਦ ਪੱਗਾਂ ਵਾਲੇ ਯਾਤਰੀ ਇੱਥੇ ਘੱਟ ਜਾਂਦੇ ਹਨ।ਉੱਥੇ ਬਣੇ ਪਾਰਕ ਵਿੱਚ ਸਥਾਨਕ ਲੋਕ ਵੀ ਬੈਠੇ ਸਨ। ਇਹ ਕੁਟੀਆ ਸਤਰ ਨਦੀ ਦੇ ਕਿਨਾਰੇ 'ਤੇ ਬਣੀ ਹੋਈ ਹੈ। ਇਸ ਨੂੰ ਆਜ਼ਾਦ ਕੁਟੀਰ ਵੀ ਆਖਦੇ ਹਨ। ਬਾਬਾ ਜੀ ਨੇ ਸਾਨੂੰ ਇਤਿਹਾਸ ਸੁਣਾਉਂਦੇ ਹੋਏ ਦੱਸਿਆ ਕਿ ਆਜ਼ਾਦ 1920ਵਿਆਂ ਵਿਚ ਇੱਥੇ ਲੱਗਭੱਗ 3 ਸਾਲ ਰਹੇ। ਕਾਕੋਰੀ ਕਾਂਡ ਤੋਂ ਬਾਅਦ ਉਹ ਭਗਵਾਂ ਲਿਬਾਸ ਵਿਚ ਪੰਡਿਤ ਹਰੀਸ਼ੰਕਰ ਬ੍ਰਹਮਚਾਰੀ ਬਣ ਕੇ ਇੱਥੇ ਰੂਪੋਸ਼ੀ ਦਾ ਸਮਾਂ ਬਿਤਾਉਂਦੇ ਰਹੇ। ਇੱਥੇ ਉਹ ਭਲਵਾਨੀ ਕਰਦੇ ਸਨ। ਨੇੜਲੇ ਪਿੰਡ ਦੇ ਨੰਬਰਦਾਰ ਨਾਲ ਉਹਨਾਂ ਦੀ ਕਾਫੀ ਨੇੜਤਾ ਸੀ। ਉਨ੍ਹਾਂ ਨੇ ਇੱਕ ਛੋਟੀ ਜਿਹੀ ਝੌਂਪੜੀ ਬਣਾਈ ਅਤੇ ਆਸ-ਪਾਸ ਦੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕੀਤਾ ਸੀ। ਇਸ ਤੋਂ ਇਲਾਵਾ ਉਹ ਓਰਛਾ ਜੰਗਲ ਵਿਚ ਗੋਲੀਬਾਰੀ ਦੀ ਪ੍ਰੈਕਟਿਸ ਵੀ ਕਰਦੇ ਰਹਿੰਦੇ ਸਨ। ਇਹ ਥਾਂ ਆਜ਼ਾਦੀ ਦੀ ਲੜਾਈ ਦਾ ਗੁਪਤ ਕੇਂਦਰ ਸੀ।ਜਦੋਂ ਅਸੀਂ ਇਸ ਕੁਟੀਆ ਵਿਚ ਖੜ੍ਹੇ ਹੋ ਬਾਬਾ ਜੀ ਦੀਆਂ ਗੱਲਾਂ ਸੁਣ ਰਹੇ ਸੀ ਤਾਂ ਲੱਗ ਰਿਹਾ ਸੀ ਜਿਵੇਂ ਇੱਥੋਂ ਦਾ ਜ਼ਰ੍ਹਾ-ਜ਼ਰ੍ਹਾ ਸਾਨੂੰ ਆਪਣਾ ਇਤਿਹਾਸ ਸੁਣਾ ਰਿਹਾ ਹੋਵੇ ।ਕੁਟੀਆ ਦੇ ਬਾਹਰਲੇ ਪਾਸੇ ਇੱਕ ਗੁਫਾ ਵੀ ਦਿਖਾਈ ਦਿੱਤੀ ।ਦੰਦ ਕਥਾ ਇਹ ਹੈ ਕਿ ਇਹ ਕੁਟੀਆ ਤੋਂ ਲਾਗਲੇ ਪਹਾੜ ਤੱਕ ਜਾਣ ਦਾ ਰਸਤਾ ਸੀ, ਜਿਸ ਦੀ ਵਰਤੋਂ ਅਕਸਰ ਹੀ ਚੰਦਰਸ਼ੇਖਰ ਆਜ਼ਾਦ ਕਰਦੇ ਰਹੇ। ਇੱਕ ਸੰਜੋਗ ਇਹ ਵੀ ਸੀ ਕਿ ਅਸੀਂ ਭਗਤ ਸਿੰਘ ਦੇ ਸ਼ਹੀਦੀ ਦਿਨ ਤੇ ਚੰਦਰਸ਼ੇਖਰ ਆਜ਼ਾਦ ਦੀ ਕੁਟੀਆ ਦੇਖਦੇ ਆਜ਼ਾਦੀ ਦੇ ਪਰਵਾਨਿਆਂ ਨੂੰ ਸਿਜਦਾ ਕਰ ਰਹੇ ਸੀ।ਅਸੀਂ ਉਥੇ ਲੱਗਭੱਗ ਡੇਢ ਘੰਟਾ ਬਿਤਾਅ ਕੇ ਝਾਂਸੀ ਵੱਲ ਤੁਰ ਪਏ।

ਅੱਧੇ ਘੰਟੇ ਬਾਅਦ ਸਾਡੀ ਗੱਡੀ ਝਾਂਸੀ ਸ਼ਹਿਰ ਵਿੱਚ ਪ੍ਰਵੇਸ਼ ਕਰ ਗਈ। ਅਸੀਂ ਸਭ ਤੋਂ ਪਹਿਲਾਂ ਝਾਂਸੀ ਮਿਊਜ਼ੀਅਮ ਜਾਣ ਦਾ ਫੈਸਲਾ ਕੀਤਾ।ਝਾਂਸੀ ਮਿਊਜ਼ੀਅਮ ਝਾਂਸੀ ਫੋਰਟ ਨੇੜੇ ਹੀ ਹੈ। ਇਹ ਮਿਊਜ਼ੀਅਮ 1964 ਵਿਚ ਬਣਿਆ ਸੀ। ਇਸ ਨੂੰ ਬਹੁਤ ਵਧੀਆ ਤਰੀਕੇ ਨਾਲ ਦੋ ਮੰਜ਼ਿਲਾ ਬਣਾਇਆ ਗਿਆ ਹੈ। ਅਸੀਂ ਟਿਕਟ ਦੀ ਖਰੀਦ ਕੀਤੀ ਤਾਂ ਦੇਖਿਆ ਕਿ ਟਿਕਟ ਬਹੁਤ ਸਸਤੀ ਹੈ। ਸਭ ਤੋਂ ਪਹਿਲਾਂ ਸਾਹਮਣੇ ਖੇਤਰ ਵਿੱਚ ਗਏ, ਜਿੱਥੇ ਵੱਖ-ਵੱਖ ਥਾਵਾਂ ਤੋਂ ਖੁਦਾਈ ਵਿੱਚ ਮਿਲੀਆਂ ਹੋਈਆਂ ਮੂਰਤੀਆਂ ਪਈਆਂ ਹਨ। ਇਹ ਮੱਧ ਪ੍ਰਦੇਸ਼ ਵਿੱਚੋਂ ਵੱਖਰੇ-ਵੱਖਰੇ ਸਥਾਨ ਤੋਂ ਮਿਲੀਆਂ ਪੁਰਾਣੀਆਂ ਮੂਰਤੀਆਂ ਹਨ। ਇਹਨਾਂ ਮੂਰਤੀਆਂ ਵਿੱਚ ਬਹੁਤੀਆਂ ਗਣੇਸ਼ ਜੀ ਅਤੇ ਹਿੰਦੂ ਦੇਵੀ-ਦੇਵਤਿਆਂ ਨਾਲ ਸੰਬੰਧਤ ਹਨ ।ਕਈ ਮੂਰਤੀਆਂ ਦੀ ਸਥਿਤੀ ਠੀਕ ਨਹੀਂ ਸੀ। ਇੱਥੇ ਹੀ ਪੁਰਾਤੱਤਵ ਵਿਭਾਗ ਦਾ ਦਫਤਰ ਵੀ ਬਣਿਆ ਹੋਇਆ ਹੈ। ਉੱਪਰਲੀ ਮੰਜ਼ਲ ਵਿੱਚ ਰਾਣੀ ਲਕਸ਼ਮੀ ਬਾਈ ਦੇ ਹਥਿਆਰ, 1857 ਦੀ ਕ੍ਰਾਂਤੀ ਦੀਆਂ ਚੀਜ਼ਾਂ, ਬੁੰਦੇਲਖੰਡ ਦੀਆਂ ਪੁਰਾਣੀਆਂ ਮੂਰਤੀਆਂ ਅਤੇ ਆਰਟੀਫੈਕਟਸ ਹਨ। ਇਸ ਵਿਚ ਓਰਛਾ ਰਾਜਿਆਂ ਅਤੇ ਝਾਂਸੀ ਰਾਜਿਆਂ ਦੀਆਂ ਇਤਿਹਾਸਕ ਗੱਲਾਂ ਵੀ ਹਨ। ਰਾਣੀ ਦੇ ਹਥਿਆਰ ਵੇਖ ਕੇ ਰੋਮਾਂਚ ਮਹਿਸੂਸ ਹੁੰਦਾ ਹੈ। ਅਸੀਂ ਲੱਗਭੱਗ ਇੱਕ ਘੰਟਾ ਇਸ ਵਿੱਚ ਬਿਤਾਇਆ, ਹਰੇਕ ਮੂਰਤੀ ਨੂੰ ਬਹੁਤ ਗਹੁ ਨਾਲ ਦੇਖਦੇ ਹੋਏ ਉਸ ਦੇ ਇਤਿਹਾਸ ਨੂੰ ਪੜ੍ਹਨ ਤੇ ਘੋਖਣ ਦੀ ਕੋਸ਼ਿਸ਼ ਕੀਤੀ।

ਯਾਤਰਾ 'ਤੇ ਜਾ ਕੇ ਜੇਕਰ ਸਥਾਨਕ ਪਕਵਾਨਾਂ ਦਾ ਆਨੰਦ ਨਾ ਮਾਣਿਆ ਜਾਵੇ ਤਾਂ ਯਾਤਰਾ ਅਧੂਰੀ ਮੰਨੀ ਜਾਂਦੀ ਹੈ।ਅਸੀਂ ਪਹਿਲਾਂ ਹੀ ਇੰਟਰਨੈੱਟ ਦੀ ਮਦਦ ਨਾਲ ਮਸ਼ਹੂਰ ਖਾਣ-ਪੀਣ ਵਾਲੀ ਦੁਕਾਨ ਨਰਾਇਣ ਚਾਟ ਭੰਡਾਰ ਲੱਭ ਚੁੱਕੇ ਸੀ। ਸੜਕ 'ਤੇ ਖਾਣਾ ਵੇਚਣ ਤੋਂ ਸ਼ੁਰੂ ਕਰਕੇ ਬਹੁਤ ਵੱਡੀ ਦੁਕਾਨ ਤੱਕ ਪਹੁੰਚਣ ਦਾ ਇਸ ਦਾ ਵੀ ਆਪਣਾ ਹੀ ਇਤਿਹਾਸ ਹੈ।ਇਹ ਮਸ਼ਹੂਰ ਚਾਟ ਦੀ ਦੁਕਾਨ 1968 ਤੋਂ ਚੱਲ ਰਹੀ ਹੈ। ਇੱਥੇ ਆਲੂ ਟਿੱਕੀ, ਦਹੀਂ ਭੱਲੇ, ਪਾਪੜੀ ਚਾਟ ਅਤੇ ਹੋਰ ਸਟ੍ਰੀਟ ਫੂਡ ਬਹੁਤ ਸਵਾਦੀ ਮਿਲਦਾ ਹੈ। ਇਹ ਸਦਰ ਬਜ਼ਾਰ ਵਿਚ ਹੈ। ਸਾਡਾ ਡਰਾਈਵਰ ਸਾਨੂੰ ਉਥੇ ਲੈ ਗਿਆ ।ਅਸੀਂ ਵੱਖਰੇ-ਵੱਖਰੇ ਕਿਸਮ ਦੇ ਕਈ ਪਕਵਾਨਾਂ ਦੇ ਆਰਡਰ ਦਿੱਤੇ, ਜਿਹੜੇ ਅਸੀਂ ਪਹਿਲਾਂ ਨਹੀਂ ਖਾਧੇ ਸਨ । ਗੁਰਵਿੰਦਰ ਦੇ ਆਖਣ ਵਾਂਗ, ਇਸ ਚਾਟ ਵਿਚ ਝਾਂਸੀ ਦਾ ਸਵਾਦ ਤਿੱਖਾ, ਖੱਟਾ ਅਤੇ ਮਿੱਠਾ ਸ਼ਾਮਲ ਹੈ। ਇਸ ਤੋਂ ਬਾਅਦ ਅਸੀਂ ਝਾਂਸੀ ਦਾ ਪ੍ਰਸਿੱਧ ਕਿਲ੍ਹਾ ਦੇਖਣ ਲਈ ਤੁਰ ਪਏ। ਜਦੋਂ ਅਸੀਂ ਪਹੁੰਚੇ ਤਾਂ ਦੂਰੋਂ ਹੀ ਕਿਲ੍ਹੇ ਦੀਆਂ ਉੱਚੀਆਂ ਅਤੇ ਮਜ਼ਬੂਤ ਕੰਧਾਂ ਮਨ ਨੂੰ ਖਿੱਚ ਰਹੀਆਂ ਸਨ।ਇਹ ਕਿਲ੍ਹਾ ਬੰਗੜਾ ਪਹਾੜੀ ਉੱਤੇ ਬਣਿਆ ਹੋਇਆ ਹੈ। ਉਸ ਵੇਲੇ ਇਸ ਖੇਤਰ ਨੂੰ ਬਲਵੰਤ ਨਗਰ ਕਿਹਾ ਜਾਂਦਾ ਸੀ।ਇਸ ਦੀ ਸ਼ਾਨ ਦੇਖ ਕੇ ਅਹਿਸਾਸ ਹੁੰਦਾ ਹੈ ਕਿ ਕਦੇ ਇੱਥੇ ਕਿੰਨੀ ਤਾਕਤਵਰ ਸੈਨਾ ਰਹਿੰਦੀ ਹੋਵੇਗੀ।

ਕਿਲ੍ਹੇ ਦੇ ਮੁੱਖ ਦਰਵਾਜ਼ੇ ਵੱਲ ਜਾਂਦਿਆਂ ਸਭ ਤੋਂ ਪਹਿਲਾਂ ਉਸ ਦੀ ਬਣਾਵਟ ਨੇ ਧਿਆਨ ਖਿੱਚਿਆ। ਵੱਡੇ-ਵੱਡੇ ਲੋਹੇ ਦੇ ਤਿੱਖੇ ਕਿੱਲਾਂ ਵਾਲੇ ਦਰਵਾਜ਼ੇ ਇਸ ਤਰ੍ਹਾਂ ਤਿਆਰ ਕੀਤੇ ਗਏ ਸਨ ਕਿ ਦੁਸ਼ਮਣ ਹਾਥੀਆਂ ਨਾਲ ਵੀ ਉਹਨਾਂ ਨੂੰ ਤੋੜ ਨਾ ਸਕੇ।ਮੁੱਖ ਦਰਵਾਜ਼ੇ ਤੋਂ ਟਿਕਟਾਂ ਖਰੀਦ ਕੇ ਅਸੀਂ ਅੰਦਰ ਗਏ ਤਾਂ ਸੋਹਣਾ ਦ੍ਰਿਸ਼ ਦਿਖਾਈ ਦੇ ਰਿਹਾ ਸੀ। ਇਸ ਕਿਲ੍ਹੇ ਵਿੱਚ ਕਈ ਦਰਵਾਜ਼ੇ ਹਨ, ਜਿਵੇਂ ਖੰਡੇਰਾਓ ਦਰਵਾਜ਼ਾ, ਲਕਸ਼ਮੀ ਦਰਵਾਜ਼ਾ ਅਤੇ ਓਰਛਾ ਦਰਵਾਜ਼ਾ। ਹਰ ਦਰਵਾਜ਼ਾ ਸੁਰੱਖਿਆ ਲਈ ਵੱਖਰੇ ਢੰਗ ਨਾਲ ਬਣਾਇਆ ਗਿਆ ਸੀ। ਇਸ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਇਹ ਕਿਲ੍ਹਾ ਮੁਗਲਾਂ ਅਤੇ ਹਮਲਾਵਰਾਂ ਤੋਂ ਬਚਾਉਣ ਲਈ ਬਣਾਇਆ ਗਿਆ ਸੀ। ਇੱਕ ਸਮੇਂ ਝਾਂਸੀ ਰਾਜ ਮਰਾਠਾ ਸਾਮਰਾਜ ਅਧੀਨ ਆਇਆ ਅਤੇ ਫਿਰ ਨਵਲਕਰ ਰਾਜਪੂਤਾਂ ਦੀ ਰਿਆਸਤ ਬਣ ਗਿਆ।ਰਾਣੀ ਲਕਸ਼ਮੀ ਬਾਈ ਨੇ ਇਸ ਕਿਲ੍ਹੇ ਨੂੰ ਆਪਣਾ ਰਾਜ-ਮਹਿਲ ਬਣਾਇਆ। ਉਨ੍ਹਾਂ ਦੇ ਪਤੀ ਮਹਾਰਾਜਾ ਗੰਗਾਧਰ ਰਾਓ ਦੀ ਮੌਤ (1853) ਤੋਂ ਬਾਅਦ ਰਾਣੀ ਨੇ ਆਪਣੇ ਗੋਦ ਲਏ ਪੁੱਤਰ ਦਾਮੋਦਰ ਰਾਓ ਵਾਸਤੇ ਰਾਜ ਸੰਭਾਲਿਆ। ਅੰਗਰੇਜ਼ਾਂ ਨੇ ਲੈਪਸ ਦੀ ਨੀਤੀ ਤਹਿਤ ਝਾਂਸੀ ਰਿਆਸਤ ਨੂੰ ਹੜੱਪ ਕਰਨਾ ਚਾਹਿਆ ਤਾਂ ਰਾਣੀ ਨੇ ਇਸ ਦਾ ਵਿਰੋਧ ਕੀਤਾ।

1857 ਦੀ ਬਗਾਵਤ ਵੇਲੇ ਝਾਂਸੀ ਦਾ ਕਿਲ੍ਹਾ ਰਾਣੀ ਲਕਸ਼ਮੀ ਬਾਈ ਦੀ ਬਹਾਦਰੀ ਦਾ ਪ੍ਰਤੀਕ ਬਣ ਕੇ ਉੱਭਰਿਆ। ਮਾਰਚ 1858 ਵਿਚ ਬ੍ਰਿਟਿਸ਼ ਫੌਜਾਂ ਨੇ ਜਨਰਲ ਸਰ ਹਿਊ ਰੋਜ਼ ਅਧੀਨ ਝਾਂਸੀ 'ਤੇ ਹਮਲਾ ਕੀਤਾ ਅਤੇ ਕਿਲ੍ਹੇ ਨੂੰ ਘੇਰ ਲਿਆ। ਰਾਣੀ ਨੇ ਆਪਣੀਆਂ 14,000 ਫੌਜਾਂ ਨਾਲ ਲੱਗਭੱਗ 12-14 ਦਿਨ ਤੱਕ ਬਹਾਦਰੀ ਨਾਲ ਟੱਕਰ ਲਈ। ਉਨ੍ਹਾਂ ਨੇ ਖੁਦ ਫੌਜੀ ਕਮਾਨ ਸੰਭਾਲੀ ਅਤੇ ਕੰਧਾਂ ਤੋਂ ਤੋਪਾਂ ਚਲਾਈਆਂ। ਕਿਲ੍ਹੇ ਦੇ ਦਰਵਾਜ਼ੇ ਦਾ ਇੰਚਾਰਜ ਦਲਾਜਹੁ ਅੰਗਰੇਜ਼ਾਂ ਨਾਲ ਮਿਲ ਗਿਆ ਅਤੇ ਉਨ੍ਹਾਂ ਲਈ ਗੇਟ ਖੋਲ੍ਹ ਦਿੱਤਾ। ਹਾਥੀਆਂ ਤੋਂ ਨਾ ਟੁੱਟਣ ਵਾਲਾ ਦਰਵਾਜ਼ਾ ਗਦਾਰੀ ਕਰਕੇ ਖੁੱਲ੍ਹ ਗਿਆ ਸੀ।ਇਸ ਧੋਖੇ ਕਰਕੇ ਕਿਲ੍ਹਾ ਬ੍ਰਿਟਿਸ਼ ਫੌਜ ਦੇ ਕਬਜ਼ੇ ਵਿਚ ਆ ਗਿਆ। ਅਸੀਂ ਇਤਿਹਾਸ ਨੂੰ ਚੇਤੇ ਕਰਦੇ, ਕਿਲ੍ਹੇ ਦੀਆਂ ਮੋਟੀਆਂ ਕੰਧਾਂ ਅਤੇ ਪਹਿਰੇਦਾਰਾਂ ਵਾਲੇ ਬੁਰਜਾਂ ਦੇਖਦੇ, ਸਭ ਤੋਂ ਪਹਿਲਾਂ ਹੇਠਲੇ ਹਿੱਸੇ ਵੱਲ ਗਏ। ਸਾਡਾ ਰਸਤੇ ਵਿੱਚ ਖੜ੍ਹੀਆਂ ਪੁਰਾਣੀਆਂ ਤੋਪਾਂ ਧਿਆਨ ਖਿੱਚ ਰਹੀਆਂ ਸਨ। ਅਸੀਂ ਕੜਕ ਬਿਜਲੀ ਨਾਂਅ ਦੀ ਮਸ਼ਹੂਰ ਵੱਡੀ ਤੋਪ ਦੇਖੀ। ਇਸ ਬਾਰੇ ਕਿਹਾ ਜਾਂਦਾ ਹੈ ਕਿ ਇਸ ਦੀ ਗੂੰਜ ਕਈ ਕਿਲੋਮੀਟਰ ਤੱਕ ਸੁਣੀ ਜਾਂਦੀ ਸੀ। ਰਾਣੀ ਦੇ ਪ੍ਰਸਿੱਧ ਮੁੱਖ ਤੋਪਚੀ ਗੌਸ ਖਾਨ ਨੇ ਕਿਲ੍ਹੇ ਦੀਆਂ ਕੰਧਾਂ ਤੋਂ ਇਸ ਤੋਪ ਨੂੰ ਚਲਾਇਆ। ਉਸ ਦੀ ਤੋਪਬਾਜ਼ੀ ਇੰਨੀ ਤਾਕਤਵਰ ਸੀ ਕਿ ਬ੍ਰਿਟਿਸ਼ ਫੌਜ ਨੂੰ ਭਾਰੀ ਨੁਕਸਾਨ ਹੋਇਆ।ਉਹਨਾਂ ਤੋਪਾਂ ਨੂੰ ਵੇਖ ਕੇ ਮਨ ਵਿੱਚ 1857 ਦੀ ਲੜਾਈ ਦੇ ਦ੍ਰਿਸ਼ ਆਪਣੇ ਆਪ ਬਣਨ ਲੱਗ ਪਏ। ਇਸ ਲੜਾਈ ਵਿੱਚ ਗੌਸ ਖਾਨ ਲੜਦਾ ਹੋਇਆ ਸ਼ਹੀਦ ਹੋ ਗਿਆ ਸੀ। ਉਸ ਦੀ ਕਬਰ ਪਿੱਪਲ ਦੇ ਦਰੱਖਤ ਹੇਠ ਬਣੀ ਹੋਈ ਹੈ। ਇਸ ਦੇ ਨਾਲ ਹੀ ਰਾਣੀ ਦੀ ਸਹੇਲੀ ਮੋਤੀ ਬਾਈ ਅਤੇ ਇੱਕ ਹੋਰ ਵਫਾਦਾਰ ਖੁਦਾ ਬਖ਼ਸ਼ ਦੀ ਕਬਰ ਵੀ ਹੈ। ਇਹ ਕਬਰਾਂ ਹਿੰਦੂ-ਮੁਸਲਿਮ ਏਕਤਾ ਦੀ ਹਾਮੀ ਵੀ ਭਰਦੀਆਂ ਹਨ। ਕਿਲ੍ਹੇ ਦੇ ਇੱਕ ਹਿੱਸੇ ਵਿੱਚ ਸੈਨਿਕਾਂ ਦੇ ਰਹਿਣ ਵਾਲੇ ਕਮਰੇ ਸਨ। ਉੱਥੇ ਛੋਟੇ-ਛੋਟੇ ਕਮਰੇ, ਘੋੜਿਆਂ ਦੇ ਅਸਤਬਲ ਅਤੇ ਹਥਿਆਰ ਰੱਖਣ ਵਾਲੀਆਂ ਥਾਵਾਂ ਬਣੀਆਂ ਹੋਈਆਂ ਸਨ। ਗਾਈਡ ਦੱਸ ਰਿਹਾ ਸੀ ਕਿ ਇੱਥੇ ਸੈਂਕੜੇ ਸੈਨਿਕ ਰਹਿੰਦੇ ਸਨ, ਜੋ ਹਰ ਵੇਲੇ ਕਿਲ੍ਹੇ ਦੀ ਰੱਖਿਆ ਲਈ ਤਿਆਰ ਰਹਿੰਦੇ ਸਨ। ਕਿਲ੍ਹੇ ਦੀ ਉਚਾਈ ਤੋਂ ਪੂਰਾ ਸ਼ਹਿਰ ਸਾਫ਼ ਦਿਖਾਈ ਦਿੰਦਾ ਸੀ, ਜਿਸ ਕਾਰਨ ਦੁਸ਼ਮਣ ਦੀ ਹਰ ਹਲਚਲ ਉੱਤੇ ਨਜ਼ਰ ਰੱਖੀ ਜਾਂਦੀ ਸੀ। ਕਿਲ੍ਹੇ ਦੀ ਛੱਤ 'ਤੇ ਖੜ੍ਹ ਕੇ ਸ਼ਹਿਰ ਦਾ ਨਜ਼ਾਰਾ ਦੇਖਣਯੋਗ ਸੀ।ਕਿਲ੍ਹੇ ਦੇ ਅੰਦਰ ਸ਼ਿਵ ਮੰਦਰ ਹੈ ਅਤੇ ਪਾਣੀ ਦੇ ਕੁਝ ਖੂਹ ਵੀ ਹਨ। ਇਹ ਸਭ ਦੇਖ ਕੇ ਪਤਾ ਲੱਗਦਾ ਹੈ ਕਿ ਕਿਲ੍ਹੇ ਨੂੰ ਲੰਬੇ ਸਮੇਂ ਤੱਕ ਜੰਗ ਦੇ ਹਾਲਾਤ ਵਿੱਚ ਵੀ ਆਤਮਨਿਰਭਰ ਬਣਾਇਆ ਗਿਆ ਸੀ। ਉਪਰਲੇ ਪਾਸੇ ਗਏ ਤਾਂ ਦੇਖਿਆ ਕਿ ਕਿਲ੍ਹੇ ਦਾ ਮਹਿਲ ਹੁਣ ਹੋਟਲ ਦਾ ਰੂਪ ਧਾਰਨ ਕਰ ਚੁੱਕਾ ਹੈ। ਉਸ ਦੇ ਨਾਲ ਦੀਆਂ ਇਮਾਰਤਾਂ ਦੇ ਪੱਥਰਾਂ ਦੀ ਨਕਾਸ਼ੀ ਅਤੇ ਬਣਾਵਟ ਅੱਜ ਵੀ ਉਸ ਸਮੇਂ ਦੀ ਕਲਾ ਨੂੰ ਦਰਸਾਉਂਦੀ ਹੈ।ਸ਼ਾਮ ਹੋਣ ਲੱਗੀ ਤਾਂ ਸੂਰਜ ਦੀ ਰੋਸ਼ਨੀ ਕਿਲ੍ਹੇ ਦੀਆਂ ਕੰਧਾਂ ਉੱਤੇ ਪੈ ਕੇ ਉਸ ਦੀ ਸੁੰਦਰਤਾ ਹੋਰ ਵਧਾ ਰਹੀ ਸੀ। ਅਸੀਂ ਉਸ ਸਥਾਨ 'ਤੇ ਗਏ, ਜਿੱਥੋਂ ਰਾਣੀ ਘੋੜੇ 'ਤੇ ਬੈਠ ਕੇ ਉੱਚੀ ਕੰਧ ਤੋਂ ਛਾਲ ਮਾਰ ਕੇ ਨਿਕਲ ਗਈ ਸੀ। ਗੁਰਵਿੰਦਰ ਆਖ ਰਿਹਾ ਸੀ, 'ਬਾਈ ਛਾਲ ਵਾਲੀ ਥਾਂ ਦੇਖ ਕੇ ਰੋਮਾਂਚ ਨਾਲ ਮੇਰੇ ਤਾਂ ਰੋਮ ਖੜ੍ਹੇ ਹੋ ਗਏ, ਇੱਥੇ ਆ ਕੇ ਰਾਣੀ ਦੀ ਬਹਾਦਰੀ ਯਾਦ ਆਉਂਦੀ ਹੈ।' ਇਤਿਹਾਸਕਾਰਾਂ ਅਨੁਸਾਰ ਇੱਥੇ ਵੀ ਰਾਣੀ ਦੀ ਵਫਾਦਾਰ ਸਾਥੀ ਅਤੇ ਦੁਰਗਾ ਦਲ ਦੀ ਮੁਖੀ ਝਲਕਾਰੀ ਦੇਵੀ ਨੇ ਉਸ ਨੂੰ ਨਿਕਲਣ ਦਾ ਮੌਕਾ ਦਿੱਤਾ ਸੀ।ਝਲਕਾਰੀ ਬਾਈ ਰਾਣੀ ਲਕਸ਼ਮੀ ਬਾਈ ਦੀ ਹਮਸ਼ਕਲ ਸੀ। ਜਦੋਂ ਅੰਗਰੇਜ਼ਾਂ ਨੇ ਕਿਲ੍ਹਾ ਘੇਰ ਲਿਆ ਤਾਂ ਉਸ ਨੇ ਰਾਣੀ ਵਰਗਾ ਲਿਬਾਸ ਪਾ ਕੇ ਅੰਗਰੇਜ਼ਾਂ ਨੂੰ ਭੰਬਲਭੂਸੇ ਵਿੱਚ ਪਾ ਦਿੱਤਾ ਸੀ। ਰਾਣੀ ਲਕਸ਼ਮੀ ਬਾਈ ਆਪਣੇ ਗੋਦ ਲਏ ਪੁੱਤਰ ਅਤੇ ਥੋੜ੍ਹੀ ਫੌਜ ਨਾਲ ਕਿਲ੍ਹੇ ਤੋਂ ਨਿਕਲ ਕੇ ਕਲਪੀ ਵੱਲ ਚਲੀ ਗਈ। ਝਲਕਾਰੀ ਬਾਈ ਨੂੰ ਅੰਗਰੇਜ਼ਾਂ ਨੇ ਫੜ ਲਿਆ। ਉਸ ਨੂੰ 4 ਅਪ੍ਰੈਲ 1858 ਨੂੰ ਫਾਂਸੀ ਦੇ ਦਿੱਤੀ ਗਈ। ਇਸ ਤਰ੍ਹਾਂ ਦੀਆਂ ਹਜ਼ਾਰਾਂ ਕੁਰਬਾਨੀਆਂ ਦਾ ਇਹ ਕਿਲ੍ਹਾ ਗਵਾਹ ਹੈ। ਜਦੋਂ ਅਸੀਂ ਕਿਲ੍ਹੇ ਦੇ ਉੱਤਰੀ ਹਿੱਸੇ ਵੱਲ ਗਏ ਤਾਂ ਇੱਕ ਛੋਟੀ ਜਿਹੀ ਛੱਤ ਵਾਲੀ ਥਾਂ 'ਤੇ ਹੇਠਾਂ ਨੂੰ ਪੌੜੀਆਂ ਉਤਰ ਰਹੀਆਂ ਸਨ। ਅਸੀਂ ਫੋਨ ਦੀ ਲਾਈਟ ਜਗਾ ਕੇ ਨਜ਼ਰ ਮਾਰੀ, ਪਤਾ ਲੱਗਿਆ ਕਿ ਇਹ ਉਹ ਤਹਿਖਾਨੇ ਹਨ, ਜਿਨ੍ਹਾਂ ਵਿੱਚ ਕੈਦੀਆਂ ਨੂੰ ਰੱਖਿਆ ਜਾਂਦਾ ਸੀ ।ਇੱਥੇ ਨਾ ਤਾਂ ਹਵਾ ਤੇ ਨਾ ਹੀ ਰੌਸ਼ਨੀ ਪਹੁੰਚਦੀ ਹੈ। ਬ੍ਰਿਟਿਸ਼ਾਂ ਨੇ ਇਸ ਨੂੰ ਰਾਜਧ੍ਰੋਹੀਆਂ ਲਈ ਇੱਕ ਭਿਆਨਕ ਜੇਲ੍ਹ ਵਜੋਂ ਵਰਤਿਆ।ਉੱਥੇ ਮੌਜੂਦ ਕਰਮਚਾਰੀ ਨੇ ਦੱਸਿਆ ਕਿ ਇੱਕ ਸੁਰੰਗ ਤਾਂ ਝਾਂਸੀ ਤੋਂ ਗਵਾਲੀਅਰ ਰੋਡ ਤੱਕ ਵੀ ਜਾਂਦੀ ਸੀ।ਇਹ ਕਿਲ੍ਹਾ ਸਿਰਫ਼ ਰੱਖਿਆ ਲਈ ਨਹੀਂ ਬਣਾਇਆ ਗਿਆ ਸੀ।ਇਹ ਇੱਕ ਰਾਜਸੀ ਜੀਵਨ ਦਾ ਕੇਂਦਰ ਸੀ, ਜਿੱਥੇ ਰਾਜੇ, ਦਰਬਾਰ ਅਤੇ ਇਤਿਹਾਸ ਜਿਉਂਦੇ ਸਨ।

ਸ਼ਾਮ ਦਾ ਹਨੇਰਾ ਹੋਣਾ ਸ਼ੁਰੂ ਹੋ ਗਿਆ।ਇਸ ਲਈ ਯਾਤਰਾ ਨੂੰ ਸਮਾਪਤ ਕਰਕੇ ਜਦੋਂ ਅਸੀਂ ਕਿਲ੍ਹੇ ਵਿੱਚੋਂ ਬਾਹਰ ਨਿਕਲੇ ਤਾਂ ਮਨ ਵਿੱਚ ਇੱਕ ਵੱਖਰੀ ਖੁਸ਼ੀ ਅਤੇ ਮਾਣ ਮਹਿਸੂਸ ਹੋ ਰਿਹਾ ਸੀ। ਇਹ ਯਾਤਰਾ ਸਿਰਫ ਸੈਰ ਨਹੀਂ, ਸਗੋਂ ਕਲਾ ਇਮਾਰਤਸਾਜ਼ੀ ਅਤੇ ਭਾਰਤ ਦੇ ਇਤਿਹਾਸ ਨੂੰ ਨੇੜੇ ਵੇਖਣ ਅਤੇ ਮਹਿਸੂਸ ਕਰਨ ਦਾ ਮੌਕਾ ਸੀ।ਯਾਤਰੀਆਂ ਨੂੰ ਸਲਾਹ ਹੈ ਕਿ ਇਹਨਾਂ ਥਾਵਾਂ 'ਤੇ ਆ ਕੇ ਚੁੱਪ-ਚਾਪ ਥੋੜ੍ਹਾ ਸਮਾਂ ਮਹਿਸੂਸ ਕਰਨਾ ਚਾਹੀਦਾ ਹੈ, ਤੁਸੀਂ ਦੇਖੋਗੇ ਇਤਿਹਾਸ ਖੁਦ ਤੁਹਾਡੇ ਨਾਲ ਗੱਲ ਕਰੇਗਾ। ਅਸੀਂ ਕਿਲ੍ਹੇ ਤੋਂ ਚੱਲ ਕੇ ਸਟੇਸ਼ਨ ਨੇੜੇ ਖਾਣਾ ਖਾਧਾ। ਸਾਡੀ ਗੱਡੀ ਦਾ ਡਰਾਈਵਰ ਸਾਨੂੰ ਸਟੇਸ਼ਨ 'ਤੇ ਛੱਡ ਗਿਆ। ਇੱਥੋਂ ਦਾ ਸਟੇਸ਼ਨ ਵੀ ਸੋਹਣਾ ਬਣਿਆ ਹੋਇਆ ਹੈ।ਇਸ ਦੇ ਬਾਹਰ ਲਕਸ਼ਮੀ ਬਾਈ ਦਾ ਸੁੰਦਰ ਬੁੱਤ ਲੱਗਿਆ ਹੋਇਆ ਹੈ। ਸਾਡੀ ਟ੍ਰੇਨ ਸਹੀ ਸਮੇਂ 'ਤੇ ਪਹੁੰਚ ਗਈ। ਸਾਰਾ ਦਿਨ ਤੁਰਨ-ਫਿਰਨ ਕਰਕੇ ਥਕਾਵਟ ਹੋ ਗਈ ਸੀ। ਖਜੁਰਾਹੋ ਦੇ ਮੰਦਰ, ਓਰਛਾ ਦੇ ਮਹਿਲ ਅਤੇ ਝਾਂਸੀ ਦੇ ਕਿਲ੍ਹੇ ਬਾਰੇ ਸੋਚਦਾ ਮੈਂ ਨੀਂਦ ਦੀ ਗੋਦ ਵਿੱਚ ਚਲਾ ਗਿਆ। ਮੇਰੀ ਨੀਂਦ ਜਾਖਲ ਸਟੇਸ਼ਨ 'ਤੇ ਖੁੱਲ੍ਹੀ, ਜਦੋਂ ਮੇਰੇ ਸਾਥੀਆਂ ਨੇ ਵਿਦਾ ਲੈਣ ਲਈ ਮੈਨੂੰ ਜਗਾਇਆ ਸੀ। ਉਹ ਮੇਰੇ ਨਾਲ ਜਲਦੀ ਹੀ ਕੋਈ ਨਵੀਂ ਯਾਤਰਾ ਦਾ ਵਾਅਦਾ ਕਰਕੇ ਉੱਤਰ ਗਏ। ਅਗਲੇ ਘੰਟੇ ਬਾਅਦ ਮੈਂ ਵੀ ਘਰ ਬੈਠਾ ਪਰਵਾਰ ਨੂੰ ਯਾਤਰਾ ਦਾ ਬਿਰਤਾਂਤ ਦੱਸ ਰਿਹਾ ਸੀ।ਸਾਡੀ ਇਤਿਹਾਸ ਨੂੰ ਨੇੜਿਓਂ ਦੇਖਣ ਦੀ ਸ਼ਾਨਦਾਰ ਯਾਤਰਾ ਸਮਾਪਤ ਹੋ ਗਈ ਸੀ।

(ਚਲਦਾ)

ਮੋਬਾ. 94170-81419






